Digitized by Arya Samaj Foundation Chennai and eGangotri

ਸਵਰਨ ਚੰਦਨ ਦੀ ਗਲਪ ਚੇਤਨਾ

ਸੰਪਾਦਕ

ਹਰਿਭਜਨ ਸਿੰਘ ਭਾਟੀਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

Forwarded free of Cost, and with the
Compliments of Deptt of Education,
Govt. of India, New Delhi

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ
ਦੀ
ਗਲਪ ਚੇਤਨਾ

DONATION

पुस्तकालय
गुरुकुल कांगड़ी विश्वविद्यालय

Forwarded free of Cost, and
Compliments of Deptt. of Education,
Govt. of India, New Delhi.

8120

ਸੰਪਾਦਕ
ਹਰਿਭਜਨ ਸਿੰਘ ਭਾਟੀਆ
ਪੀਐਚ. ਡੀ.

ਵਾਰਿਸ ਸ਼ਾਹ ਫਾਉਂਡੇਸ਼ਨ
ਅਮਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

SWARN CHANDAN DI GALP CHETNA
Fiction-Consciousness of Swarn Chandan
ed. by
Harbhajan Singh Bhatia
School of Panjabi Studies
G.N.D.U. Amritsar (Pb.) 143002

ਪਹਿਲੀ ਵਾਰ : 1992

ਟਾਈਟਲ : ਵਿਮਲ ਤਿਵਾੜੀ

ਮੁੱਲ : 125 ਰੁਪਏ

ਪ੍ਰਕਾਸ਼ਕ
ਵਾਰਿਸ ਸ਼ਾਹ ਫਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾਕ. ਖਾਲਸਾ ਕਾਲਜ
ਅਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ,
ਗੁਰੂ ਨਾਨਕਪੁਰਾ, ਅਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ-ਨਾਵਲ ਆਲੋਚਨਾ ਨੂੰ ਤਰਕਸ਼ੀਲ
ਮੁਹਾਂਦਰਾ ਤੇ ਮੁਹਾਵਰਾ ਪ੍ਰਦਾਨ ਕਰਨ
ਵਾਲੇ ਵਿਦਵਾਨ
ਜੋਗਿੰਦਰ ਸਿੰਘ ਰਾਹੀ ਨੂੰ
ਸਮਰਪਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਪਾਦਕ ਦੀਆਂ ਹੋਰ ਰਚਨਾਵਾਂ

1. ਪੰਜਾਬੀ ਆਲੋਚਨਾ : ਸਿੱਧਾਂਤ ਤੇ ਵਿਹਾਰ (ਮੌਲਿਕ)
2. ਮੌਲਾ ਬਖ਼ਸ਼ ਕੁਸ਼ਤਾ : ਜੀਵਨ ਤੇ ਰਚਨਾ ,,
3. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ (ਸੰਪਾਦਿਤ) (ਦੋ ਜਿਲਦਾਂ)
4. ਗਿਆਨ ਵਿਗਿਆਨ (,,)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the
Compliments of Deptt. of Education,
Govt. of India, New Delhi

ਤਤਕਰਾ

—ਮੁੱਢਲੀ ਗੱਲ/ਹਰਿਭਜਨ ਸਿੰਘ ਭਾਟੀਆ 7

1. ਸਿਰਜਣਾ ਤੇ ਉਹ/ਸਵਰਨ ਚੰਦਨ 11
2. ਸਵਰਨ ਚੰਦਨ/ਜਸਵੰਤ ਸਿੰਘ ਵਿਰਦੀ 25
3. ਸਵਰਨ ਚੰਦਨ ਨਾਲ ਇਕ ਮੁਲਾਕਤ/ਦੇਵਿੰਦਰ ਚੰਦਨ 31
4. ਸਵਰਨ ਚੰਦਨ : ਨਵੇਂ ਰਿਸ਼ਤੇ/ਹਰਿਭਜਨ ਸਿੰਘ 45
5. 'ਨਵੇਂ ਰਿਸ਼ਤੇ' : ਸਮੱਸਿਆਕਾਰ ਦੀ ਸਮੱਸਿਆ ਵਜੋਂ ਪੇਸ਼ਕਾਰੀ/ਤੇਜਵੰਤ ਸਿੰਘ ਗਿੱਲ 55
6. ਸਵਰਨ ਚੰਦਨ ਦਾ ਨਵੇਂ ਰਿਸ਼ਤੇ : ਪ੍ਰਕ੍ਰਿਆ ਦਾ ਨਾਵਲ/ਮੋਹਨਜੀਤ 61
7. 'ਨਵੇਂ ਰਿਸ਼ਤੇ' ਦਾ ਅਧਿਐਨ/ਅਵਤਾਰ ਉੱਪਲ ਯੂ. ਕੇ. 65
8. 'ਕੱਚੇ ਘਰ' : ਪੱਕੇ ਘਰਾਂ ਦੀ ਤਲਾਸ਼ ਵਿਚ ਨਿਕਲੇ ਲੋਕਾਂ ਦੀ ਤ੍ਰਾਸਦੀ/ਬ੍ਰਹਮ ਜਗਦੀਸ਼ ਸਿੰਘ 72
9. 'ਕੱਚੇ ਘਰ' ਦਾ ਗਲਪ ਜਗਤ/ਜਗਬੀਰ ਸਿੰਘ 78
10. ਸਵਰਨ ਚੰਦਨ ਦਾ ਲਘੂ ਨਾਵਲ : ਕੱਖ, ਕਾਨ ਤੇ ਦਰਿਆ/ਆਤਮਜੀਤ ਸਿੰਘ 88

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

11. ਤੇ ਐਮਾ 'ਰੁੜ' ਗਈ/ਹਰਚਰਨ ਸਿੰਘ ਸੋਬਤੀ 96
12. ਸਵਰਨ ਚੰਦਨ ਦਾ ਨਾਵਲ ਕਦਰਾਂ ਕੀਮਤਾਂ/ਸੁਤਿੰਦਰ ਸਿੰਘ ਨੂਰ 103
13. 'ਕਦਰਾਂ ਕੀਮਤਾਂ'—ਇਕ ਅਧਿਐਨ/ਮਨਜੀਤ ਕੌਰ 107
14. ਸਵਰਨ ਚੰਦਨ ਦੇ ਨਾਵਲਾਂ ਦਾ ਭਾਸ਼ਾਈ ਸਭਿਆਚਾਰ/ਪਰਮਜੀਤ ਸਿੰਘ ਸਿੱਧੂ 114
15. 'ਉਜੜਿਆ ਖੂਹ' : ਇਕ ਪ੍ਰਤਿਕਿਰਿਆ/ਰਣਧੀਰ ਧੀਰ 124
16. ਖਾਲੀ ਪਲਾਂ ਦੀ ਸਾਂਝ ਦਾ ਮੁੱਲਾਂਕਣ/ਜੋਗਾ ਸਿੰਘ 129
17. ਸਤਰੰਜ : ਇਕ ਅਧਿਐਨ/ਬ੍ਰਹਮ ਜਗਦੀਸ਼ ਸਿੰਘ 133
18. ਲਾਲ ਚੌਂਕ : ਨਿਕਟ ਅਧਿਐਨ/ਦੇਵਿੰਦਰ ਚੰਦਨ 137
19. ਪ੍ਰਤਿਭਾਸ਼ਾਲੀ ਪ੍ਰਗਤੀਵਾਦੀ ਕਹਾਣੀਕਾਰ —ਸਵਰਨ ਚੰਦਨ/ਅਜੀਤ ਸਿੰਘ 147
20. ਸਵਰਨ ਚੰਦਨ ਦੀ ਕਹਾਣੀ—"ਲਾਲ ਚੌਂਕ"/ਰਾਮ ਸਰੂਪ ਅਣਖੀ 156
21. "ਮਾਈ ਭਾਗੋ" ਕਹਾਣੀ ਦੇ ਆਰ-ਪਾਰ/ਜੋਗਿੰਦਰ ਸਿੰਘ ਰਾਹੀ 160
22. ਆਪਣੀ ਧਰਤੀ ਦਾ ਮੁੱਲਾਂਕਣ/ਹਰਿਭਜਨ ਸਿੰਘ ਭਾਟੀਆ 168
23, ਸੰਵੇਦਨਾ ਤੇ ਸਾਹਿਤ : ਮੈਟਾ ਅਧਿਐਨ/ਮਨਜੀਤ ਸਿੰਘ 177

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਢਲੀ ਗੱਲ

ਸਵਰਨ ਚੰਦਨ ਦੀ ਗਲਪ ਚੇਤਨਾ ਪੁਸਤਕ ਪ੍ਰਮੁੱਖ ਰੂਪ ਵਿਚ ਸਵਰਨ ਚੰਦਨ ਦੀ ਗਲਪ-ਰਚਨਾ ਦੇ ਵਿਸ਼ਲੇਸ਼ਣ ਤੇ ਮੁੱਲਾਂਕਣ ਨੂੰ ਸਮਰਪਿਤ ਹੈ। ਸਵਰਨ ਚੰਦਨ ਇਕ ਗਲਪਕਾਰ ਹੀ ਨਹੀਂ ਬਲਕਿ ਸਫਰਨਾਮਾਕਾਰ ਅਤੇ ਆਲੋਚਕ ਵੀ ਹੈ। ਪਰੰਤੂ, ਪ੍ਰਮੁੱਖ ਰੂਪ ਵਿਚ ਉਹ ਇਕ ਗਲਪਕਾਰ ਹੀ ਹੈ। ਇਸੇ ਲਈ ਹਥਲੀ ਰਚਨਾ ਦੇ ਕੇਂਦਰ ਵਿਚ ਉਸ ਦੀ ਗਲਪ-ਰਚਨਾ ਦਾ ਵਿਸ਼ਲੇਸ਼ਣ-ਮੁਲਾਂਕਣ ਹੀ ਰਿਹਾ ਹੈ। ਗਲਪ-ਰਚਨਾ ਤੋਂ ਇਲਾਵਾ ਉਸਦੀ ਆਲੋਚਨਾ-ਦ੍ਰਿਸ਼ਟੀ ਅਤੇ ਸਫ਼ਰਨਾਮਾ ਕਲਾ ਸੰਬੰਧੀ ਵੀ ਅਧਿਐਨ ਇਸ ਪੁਸਤਕ ਵਿਚ ਸ਼ਾਮਿਲ ਕੀਤੇ ਗਏ ਹਨ। ਸਮੁੱਚੇ ਅਧਿਐਨ ਨੂੰ ਵੱਧ ਤੋਂ ਵੱਧ ਵਸਤੂਭਾਵੀ ਰੱਖਣ ਅਤੇ ਤਾਰਕਿਕ ਬੁਨਿਆਦ ਉੱਪਰ ਖੜ੍ਹਾ ਕਰਨ ਦੀ ਸੁਚੇਤ ਕੋਸ਼ਿਸ਼ ਕੀਤੀ ਗਈ ਹੈ। ਇਸ ਮਕਸਦ ਦੀ ਪੂਰਤੀ ਹਿੱਤ ਮੋਟੇ-ਠੁਲ੍ਹੇ ਸਰਵੇਖਣ ਦੀ ਬਜਾਏ ਵੱਖ ਵੱਖ ਰਚਨਾਵਾਂ ਦੇ ਨਿਕਟ ਵਿਸ਼ਲੇਸ਼ਣ ਦੀ ਵਿਧੀ ਨੂੰ ਅਪਣਾਇਆ ਗਿਆ ਹੈ। ਚਿੰਤਕਾਂ ਨੇ ਇਸ ਵਿਧੀ ਦੀ ਸਹਾਇਤਾ ਨਾਲ ਲੇਖਕ ਦੀ ਭੌਤਿਕ ਚੌਗਿਰਦੇ ਪ੍ਰਤਿ ਸੋਝੀ ਨੂੰ ਵੀ ਪਛਾਣਿਆਂ ਹੈ, ਉਸਦੀ ਕਲਾ-ਦ੍ਰਿਸ਼ਟੀ ਉੱਪਰ ਵੀ ਟਿੱਪਣੀਆਂ ਕੀਤੀਆਂ ਹਨ ਅਤੇ ਕੁਝ ਸੂਤਰਾਂ ਦੇ ਰੂਪ ਵਿਚ ਖੁਲ੍ਹੇ ਪ੍ਰਸ਼ਨ ਵੀ ਖੜ੍ਹੇ ਕੀਤੇ ਹਨ। ਸਵਰਨ ਚੰਦਨ ਦੀ ਕਾਰਗੁਜ਼ਾਰੀ ਦੇ ਵਿਸ਼ਲੇਸ਼ਣ ਦੇ ਨਾਲ ਨਾਲ ਇਸ ਰਚਨਾ ਵਿਚੋਂ ਹੁਣ ਤਕ ਵਿਕਸਿਤ ਪੰਜਾਬੀ ਚਿੰਤਨ ਦੇ ਪੱਧਰ ਨੂੰ ਵੀ ਪਛਾਣਿਆ ਜਾ ਸਕਦਾ ਹੈ।

ਪੰਜਾਬੀ ਚਿੰਤਨ ਦੇ ਅਵਚੇਤਨ ਵਿਚ ਅਜੇ ਤਕ ਵੀ ਆਦਿਮ ਯੁੱਗ ਦੇ ਸੰਸਕਾਰ ਮੌਜੂਦ ਹਨ। ਸੰਪਰਦਾਇਕਤਾ, ਅਤੀਤਮੁਖਤਾ, ਈਰਖਾ, ਗੁੱਟਬੰਦੀ, ਵੈਰ ਵਿਰੋਧ ਅਤੇ ਕਸੀਦਾਗੋਈ ਆਦਿ ਇਨ੍ਹਾਂ ਸੰਸਕਾਰਾਂ ਦੀਆਂ ਹੀ ਕੁਝ ਵੀ ਅਲਾਮਤਾਂ ਹਨ। ਪੰਜਾਬੀ ਸਾਹਿਤਕਾਰਾਂ ਅਤੇ ਵਿਸ਼ੇਸ਼ਕਰ ਨਵੇਂ ਸਾਹਿਤਕਾਰਾਂ ਦੀ ਹਮੇਸ਼ਾਂ ਹੀ ਇਹ ਸ਼ਿਕਾਇਤ ਰਹਿੰਦੀ ਹੈ ਕਿ ਪੰਜਾਬੀ ਆਲੋਚਕ ਗੌਲੇ ਲੇਖਕਾਂ ਨੂੰ ਹੀ ਮੜ ਮੁੜ ਗੌਲਦੇ ਅਤੇ ਉਨ੍ਹਾਂ ਦੀ ਰਚਨਾ ਨੂੰ ਨਮਸਕਾਰ ਕਰਨ ਲਈ ਅਖੌਤੀ ਤਰਕ ਦੀ ਉਸਾਰੀ ਕਰਦੇ ਹਨ। ਇਹ ਹੈ ਵੀ ਦਰੁਸਤ। ਪੰਜਾਬੀ ਚਿੰਤਕ ਸਥਾਪਿਤ ਲੇਖਕਾਂ ਨੂੰ ਹੀ ਮੁੜ ਮੁੜ ਸਥਾਪਿਤ ਕਰਨ ਦੇ ਆਹਰ ਵਿਚ ਰਹਿੰਦੇ ਹਨ। ਕਈ ਵਾਰ ਇਸ ਪਿੱਛੇ ਉਨ੍ਹਾਂ ਦੀ ਖ਼ੁਦ ਸਥਾਪਿਤ ਹੋਣ ਦੀ ਸਿਆਸਤ ਜਾਂ ਨਿੱਜੀ ਲਾਭ ਲੈਣ ਦੀ ਤੀਬਰ ਇੱਛਾ ਵੀ ਕਾਰਜਸ਼ੀਲ ਹੁੰਦੀ ਹੈ। ਘੱਟ ਗੌਲੇ ਪਰ ਸਾਰਥਕ ਤੇ ਗੰਭੀਰ ਲੇਖਕਾਂ ਬਾਰੇ ਗੱਲ ਕਰਨੀ ਇਸ ਮੰਡੀ ਦੇ ਯੁੱਗ ਨੂੰ ਗੁਆਰਾ ਨਹੀਂ। ਇਸ ਲਈ ਜਦੋਂ ਕਦੇ ਵੀ "ਸਥਾਪਿਤ" ਲੇਖਕਾਂ ਤੋਂ ਹਟਵੇਂ ਕਿਸੇ ਲੇਖਕ ਸੰਬੰਧੀ ਕੋਈ ਕਾਰਜ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਤਾਂ ਉਹ ਸਮਕਾਲੀ ਲੇਖਕਾਂ ਤੇ ਚਿੰਤਕਾਂ ਦੇ ਜ਼ਿਹਨ ਵਿਚ ਇਕ ਨਾਂਹ-ਪੱਖੀ ਹਰਕਤ ਪੈਦਾ ਕਰਦਾ ਹੈ। ਜ਼ਰੂਰਤ ਇਸ ਅਣਲੋੜੀਂਦੇ ਵਾਦ ਵਿਵਾਦ ਤੋਂ ਪੰਜਾਬੀ ਚਿੰਤਨ ਜਗਤ ਨੂੰ ਮੁਕਤ ਕਰਨ ਦੀ ਵੀ ਹੈ ਅਤੇ ਵੱਡੇ ਪੱਧਰ ਉੱਪਰ ਅਜਿਹੇ ਕਾਰਜਾਂ ਨੂੰ ਆਰੰਭ ਕਰਨ ਦੀ ਵੀ। ਇਹ ਕਾਰਜ "ਸਥਾਪਤੀ" "ਗੈਰ ਸਥਾਪਤੀ", ਜਾਂ ਲਾਗ ਲਗਾਓ ਦੇ ਪ੍ਰਚਲਿਤ ਮਾਨਦੰਡਾਂ ਨੂੰ ਲਾਂਭੇ ਰੱਖ ਕੇ ਵਿਉਂਤੇ ਜਾਣੇ ਚਾਹੀਦੇ ਹਨ।

ਇਸ ਪੁਸਤਕ ਵਿਚ ਕਰੀਬ ਢਾਈ ਦਹਾਕਿਆਂ ਵਿਚ ਫੈਲੀ ਲੇਖਕ ਦੀ ਕਾਰਗੁਜ਼ਾਰੀ ਮੇਰੇ ਸਾਹਮਣੇ ਸੀ। ਪਹਿਲਾਂ ਲੇਖਕ ਨੂੰ ਉਸ ਦੀ ਆਪਣੀ ਹੀ ਸਿਰਜਨਾ ਤੇ ਵਿਅਕਤਿਤਵ ਦੇ ਰੂਬਰੂ ਖੜ੍ਹਾ ਕੀਤਾ ਗਿਆ ਹੈ। ਲੇਖਕ ਨੇ ਆਪਣੀ ਸਿਰਜਣਾ ਬਾਰੇ ਖੁਲ੍ਹ ਕੇ ਗੱਲਾਂ ਕਹੀਆਂ ਹਨ। ਸੁਭਾਵਿਕ ਹੈ ਕਿ ਕਿਧਰੇ ਉਸਨੇ ਕੁਝ ਛੁਪਾਇਆ ਵੀ ਹੋਵੇ ਅਤੇ ਕਿਧਰੇ ਭਾਵੁਕ ਵੀ ਹੋ ਗਿਆ ਹੋਵੇ। ਲੇਕਿਨ ਇਸਦੇ ਬਾਵਜੂਦ ਉਸਨੇ ਈਮਾਨਦਾਰੀ ਤੇ ਸੁਹਿਰਦਤਾ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਉਸ ਸਿਰਜਣਾਤਮਕ ਆਪੇ ਨੂੰ ਸਾਕਾਰ ਕੀਤਾ ਹੈ ਜਿਹੜਾ ਕਿਸੇ ਵੀ ਲੇਖਕ ਦੀ ਸਿਰਜਣਾਤਮਕ ਕਾਰਗੁਜ਼ਾਰੀ ਦੇ ਧੁਰ-ਡੂੰਘ ਵਿਚ ਉਤਰਣ ਲਈ ਮਹੱਤਵਪੂਰਣ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕਰ ਸਕਦਾ ਹੈ। ਲੇਖਕ ਦੇ ਇਸ ਸਿਰਜਾਣਤਮਕ-ਆਪੇ, ਉਸਦੀ ਸਿਰਜਣਾ ਦੇ ਇਤਿਹਾਸ ਅਤੇ ਉਸਦੀ ਵਿਚਾਰਧਾਰਾ ਦੀ ਠੀਕ ਠੀਕ ਤਸਵੀਰ ਪੇਸ਼ ਕਰਨ ਲਈ ਉਸ ਨੂੰ ਵਿਸ਼ੇਸ਼ ਪ੍ਰਸ਼ਨਾਂ ਦੇ ਰੂਬਰੂ ਕੀਤਾ ਗਿਆ ਹੈ। ਪੁਸਤਕ ਵਿਚ ਦਰਜ ਮੁਲਾਕਾਤਾਂ ਵਿਚੋਂ ਉਸਦੀ ਕਾਰਗੁਜ਼ਾਰੀ ਦੇ ਬਹੁਤੇ ਪਾਸਾਰਾਂ ਅਤੇ ਉਸ ਦੀ ਵਿਸ਼ਵ-ਦ੍ਰਿਸ਼ਟੀ ਬਾਰੇ ਬੜੇ ਹੀ ਸਾਫ਼-ਸ਼ਫਾਫ ਰੂਪ ਵਿਰ ਕੁਝ ਸੂਤਰ ਨਿੱਖਰ ਕੇ ਸਾਮ੍ਹਣੇ ਆਏ ਹਨ।

ਨਵੇਂ ਰਿਸ਼ਤੇ ਨਾਵਲ ਦੇ ਅਧਿਐਨ ਤੋਂ ਆਰੰਭ ਹੋ ਕੇ ਹਥਲੀ ਰਚਨਾ, ਨਿਕਟ ਵਿਸ਼ਲੇਸ਼ਣ ਦੀ ਵਿਧੀ ਨੂੰ ਅਪਣਾਉਂਦੀ ਹੋਈ, ਲੇਖਕ ਦੀ ਕਰੀਬ ਹਰ ਗੰਭੀਰ ਰਚਨਾ ਦੇ ਆਰ-ਪਾਰ ਫੈਲਦੀ ਹੈ। ਇਨ੍ਹਾਂ ਅਧਿਐਨਾਂ ਦੀ ਖੂਬੀ ਕੱਲੇ-ਕੱਲੇ ਪਾਠ ਦੇ ਵਿਭਿੰਨ ਪਾਸਾਰਾਂ ਨੂੰ ਖੋਲ੍ਹਣ ਵਿਚ ਹੈ। ਜੇਕਰ ਇਕ ਆਲੋਚਕ ਆਪਣੇ ਅਧਿਐਨ ਨੂੰ ਇਕ ਵਿਸ਼ੇਸ਼ ਸੰਦਰਭ ਵਿਚ ਉਸਾਰਦਾ ਹੈ ਤਾਂ ਦੂਸਰਾ ਦੂਸਰੇ ਸੰਦਰਭ ਵਿਚ। ਕਿਧਰੇ ਸਪੱਸ਼ਟ ਰੂਪ ਵਿਚ ਅਤੇ ਕਿਧਰੇ ਅਣਕਹੇ (unsaid) ਪੱਧਰ ਉੱਪਰ ਇਨ੍ਹਾਂ ਮਜ਼ਮੂਨਾਂ ਵਿਚਲੇ ਨੁਕਤੇ ਆਪਸ ਵਿਚ ਸੰਵਾਦ ਰਚਾਉਂਦੇ ਵੇਖੇ ਜਾ ਸਕਦੇ ਹਨ। ਇਸ ਸੰਵਾਦ ਦੀ ਖੂਬੀ ਇਹ ਹੈ ਕਿ ਇਕ ਖਾਸ ਤਾਰਕਿਕ ਅਤੇ ਅਕਾਦਮਿਕ ਪੱਧਰ ਤੋਂ ਏਧਰ ਉੱਧਰ ਨਹੀਂ ਜਾਂਦਾ। ਸੰਜਮ ਦੀ ਰੇਖਾ ਦੇ ਅੰਦਰਵਾਰ ਵਿਚਰਦਾ ਹੈ। ਨਾਲ ਹੀ ਇਹ ਵੀ ਧਿਆਨਯੋਗ ਹੈ ਕਿ ਕਿਸੇ ਚਿੰਤਕ ਨੇ ਫਾਲਤੂ ਤੇ ਅਪ੍ਰਸੰਗਿਕ ਸਿੱਧਾਂਤਕ ਗਿਆਨ ਦਾ ਵਿਖਾਲਾ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੇ ਬਾਵਜੂਦ ਸਭ ਕੁਝ ਦੀ ਤਹਿ ਵਿਚ ਤਿੱਖੀ ਸਿੱਧਾਂਤਕ ਚੇਤਨਾ ਤੇ ਇਤਿਹਾਸਕ ਸੂਝ ਕਾਰਜਸ਼ੀਲ ਹੈ। ਸਮਝਦਾਰ ਵਿਅਕਤੀ ਝੱਟ ਸਮਝ ਜਾਂਦਾ ਹੈ ਕਿ ਕਿਸ ਸਿੱਧਾਂਤਕ ਦ੍ਰਿਸ਼ਟੀ ਦੀ ਸਹਾਇਤਾ ਨਾਲ ਕੋਈ ਚਿੰਤਕ ਆਪਣੇ ਤਰਕ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੁੱਚੇ ਪਰਿਪੇਖ ਦੀ ਉਸਾਰੀ ਕਰ ਰਿਹਾ ਹੈ।

ਇਹ ਪੁਸਤਕ ਨਿਰਸੰਦੇਹ ਸਵਰਨ ਚੰਦਨ ਦੀ ਲਗਪਗ ਹਰ ਮਹੱਤਵਪੂਰਣ ਰਚਨਾ ਦੇ ਪਸਾਰਾਂ ਨੂੰ ਫਰੋਲਦੀ ਹੈ ਪਰੰਤੂ ਇਹ ਉਸ ਦੀ ਸਮੁੱਚੀ ਕਾਰਗੁਜ਼ਾਰੀ ਦਾ ਇਤਿਹਾਸ ਨਹੀਂ। ਉਹ ਪ੍ਰਮੁੱਖ ਰੂਪ ਵਿਚ ਇਕ ਗਲਪਕਾਰ ਹੈ ਅਤੇ ਗਲਪਕਾਰ ਵਿਚੋਂ ਵੀ ਉਹ ਨਾਵਲਕਾਰ ਦੇ ਤੌਰ ਤੇ ਵਧੇਰੇ ਜਾਣਿਆਂ ਜਾਂਦਾ ਹੈ। ਕਾਲਕ੍ਰਮ ਅਨੁਸਾਰ ਕਹਾਣੀਆਂ ਅਤੇ ਸਫ਼ਰਨਾਮਾ ਉਸਨੇ ਨਾਵਲਾਂ ਤੋਂ ਪਹਿਲਾਂ ਲਿਖਿਆ ਹੈ। ਪਰੰਤੂ ਅਸੀਂ ਉਸਦੀ ਨਾਵਲ ਰਚਨਾ ਦਾ ਲੇਖ-ਜੋਖਾ ਪਹਿਲਾਂ ਪ੍ਰਸਤੁਤ ਕਰਨਾ ਉਚਿਤ ਸਮਝਿਆ ਹੈ। ਇੰਜ ਇਕ ਢੰਗ ਨਾਲ ਇਸ ਰਚਨਾ ਵਿਚੋਂ ਉਸਦੀ ਕਾਰਗੁਜ਼ਾਰੀ ਦੀ ਵਿਕਾਸ-ਰੇਖਾ ਦਾ ਮੱਧਮ ਜੇਹਾ ਮੁਹਾਂਦਰਾ ਵੀ ਪਛਾਣਿਆਂ ਜਾ ਸਕਦਾ ਹੈ। ਲੇਖਕ ਨੇ ਇਕ ਵਿਸ਼ੇਸ਼ ਇਤਿਹਾਸਕ, ਸਮਾਜਕ ਅਤੇ ਭੂਗੋਲਿਕ ਸਥਿਤੀ ਵਿਚ ਰਚਨਾ ਕੀਤੀ ਹੈ। ਇਸ ਸਮੁੱਚੀ ਰਚਨਾ ਵਿਚ ਉਸਦੀ ਸਿਰਜਣਾ ਨਿਰੰਤਰ ਗਤੀ ਅਤੇ ਵਿਕਾਸ ਦੀ ਅਵਸਥਾ ਵਿਚ ਰਹੀ ਹੈ। ਇਸ ਗਤੀ ਜਾਂ ਵਿਕਾਸ ਨੂੰ ਇਨ੍ਹਾਂ ਮਜ਼ਮੂਨਾਂ ਵਿਚੋਂ ਪਛਾਣਿਆਂ ਜਾ ਸਕਦਾ ਹੈ। ਵਿਸ਼ੇਸ਼ ਸਥਿਤੀ ਵਿਚੋਂ ਉਪਜੀ ਨਵੇਕਲੇ ਮੁਹਾਂਦਰੇ ਵਾਲੀ ਇਸ ਰਚਨਾ ਦੀ ਪਛਾਣ ਸਮੇਂ ਵਿਦਵਾਨਾਂ ਨੇ ਬਣੇ-ਬਣਾਏ ਜਾਂ ਘੜੇ ਘੜਾਏ ਚੌਖਟਿਆਂ ਨੂੰ ਵਰਤੋਂ ਵਿਚ ਨਹੀਂ ਲਿਆਂਦਾ ਸਗੋਂ ਸਿਰਜੇ ਚੌਖਟੇ ਵੀ ਨਵੀਂ ਸਿਰਜਣਾ ਨਾਲ ਆਪਣਾ ਬਰ-ਮੇਚਣ ਵਾਲੇ ਹਨ। ਇਨ੍ਹਾਂ ਚੌਖਟਿਆਂ ਦੇ ਸਿੱਧਾਂਤਕ ਸੋਮੇ ਹੁਣ ਤਕ ਵਿਸ਼ਵ ਪੱਧਰ ਉੱਪਰ ਵਿਕਸਤ ਸਮੀਖਿਆ ਵਿਚ ਸਮੋਏ ਹੋਏ ਹਨ। ਵਿਦਵਾਨ ਵੱਖ ਵੱਖ ਸਿੱਧਾਂਤਕ ਸੋਮਿਆਂ ਤੋਂ ਸਾਮਗ੍ਰੀ ਪ੍ਰਾਪਤ ਕਰਕੇ ਇਸ ਦੀ ਸਹਾਇਤਾ ਨਾਲ ਰਚਨਾ ਦੇ ਅੰਦਰਵਾਰ ਉਤਰਦੇ ਵੇਖੇ ਜਾ ਸਕਦੇ ਹਨ। ਇਹ ਚੌਖਟੇ ਉਸ ਦੀ ਰਚਨਾ ਦੇ ਮੂਲ ਸੁਭਾਅ ਨੂੰ ਪਕੜਨ ਵਾਲੇ ਹਨ; ਬਨਾਵਟੀ ਅਤੇ ਮਕਾਨਕੀ ਕਿਸਮ ਦੇ ਨਹੀਂ।

ਕਿਸੇ ਵੀ ਲੇਖਕ ਦੀ ਕਾਰਗੁਜ਼ਾਰੀ ਇਕ ਵਿਸ਼ੇਸ਼ ਸਮੇਂ-ਬਿੰਦੂ ਤੋਂ ਦੂਸਰੇ ਸਮੇਂ-ਬਿੰਦੂ ਤਕ ਫੈਲਦੀ ਹੈ। ਇਸ ਦੌਰਾਨ ਉਸ ਦੀ ਦ੍ਰਿਸ਼ਟੀ ਫੈਲਦੀ, ਗਹਿਰਾਈ ਪ੍ਰਾਪਤ ਕਰਦੀ ਅਤੇ ਉਸਦੀ ਕਲਾ ਨਿਖਰਦੀ ਹੈ। ਆਮ ਤੌਰ ਤੇ ਹੁੰਦਾ ਇਹ ਹੈ ਕਿ ਹੁਣਵੇਂ ਬਿੰਦੂ ਉੱਪਰ ਖਲੋ ਕੇ ਕਿਸੇ ਲੇਖਕ ਦੀ ਕਾਰਗੁਜ਼ਾਰੀ ਦਾ ਮੁੱਲਾਂਕਣ ਕੀਤਾ ਜਾਂਦਾ ਹੈ। ਸਿੱਟੇ ਵਜੋਂ ਉਸਦੀ ਰਚਨਾ ਦਾ ਨਿਰੰਤਰ ਉਸਰਦਾ ਨਿਸਰਦਾ, ਬਣਦਾ-ਬਿਖਰਦਾ ਜਾਂ ਬਿਖਰਦਾ-ਬਣਦਾ ਮੁਹਾਂਦਰਾ ਸਾਹਮਣੇ ਨਹੀਂ ਆਉਂਦਾ। ਹਥਲੀ ਪੁਸਤਕ ਵਿਚ ਦਰਜ ਬਹੁਤੇ ਮਜ਼ਮੂਨ ਇਸ ਦ੍ਰਿਸ਼ਟੀ ਨੂੰ ਆਪਣੇ ਨਾਲ ਲੈ ਕੇ ਤੁਰਦੇ ਹਨ ਅਤੇ ਲੇਖਕ ਦੀ ਸਿਰਜਣਾ ਦੇ ਉਨ੍ਹਾਂ ਸੰਸਕਾਰਾਂ ਦੀ ਪਛਾਣ ਕਰਦੇ ਹਨ ਜਿਹੜੇ ਉਸਦੀ ਰਚਨਾ ਵਿਚ ਬਾਰ ਬਾਰ ਦੁਹਰਾਏ ਗਏ ਹਨ। ਇਹ ਸੰਸਕਾਰ ਕਿੱਥੇ ਲੇਖਕ ਦੀ ਸਿਰਜਣਾ ਦੀ ਸ਼ਕਤੀ ਬਣਦੇ ਹਨ ਅਤੇ ਕਿੱਥੇ ਸੀਮਾ, ਇਸ ਸੰਬੰਧੀ ਵਿਦਵਾਨਾਂ ਨੇ ਆਪਣੀਆਂ ਨਿਝੱਕ ਅਤੇ ਬੇਲਾਗ ਟਿੱਪਣੀਆਂ ਪੇਸ਼ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਸਦਕਾ ਹੀ ਇਨ੍ਹਾਂ ਆਲੋਚਨਾਤਮਕ ਕਿਰਤਾਂ ਦਾ ਢਾਂਚਾ ਬੰਦ (closed) ਨਹੀਂ, ਬਲਕਿ ਖੁੱਲ੍ਹਾ (open) ਹੈ। ਦਰਜ ਰਚਨਾਵਾਂ ਦਾ ਅਜੇਹਾ ਸਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਰਚਨਾਵਾਂ ਸੰਬੰਧੀ ਇਕ ਨਵੇਂ ਅਤੇ ਬਹੁਪਾਸਾਰੀ ਸੰਵਾਦ ਨੂੰ ਜਨਮ ਦੇਵੇਗਾ। ਜਿੱਥੇ ਇਹ ਰਚਨਾ ਚੰਦਨ ਦੀ ਹੁਣ ਤਕ ਦੀ ਰਚਨਾ ਸੰਬੰਧੀ ਬਹੁਤ ਸਾਰੇ ਪ੍ਰਸ਼ਨਾਂ ਦਾ ਸਮਾਧਾਨ ਪ੍ਰਸਤੁਤ ਕਰੇਗੀ ਉੱਥੇ ਨਿਸ਼ਚੇ ਹੀ ਹੋਰ ਵੀ ਬਹੁਤ ਸਾਰੇ ਪ੍ਰਸ਼ਨਾਂ ਨੂੰ ਜਨਮ ਵੀ ਦੇਵੇਗੀ।

ਅਜੋਕਾ ਯੁੱਗ ਮੰਡੀ ਦਾ ਯੁੱਗ ਹੈ, ਹਰ ਸ਼ੈਅ ਉੱਪਰ ਮੰਡੀ ਭਾਰੀ ਹੋ ਰਹੀ ਹੈ। ਇਸ ਮੰਡੀ ਦੇ ਯੁੱਗ ਵਿਚ ਬਿਨਾਂ ਗਰਜ਼ ਦੇ ਕਿਸੇ ਬਾਰੇ ਕੁਝ ਕਹਿਣਾ ਕੌਣ ਗੁਆਰਾ ਕਰਦਾ ਹੈ? ਜੇਕਰ ਸਮੁੱਚਾ ਚਿੰਤਨ-ਜਗਤ ਇਸ ਮੰਡੀ ਦੇ ਪਰਛਾਵੇਂ ਹੇਠਾਂ ਹੈ ਤਾਂ ਪੰਜਾਬੀ ਚਿੰਤਨ ਇਸ ਤੋਂ ਕਿਵੇਂ ਮੁਕਤ ਰਹਿ ਸਕਦਾ ਹੈ? ਪਰੰਤੂ ਇਸ ਦੇ ਬਾਵਜੂਦ ਅਜੇ ਅਕਾਦਮਿਕ ਸੁਹਿਰਦਤਾ ਸਾਡੇ ਵਿਚੋਂ ਪੂਰੀ ਤਰ੍ਹਾਂ ਖਾਰਜ ਨਹੀਂ ਹੋਈ। ਇਸ ਸੁਹਿਰਦਤਾ ਦਾ ਹੀ ਪ੍ਰਮਾਣ ਹੈ ਹਥਲੀ ਪੁਸਤਕ ਜਿਸਦਾ ਪ੍ਰਤਿਬੱਧ ਦੋਸਤਾਂ ਦੀ ਸਹਾਇਤਾ ਤੋਂ ਬਿਨਾਂ ਮੁਕੰਮਲ ਹੋ ਸਕਣਾ ਮੁਮਕਿਨ ਨਹੀਂ ਸੀ। ਮੈਂ ਜ਼ਾਤੀ ਤੌਰ ਉੱਪਰ ਇਨ੍ਹਾਂ ਵਿਦਵਾਨਾਂ ਦਾ ਰਿਣੀ ਹਾਂ।

ਪਿਛਲੇ ਕੁਝ ਦਹਾਕਿਆਂ ਵਿਚ ਗਿਆਨ ਅਤੇ ਸਿਰਜਣਾ ਦੇ ਖੇਤਰ ਵਿਚ ਇਕ ਵਿਸਫੋਟ ਵਾਪਰਿਆ ਹੈ। ਅਜੋਕੇ ਯੁੱਗ ਦੀ ਇਹ ਮੰਗ ਹੈ ਕਿ ਸਮੁੱਚੇ ਪੰਜਾਬੀ ਲੇਖਕਾਂ ਸੰਬੰਧੀ, ਪ੍ਰਚਲਿਤ ਚਰਚਾ ਨੂੰ ਲਾਂਭੇ ਰੱਖਕੇ, ਇਕ ਭਰਵਾਂ ਅਤੇ ਬਹੁਪੱਖੀ ਸੰਵਾਦ ਛੇੜਿਆ ਜਾਵੇ। ਅਜੇਹਾ ਸੰਵਾਦ ਕਿਸੇ ਕੱਲੇਕਾਰੇ ਵਿਅਕਤੀ ਵਲੋਂ ਨਹੀਂ ਬਲਕਿ ਸਮੁੱਚੇ ਪੰਜਾਬੀ ਚਿੰਤਨ ਜਗਤ ਵੱਲੋਂ ਛਿੜਣਾ ਚਾਹੀਦਾ ਹੈ। ਇਸ ਨਾਲ ਹੀ ਸਾਡੇ ਪੁਰਾਣੇ ਤੇ ਪਰੰਪਰਾਗਤ ਪ੍ਰਤਿਮਾਨ ਸਾਡੇ ਆਲੋਚਨਾ-ਵਿਹਾਰ ਵਿਚੋਂ ਖਾਰਜ ਹੋ ਸਕਦੇ ਹਨ। ਨਵੀਆਂ ਰਚਨਾਵਾਂ ਦੀਆਂ ਨਵੀਆਂ ਚਣੌਤੀਆਂ ਸਾਹਮਣੇ ਸਾਡੇ ਪਰੰਪਰਾਗਤ ਪ੍ਰਤਿਮਾਨ ਬਹੁਤ ਦੇਰ ਟਿਕ ਨਹੀਂ ਸਕਣਗੇ। ਅਜਿਹੇ ਸੰਵਾਦ ਨਾਲ ਇਕ ਤਾਂ ਪੰਜਾਬੀ ਲੇਖਕਾਂ ਦਾ ਅਣਗੌਲੇ ਜਾਂ ਘੱਟ ਗੌਲੇ ਰਹਿ ਜਾਣ ਦਾ ਗਿਲਾ ਤਾਂ ਦੂਰ ਹੋਵੇਗਾ ਹੀ ਨਾਲ ਹੀ ਨਾਲ ਸਾਡੇ ਲੇਖਕਾਂ ਦੇ ਠੀਕ ਸਾਹਿਤਕ ਕੱਦ ਵੀ ਸਾਹਮਣੇ ਆ ਸਕਣਗੇ। ਇਸ ਤੋਂ ਇਲਾਵਾ ਸਾਡਾ ਵਿਹਾਰਕ ਅਧਿਐਨ ਦਾ ਕਾਰਜ ਵੀ ਮਾਂਗਵੇਂ, ਉਧਾਰੇ ਅਤੇ ਬਨਾਉਟੀ ਗਿਆਨ ਦੇ ਦਿਖਾਵੇ ਤੋਂ ਬਚਿਆ ਰਹੇਗਾ। ਮੌਲਿਕ ਪੰਜਾਬੀ ਚਿੰਤਨ ਦੀ ਪਰੰਪਰਾ ਦੀ ਉਸਾਰੀ ਲਈ ਇਹ ਕਾਰਜ ਨਿਹਾਇਤ ਜ਼ਰੂਰੀ ਹੈ।

ਵਾਰਿਸ ਸ਼ਾਹ ਫਾਊਂਡੇਸ਼ਨ ਦੇ ਬਹੁਪੱਖੀ ਤੇ ਨਿੱਗਰ ਸਹਿਯੋਗ ਸਦਕਾ ਸਵਰਨ ਚੰਦਨ ਦੀ ਰਚਨਾ ਸੰਬੰਧੀ ਹਥਲਾ ਸੰਵਾਦ ਪ੍ਰਭਾਵਸ਼ਾਲੀ ਪੁਸਤਕ ਦਾ ਜਾਮਾ ਪਹਿਣ ਸਕਿਆ ਹੈ। ਇਸ ਸਹਿਯੋਗ ਲਈ ਫਾਊਂਡੇਸ਼ਨ ਧੰਨਵਾਦ ਦੀ ਪਾਤਰ ਹੈ।

ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅਮ੍ਰਿਤਸਰ।

ਹਰਿਭਜਨ ਸਿੰਘ ਭਾਟੀਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰਜਣਾ ਤੇ ਉਹ

—ਸਵਰਨ ਚੰਦਨ

ਅੱਜ ਉਮਰ ਦੇ ਇਕਵੰਜਵੇਂ ਵਰ੍ਹੇ ਵਿਚ ਖੜਾ ਜਦੋਂ ਉਹ ਪਿੱਛੇ ਮੁੜਕੇ ਵੇਖਦਾ ਹੈ ਤਾਂ ਉਹਦੇ ਜ਼ਿਹਨ ਵਿਚ ਇਕ ਹੀ ਵਾਕੰਸ਼ ਉਭਰਦਾ ਹੈ : 'ਸਿਰਜਣਾ ਤੇ ਉਹ'; ਜੇ ਅੱਜ ਉਹ ਹੈ ਤਾਂ ਸਿਰਫ ਸਿਰਜਣਾ ਕਰਕੇ; ਤੇ ਜੇ ਸਿਰਜਣਾ ਨਾ ਹੁੰਦੀ ਤਾਂ ਉਹ ਵੀ ਨਾ ਹੁੰਦਾ। ਬੇਸ਼ੱਕ ਇਸ ਗੱਲ ਨੂੰ 'ਹੋਂਦ ਅਤੇ ਚੇਤਨਾ' ਜਾਂ ਫਿਰ 'ਚੇਤਨਾ ਅਤੇ ਹੋਂਦ' ਦੇ ਅਰਥਾਂ ਵਿਚ ਨਹੀਂ ਲਿਆ ਜਾ ਸਕਦਾ। ਨਹੀਂ ਲਿਆ ਜਾਣਾ ਚਾਹੀਦਾ। ਉਹਨੂੰ ਮਹਿਸੂਸ ਹੁੰਦਾ ਹੈ ਕਿ ਸਿਰਜਣਾ ਉਹਦੇ ਲਈ ਮੁਕੰਮਲ ਹੋਂਦ-ਵਿਧੀ ਹੈ। ਜਿਵੇਂ ਰੋਟੀ। ਪੂਰੀ ਦੀ ਪੂਰੀ ਰੋਟੀ। ਨਾ ਕਿ ਸੁਆਦ ਬਦਲਣ ਲਈ ਰੋਟੀ ਦੇ ਨਾਲ ਰੱਖੀ ਚਟਣੀ, ਜਾਂ ਫਿਰ ਅਚਾਰ ਦੀ ਫਾੜੀ। ਨਹੀਂ ਸਿਰਜਣਾ ਹੀ ਉਹਦਾ ਹੋਣਾ ਹੈ। ਆਪਣੇ ਆਪਨੂੰ ਮੁਕੰਮਲ ਮਨੁੱਖ ਬਣਾਉਣ ਦੇ ਅਮਲ ਵਿਚ ਪੈਣ ਦਾ ਇਕ ਸਾਧਨ।

ਉਹ ਅਕਸਰ ਸੋਚਦਾ ਹੈ : ਲੋਕ ਸਿਰਜਣਾ ਕਰਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਨ ਦੀ ਗੱਲ ਕਰਦੇ ਹਨ; ਸਮਾਜ ਤੇ ਸਭਿਆਚਾਰ ਵੱਲ ਆਪਣੀ ਦੇਣ ਦੀ ਗੱਲ ਕਰਦੇ ਹਨ; ਰਾਜਨੀਤਿਕ ਸੁਆਲਾਂ ਦੇ ਰੂਬਰੂ ਹੋ ਕੇ ਬੇਹਤਰ ਸਮਾਜ ਸਿਰਜਣ ਦੇ ਆਪਣੇ ਲਕਸ਼ਾਂ ਦੀ ਗੱਲ ਕਰਦੇ ਹਨ। ਪਰ ਉਹਨੂੰ ਦਿਲੋਂ ਯਕੀਨ ਹੈ ਕਿ ਉਹ ਅਜੇਹਾ ਕੁਝ ਨਹੀਂ ਕਰਦਾ। ਉਹ ਤਾਂ ਸਿਰਫ ਆਪਣੇ ਆਪ ਨੂੰ ਜੋੜਦਾ ਹੈ; ਆਪਣੇ ਗੁਆਚ ਗਏ ਟੁਕੜਿਆਂ ਦੀ ਤਲਾਸ਼ ਕਰਦਾ ਹੈ, ਅਤੇ ਉਹਨਾਂ ਨੂੰ ਫਿਰ ਤੋਂ ਜੋੜਕੇ ਸਿਰਫ ਆਪਣੇ ਆਪ ਨੂੰ ਮੁੜ ਘੜਦਾ ਹੈ। ਤੇ ਉਹਦੇ ਵਜੂਦ ਦੇ ਇਹ ਟੁਕੜੇ ਦੂਰ ਦੂਰ ਤਕ ਖਿੰਡਰੇ ਪਏ ਸਨ; ਬਲਕਿ ਅਜੇ ਵੀ ਖਿੰਡਰੇ ਪਏ ਹਨ। 1947 ਦੇ ਅਮ੍ਰਿਤਸਰ ਦੇ ਬਾਜ਼ਾਰਾਂ ਵਿਚ। ਤੇ ਫਿਰ ਖੂਹ ਤਕ ਜਾਂਦੇ ਊਬੜ-ਖਾਬੜ ਰਾਹਾਂ ਵਿਚ ਜਿੱਥੇ ਟੁੱਟੀਆਂ ਬਾਹਵਾਂ ਸਨ; ਲਾਸ਼ਾਂ ਦੇ ਢੇਰ ਸਨ ਅਤੇ ਆਸਮਾਨ ਤੋਂ ਬਹੁਤ ਥੱਲੇ ਉਹਦੇ ਸਿਰ ਉਤੇ ਗਿਰਝਾਂ ਮੰਡਲ੍ਹਾਉਂਦੀਆਂ ਸਨ। ...ਤੇ ਫੇਰ ਉਹਦੇ ਟੁਕੜੇ ਰੋਹੀਆਂ ਵਿਚ ਖਿੰਡੇ ਪਏ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਰਿਆਂ ਵਿਚ । ਫਸਲਾਂ ਦਿਆਂ ਵੱਢਾਂ ਵਿਚ । ਨਹਿਰਾਂ ਦੀਆਂ ਪਟੜੀਆਂ ਤੇ । ਡੂੰਮ੍ਹਾਂ ਵਿਚ । ਛੱਪੜਾਂ ਵਿਚ । ਵੱਢੀ ਹੋਈ ਕਣਕ ਦੇ ਬੁੱਥਿਆਂ ਵਿਚ । ਕੁਆਣਿਆਂ ਵਿਚ । ਖੁਰਲੀਆਂ 'ਤੇ । ਮਤਾੜੇ ਹੋਏ ਬੱਲਦਾਂ ਦੀਆਂ ਖੁੱਚਾਂ ਵਿਚ । ਪਾਕ ਪਈਆਂ ਧੌਣਾਂ ਤੇ । ਖੂਹ ਦੀ ਪੈੜੀ ਵਿਚ । ਤੇ ਕੁੱਤੇ ਦੀ ਠੱਕ ਠੱਕ ਵਿਚ ।

ਉਹ ਛੇ ਸਾਲਾਂ ਦਾ ਪੂਰਾ ਨਹੀਂ ਸੀ ਹੋਇਆ ਜਦੋਂ ਉਹਦੇ ਸਰੀਰ ਅਤੇ ਰੂਹ ਨਾਲੋਂ ਇਹ ਟੁੱਕੜੇ ਲਹਿਣੇ ਸ਼ੁਰੂ ਹੋਏ ਸਨ; ਬਲਕਿ ਲਾਹੇ ਗਏ ਸਨ । ਇਕ ਬਹੁਤ ਵੱਡਾ ਟੁਕੜਾ ਦੋ-ਤਿੰਨ ਕੁਹਾੜੀਆਂ ਅਤੇ ਦੋ-ਤਿੰਨ ਤਲਵਾਰਾਂ ਦੇ ਭਰਵੇਂ ਵਾਰਾਂ ਨਾਲ ਸੜਕ ਤੇ ਚੁਫਾਲ ਡਿਗ ਪਏ ਉਹਦੇ ਪਿਉ ਦੇ ਕੋਲ ਡਿਗ ਪਿਆ ਸੀ ਸੰਤਾਲੀ ਦੇ ਅਮ੍ਰਿਤਸਰ ਵਿਚ । ਤੇ ਉਹ ਵੱਢੇ ਜਾਂਦੇ ਆਪਣੇ ਪਿਉ ਨੂੰ ਵੇਖਦਾ ਭੁੱਬ ਵੀ ਨਹੀਂ ਸੀ ਮਾਰ ਸਕਿਆ । ਉਹ ਰੇੜ੍ਹੇ 'ਚ ਰੱਖੇ ਘਾਹ ਵਿਚ ਦੁਬਕਿਆ ਪਿਆ ਰਿਹਾ ਸੀ ।

...ਤੇ ਅਗਸਤ ਸੰਤਾਲੀ ਦੀ ਇਸ ਕਾਲੀ ਪ੍ਰਭਾਤ ਦੀ ਰਾਤ ਕਿਹੋ ਜਿਹੀ ਸੀ ਜਦੋਂ ਉਹ ਆਪਣੇ ਪਿਉ ਨਾਲ ਚੰਬੜਕੇ ਸੁੱਤਾ ਪਿਆ ਸੀ, ਤੇ ਉਹਦੇ ਪਿਉ ਨੇ ਗਲੀ ਵਿਚ ਦਗੜ-ਦਗੜ ਕਰਦੇ ਬੂਟਾਂ ਅਤੇ ਕੰਧਾਂ ਨਾਲ ਵਜਦੇ ਲੋਹੇ ਦੀ ਆਵਾਜ਼ ਤੋਂ ਭੈਭੀਤ ਹੁੰਦਿਆਂ ਕਿਹਾ ਸੀ : 'ਪੁੱਤਰਾ ਜੇ ਮੈਂ ਮਰ ਗਿਆ ਤਾਂ ਤੂੰ ਰੋਟੀ ਕਿਥੋਂ ਖਾਏਂਗਾ ?' ਉਦੋਂ ਭਾਵੇਂ ਉਹਨੂੰ ਪਿਉ ਦੀ ਆਖੀ ਇਸ ਗੱਲ ਦੀ ਕੋਈ ਸਮਝ ਨਹੀਂ ਸੀ ਆਈ, ਪਰ ਏਨਾ ਜ਼ਰੂਰ ਪਤਾ ਲਗ ਗਿਆ ਸੀ ਕਿ ਬੜਾ ਕੁਝ ਮਾੜਾ ਵਾਪਰ ਜਾਣ ਵਾਲਾ ਹੈ । ਤੇ ਜਦੋਂ ਇਹ ਵਾਪਰ ਗਿਆ ਸੀ ਤਾਂ ਇਕ ਕਹਿਰ ਉਹਦੇ ਸਿਰ ਤੇ ਵਜੂਦ ਨੂੰ ਖੱਖੜੀਆਂ ਕਰਦਾ ਲੰਘ ਗਿਆ ਸੀ । ਬਲਕਿ ਸਾਲਾਂ ਤਕ ਲੰਘਦਾ ਰਿਹਾ ਸੀ । ਤੇ ਫੇਰ ਮਹੀਨੇ-ਖੰਡ ਵਿਚ ਮਾਂ ਵੀ ਤੁਰ ਗਈ – ਹਰਖੀ ਹੋਈ ਤੇ ਗਮਗੀਨ । ਤੇ ਬੇਆਸਰਾ । ਰੋਟੀ ਤਾਂ ਉਹਦੀ ਵੀ ਮੁੱਕ ਗਈ ਸੀ । ਤੇ ਫੇਰ ਹਫ਼ਤੇ ਪਿਛੋਂ ਉਹਦਾ ਤਿੰਨ ਹਫ਼ਤਿਆਂ ਦਾ ਭਰਾ ਵੀ ਅੱਖਾਂ ਮੀਟ ਗਿਆ । ਉਹੋ ਹੀ ਭਰਾ ਜਿਹਨੂੰ ਉਹਦੀ ਮਾਂ ਨੇ ਤਿੰਨ ਹਫ਼ਤੇ ਪਹਿਲਾਂ ਅਗਸਤ ਦੇ ਵਰ੍ਹਦੇ ਮੀਂਹ ਵਿਚ ਘਰ-ਘਾਟ ਛੱਡਣ ਤੋਂ ਪਿਛੋਂ ਫੁਟਪਾਥ ਜਾਂ ਫਿਰ ਸੜਕ ਦੇ ਕਿਨਾਰੇ ਤੇ ਜੰਮਿਆ ਸੀ । ਤੇ ਉਹਦੇ ਕਈ ਟੁੱਕੜੇ ਇਕ ਇਕ ਕਰਕੇ ਲੱਥੇ ਸਨ । ਸੜਕਾਂ, ਗਲੀਆਂ ਤੇ ਚੌਰਾਹਿਆਂ ਵਿਚ ਖਿੰਡ ਗਏ ਸਨ । ਤੇ ਉਹ ਰੋਂਦਾ-ਕੁਰਲਾਉਂਦਾ, ਹਫ਼ਿਆ ਹੋਇਆ, ਨੰਗੇ ਪੈਰੀਂ, ਨੰਗੇ ਸਿਰ ਤੇ ਬੇਸਰੋ-ਸਾਮਾਨ ਇਹਨਾਂ ਟੁਕੜਿਆਂ ਨੂੰ ਲਭਦਾ ਰਿਹਾ ਸੀ—ਸਾਲਾਂ ਤਕ । ਪਰ ਇਹਨਾਂ ਖਿੰਡ ਗਏ ਟੁਕੜਿਆਂ ਵਿਚੋਂ ਉਹਨੂੰ ਕੋਈ ਨਹੀਂ ਸੀ ਲੱਭਾ ।

ਤੇ ਫੇਰ ਇਕ ਤੋਂ ਬਾਅਦ ਇਕ ਉਹਦੀ ਰੂਹ ਤੇ ਵਜੂਦ ਦੇ ਟੁਕੜੇ ਲੱਥਣੇ ਸ਼ੁਰੂ ਹੋਏ ਸਨ । ਕੁਝ ਟੁਕੜੇ ਉਹਦੇ ਪਿਉ ਦੇ ਉਜੜੇ ਖੂਹ ਤੇ ਪਏ ਸਨ । ਕੁਝ ਟੁਕੜੇ ਤਾਏ ਦੀਆਂ ਮੱਝਾਂ ਤੇ ਗਾਵਾਂ ਦੇ, ਵੱਢਾਂ ਵਿਚ ਛਪਦਿਆਂ ਪੈਰਾਂ ਹੇਠਾਂ ਆਣ ਕੇ ਚਕਨਾਚੂਰ ਹੋਏ ਸਨ । ਕੁਝ ਟੁਕੜੇ ਨਹਿਰ ਦੇ ਪਾਣੀ ਦਿਆਂ ਨੱਕਿਆਂ ਵਿਚ । ਕੁਝ ਹਲ ਦੇ ਚੌਅ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇਠਾਂ ਆ ਕੇ ਅਸੀਂ ਕੋਰ ਮਾਰੇ ਕੁਝ ਸੁਹੀਆ ਹੰਠਲੀਆਂ ਢੀਮਾਂ ਨਾਲ ਮਿੱਧੇ ਗਏ ਸਨ। ਤੇ ਕੁਝ...। ਪਰ ਆਪਣੇ ਵਜੂਦ ਦੇ ਟੁਕੜੇ ਲਹਿੰਦਿਆਂ ਵੇਖਕੇ ਵੀ ਉਹਨੂੰ ਰੋਣ ਜਾਂ ਭੁੱਬਾਂ ਮਾਰਨ ਦਾ ਹੁਕਮ ਨਹੀਂ ਸੀ। ਉਹਨੇ ਇਕ-ਦੋ ਵਾਰੀ ਅਜੇਹਾ ਕੀਤਾ ਸੀ. ਤਾਂ ਤਾਈ ਉਹਨੂੰ ਝਈਆਂ ਲੈਕੇ ਪਈ ਸੀ; 'ਆਪਣੇ ਤਾਂ ਸਾਰੇ ਖਾ ਲਏ, ਹੁਣ ਸਾਨੂੰ ਵੀ ਖਾਣਾ ਜੂ ?'... ਏ ਫੇਰ ਉਹ ਸਿਰਫ ਓਦੋਂ ਰੋਂਦਾ ਸੀ. ਨਹੀਂ ਨਹੀਂ ਰੋਂਦਾ ਕਦੋਂ ਸੀ, ਉਹ ਤਾਂ ਭੁੱਬਾਂ ਮਾਰਦਾ ਸੀ; ਲੇਰਾਂ ਤੇ ਚਾਂਗਰਾ ਜਦੋਂ ਉਹ ਸਿਰਫ ਇਕੱਲਾ ਹੁੰਦਾ ਸੀ। ਤੇ ਹੁੰਦਾ ਵੀ ਉਹ ਹਰ ਸਮੇਂ ਇਕੱਲਾ ਸੀ। ਚਾਚਾ ਤੇ ਚਾਚੀ. ਤੇ ਲੇਰਾਂ। ਤੇ ਉਹਨੂੰ ਗੱਲ ਕਰਨੀ ਹੀ ਭੁੱਲ ਗਈ ਸੀ। ਉਹ ਜਿਹੜਾ ਮਾਪਿਆਂ ਕੋਲੋਂ ਕਈ ਨਿੱਕੀਆਂ-ਨਿੱਕੀਆਂ ਜ਼ਿਦਾਂ ਮੰਨਵਾਉਂਦਾ ਹੁੰਦਾ ਸੀ। ਅਖੇ : ਮੈਂ ਦੁੱਧ ਪੀਊਂਗਾ ਪਰ ਟੋਸ ਪਾ ਕੇ। ਅਖੇ : ਮੈਨੂੰ ਅਭੀ ਡੋਰ ਦਾ ਪਿੰਨਾ ਚਾਹੀਏ। ਅਖੇ : ਮੈਂ ਚਾਚੇ ਦੇ ਨਾਲ ਮੰਡੀ ਜਾਣਾ-ਇਆਂ। ਉਹਦਾ ਪਿਉ ਉਹਦੇ ਤਾਏ ਦੇ ਪੁੱਤਾਂ ਦਾ ਵੀ ਚਾਚਾ ਸੀ ਤੇ ਉਹਦਾ ਵੀ ਚਾਚਾ ਹੋ ਗਿਆ ਸੀ। ਤੇ ਚਾਚੀ।

ਤੇ ਫੇਰ ਪੰਜ ਸਾਲ ਡੰਗਰ ਚਾਰਨ, ਪੱਠੇ ਵੱਢਣ-ਕੁਤਰਨ ਤੇ ਖੂਹ ਦੇ ਪਾਣੀ ਦੀਆਂ ਵਾਰੀਆਂ ਸਾਂਭਣ ਤੋਂ ਪਿਛੋਂ ਉਹਨੇ ਹਲ ਦੀ ਹੱਥੀ ਫੜ ਲਈ ਸੀ। ਨਹੀਂ, ਨਹੀਂ, ਫੜਾ ਦਿਤੀ ਗਈ ਸੀ। ...ਤੇ ਫੇਰ ਗਿਆਰਾਂ ਸਾਲ ਦੇ ਨੇ ਹੀ ਆਪਣੇ ਮਾਪਿਆਂ ਨੂੰ ਭੁੱਬਾਂ ਮਾਰਦਿਆਂ ਇਕ ਆਵਾਜ਼ ਮਾਰੀ ਸੀ : 'ਮੈਥੋਂ ਹੋਰ ਨਹੀਂ ਸਿਹਾ ਜਾਂਦਾ, ਹੁਣ ਤੁਸੀਂ ਆ ਜੋ'; ਬੋਲਕੇ ਨਹੀਂ ਲਿਖਕੇ। ਨੱਕੇ ਮੋੜਦਿਆਂ। ਫਲ੍ਹੇ ਹਿੱਕਦਿਆਂ। ਤੇ ਪੱਠਿਆਂ ਦੀਆਂ ਭਰੀਆਂ ਕੁਤਰਦਿਆਂ। ਤੇ ਫੇਰ ਕਿਸੇ ਨੇ ਉਹਨੂੰ ਦਸਿਆ ਸੀ ਕਿ ਇਹ ਤਾਂ ਕਵਿਤਾ ਵਰਗੀ ਕੋਈ ਸ਼ੈ ਸੀ। ਤੇ ਉਹਨੂੰ ਜਾਪਿਆ ਸੀ ਉਹ ਬੋਲਣ ਲਗ ਪਿਆ ਸੀ। ਰੋ ਰੋ ਕੇ ਜੰਮ ਚੁੱਕੀ ਆਵਾਜ਼ ਫਿਰ ਪਿਘਲਣ ਲੱਗੀ ਸੀ। ਪਰ ਸਿਰਫ ਕਾਗਜ਼ ਦੇ ਟੁਕੜੇ ਉੱਤੇ। ਮੂੰਹ ਨਾਲ ਤਾਂ ਇਕ ਵੀ ਗੱਲ ਨਹੀਂ ਸੀ ਕਰ ਸਕਦਾ। ਤਾਈ ਨੇ ਉਹਦੇ ਤੰਦੂਆ ਪਾ ਦਿਤਾ ਸੀ। ਸਿਰਫ ਤੰਦੂਆ ਕਾਹਨੂੰ ? ਘਟੀਆਪਨ ਵੀ। ਗਲ ਝੱਗਾ ਤੇ ਤੇੜ ਕੱਛ। ਪੈਰੋਂ ਨੰਗਾ। ਤੇ ਸਿਰ 'ਤੇ ਬੇੜ ਵਰਗੀ ਪੱਗ। ਤੇ ਮੈਲਾ-ਕੁਚੈਲਾ ਸਰੀਰ। ਦਿਨ-ਰਾਤ ਕੰਮ ਕਰਕੇ ਮਿੱਟੀ ਨਾਲ ਮਿੱਟੀ ਹੋਇਆ ਹੋਇਆ। ਤੇ ਉਤੋਂ ਗਾਲਾਂ ਤੇ ਜੁੱਤੀਆਂ। ਤੇ ਉਹਨੂੰ ਆਪਣੇ ਆਪ ਤੇ ਖ਼ੁਦ ਹੀ ਤਰਸ ਆਉਣ ਲੱਗਾ ਸੀ। ਪਰ ਬਹੁਤ ਪਿਛੋਂ। ਯਾਨਿ ਦਸ-ਗਿਆਰਾਂ ਸਾਲਾਂ ਦੀ ਉਮਰ ਵਿਚ।

ਤੇ ਫੇਰ ਉਹ ਵਾਕਿਆ ਹੀ ਕਵਿਤਾ ਲਿਖਣ ਲੱਗਾ ਸੀ। ਖੂਹ 'ਤੇ ਮਾਲ-ਡੰਗਰ ਬੰਨ੍ਹ ਕੇ ਸਕੂਲ। ਤੇ ਸਕੂਲ ਤੋਂ ਆਣ ਕੇ ਫੇਰ ਖੂਹ ਤੇ। ਤੇ ਕਾਇਦੇ-ਕਿਤਾਬਾਂ ਜਾਂ ਕਾਪੀਆਂ ਵੀ ਚਰ ਰਹੇ ਡੰਗਰ-ਵਛੇ ਦੇ ਪਿੱਛੇ ਪਿੱਛੇ। ...ਤੇ ਕਵਿਤਾ ਉਹਦਾ ਆਸਰਾ ਬਣੀ ਸੀ। ਹਰ ਕਵਿਤਾ (ਭਾਵੇਂ ਬੈਂਤ-ਬਾਜ਼ੀ ਹੀ) ਲਿਖਕੇ ਉਹਨੂੰ ਜਾਪਦਾ ਉਹਨੂੰ ਉਹਦਾ ਇਕ ਛੋਟਾ ਜਿਹਾ ਟੁਕੜਾ ਲੱਭ ਗਿਆ ਸੀ। ਤੇ ਫੇਰ ਜਦੋਂ ਉਹ ਸਕੂਲ ਦੀ ਸਟੇਜ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਹ ਕਵਿਤਾ ਪੜ੍ਹਦਾ ਤਾਂ ਮਿਲੀ ਸ਼ਾਬਾਸ਼ ਜਾਂ ਹੱਲਾਸ਼ੇਰੀ ਨਾਲ ਉਹਦੇ ਵਿਚੋਂ ਘਟੀਆਪਨ ਦਾ ਇਕ ਛੋਟਾ ਜਿਹਾ ਮਨਫੀ ਹੋ ਜਾਂਦਾ ਸੀ। ...ਤੇ ਫੇਰ ਜਦੋਂ ਇਕ ਦਿਨ **ਚੰਦਨਵਾੜੀ** ਕਿਤਾਬ ਦੀਆਂ ਕੁਝ ਕਵਿਤਾਵਾਂ ਪੜ੍ਹ ਲਈਆਂ ਤਾਂ ਆਪਣੇ ਨਾਮ ਨਾਲ ਚੰਦਨ ਲਿਖ ਲਿਆ। ਫੇਰ ਉਹ ਕਵਿਤਾਵਾਂ ਅਮ੍ਰਿਤਸਰੋਂ ਛਪਦੇ ਹਫ਼ਤਾਵਾਰੀ 'ਵਰਤਮਾਨ' ਵਿਚ ਛਪਣ ਲੱਗੀਆਂ। ਪੈਸਾ ਕੋਲ ਨਾ ਹੋਣਾ। ਤੇ ਉਹਨੇ ਹਕੀਮਾਂ ਵਾਲੇ ਦਰਵਾਜ਼ੇ ਦੇ ਰੀਡਿੰਗ ਰੂਮ ਵਿਚ ਜਾਕੇ ਅਖ਼ਬਾਰ ਦਾ ਉਹ ਟੁਕੜਾ ਚੋਰ-ਅੱਖ ਨਾਲ ਪਾੜਕੇ ਜੇਬ੍ਹ 'ਚ ਪਾ ਲੈਣਾ। ਤੇ ਘਰ ਆਣਕੇ ਉਹਨੂੰ ਇਕ ਲੋਹੇ ਦੀ ਟਰੰਕੀ ਵਿਚ ਸਾਂਭ ਲੈਣਾ। ...ਤੇ ਇਉਂ ਉਹ ਕਵਿਤਾ ਰਾਹੀਂ ਆਪਣੇ ਨਿੱਕੇ ਨਿੱਕੇ ਖਿੰਡੇ ਹੋਏ ਟੁਕੜੇ ਇਕੱਠੇ ਕਰਕੇ ਉਸ ਟਰੰਕੀ ਵਿਚ ਪਾਈ ਜਾਂਦਾ, ਤੇ ਉਹਨੂੰ ਜਾਪਦਾ ਉਹ ਸਬੂਤਾ ਹੋਣ ਦੇ ਅਮਲ ਵਿਚ ਪੈ ਗਿਆ ਸੀ।

ਦਸਵੀਂ ਵਿਚ ਪੜਦਿਆਂ ਉਹਦਾ ਹੈਡ-ਮਾਸਟਰ ਮਾਹਣਾ ਸਿੰਘ ਉਹਨੂੰ 'ਫਿਲਾਸਫਰ' ਕਹਿਕੇ ਸੱਦਦਾ, ਤੇ ਉਹ ਖੁਸ਼ ਹੁੰਦਾਂ। ਫੇਰ ਖਾਲਸਾ ਕਾਲਜ ਵਿਚ ਪਹੁੰਚਕੇ ਉਹ ਕਹਾਣੀਆਂ ਲਿਖਣ ਲੱਗਾ। ਪਰ ਕਹਾਣੀ ਬਣਦੀ ਨਹੀਂ ਸੀ। ਸਿਰਫ ਕਵਿਤਾ ਹੀ ਬਣਦੀ ਸੀ। ਕਵਿਤਾ 'ਦਰਬਾਰ' ਵਿਚ ਛਪਦੀ, ਮੁੰਡੇ ਉਹਦੇ 'ਤੇ ਰਸ਼ਕ ਕਰਦੇ। ਤੇ ਉਹਦੇ ਵਿਚੋਂ ਘਟੀਆਪਨ ਦਾ ਇਕ ਛੋਟਾ ਜਿਹਾ ਹਿੱਸਾ ਹੋਰ ਮਨਫੀ ਹੋ ਜਾਂਦਾ। ...ਤੇ ਫੇਰ ਉਹਨੇ ਖੂਹ ਤੇ ਜਾਣਾ ਵੀ ਛੱਡ ਦਿਤਾ ਅਤੇ ਘਰ ਵੀ। ਉਹ ਵਿਦਰੋਹੀ ਹੋ ਗਿਆ। ਤਾਈ ਨੂੰ ਇਕ ਦੀਆਂ ਦੋ ਸੁਣਾਉਣ ਲੱਗਾ। ਤੇ ਹਰ ਉਸ ਬੰਦੇ ਨੂੰ ਜਿਹੜਾ ਉਹਦੇ ਮਾੜੇ ਕਪੜਿਆਂ ਨੂੰ ਨਫ਼ਰਤ ਕਰਦਾ ਜਾਂ ਉਹਨੂੰ ਘਟੀਆਂ ਸਮਝਦਾ।

ਇਕ ਵਾਰੀ, ਬਹੁਤ ਪਹਿਲਾਂ, ਕਰੀਬ ਤੇਰਾਂ-ਚੌਦਾਂ ਸਾਲਾਂ ਦੀ ਉਮਰ ਵਿਚ, ਕੋਈ ਬਾਹਰਲਾ ਬੰਦਾ ਖੂਹ ਉਤੇ ਉਹਦੇ ਤਾਏ ਨੂੰ ਮਿਲਣ ਆਇਆ। ਉਹ ਉਦੋਂ ਕਵਾਣੇ 'ਚ ਪੱਠੇ ਕੁਤਰ ਰਿਹਾ ਸੀ। ਆਪੇ ਹੀ ਚੀਰਨੀ ਲਾਉਂਦਾ ਤੇ ਆਪ ਹੀ ਕੁਤਰਦਾ। ਉਸ ਬੰਦੇ ਦੇ ਲੀੜੇ ਬੜੇ ਖੜਕਵੇਂ ਸਨ। ਆਂਹਦਾ 'ਤੂੰ ਫਲਾਣਾ ਸੋਂਹ (ਤਾਏ ਦਾ ਨਾਂ ਲੈਕੇ) ਦਾ ਮਜਹਬੀ ਆਂ?' ਤੇ ਉਸ ਵੇਲੇ ਉਹਦੇ ਸੱਤੀਂ ਕੱਪੜੀ ਅੱਗ ਲੱਗ ਗਈ ਸੀ। ਉਹਨੇ ਆਪਣੇ ਆਪਨੂੰ ਪੈਰਾਂ ਤੋਂ ਲੈਕੇ ਮੋਰਾਂ ਤਕ ਤੇ ਫੇਰ ਬਾਹਵਾਂ ਨੂੰ ਨਿਹਾਰਿਆ। ਤੇ ਉਹਨੂੰ ਜਾਪਿਆ ਉਹ ਸੱਚੀਂ ਹੀ ਆਪਣੇ ਤਾਏ ਦਾ ਕਾਮਾ ਲਗਦਾ ਸੀ। ਤੇ ਇਹ ਉਹਨੂੰ ਕਿਸੇ ਦੂਜੇ ਦੀ ਅੱਖ 'ਚੋਂ ਮਿਲਿਆ ਘਟੀਆਪਨ ਸੀ। ਤੇ ਇਹਨੇ ਉਹਨੂੰ ਉਧੇੜ ਕੇ ਰੱਖ ਦਿਤਾ ਸੀ।

...ਤੇ ਹੁਣ? ਹੁਣ ਉਹਨੇ ਟਿਊਸ਼ਨਾਂ ਰੱਖ ਲਈਆਂ ਸਨ। ਇਕ ਤੋਂ ਪਿਛੋਂ ਇਕ। ਤੇ ਸਾਰੇ ਟੱਬਰ ਦੇ ਖਿਲਾਫ਼ ਵਿਦਰੋਹ ਕਰ ਦਿਤਾ ਸੀ। ਉਹਨੇ ਨੌਵੀਂ ਤੇ ਦਸਵੀਂ ਵਿਚ ਪੜ੍ਹਦਿਆਂ ਦੋ ਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਦੇ ਵਜ਼ੀਫੇ ਵੀ ਜਿੱਤੇ ਸਨ। ਇਮਤਿਹਾਨ ਦੇਕੇ। ਅੱਠ ਰੁਪਏ ਮਹੀਨਾ। ਤੇ ਉਹਨੂੰ ਉਹ ਵਜ਼ੀਫੇ ਵੀ ਮਿਲਦੇ ਸਨ। ਤੇ ਨਾਲ ਟਿਊਸ਼ਨਾਂ। ਤੇ ਨਾਲ ਬੀ. ਐਸ. ਸੀ (ਐਗ੍ਰੀ:) ਦੀ ਪੜ੍ਹਾਈ। ਲਿਖਣ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੜ੍ਹਣ ਨੂੰ ਸਮਾਂ ਹੀ ਨਹੀਂ ਸੀ ਮਿਲਦਾ। ਇਹ ਉਹਦੇ ਮੁੜ-ਵਸੇਬ ਦੇ ਦਿਨ ਸਨ। ਆਪਣੇ ਖਿੰਡੇ ਪਏ ਟੁਕੜਿਆਂ ਨੂੰ ਤਲਾਸ਼ ਕਰਦਿਆਂ ਤੇ ਚੁਗਦਿਆਂ ਤਾਂ ਇਕ ਉਮਰ ਲੱਗ ਜਾਣੀ ਸੀ। ਤੇ ਇਸ ਉਮਰ ਨੂੰ ਪੈਦਾ ਕਰਨ ਲਈ ਪਹਿਲਾਂ ਰੋਟੀ ਦਾ ਜੁਗਾੜ ਕਰਨਾ ਲਾਜ਼ਮੀ ਸੀ। ਤੇ ਰੋਟੀ ਦਾ ਜੁਗਾੜ ਕਰਨ ਲਈ ਵੀ ਰੋਟੀ ਚਾਹੀਦੀ ਸੀ। ਤੇ ਉਹ ਟਿਊਸ਼ਨਾਂ ਪੜ੍ਹਾ ਰਿਹਾ ਸੀ।

ਤੇ ਉਹ ਡੰਗਰ ਚਾਰਦਾ, ਨੱਕੇ ਮੋੜਦਾ, ਪੱਠੇ ਵਢਦਾ ਤੇ ਕੁਤਰਦਾ, ਤੇ ਆਲੂਆਂ, ਕਰਨੌਲੀਆਂ ਦੀਆਂ ਬੋਰੀਆਂ ਢੋਂਹਦਾ ਵੀ ਦਸਵੀਂ 'ਚੋਂ ਵਜ਼ੀਫੇ ਤੋਂ ਥੋਹੜੇ ਜਿਹੇ ਨੰਬਰ ਠਾਂਹ ਰਹਿ ਗਿਆ ਸੀ, ਤਾਂ ਉਹ ਬਹੁਤ ਦੁਖੀ ਹੋਇਆ ਸੀ। ਪਰ ਫੇਰ ਵੀ ਉਹਦਾ ਜੀ ਕਰਦਾ ਕੋਈ ਉਹਦੀ ਪ੍ਰਾਪਤੀ ਦੀ ਸਿਫਤ ਕਰੇ—ਖਾਸ ਕਰਕੇ ਇਹੋ ਜਿਹੇ ਹਾਲਾਤ ਵਿਚ। ਉਹ ਆਪਣੇ ਭਰਾ (ਤਾਏ ਦਾ ਪੁੱਤ) ਕੋਲ ਗਿਆ। ਆਂਹਦਾ : 'ਭਾਊ, ਮੈਂ ਹਾਈ ਫਸਟ ਕਲਾਸ ਵਿਚ ਦਸਵੀਂ ਪਾਸ ਕੀਤੀ ਆ।' ਤੇ ਉਹ ਅਗੋਂ ਆਖਣ ਲੱਗਾ : 'ਓਏ ਮਾਰ ਗੋਲੀ ਤੂੰ ਏਹਨੂੰ, ਪਹਿਲਾਂ ਖੂਹਤੋਂ ਜਾ ਕੇ ਮਾਲ ਡੰਗਰ ਲਿਆ।' ਤੇ ਉਹ ਟੁੱਟੇ ਜਿਹੇ ਦਿਲ ਨਾਲ ਖੂਹ ਨੂੰ ਤੁਰ ਪਿਆ ਸੀ। ਤੇ ਲਾਗਲੇ ਰੋੜਿਆਂ ਦੀ ਮਾਂ ਆਪਣੇ ਤਿੰਨ ਵਾਰੀ ਫੇਲ੍ਹ ਹੋਕੇ ਹੁਣ ਥਰਡ ਡਵੀਜ਼ਨ ਵਿਚ ਪਾਸ ਹੋਏ ਆਪਣੇ ਮੁੰਡੇ ਦੇ ਲੱਡੂ ਵੰਡ ਰਹੀ ਸੀ। ਇਹ ਲੱਡੂ ਉਹਨੇ ਵੀ ਖਾਧਾ ਸੀ।

ਫੇਰ 1961 ਵਿਚ ਖੇਤੀ-ਬਾੜੀ ਦੀ ਡਿਗਰੀ ਕਰਕੇ ਉਹ ਜਲੰਧਰ ਵਿਚ ਖੇਤੀ-ਬਾੜੀ ਇੰਸਪੈਕਟਰ ਲਗ ਗਿਆ--ਤਨਖਾਹ 210 ਰੁਪਏ ਮਹੀਨਾ। ਪਰ ਪਹਿਲੇ ਤਿੰਨ ਮਹੀਨੇ ਤਨਖਾਹ ਹੀ ਨਾ ਮਿਲੀ। ਤੇ ਉਹ ਰੋਜ਼ ਦੋ ਆਨਿਆਂ ਦੀਆਂ ਦੋ ਰੋਟੀਆਂ ਖਾਕੇ (ਦਾਲ ਮੁਫਤ) ਦਫਤਰ ਦੀ ਇਕ ਨੁੱਕਰ ਵਿਚ ਸੌਂ ਰਹਿੰਦਾ ਸੀ। ਤਿੰਨ ਮਹੀਨਿਆਂ ਪਿਛੋਂ ਜਦੋਂ ਪਹਿਲੀ ਤਨਖਾਹ ਮਿਲੀ ਤਾਂ ਉਹਨੇ ਪੂਰੀਆਂ ਛੇ ਰੋਟੀਆਂ ਖਾਧੀਆਂ। ਤੇ ਨਾਲ ਦੋ ਸਪੈਸ਼ਲ ਡਿਸ਼ਾਂ ਲੈਕੇ। ਫੇਰ ਅਗਲੇ ਮਹੀਨੇ ਦੀ ਤਨਖਾਹ ਨਾਲ ਨਵਾਂ ਸਾਈਕਲ। ਤੇ ਫੇਰ ਮਹੀਨੇ ਪਿਛੋਂ ਪਹਿਲੀ ਵਾਰੀ ਗੁੱਟ-ਘੜੀ। ਤੇ ਉਹ ਵੀ ਫੇਵਰ-ਲੂਬਾ। ਪਰ ਇੰਨਸਪੈਟਕਰੀ ਵੀ ਬਹੁਤਾ ਚਿਰ ਰਾਸ ਨਾ ਆਈ। ਕਵਿਤਾ ਹੋਰ ਵਿਦਰੋਹੀ ਹੋ ਗਈ। ਤੇ ਸੁਭਾ ਵੀ। ਵੱਡਾ ਅਫਸਰ ਆਪਣੇ ਆਪਨੂੰ ਨਹਿਰੂ ਦਾ ਪੁੱਤ ਸਮਝਦਾ। ਡੰਡਉਤਾਂ ਕਰੌਣੀਆਂ ਚਾਹੁੰਦਾ। ਉਹਨੂੰ ਪੈਰਾਂ ਹੇਠਾਂ ਮਸਲ ਦੇਣਾ ਚਾਹੁੰਦਾ। ਪਰ ਉਹ ਹੁਣ ਨਹੀਂ ਸੀ ਮਸਲਿਆ ਜਾ ਸਕਦਾ। ...ਤੇ ਫੇਰ ਉਹਨੇ ਗ਼ਲਤ ਗੁਆਹੀਆਂ 'ਚੱਠੀਆਂ ਕਰਕੇ ਉਹਦੇ ਤੇ ਐਮਬੈਜ਼ਲਮੈਂਟ ਦਾ ਕੇਸ ਬਣਾ ਦਿਤਾ। ਤੇ ਦੂਜੇ ਪਾਸੇ ਉਹਨੂੰ ਇੰਗਲੈਂਡ ਜਾਣ ਦਾ ਵਾਊਚਰ ਮਿਲ ਗਿਆ। ਫੇਰ ਉਹਨੇ ਉਹ ਕੇਸ ਚੰਡੀਗੜ੍ਹ ਜਾਕੇ ਆਪ ਫੂਕਿਆ, ਤੇ ਉਸ ਅਫਸਰ ਨੂੰ ਚਿੱਠੀ ਲਿਖੀ : 'ਲੈ, ਹੁਣ ਧੀ ਦਿਆ ਯਾਰਾ ਕਰ ਜੋ ਕਰਨਾ ਈਂ'। ਤੇ ਫੇਰ ਕੁਝ ਹਫਤਿਆਂ ਪਿਛੋਂ ਉਹ ਇੰਗਲੈਂਡ ਬੈਠਾ ਸੀ—ਜੁਲਾਈ 1964 ਵਿਚ।

ਉਥੇ ਉਹਦਾ ਵਾਹ ਫੈਕਟਰੀਆਂ ਨਾਲ ਪਿਆ। ਪਹਿਲਾਂ ਪਹਿਲਾਂ ਜਿਸਮਾਨੀ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ਼ੈਰ-ਹੁਨਰਮੰਦ ਵਰਕਰ ਵਜੋਂ। ਫੋਰਮੈਨ, ਵਰਕਰਾਂ ਨੂੰ ਡੰਗਰਾਂ ਵਾਂਗ ਹਿੱਕਦਾ ਤੇ ਉਹ ਵੀ ਸੀਟੀ ਮਾਰ ਕੇ। ਕੁਝ ਦਿਨਾਂ ਵਿਚ ਹੀ ਉਹ ਫੋਰਮੈਨ ਨੂੰ ਗਾਲ੍ਹਾਂ ਕੱਢਕੇ ਫੈਕਟਰੀ 'ਚੋਂ ਬਾਹਰ ਨਿਕਲ ਗਿਆ। ਫੇਰ ਇਕ ਥਾਉਂ ਖ਼ਾਦੀ ਦਾ ਕੰਮ ਸਿਖਿਆ। ਸਾਲ ਲਾਕੇ। ਤੇ ਫੇਰ ਖ਼ਾਦੀਆ ਹੋ ਨਿਬੜਿਆ। ਲੇਥ, ਕੈਪਸਟਨ, ਮਿਲਿੰਗ ਮਸ਼ੀਨਾਂ, ਡਰਿੱਲਾਂ ਤੇ ਗ੍ਰਾਈਂਡਰ। ਤੇ ਪੂਰਾ ਘਾਗ ਮਿਸਤਰੀ। ਤੇ ਫੇਰ ਮਜ਼ਦੂਰ ਯੂਨੀਅਨ ਦਾ ਸ਼ੌਪ-ਸਟੂਅਰਡ। ਵਰਕਰਾਂ ਦੇ ਹੱਕਾਂ ਦੀ ਰਾਖੀ। ਮੈਨੇਜਮੈਂਟ ਨਾਲ ਲੋਹਾ। ਹੜਤਾਲਾਂ ਤੇ ਕਾਮਿਆਂ ਦਾ ਸੰਗਠਨ। ਕਵਿਤਾ ਵੀ ਨਾਲ ਨਾਲ ਸਫਰ ਕਰਦੀ ਰਹੀ। ਬਦਲਦੀ ਰਹੀ। ਨਵੀਂ-ਪ੍ਰਾਪਤ ਵਸਤੂ ਨੂੰ ਨਵੇਂ ਰੂਪ ਵਿਚ ਢਾਲਦੀ ਰਹੀ। ਫੇਰ ਅਨੇਕਾਂ ਮੁਜ਼ਾਹਰੇ। ਵੀਤਨਾਮ ਦੇ ਹੱਕ ਵਿਚ ਤੇ ਅਮਰੀਕਾ ਦੇ ਖਿਲਾਫ਼। ਸਾਊਥ ਅਫਰੀਕਾ ਦੇ ਲੋਕਾਂ ਲਈ। ਤੇ ਨੈਲਸਨ ਮੰਡੇਲਾ ਦੀ ਰਿਹਾਈ ਲਈ। ਭਾਰਤੀ ਕਾਮਰੇਡਾਂ ਦੀ ਜੱਥੇਬੰਦੀ ਦਾ ਅੰਗ ਬਣਕੇ। ...ਫੇਰ ਕਹਾਣੀ ਵੱਲ ਪਰਤਿਆ। ਜਾਪਿਆ ਕਵਿਤਾ ਕਾਫ਼ੀ ਨਹੀਂ ਸੀ। ਉਹ ਦ੍ਰਿਸ਼ ਨੂੰ ਫੜਨਾ ਚਾਹੁੰਦਾ ਸੀ। ਤੇ ਕਵਿਤਾ ਸਿਰਫ ਦ੍ਰਿਸ਼ ਦੇ ਪ੍ਰਭਾਵਾਂ ਨੂੰ ਫੜ ਰਹੀ ਸੀ। ਫੇਰ 1969 ਵਿਚ **ਚਾਨਣ ਦੀ ਲਕੀਰ** ਛਪੀ। ਤੇ ਜਾਪਿਆ ਉਹਨੇ ਕਾਫੀ ਸਾਰੇ ਟੁਕੜੇ ਇਕੱਠੇ ਕਰਕੇ ਆਪਣਾ ਕੁਝ ਹਿੱਸਾ ਮੁੜ ਤੋਂ ਜੋੜ ਲਿਆ ਸੀ। ਫੇਰ ਉਸ ਤੋਂ ਪਿਛੋਂ **ਉਜੜਿਆ ਖੂਹ** ਕਹਾਣੀ-ਸੰਗ੍ਰਹਿ। ਸਮਰਪਣ ਸੀ : 'ਸੁਰਜੇ ਦੇ ਚਾਚੇ ਨੂੰ ਜਿਸਦਾ ਖੂਹ ਵਗਣੋਂ ਪਹਿਲਾਂ ਹੀ ਸੁੱਕ ਗਿਆ।' ਚਾਚੇ ਦਾ ਇਹ ਸੁਰਜਾ ਉਹ ਆਪ ਸੀ।

1972 ਵਿਚ ਉਹਦੇ ਪੈਰਾਂ ਹੇਠਾਂ ਇਕ ਬਟੇਰਾ ਆਪੇ ਆ ਗਿਆ। ਕਿਸੇ ਹੱਟੀ ਦਾ ਸੌਦਾ ਕਰਦਿਆਂ ਫਸ ਗਿਆ ਸੀ। ਪਰ ਜਦੋਂ ਨਿਕਲਿਆ ਤਾਂ ਉਹਦੇ ਸਪਾਟ ਖੁੱਲ੍ਹ ਗਏ। ਪੈਸਾ ਏਡੀ ਸੌਖੀ ਤਰ੍ਹਾਂ ਵੀ ਬਣ ਸਕਦਾ ਸੀ, ਉਹਨੂੰ ਪਹਿਲੀ ਵਾਰੀ ਪਤਾ ਲੱਗਾ। ਫੇਰ ਉਹ ਵੀ ਇੰਸ਼ੋਰੈਂਸ, ਫਾਈਨੈਂਸ ਤੇ ਮੌਰਟਗੇਜ਼ ਏਜੰਟ ਬਣ ਗਿਆ। ਪੈਸਾ ਮੀਂਹ ਵਾਂਗ ਵਰ੍ਹਣ ਲੱਗਾ। ਚਾਰ ਸਾਲ ਇਹੋ ਕੰਮ ਕੀਤਾ। ਪਰ ਇਸਤੋਂ ਪਹਿਲਾਂ ਚਾਰ ਸਾਲ ਲੰਡਨ ਵਿਚ ਟੈਕਸੀਆਂ ਚਲਾਈਆਂ। ਪ੍ਰਾਈਵੇਟ ਮਿੰਨੀ-ਕੈਬ ਵਜੋਂ। ਸਾਰਾ ਸਾਰਾ ਦਿਨ ਤੇ ਸਾਰੀ ਸਾਰੀ ਰਾਤ। ਪੂਰੇ ਚਾਰ ਸਾਲ। ਤੇ ਉਹਨੂੰ ਲੰਡਨ ਦੀ ਕੱਲੀ ਕੱਲੀ ਗੁੱਠ ਦਾ ਪਤਾ ਲੱਗ ਗਿਆ। ਪਿਕਾਡਲੀ, ਸੌਹੋ ਸੁਕੇਅਰ, ਰੈੱਡ-ਲਾਈਟ ਏਰੀਆ, ਵੇਸਵਾਵਾਂ ਦੇ ਅੱਡੇ, ਬਲਿਊ ਫਿਲਮਾਂ ਦੇ ਕਾਰੋਬਾਰ ਤੇ ਲੰਡਨ ਦੇ ਮਾਫ਼ੀਏ। ਤੇ ਇਹਨੀਂ ਹੀ ਦਿਨੀਂ ਜਿਹੜੀ ਇਕ ਭਾਰਤੀ ਕੁੜੀ ਉਹਨੂੰ ਇਹਨਾਂ ਅੱਡਿਆਂ ਤੇ ਮਿਲੀ, ਨੇ ਅੱਗੇ ਜਾਕੇ **ਕੱਖ-ਕਾਨ ਤੇ ਦਰਿਆ** ਦੀ ਨਾਇਕਾ 'ਐਮਾ' ਬਣਨਾ ਸੀ। ਤੇ ਉਸ ਨਾਵਲ ਦਾ ਲੋਕੇਲ ਵੀ ਇਸੇ ਵੇਖੇ-ਪਰਖੇ ਹੋਏ ਵਾਤਾਵਰਣ ਨੇ ਦੇਣਾ ਸੀ।

ਏਸੇ ਮਿੰਨੀ-ਕੈਬ ਨੇ **ਨਵੇਂ ਰਿਸ਼ਤੇ** ਦੇ ਪ੍ਰੀਤੂ ਨੂੰ ਏਧਰ ਧੱਕਣਾ ਸੀ। **ਕੰਜਕਾਂ** ਦੇ ਸੁਜਾਨ ਨੇ ਉਹਦੇ ਵਾਲੀਆਂ ਖ਼ਾਦੀਆਂ ਚਲੌਣੀਆਂ ਸਨ। ਤੇ ਕਰਤਾਰ ਕਿਰਤੀ ਨੇ ਇੰਸ਼ੋਰੈਂਸ/ ਫਾਈਨੈਂਸ ਦੇ ਕੰਮ ਨੂੰ ਬੰਦਾ ਮਾਰਕੇ ਰੜੇ ਸੁੱਟਣ ਵਾਲੀ ਗੱਲ ਦੱਸਦਾ ਸੀ। ਚਾਰ ਸਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਇੰਸ਼ੋਰੈਂਸ ਕੰਪਨੀਆਂ ਤੇ ਬਾਰੇ ਉਹਦੇ ਪਿਤਾ ਜੀ ਨੂੰ ਪਤਾ ਲਗਾ ਤੇ ਫਿਰ ਨਿਕਲਕੇ ਭੱਜ ਗਿਆ। ਸ਼ਾਇਦ ਉਹ ਓਵਰ-ਐਮਬੀਸ਼ੀਅਸ ਹੋ ਗਿਆ ਸੀ। ਦਫਤਰ ਖ਼ਰੀਦ ਲਏ ਸਨ ਤੇ ਉਪਰਲੇ ਖਰਚੇ ਵਧਾਅ ਲਏ ਸਨ। ਜਦੋਂ ਉਹ ਇਹੋ ਕੰਮ ਹੌਲੀ ਰਫ਼ਤਾਰ ਵਿਚ ਘਰੋਂ ਕਰਦਾ ਸੀ ਤਾਂ ਬੜੀਆਂ ਮੌਜਾਂ ਸਨ। ਫੇਰ ਬੇਬਹਾ ਘਾਟੇ ਪੈ ਗਏ। ਤੇ ਉਹ ਸਭ ਕੁਝ ਬਿਲੇ ਲਾਕੇ ਫੇਰ ਸੜਕ 'ਤੇ ਆ ਗਿਆ। ਉਹ ਹੀ ਟੈਕਸੀ ਚਲਾਉਣ।

ਫੇਰ ਸੋਚਿਆ : ਮਨਾ ਤੂੰ ਤਾਂ ਲੇਖਕ ਸੀ। ਤੂੰ ਤਾਂ ਫੇਰ ਕਿਤੇ ਖੜੋਣ ਜੋਗਾ ਨਹੀਂ ਰਿਹਾ। ਤੂੰ ਤਾਂ ਪਰਛਾਵਿਆਂ ਪਿੱਛੇ ਭੱਜਾ ਫਿਰਦੈਂ। ਤੇਰੇ ਤਾਂ ਸਾਰੇ ਟੁਕੜੇ ਅਜੇ ਏਧਰ ਓਧਰ ਖਿੱਲਰੇ ਪਏ ਨੇ। ਕਦੋਂ ਇਹਨਾਂ ਨੂੰ ਚੁੱਕੇਗਾ ? ਕਦੋਂ ਇਹਨਾਂ ਦੀ ਤਲਾਸ਼ ਕਰੇਂਗਾ ?... ਨਾ ਤੂੰ ਕਿਸੇ ਕਰਾੜ ਦਾ ਪੁੱਤ ਹੈਂ, ਤੇ ਨਾ ਤੈਨੂੰ ਇਹ ਵਪਾਰ ਤੇ ਦੁਕਾਨਦਾਰੀਆਂ ਕਰਨੀਆਂ ਆ ਸਕਦੀਆਂ ਨੇ। ਉੱਠ ! ਬੰਦੇ ਦਾ ਪੁੱਤ ਬਣ ਤੇ ਆਪਣੀ ਦਿਸ਼ਾ ਵੱਲ ਤੁਰ।

ਤੇ ਫੇਰ 1976 ਵਿਚ ਉਹ ਕਿਤਾਬਾਂ 'ਚ ਵੜ ਗਿਆ। ਲਾਇਬ੍ਰੇਰੀਅਨ ਦਾ ਕੋਰਸ ਕਰਕੇ। ਇਸਤੋਂ ਪਹਿਲਾਂ ਕਈ ਵੇਰੀ ਨਾਵਲ ਨੂੰ ਹੱਥ ਪਾਇਆ ਪਰ ਵੀਹ ਸਫ਼ਿਆਂ ਪਿਛੋਂ ਹੀ ਹੰਭ ਜਾਂਦਾ। ਕਵਿਤਾ ਲਿਖ ਲੈਂਦਾ। ਕਹਾਣੀ ਵੀ। ਪਰ ਉਹ ਕਹਾਣੀ ਸਿੱਧੀ ਸਤੌਰ ਹੁੰਦੀ। ਰੇਖਾਤਮਕ। ਜਦੋਂ ਕਿ ਜ਼ਿੰਦਗੀ ਬੜੀ ਜਟਿਲ ਸੀ। ਘੁਮਾਉਦਾਰ। ਪੇਚਾਂ ਵਾਲੀ। ਜ਼ਿੱਗਜ਼ੈਗੀ ! ਫੇਰ ਉਹਨੇ "ਚੇਤਨਾ ਦਾ ਬੋਝ" ਵਰਗੀਆਂ ਵਿੰਗੀਆਂ-ਤੜਿੰਗੀਆਂ ਕਹਾਣੀਆਂ ਵੀ ਲਿਖੀਆਂ। ਹੁਣ ਪੁਰਾਣੀਆਂ ਯਾਦਾਂ ਤੇ ਅਨੁਭਵਾਂ ਦੇ ਸਹਾਰੇ ਵੀ। ਕੁਝ ਸਮਕਾਲੀ ਯਥਾਰਥ ਬਾਰੇ ਵੀ। ਤੇ ਫੇਰ ਇਕ ਹੋਰ ਕਹਾਣੀ-ਸੰਗ੍ਰਹਿ **ਪੁੰਨ ਦਾ ਸਾਕ** ਛਪਿਆ। ਪਰ ਕਿਸੇ ਨਾ ਗੌਲਿਆ। ਤੇ ਉਹਨੂੰ ਜਾਪਿਆ ਇਕ ਵਾਰੀ ਫੇਰ ਉਹਦੇ ਭਰਾ ਨੇ ਕਿਹਾ ਸੀ : 'ਉਏ ਮਾਰ ਗੋਲੀ ਤੂੰ ਇਹਨੂੰ, ਪਹਿਲੋਂ ਖੂਹ ਤੋਂ ਜਾਕੇ ਮਾਲ-ਡੰਗਰ ਲਿਆ।'

ਫੇਰ 1976 ਦੀਆਂ ਕ੍ਰਿਸਮੱਸ ਦੀਆਂ ਛੁੱਟੀਆਂ ਵਿਚ ਇੱਕੀ ਦਿਨਾਂ ਲਈ ਉਹ ਇੰਡੀਆ ਆਇਆ। ਪੂਰੀ ਡਾਇਰੀ ਲਿਖੀ। ਤੇ ਵਾਪਸ ਜਾਕੇ **ਆਪਣੀ ਧਰਤੀ** ਸਫ਼ਰਨਾਮਾ ਲਿਖਿਆ। ਦਰਅਸਲ, ਇਹ ਨਾਵਲ ਦੀ ਰਿਹਰਸਲ ਸੀ। ਉਹ ਤੱਥ+ਗਲਪ ਦਾ ਮਿਸ਼ਰਣ ਪੈਦਾ ਕਰਕੇ ਆਪਣੇ ਸਬਰ ਨੂੰ ਅਜ਼ਮਾਉਣਾ ਚਾਹੁੰਦਾ ਸੀ। ਸਫ਼ਰਨਾਮਾ ਲਿਖਕੇ ਉਹਨੂੰ ਹੌਸਲਾ ਹੋ ਗਿਆ। ਤੇ ਫੇਰ ਉਹ **ਨਵੇਂ ਰਿਸ਼ਤੇ** ਦੇ ਪਾਤਰਾਂ ਤੇ ਸਥਿਤੀਆਂ ਤੇ ਸਮੱਸਿਆਕਾਰਾਂ ਨਾਲ ਜੂਝਣ ਲੱਗਾ। 1978 ਵਿਚ ਉਹਨੇ ਇਹ ਨਾਵਲ ਲਿਖ ਲਿਆ। ਫੇਰ ਇਹ ਜਲੰਧਰ ਦੇ ਦੀਪਕ ਪਬਲਿਸ਼ਰ ਦੇ ਹਵਾਲੇ ਕਰ ਦਿਤਾ। ਤੇ ਨਾਲ ਹੀ ਸਫ਼ਰਨਾਮਾ ਵੀ। ਰਵੀ ਸਾਹਿਤ ਪ੍ਰਕਾਸ਼ਨ ਵਾਲਾ 'ਰਾਹੀ' ਉਹਦਾ ਵਾਕਿਫ਼ ਸੀ, ਪਰ ਉਹਨੇ ਪਹਿਲੀਆਂ ਕਿਤਾਬਾਂ ਛਾਪਦਿਆਂ ਕਈ ਸਾਲ ਲਾ ਦਿਤੇ ਸਨ। ਪਰ ਏਧਰ ਦੀਪਕ ਵਾਲਿਆਂ ਵੀ ਘੱਟ ਨਹੀਂ ਕੀਤੀ। ਦੋ ਸਾਲਾਂ ਪਿਛੋਂ **ਨਵੇਂ ਰਿਸ਼ਤੇ** ਛਾਪਿਆ। ਘਟੀਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਗਜ਼, ਘਟੀਆ ਜਿਲਦ। ਤੇ ਪਰੂਫ ਪੜ੍ਹੇ ਜਾਂ ਪੜ੍ਹਵਾਏ ਹੀ ਕੋਈ ਨਾ। 1980 ਵਿਚ ਇਹ ਨਾਵਲ ਛਪ ਕੇ ਮਿਲਿਆ (ਪਤਾ ਨਹੀਂ ਕਿੰਨੀਆਂ ਚਿੱਠੀਆਂ ਪਾਉਣ ਤੋਂ ਪਿਛੋਂ) ਤਾਂ ਮਨ ਉਦਾਸ ਹੋ ਗਿਆ। ਬੇਹੱਦ ਉਦਾਸ। ਜਾਪਿਆ ਉਹਦਾ ਵਜੂਦ ਇਕ ਵਾਰੀ ਫੇਰ ਕਤਲ ਹੋਇਆ ਸੀ। ਤੇ ਉਹਦਾ ਹਰ ਟੁਕੜਾ ਫਿਰ ਤੋਂ ਚੁਰਾਹਿਆਂ ਵਿਚ, ਸੜਕਾਂ ਉਤੇ, ਤੇ ਰੌੜਾਂ ਵਿਚ ਖਿੱਲਰ ਗਿਆ ਸੀ।

ਹੁਣ ਤਾਈਂ ਉਹ ਨਾਵਲ **ਕੱਚੇ ਘਰ** ਤੇ **ਕੱਖ-ਕਾਨ ਤੇ ਦਰਿਆ** ਵੀ ਲਿਖ ਚੁੱਕਾ ਸੀ। ਪਰ ਉਹ ਛਪੇ ਨਹੀਂ। ਪਹਿਲਾਂ **ਨਵੇਂ ਰਿਸ਼ਤੇ** ਤਾਂ ਛਪ ਲਵੇ। ਪਰ ਇਸ ਸਭ ਕਾਸੇ ਦੇ ਬਾਵਜੂਦ 1980 ਦੇ ਵਿਸ਼ਵ ਪੰਜਾਬੀ ਸਮਾਗਮ ਵਿਚ **ਨਵੇਂ ਰਿਸ਼ਤੇ** ਦੀ ਕਾਫੀ ਚਰਚਾ ਹੋਈ। ਪਰ ਅਜੀਬ ਪ੍ਰਕਾਰ ਦੀ ਮਾਡਲ-ਚੇਤਨਾ ਤੇ ਆਧ ਰਿਤ-ਚਰਚਾ। ਬੁਰਜੁਆ ਸਮਾਜ ਦੇ ਪਾਤਰਾਂ ਵਿਚ ਸਾਮੰਤੀ ਸਮਾਜ ਦੇ ਹੀਰ-ਰਾਂਝਾ ਲੱਭੇ ਗਏ। ਤੇ ਉਹ ਸਾਰੀ ਚਰਚਾ ਦੇ ਬਾਵਜੂਦ ਬੜਾ ਉਦਾਸ ਹੋਇਆ। ਉਹਨੂੰ ਜਾਪਿਆ ਇਤਿਹਾਸ ਪੰਦ੍ਰਵੀਂ-ਸੋਲ੍ਹਵੀਂ ਸਦੀ ਵਿਚ ਖੜਾ ਹੈ। ਸਿਰਫ ਪੰਜਾਬ ਜਾਂ ਭਾਰਤ ਦਾ ਹੀ ਨਹੀਂ ਬਲਕਿ ਇੰਗਲੈਂਡ ਦਾ ਵੀ। ਸਨਅਤੀ ਇਨਕਲਾਬਾਂ ਦੇ ਬਾਵਜੂਦ। ਤੇ ਉਹਨੂੰ ਆਪਣੇ ਆਲੋਚਕਾਂ ਦੀ ਬੁੱਧੀ ਤੇ ਬੜਾ ਹਰਖ ਆਇਆ। ਲਾਇਬ੍ਰੇਰੀ ਵਿਚ ਵੜਣ ਪਿਛੋਂ ਪਤਾ ਨਹੀਂ ਉਹਨੇ ਕਿੰਨੀਆਂ ਕਿਤਾਬਾਂ ਪੜ੍ਹੀਆਂ ਸਨ, ਪਰ ਇਹ ਮਾਡਲ-ਚੇਤਨਾ ਵਾਲੀ ਗੱਲ ਉਹਨੂੰ ਕਿਤੇ ਨਹੀਂ ਲੱਭੀ। ਪੰਜਾਬੀ ਆਲੋਚਕ ਸਦੀਆਂ ਪੁਰਾਣੇ ਅਤੀਤ ਨੂੰ ਨਵੀਂ ਚੇਤਨਾ ਵਿਚੋਂ ਅਕਾਰਥ ਹੀ ਤਲਾਸ਼ ਕਰੀ ਜਾ ਰਹੇ ਸਨ। ਉਹਨਾਂ ਲਈ ਸਿਸਟਮ ਵੀ ਅਬਦਲ ਸੀ ਤੇ ਅਚੇਤ ਵੀ। ਨਾ ਭਾਸ਼ਾ ਦਾ ਸਿਸਟਮ ਬਦਲਦਾ ਸੀ ਤੇ ਨਾ ਹੀ ਸਮਾਜ ਦਾ। ਹਾਲਾਂਕਿ ਪੱਥਰ ਯੁੱਗ ਤੋਂ ਲੈਕੇ ਬੁਰਜੁਆ ਯੁੱਗ ਤਕ ਸਮਾਜ ਵੀ ਬਦਲਿਆ ਸੀ ਤੇ ਭਾਸ਼ਾ ਵੀ। ਸਿਸਟਮ ਨੂੰ ਰੱਸੇ ਪਾਉਣ ਦੀ ਇਹ ਬਿਰਤੀ ਅਜੀਬ ਜਿਹੀ ਸੀ ਜਿਸਦੀ ਮਾਰ ਹੇਠਾਂ ਨਾਵਲ **ਨਵੇਂ ਰਿਸ਼ਤੇ** ਆਇਆ। ਪਰ ਚਰਚਾ ਜ਼ਰੂਰ ਹੋਈ, ਤੇ ਉਹਨੂੰ ਨਾਵਲਕਾਰ ਮੰਨ ਲਿਆ ਗਿਆ।

ਉਹ ਜੋ ਗਲਪਕਾਰ ਹੈ :

ਉਹ ਕਦੇ ਕਦੇ ਬੈਠਕੇ ਸੋਚਦਾ ਹੈ ਕਿ ਉਹ ਸ਼ਾਇਰ ਹੈ ਜਾਂ ਕਹਾਣੀਕਾਰ ਜਾਂ ਨਾਵਲਕਾਰ। ਪਹਿਲਾਂ ਉਹ ਸਾਇਰ ਸੀ ਕਿਉਂਕਿ ਉਹ ਚੀਜ਼ਾਂ ਨੂੰ ਭਾਵਾਂ ਦੀ ਪੱਧਰ ਤੇ ਬਿਆਨ ਕਰਦਾ ਸੀ। ਭਾਵ, ਜਜ਼ਬਾਤ ਤੇ ਵਲਵਲੇ। ਆਪਣੇ ਗੁਆਚ ਗਏ ਅਸਤਿਤਵ ਦੀ ਢੂੰਡ। ਉਹ ਚੀਜ਼ਾਂ ਨੂੰ ਵੇਖਦਾ ਸੀ। ਮਹਿਸੂਸ ਕਰਦਾ ਸੀ। ਤੇ ਉਹਨਾਂ ਨੂੰ ਕਵਿਤਾ ਵਿਚ ਬੰਨ੍ਹਣ ਦੀ ਕੋਸ਼ਿਸ਼ ਕਰਦਾ ਸੀ। ਉਹਦੇ ਮਨ ਦੀ ਅਵਸਥਾ, ਉਹਦਾ ਦਰਦ, ਉਹਦੀ ਕਾਇਆ ਤਾਂ ਕਵਿਤਾ ਵਿਚ ਬੱਝ ਜਾਂਦੀ ਸੀ। ਤੇ ਸੁਣਨ-ਪੜ੍ਹਣ ਵਾਲਾ ਝੂਮ ਵੀ ਜਾਂਦਾ ਸੀ ਪਰ ਉਹ ਉਹਨਾਂ ਕਾਰਨਾਂ ਨੂੰ ਨਹੀਂ ਸੀ ਫੜ ਸਕਦਾ ਜਿਨ੍ਹਾਂ ਦੀ ਇਹ ਸਭ ਪੈਦਾਵਾਰ ਸਨ। ਤੇ ਉਹ ਇਕ ਪੜਾਅ ਤੇ ਪਹੁੰਚਕੇ ਮਾਯੂਸ ਹੋਣ ਲਗ ਪਿਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਉਹਨੇ ਕਹਾਣੀ ਲੱਭੀ। ਕਹਾਣੀ ਕਿਸ ਹੱਦ ਤਕ ਉਹਦੇ ਇਤਮੀਨਾਨ ਦਾ ਕਾਰਨ ਬਣਦੀ ਨਜ਼ਰ ਆਉਂਦੀ ਸੀ। ਉਹ ਕਹਾਣੀ ਜਿਹੜੀ ਉਹਨੇ ਸੁਜਾਨ ਸਿੰਘ, ਸੇਖੋਂ ਅਤੇ ਵਿਰਕ ਤੋਂ ਲਿਖਣੀ ਸਿੱਖੀ ਸੀ। ਤੇ ਕਈ ਸਾਲ ਤਕ ਉਹ ਕਹਾਣੀ ਲਿਖਦਾ ਰਿਹਾ। ਕਹਾਣੀ ਲਿਖਦਾ ਤੇ ਪਾੜਦਾ। ਫੇਰ ਹੋਰ ਲਿਖਦਾ ਤੇ ਉਹਨੂੰ ਪਾੜਦਾ ਕਿਉਂਕਿ ਕਹਾਣੀ ਕਹੀ ਤਾਂ ਜਾ ਰਹੀ ਹੁੰਦੀ ਸੀ, ਸੁਣਾਈ ਵੀ ਜਾ ਰਹੀ ਹੁੰਦੀ ਸੀ, ਪਰ ਪੇਸ਼ ਨਹੀਂ ਸੀ ਹੁੰਦੀ। ਤੇ ਉਹ ਕਹਾਣੀ ਪੇਸ਼ ਕਰਨੀ ਚਾਹੁੰਦਾ ਸੀ। ਉਹਦੀ ਪੂਰੀ ਤਾਰਕਿਕਤਾ ਵਿਚ। ਉਹਦੀ ਕਾਰਣਿਕਤਾ ਸਮੇਤ। ਤੇ ਫੇਰ **ਪੁੰਨ ਦਾ ਸਾਕ** ਅਤੇ **ਖਾਲੀ ਪਲਾਂ ਦੀ ਸਾਂਝ** ਵਿਚ ਉਹਨੇ ਅਜੇਹੀ ਕਹਾਣੀ ਪੇਸ਼ ਕੀਤੀ।

ਫੇਰ ਉਹਨੂੰ ਜਾਪਿਆ : ਨਹੀਂ, ਜਿਵੇਂ ਮਨੁੱਖੀ ਸੰਬੰਧਾਂ ਨੂੰ ਉਹਨਾ ਦੀ ਭਰਪੂਰ ਜਟਿਲਤਾ ਵਿਚ ਉਹ ਪੇਸ਼ ਕਰਨਾ ਚਾਹੁੰਦਾ ਸੀ ਉਹਦੇ ਲਈ ਕਹਾਣੀ ਵੀ ਨਾਕਾਫੀ ਸੀ। ਤੇ ਫੇਰ ਉਹ ਨਾਵਲ ਵੱਲ ਪਰਤਿਆ। ਉਹਨੇ ਬਿਰਤਾਂਤ ਕਲਾ ਲੱਭੀ। ਤੇ ਫੇਰ ਜ਼ਿੰਦਗੀ ਨੂੰ ਮਹਾਂਦ੍ਰਿਸ਼ ਸਿਰਜ ਕੇ ਪੇਸ਼ ਕਰਨ ਲੱਗਾ। ਤੇ ਲੋਕਾਂ ਨੇ ਉਹਨੂੰ ਹੁੰਗਾਰਾ ਦਿਤਾ। ਚਾਰ ਨਾਵਲਾਂ ਤੋਂ ਬਾਅਦ ਉਹਨੇ ਤਿੰਨ ਨਾਵਲੈੱਟ ਵੀ ਛਾਪੇ –**ਸ਼ਤਰੰਜ** ਨਾਮ ਥੱਲੇ। **ਹਸਤ-ਰੇਖਾ, ਅਤੀਤ** ਤੇ **ਸ਼ਤਰੰਜ**। ਪਰ ਕਹਾਣੀ ਵੀ ਲਿਖੀ। **ਲਾਲ ਚੌਂਕ** ਅਤੇ **ਕੁਆਰ ਗੰਦਲ**। ਪੰਜ ਕਹਾਣੀ ਸੰਗ੍ਰਹਿ। ਅਤੇ ਕੋਈ ਸੌ ਦੇ ਕਰੀਬ ਕਹਾਣੀ। ਅਜੇ ਵੀ ਕਰੀਬ ਪੰਜਾਹ ਕਹਾਣੀਆਂ ਉਹਦੇ ਕੋਲ ਹਨ, ਜੋ ਕਦੇ ਨਹੀਂ ਛਪੀਆਂ। ਉਹ ਕਦੇ ਨਹੀਂ ਛਪਣਗੀਆਂ ਕਿਉਂਕਿ ਉਹਨਾਂ ਨਾਲ ਉਹਦੀ ਆਪਣੀ ਤਸੱਲੀ ਨਹੀ ਹੋਈ।

ਉਹ ਅਜੇ ਵੀ ਕਵਿਤਾ ਲਿਖਦਾ ਹੈ। ਕਵਿਤਾ, ਗ਼ਜ਼ਲਾਂ, ਰੁਬਾਈਆਂ ਤੇ ਗੀਤ ਵੀ। ਪਰ ਉਹ ਜਾਣਦਾ ਹੈ ਕਿ ਇਹ ਵਕਤੀ ਉਬਾਲ ਹਨ। ਜਦੋਂ ਉਹ ਅਤਿ ਦਾ ਭਾਵੁਕ ਜਾਂ ਦੁਖੀ ਜਾਂ ਫਿਰ ਹਿੱਲ ਗਿਆ ਹੁੰਦਾ ਹੈ ਤਾਂ ਉਹ ਕਵਿਤਾ ਜਾਂ ਗ਼ਜ਼ਲ ਦਾ ਆਸਰਾ ਲੈਂਦਾ ਹੈ। ਤੇ ਕਹਾਣੀ? ਤੇ ਨਾਵਲ? ...ਇਧਰ ਉਹ ਉਦੋਂ ਪਰਤਦਾ ਹੈ ਜਦੋਂ ਬੱਝੀਆਂ ਹੋਈਆਂ ਗੰਢਾਂ ਉਹਦੇ ਹੱਥਾਂ ਵਿਚ ਖੁਲ੍ਹਣ ਲਗਦੀਆਂ ਹਨ। ਤੇ ਇਹ ਪਾਤਰ, ਘਟਨਾਵਾਂ, ਸਥਿਤੀਆਂ ਤੇ ਇਹਨਾਂ ਸਭ ਦੀਆਂ ਸਾਂਝਾਂ, ਅਸਾਝਾਂ, ਤਣਾਉ ਤੇ ਝੜੱਪਾਂ ਕਦੇ ਉਹਦੇ ਹੱਥਾਂ ਵਿਹ ਨਾਵਲ ਬਣ ਜਾਂਦੀਆਂ ਹਨ, ਤੇ ਕਦੇ ਕਹਾਣੀ। ਤੇ ਉਹ ਸਮਝਦਾ ਹੈ ਉਹ ਇਕ ਗਲਪਕਾਰ ਹੈ। ਹਰੇਕ ਸ਼ੈਅ ਨੂੰ ਉਹ ਨਾਵਲ ਕਿਵੇਂ ਬਣਾਵੇ? ਜਾਂ ਹਰੇਕ ਸ਼ੈਅ ਨੂੰ ਕਹਾਣੀ ਕਿਵੇਂ ਬਣਾਵੇ? ਤੇ ਜੇ ਕੋਈ ਸ਼ੈਅ ਸਿਰਫ ਕਹਾਣੀ ਵਜੋਂ ਸਾਹਮਣੇ ਆਉਂਦੀ ਹੈ ਤਾਂ ਕੀ ਉਹ ਉਹਨੂੰ ਨਾ ਲਿਖੇ? ਤੇ ਜੇ ਕੋਈ ਜੀਵਨ, ਨਾਵਲ ਦੀ ਸ਼ਕਲ ਵਿਚ ਉਹਦੇ ਸਿਰ ਵਿਚ ਫੈਲਣ ਲਗਦਾ ਹੈ ਤਾਂ ਉਹ ਕਿਵੇਂ ਉਹਦੇ ਟੁਕੜੇ-ਟੁਕੜੇ ਕਰਕੇ ਉਹਨਾਂ ਨੂੰ ਕਹਾਣੀਆਂ ਬਣਾ ਦੇਵੇ?

ਤੇ ਉਹ ਸੋਚਦਾ ਹੈ : ਇਹ ਸਥਿਤੀ ਪੰਜਾਬੀ ਵਿਚ ਹੀ ਕਿਉਂ ਹੈ? ਜਿਹਦੇ ਤੇ ਇਕ ਵਾਰੀ ਕਹਾਣੀਕਾਰ ਹੋਣ ਦਾ ਕਿਸੇ ਮਹਾਂ-ਆਲੋਚਕ ਨੇ ਠੱਪਾ ਲਾ ਦਿਤਾ ਉਹ ਫਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਦੇ ਵੀ ਨਾਵਲਕਾਰ ਨਹੀਂ ਹੋ ਸਕਦਾ। ਤੇ ਜਿਹਨੂੰ ਇਕ ਵਾਰੀ ਨਾਵਲਕਾਰ ਕਹਿ ਦਿਤਾ ਉਸਤੋਂ ਬਾਅਦ ਉਹ ਕਹਾਣੀਕਾਰ ਨਹੀਂ ਬਣ ਸਕਦਾ। ਹਾਂ, ਪਰ ਸ਼ਾਇਰ, ਆਲੋਚਕ ਹੋ ਸਕਦਾ ਹੈ ਅਤੇ ਆਲੋਚਕ ਸ਼ਾਇਰ। ਇਹਦੇ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਟੀ. ਐਸ. ਈਲੀਅਟ ਇਹ ਕੰਮ ਕਰ ਗਿਆ ਹੈ।

...ਹਾਂ, ਪਰ ਮੈਂ ਉਹਨੂੰ ਜਾਣਦਾ ਹਾਂ, ਉਹ ਕੀ ਹੈ। ਉਹ ਪ੍ਰਮੁੱਖ ਤੌਰ ਤੇ ਗਲਪਕਾਰ ਹੈ। ਕੁਝ ਕੁ ਸ਼ਾਇਰ ਵੀ ਤੇ ਕੁਝ ਕੁ ਆਲੋਚਕ ਵੀ। ਜੇ ਉਹ ਗਲਪਕਾਰ ਨਾ ਹੁੰਦਾ ਤਾਂ ਉਹਨੇ ਏਨੀ ਕੁ ਸ਼ਾਇਰੀ ਨਾਲ ਵੀ ਇਕ ਵਧੀਆ ਸ਼ਾਇਰ ਹੋਣਾ ਸੀ ਕਿਉਂਕਿ ਅੱਜ ਵੀ ਉਹਦੇ ਨਾਲੋਂ ਘਟੀਆ ਸ਼ਾਇਰ ਮੌਜੂਦ ਹਨ ਅਤੇ ਨਾਮਣਾ ਖੱਟ ਰਹੇ ਹਨ। ਬਲਕਿ ਇਨਾਮ-ਯਾਫ਼ਤਾ ਵੀ ਹਨ।

ਹਾਂ, ਆਲੋਚਨਾ ਦੇ ਖੇਤਰ ਵਿਚ ਉਹਨੂੰ ਮਜਬੂਰੀ ਕਰਕੇ ਆਉਣਾ ਪਿਆ। ਫਲਸਫੇ, ਸਮਾਜ-ਵਿਗਿਆਨ, ਮਨੋਵਿਗਿਆਨ ਅਤੇ ਇਕਨਾਮਿਕਸ ਦਾ ਤਾਂ ਉਹ ਮੁੱਢ ਤੋਂ ਹੀ ਆਸ਼ਕ ਸੀ। ਤੇ ਉਹਦਾ ਹੈਡ-ਮਾਸਟਰ ਹਮੇਸ਼ਾਂ ਉਹਨੂੰ ਫਿਲਾਸਫਰ ਕਹਿ ਕੇ ਬੁਲਾਉਂਦਾ ਹੁੰਦਾ ਸੀ। ਪਰ ਜਦੋਂ ਇੰਗਲੈਂਡ ਦੇ ਪੰਜਾਬੀ ਸਾਹਿਤ ਨੂੰ ਮਾਡਲਾਂ ਦੇ ਪਾਣੀਆਂ ਵਿਚ ਖੋਰਿਆ ਜਾਣ ਲੱਗਾ ਤਾਂ ਉਹਨੇ ਏਸ ਖੇਤਰ ਵਿਚ ਆਉਣ ਦਾ ਮਨ ਬਣਾ ਲਿਆ ਸੀ। ਮਾੜੀ ਆਦਤ ਹੈ ਉਹਦੀ। ਜਦੋਂ ਇਕ ਵਾਰੀ ਕੋਈ ਕੰਮ ਕਰਨ ਦਾ ਇਰਾਦਾ ਕਰ ਲੈਂਦਾ ਤਾਂ ਫਿਰ ਮੀਲਾਂ ਲੰਮੀ ਦੌੜ ਦੌੜਦਾ ਹੈ। ਜ਼ਿੱਦੀ, ਹੱਠੀ ਅਤੇ ਖਤਰੇ ਸਹੇੜਨੇ ਉਹਦੀ ਆਦਤ ਹੈ। ਉਹ ਖ਼ਤਰਿਆਂ ਵਿਚ ਹੀ ਜੰਮਿਆ, ਪਲਿਆ ਅਤੇ ਵੱਡਾ ਹੋਇਆ ਹੈ। ਇਕ ਦੌਰ ਵਿਚ ਉਹ ਇਹਨਾਂ ਖ਼ਤਰਿਆਂ ਤੋਂ ਬਹੁਤ ਡਰਿਆ ਸੀ। ਰੇੜ੍ਹੇ ਤੇ ਪਏ ਘਾਹ ਵਿਚ ਦਰੜ ਕੇ ਬੈਠਾ ਰਿਹਾ ਸੀ। ਡਰਦਾ ਚਾਂਗਰ ਵੀ ਨਹੀਂ ਸੀ ਮਾਰ ਸਕਿਆ। ਪਰ ਫੇਰ ਸਿਰਜਣਾ ਨੇ ਉਹਦੇ ਵਿਚੋਂ ਸਾਰੇ ਡਰ ਕੱਢ ਦਿਤੇ। ਤੇ ਸਾਰੇ ਘਟੀਆਪਨ ਦੇ ਅਹਿਸਾਸ ਜਿਹੜੇ ਲੋਕਾਂ ਨੇ ਉਹਦੇ ਵਿਚ ਬੀਜੇ ਸਨ ਤਾਂਕਿ ਉਹ ਉਹਨਾਂ ਦੀ ਚਾਕਰੀ ਕਰਦਾ ਰਹੇ। ਜਿਵੇਂ ਉਹਦੀ ਤਾਈ ਨੇ। ਜਾਂ ਜਿਵੇਂ ਕਈਆਂ ਹੋਰਨਾਂ ਨੇ ਜਿਹੜੇ ਉਹਦੀ ਤਾਈ ਦੀ ਅੱਖ ਦੇ ਤਾਰੇ ਬਣਨਾ ਚਾਹੁੰਦੇ ਸਨ।

.. ਕਦੇ ਕਦੇ ਮੈਂ ਉਹਨੂੰ ਪੁੱਛਦਾ ਹਾਂ ਕਿ ਉਹ ਨਾਵਲ ਤੇ ਕਹਾਣੀਆਂ ਕਿਵੇਂ ਲਿਖਦਾ ਹੈ। ਤੇ ਉਹ ਦੱਸਣ ਲਗਦਾ ਹੈ। ਦੱਸੀ ਹੀ ਜਾਂਦਾ ਹੈ। ਨਾ ਅੱਕਦਾ ਹੈ, ਨਾ ਥੱਕਦਾ ਹੈ। ਘੰਟਿਆਂ-ਬੱਧੀ ਬੋਲਦਾ ਹੈ। ਮੇਰਾ ਤਾਂ ਸੁਣ-ਸੁਣ ਕੇ ਹੀ ਸਿਰ ਦੁਖਣ ਲੱਗ ਜਾਂਦਾ ਹੈ, ਪਰ ਉਹਦਾ ਏਨਾ ਬੋਲਕੇ ਵੀ ਨਹੀਂ ਦੁਖਦਾ। ਸਗੋਂ ਉਹਦੀਆਂ ਅੱਖਾਂ ਵਿਚ ਇਕ ਚਮਕ ਆ ਜਾਂਦੀ ਹੈ। ਮੂੰਹ ਤੇ ਰੌਸ਼ਨੀ ਫੈਲ ਜਾਂਦੀ ਹੈ। ਤੇ ਸ਼ਬਦ ਉਹਦੀ ਚਾਕਰੀ ਕਰਨ ਲਗਦੇ ਹਨ। ਉਦੋਂ ਉਹ ਕਿਸੇ ਜਾਦੂਗਰ ਵਾਂਗ ਸ਼ਬਦਾਂ ਨੂੰ ਉਛਾਲਦਾ ਹੈ ਤੇ ਇਕ ਤਲਿੱਸਮ ਖੜਾ ਕਰ ਦੇਂਦਾ ਹੈ। ਤੇ ਉਹ ਬੋਲਦਾ ਹੈ। ਉਹ ਜਿਹਨੂੰ ਦੁਨੀਆਂ ਨੇ; ਤੇ ਹਾਲਾਤ ਨੇ; ਤੇ ਤੂਫ਼ਾਨਾਂ ਦਿਆਂ ਥਪੇੜਿਆਂ ਨੇ ਆਪਣੇ ਵਲੋਂ ਸਦਾ ਲਈ ਚੁੱਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਾ ਦਿਤਾ ਸੀ। ਬਿਲਕੁਲ ਗੂੰਗਾ ਬਣਾ ਦਿਤਾ ਸੀ।

ਹੁਣ, ਜਦੋਂ ਉਹ ਬੋਲਦਾ ਹੈ ਤਾਂ ਦੁਨੀਆਂ ਨੂੰ ਚੰਦਲ ਪੈ ਜਾਂਦੀ ਹੈ। ਸਮਾਜ ਤੇ ਰਾਜਨੀਤੀ ਰੇੜ੍ਹੇ ਵਰਗੀ ਕਿਸੇ ਸ਼ੈਅ 'ਚ ਪਈ ਪੱਠਿਆਂ ਦੀ ਭਰੀ ਪਿੱਛੇ ਜਿਵੇਂ ਖੁਬਕ ਗਈ ਹੋਵੇ। ਚਾਂਗਰ ਮਾਰਨ ਤੋਂ ਵੀ ਅਸਮਰਥ। ਤੇ ਉਹ ਦਸਦਾ ਹੈ :

— ਮੈਂ ਜ਼ਿੰਦਗੀ ਨੂੰ ਬਹੁਤ ਹੀ ਨੇੜਿਉਂ ਵੇਖਿਆ ਹੈ, ਤੇ ਮੌਤ ਨੂੰ ਵੀ। ਪਰ ਖ਼ੈਰ, ਇਹ ਮਾਮੂਲੀ ਗੱਲ ਹੈ। ਪਰ ਜੋ ਮਾਮੂਲੀ ਗੱਲ ਨਹੀਂ ਉਹ ਇਹ ਹੈ ਕਿ ਮੈਂ ਜ਼ਿੰਦਗੀ ਨਾਲ ਘੁਲਿਆ ਹਾਂ। ਜ਼ਿੰਦਗੀ ਜਿਵੇਂ ਇਕ ਮਹਾਂ-ਦਾਨਵ ਸੀ, ਤੇ ਮੈਂ ਇਕ ਛੋਟਾ ਜਿਹਾ ਬਾਲ। ਤੇ ਮੈਨੂੰ ਇਕ ਇਹਦੇ ਨਾਲ ਘੁਲਣ, ਤੇ ਗੁੱਥਮ-ਗੁੱਥਾ ਹੋਣ ਲਈ ਛੱਡ ਦਿਤਾ ਗਿਆ ਸੀ। ...ਤੇ ਬਾਲ ਤੋਂ ਜਵਾਨ ਹੋਣ ਤਕ ਇਸ ਖ਼ੂੰਖਾਰ ਦਾਨਵ ਨੇ ਮੇਰੀਆਂ ਬੜੀਆਂ ਗੋਡੀਆਂ ਲਵਾਈਆਂ। ਮੇਰੇ ਗੋਡੇ ਛਿੱਲੇ ਜਾਂਦੇ। ਮੇਰੀਆਂ ਅਰਕਾਂ ਲੰਗਾਰੀਆਂ ਜਾਂਦੀਆਂ। ਤੇ ਮੇਰੀ ਰੂਹ ਦੇ ਚੀਥੜੇ ਉਡ ਜਾਂਦੇ। ਉਦੋਂ ਮੈਂ ਰੋਂਦਾ ਕੁੱਬਾਂ ਮਾਰਦਾ। ਤੇ ਮੇਰਾ ਪਿਉ ਵੱਢਿਆ ਹੋਇਆ ਸੜਕ ਵਿਚ ਪਿਆ ਮੈਨੂੰ ਵਖਾਲੀ ਦੇਂਦਾ। ਤੇ ਮੈਂ ਨਿਰਬਲ ਤੇ ਨਿਰਸਹਾਰਾ ਜਿਹਾ ਏਧਰ-ਉਧਰ ਝਾਕਦਾ। ਰੁੱਖਾਂ ਵੱਲ। ਉਹਨਾਂ ਦੇ ਪੱਤਿਆਂ ਵੱਲ। ਅਤੇ ਪੱਤਿਆਂ 'ਚੋਂ ਛਣਕੇ ਭੁੰਜੇ ਡਿਗਦੀ ਛਲਣੀ ਹੋਈ ਧੁੱਪ ਵੱਲ।

8120

ਤੇ ਏਨਾ ਆਖ ਕੇ ਉਹ ਆਪਣੇ ਹੱਥ ਮੇਰੇ ਅੱਗੇ ਕਰ ਦੇਂਦਾ ਤੇ : ਵੇਖ ਐਹ ਹੱਥ। ਕੀ ਤੈਨੂੰ ਇਹ ਕਿਸੇ ਲੇਖਕ ਦੇ ਹੱਥ ਲਗਦੇ ਨੇ। ਬਿਆਈਆਂ ਪਾਟੇ। ਸਖ਼ਤ। ਕਠੋਰ। ਜਿਵੇਂ ਪੱਥਰ ਹੋਣ। ਨਹੀਂ ਨਾ। ਤੂੰ ਠੀਕ ਸਮਝਿਆ ਹੈਂ। ਇਹਨਾਂ ਹੱਥਾਂ ਨਾਲ ਮੈਂ ਉਸ ਮਹਾਂ-ਦਾਨਵ ਨੂੰ ਹਰਾਇਆ ਹੈ। ਕਈ ਜੰਗਾਂ ਲੜੀਆਂ ਹਨ। ਪਿੰਡ ਨੂੰ ਜਾਂਦੇ ਪਹੇ ਉਤੇ। ਫਿਰਨੀ ਤੇ। ਖੂਹ ਤੇ। ਮਕਈਆਂ, ਛਟਾਲਿਆਂ, ਬਰਸੀਮਾਂ ਵਿਚ। ਤੇ ਚਰ੍ਹੀ ਵਾਲੀ ਪੈਲੀ 'ਚ। ਪੋਹ ਦੀਆਂ ਰਾਤਾਂ ਵਿਚ ਗੋਡੇ-ਗੋਡੇ ਪਾਣੀ ਵਿਚ ਖੜਿਆਂ। ਜੂਨ-ਜੁਲਾਈ ਦੀਆਂ ਧੁੱਪਾਂ ਵਿਚ ਲੂਸਦਿਆਂ। ਫਲ੍ਹੇ ਵਾਹੁੰਦਿਆਂ। ਤੇ ਅੱਧੀ ਰਾਤ ਕਬਰਾਂ ਵਾਲੇ ਬੋਹੜ ਹੇਠੋਂ ਦੀ ਲੰਘਦਿਆਂ। ਸਵੇਰੇ ਤੜਕੇ ਬਿਆਈਆਂ-ਪਾਟੇ ਪੈਰਾਂ ਨਾਲ ਨੰਗੇ ਮਾਲ-ਡੰਗਰ ਹੱਕਦਿਆਂ। ... ਤੇ ਫੇਰ ਇਹਨਾਂ ਹੀ ਹੱਥਾਂ ਨਾਲ ਪੜ੍ਹਦਿਆਂ-ਲਿਖਦਿਆਂ। ਫੇਰ ਖਰਾਦਾਂ। ਫੇਰ ਟੈਕਸੀਆਂ। ਫੇਰ ਪਤਾ ਨਹੀਂ ਹੋਰ ਕਿੱਥੇ ਕਿੱਥੇ। ...ਜੇ ਮੈਂ ਪਿੰਡ ਦੇ ਆਲੇ-ਦੁਆਲੇ ਦਾ ਅੱਠ-ਦਸ ਮੀਲ ਦਾ ਰਕਬਾ ਵੇਖਿਆ ਹੁੰਦਾ। ਜੇ ਮੈਂ ਇਕੋ ਹੀ ਖੇਤਰ ਵਿਚ ਸਾਰੀ ਉਮਰ ਕੱਟ ਛਡਦਾ। ਜੇ ਮੈਂ ਸੀਮਤ ਜਿਹੇ ਆਲੇ ਦੁਆਲੇ ਦੇ ਲੋਕਾਂ ਨੂੰ ਜਾਣਦਾ ਹੁੰਦਾ। ਜੇ ਮੈਂ ਕਿਸੇ ਖੁਸ਼ਹਾਲ ਜ਼ਿੰਦਗੀ ਦਾ ਮਾਲਕ ਹੁੰਦਾ। ਜੇ ਬਾਪ ਮੇਰੇ ਲਈ ਚਾਰ ਸਿਆੜ ਛੱਡ ਜਾਂਦਾ। ਜੇ ਮੈਂ ਹਜ਼ਾਰਾਂ ਕਿਰਦਾਰਾਂ ਨੂੰ ਨਾ ਮਿਲਦਾ। ਜੇ ਮੇਰੇ ਕੋਲ ਬੜੇ ਸੀਮਤ ਜਿਹੇ ਅਨੁਭਵ ਹੁੰਦੇ। ਸੀਮਤ ਘਟਨਾਵਾਂ। ਸੀਮਤ ਸਥਿਤੀਆਂ। ...ਤਾਂ ਮੈਂ ਦੋ-ਚਾਰ ਕਹਾਣੀਆਂ ਹੀ ਲਿਖ ਸਕਦਾ। ਜਾਂ ਹੱਦ ਇਕ ਅੱਧਾ ਨਾਵਲ। ...ਨਹੀਂ, ਮੈਂ ਤਾਂ ਅਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੁਰੂ ਕੀਤਾ ਹੈ। ਉਹ ਸਾਰਾ ਕੁਝ ਜੋ ਮੇਰੇ ਕੋਲ ਹੈ, ਉਹਨੂੰ ਲਿਖਣ ਤੋਂ ਬਿਨਾਂ ਤਾਂ ਮੈਂ ਮਰ ਵੀ ਨਹੀਂ ਸਕਦਾ।—

— ਆਪਣੇ ਆਪਨੂੰ ਰੀਪੀਟ ਨਾ ਕਰਨ ਲਗ ਪਵੀਂ। — ਮੈਂ ਕਹਿੰਦਾ ਹਾਂ।

— ਰਿਪੀਟ ਤਾਂ ਭਾਊ ਉਦੋਂ ਕਰਾਂਗਾ ਜਦੋਂ ਸਾਰਾ ਕੁਝ ਮੁੱਕ ਜਾਏਗਾ। ਤੇ ਅਜੇ ਤਾਂ ਮੈਂ ਤੁਰਿਆ ਹੀ ਹਾਂ।

— ਪਰ ਮੈਂ ਤਾਂ ਤੈਨੂੰ ਇਹ ਪੁੱਛਿਆ ਸੀ ਕਿ ਤੂੰ ਕਿਵੇਂ ਲਿਖਦਾ ਹੈਂ ?—

— ਉਹੋ ਤਾਂ ਦੱਸਣ ਲੱਗਿਆਂ... ਤੂੰ ਬਹੁਤਾ ਕਾਹਲਾ ਨਾ ਵਗ... ਪਹਿਲੀ ਗੱਲ ਤਾਂ ਇਹ ਹੈ ਬਈ ਮੈਂ ਕੁਝ ਵੀ ਅਚੇਤ ਰੂਪ ਵਿਚ ਨਹੀਂ ਕਰਦਾ। ਮੇਰਾ ਸਾਰਾ ਕੰਮ ਸੁਚੇਤ ਪੱਧਰ ਤੇ ਹੁੰਦਾ ਹੈ। ਇਹ ਜਿਹੜਾ ਅਚੇਤ ਦਾ ਫਾਨਾ ਗੱਡਦੇ ਨੇ ਨਾ ਕੁਝ ਲਿਖਾਰੀ, ਉਹ ਸਰਾਸਰ ਬਕਵਾਸ ਕਰਦੇ ਨੇ। ਉਹ ਇਹ ਦੱਸਣਾ ਚਾਹੁੰਦੇ ਨੇ ਬਈ ਕਲਾ ਉਹਨਾਂ ਨੂੰ ਉਪਰੋਂ ਉਤਰਦੀ ਹੈ। ਅਲਹਾਮ ਹੁੰਦਾ ਹੈ ਉਹਨਾਂ ਨੂੰ। ਇਹ ਸਭ ਉਹਨਾਂ ਦਾ ਰਾਜਨੀਤਿਕ-ਪੈਂਤੜਾ ਹੈ, ਹੋਰ ਕੁਝ ਨਹੀਂ। ਉਹ ਕਲਾ ਨੂੰ ਸੁਹਜ-ਪਸੰਦੀ ਆਖਦੇ ਨੇ : ਲੋਕਾਂ ਤੋਂ, ਸਮਾਜ ਤੋਂ, ਇਤਿਹਾਸ ਤੋਂ ਤੇ ਰਾਜਨੀਤੀ ਤੋਂ ਟੁੱਟੀ ਹੋਈ। ਇਹ ਲੋਕ ਜਾਣ-ਬੁੱਝ ਕੇ ਭਰਮ ਬੀਜਦੇ ਨੇ। ਇਹ ਲੋਕਾਂ ਨੂੰ ਮੂਰਖ ਬਣਾਉਂਦੇ ਨੇ।... ਸਾਹਿਤ ਮੇਰੇ ਲਈ ਸੁਚੇਤ ਪੱਧਰ ਦਾ ਯਤਨ ਹੈ।... ਜਿਹਨਾਂ ਕਿਰਦਾਰਾਂ ਨਾਲ ਮੈਂ ਜੀਵਨ ਜਿਊਆ ਹੈ, ਜਿਹੜੀਆਂ ਹਾਲਤਾਂ ਅਸਾਂ ਰਲਕੇ ਭੁਗਤੀਆਂ ਹਨ ਤੇ ਜਿਹਨਾਂ ਨੂੰ ਨੱਥਣ ਲਈ ਅਸਾਂ ਕੰਮ ਕੀਤਾ ਹੈ—ਮੈਂ ਸਿਰਫ ਉਹਨਾਂ ਨੂੰ ਲਿਖਦਾ ਹਾਂ।... ਹਾਂ, ਮੇਰੇ ਜਾਣੇ-ਪਛਾਣੇ ਕਿਰਦਾਰਾਂ 'ਚੋਂ ਕੋਈ ਵੀ ਸਾਲਮ ਦਾ ਸਾਲਮ ਮੇਰੀ ਗਲਪ ਵਿਚ ਦਖਲ ਨਹੀਂ ਹੁੰਦਾ। ਇਕ-ਇਕ ਕਿਰਦਾਰ ਕਈਆਂ ਕਿਰਦਾਰਾਂ ਦਾ ਜੋੜ ਹੈ। ਤਾਹੀਉਂ ਤਾਂ ਇਹ ਗਲਪ ਦਾ ਸੰਸਾਰ ਹੈ। ਇਹ ਵਾਸਤਵਿਕ ਸੰਸਾਰ ਨਹੀਂ ਹੈ। ਫੇਰ ਹਜ਼ਾਰਾਂ ਹੀ ਵੇਖੀਆਂ ਤੇ ਹੰਢਾਈਆਂ ਹੋਈਆਂ ਸਥਿਤੀਆਂ ਤੇ ਘਟਨਾਵਾਂ 'ਚੋਂ ਮੈਂ ਚੋਣ ਕਰਦਾ ਹਾਂ; ਕਹਾਣੀ ਦੀ ਲੋੜ ਅਨੁਸਾਰ। ਉਹਨਾਂ ਨੂੰ ਛਿਲਦਾ-ਤਰਾਸ਼ਦਾ ਹਾਂ। ਤੇ ਇਹ ਕੁਝ ਇਸ ਤਰਾਂ ਕਿ ਉਹ ਪੂਰੀ ਦੀ ਪੂਰੀ ਵੇਖੀ ਜਾਂ ਹੰਢਾਈ ਹੋਈ ਸਥਿਤੀ ਜਾਂ ਘਟਨਾ ਨਹੀਂ ਰਹਿ ਜਾਂਦੀ। ਮੈਂ ਸਿਰਜਦਾ ਹਾਂ, ਨਕਲ ਨਹੀਂ ਕਰਦਾ। ਕਹਾਣੀ ਦਾ ਸਮੱਸਿਆਕਾਰ, ਪਾਤਰ, ਸਥਿਤੀਆਂ ਤੇ ਡਾਇਆਲੌਗ ਬਲਕਿ ਕਹਾਣੀ ਦਾ ਇਕ ਖੁਰਦੁਰਾ ਜਿਹਾ ਰੂਪ ਕਈ ਕਈ ਮਹੀਨੇ ਮੇਰੇ ਸਿਰ ਵਿਚ ਬਣਦਾ ਰਹਿੰਦਾ ਹੈ। ਫੇਰ ਇਹ ਖੁਰਦਰਾਪਨ ਹੌਲੀ ਹੌਲੀ ਘਸਦਾ ਹੈ। ਤੇ ਇਕ ਵਧੀਆ ਰੂਪ ਉਭਰ ਆਉਂਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਮੈਂ ਕਾਗਜ਼ ਫੜਦਾ ਹਾਂ। ਤੇ ਫੇਰ ਕਿਸੇ ਵੀ ਖਲਲ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਹਾਂ, ਇਕ ਗੱਲ ਹੈ ਕਿ ਜਦੋਂ ਇਕ ਵਾਰੀ ਮੇਰਾ ਲਿਖਣ ਦਾ ਮੂਡ ਬਣ ਜਾਵੇ, ਫੇਰ ਇਹ ਸਿਰਜਣਾਤਮਕ ਮੂਡ ਹਫ਼ਤੇ ਤੇ ਮਹੀਨੇ ਚੱਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਦਾ ਹੈ। ਪਰ ਜੇ ਕਿਸੇ ਤਰ੍ਹਾਂ ਵਿਘਨ ਪੈ ਜਾਵੇ ਤਾਂ ਨਾਵਲ ਵਿਚੇ ਹੀ ਰਹਿ ਜਾਂਦਾ ਹੈ। ਇਸੇ ਕਰਕੇ ਮੇਰੇ ਤਿੰਨ ਨਾਵਲ ਪਿਛਲੇ ਦਸਾਂ ਸਾਲਾਂ ਤੋਂ ਵਿਚੇ ਪਏ ਹਨ। ਨਾਵਲ **ਕੰਜਕਾਂ** ਮੈਂ 198. ਵਿਚ ਬੁਣਨਾ ਸ਼ੁਰੂ ਕੀਤਾ ਸੀ। ਬੜੇ ਨੋਟਸ ਲਏ। ਤੇ ਫੇਰ ਇਹ ਏਥੇ ਇੰਡੀਆ ਆ ਕੇ ਛੇਆਂ ਮਹੀਨਿਆਂ ਵਿਚ ਮੁਕਾਇਆ। ਪਰ ਜੇ ਇਕ ਵਾਰੀ ਸ਼ੁਰੂ ਕਰਕੇ ਵਿਚੇ ਛੱਡ ਦੇਂਦਾ। ਤਾਂ ਫੇਰ ਵਿਚੇ ਰਹਿ ਜਾਣਾ ਸੀ।... ਇਕ ਗੱਲ ਮੈਂ ਤੈਨੂੰ ਹੋਰ ਦਸਣੀ ਚਾਹੁੰਨਾਂ... ਉਹ ਇਹ ਕਿ ਸਾਡੇ ਬਹੁਤ ਸਾਰੇ ਲੇਖਕ ਸਮਝਦੇ ਨੇ ਜਿਵੇਂ ਕਹਾਣੀ ਤੇ ਨਾਵਲ ਦਾ ਯਾਨਰ ਰੱਬ ਨੇ ਬਣਾ ਕੇ ਸਾਨੂੰ ਦਿਤਾ ਹੋਇਐ। ਜੇ ਉਹ ਕਹਾਣੀ ਤੇ ਨਾਵਲ ਦੇ ਪੈਦਾ ਹੋਣ ਦੇ ਕਾਰਨਾਂ ਨੂੰ ਸਮਝਦੇ ਹੋਣ ਤਾਂ ਉਹਨਾਂ ਨੂੰ ਇਹ ਵੀ ਪਤਾ ਲੱਗ ਸਕਦਾ ਹੈ ਕਿ ਯਾਨਰ ਧੁਰੋਂ ਆਏ ਨਹੀਂ ਹੁੰਦੇ। ਤੇ ਇਹ ਬਦਲਦੇ ਹਨ। ਸਮਾਜਕ ਜ਼ਿੰਦਗੀ ਇਹਨਾਂ ਨੂੰ ਬਦਲਦੀ ਹੈ। ਇਹਨਾਂ ਨੂੰ ਭੰਨਦੀ-ਤੋੜਦੀ ਹੈ ਤੇ ਫੇਰ ਨਵਾਂ ਯਾਨਰ ਸਿਰਜਦੀ ਹੈ। ਮੇਰੀ ਪੁਸਤਕ **ਕੁਆਰ-ਗੰਦਲ** ਵਿਚ ਕਹਾਣੀ ਦਾ ਪ੍ਰਚਲਤ ਯਾਨਰ ਟੁੱਟ ਰਿਹਾ ਹੈ ਤੇ ਮੇਰੇ ਨਾਵਲ **ਕੰਜਕਾਂ** ਵਿਚ ਪ੍ਰਚਲਤ ਨਾਵਲ ਦਾ ਵੀ। ਨਾਮ ਫਿਰ ਵੀ ਕਹਾਣੀ ਤੇ ਨਾਵਲ ਹੀ ਹੈ, ਪਰ ਯਾਨਰ ਬਦਲ ਗਿਆ ਹੈ। ਇਸ ਟੁੱਟਣ-ਭੱਜਣ ਤੇ ਨਵਾਂ-ਸਿਰਜਣ ਦਾ ਫੈਸਲਾ ਸਮਾਜਕ-ਵਸਤੂ ਕਰਦੀ ਹੈ। ਗਲਪਕਾਰ ਤਾਂ ਸਿਰਫ ਉਹਨੂੰ ਪਛਾਣਦਾ ਹੈ। ਤੇ ਪਛਾਣਕੇ, ਸਮਝਕੇ ਅਤੇ ਉਹਦੇ ਸਮਰੱਥ ਹੋਕੇ ਉਸ ਵਸਤੂ ਨੂੰ ਰੂਪ ਦੇਂਦਾ ਹੈ। ਇਕਹਿਰੀ ਵਸਤੂ ਇਕਹਿਰਾ ਰੂਪ ਪੈਦਾ ਕਰੇਗੀ ਅਤੇ ਜਟਿਲ ਵਸਤੂ ਜਟਿਲ ਰੂਪ ਪੈਦਾ ਕਰੇਗੀ। ਪਰ ਪੁਰਾਣੇ ਰੂਪਾਕਾਰ ਦੇ ਕੀਲੇ ਹੋਏ ਸਾਡੇ ਕਈ ਲੇਖਕ ਉਹਨੂੰ 'ਰੱਬ' ਮੰਨ ਬੈਠੇ ਹਨ। ਜਿਵੇਂ ਕੁਰਾਨ ਦੀਆਂ ਆਇਤਾਂ ਜਾਂ ਗੁਰੂ ਗਰੰਥ ਦੀ ਬਾਣੀ। ...ਹੁਣ ਤੂੰ ਸ਼ਾਇਦ ਇਹ ਵੀ ਪੁੱਛਣਾ ਚਾਹੇਂਗਾ ਕਿ ਮੈਂ ਸਿਰਜਣ-ਅਮਲ ਵਿਚ ਰੁੱਝਾ ਹੋਇਆ ਕੀ ਪਸੰਦ ਕਰਦਾ ਹਾਂ। ਇਹ ਕੋਈ ਤੈਥੋਂ ਛੁਪਿਆ ਹੋਇਆ ਤਾਂ ਹੈ ਨਹੀਂ। ਇਹ ਵੱਖਰੀ ਗੱਲ ਹੈ ਕਿ ਜਦੋਂ ਮੈਂ ਹੁੰਦਾ ਹਾਂ ਤੂੰ ਨਹੀਂ ਹੁੰਦਾ ਤੇ ਜਦੋਂ ਤੂੰ ਹੁੰਦਾ ਹੈਂ ਉਦੋਂ ਮੈਂ ਨਹੀਂ ਹੁੰਦਾ। ...ਅਲਬੱਤਾ ਚਾਹ ਜਾਂ ਕਾਫੀ ਦੇ ਗਰਮ ਗਰਮ ਪਿਆਲੇ ਤੇ ਨਾਲ ਸਿਗਰਟਾਂ। ਸੋਚਣ ਲਈ ਵੀ ਅਤੇ ਸਿਰਜਣ ਲਈ ਵੀ। ਅਗਲੀ ਗੱਲ, ਮੈਂ ਸਿਰਫ ਸਵੇਰੇ ਤੜਕੇ ਉਠਕੇ ਲਿਖਦਾ ਹਾਂ। ਛੇ-ਸੱਤ ਘੰਟੇ ਦੀ ਸ਼ਿਫਟ। ਕਈ ਵਾਰੀ ਦਸ ਘੰਟੇ ਦੀ ਵੀ। ਪਰ ਰਾਤ ਨੂੰ ਮੈਂ ਸਿਰਫ ਸੌਂਦਾ ਹਾਂ। ਇਕ ਤਸੱਲੀ ਜਿਹੀ ਦੇ ਅਹਿਸਾਸ ਨਾਲ।

— ...ਅੱਛਾ! ਮੈਨੂੰ ਇਕ ਗੱਲ ਦੱਸ? ਤੂੰ ਛਪਣ ਲਈ ਏਡਾ ਕਾਹਲਾ ਕਿਉਂ ਨਹੀਂ ਹੁੰਦਾ? ਤੇਰਾ ਪਿਛਲਾ ਨਾਵਲ **ਕਦਰਾਂ-ਕੀਮਤਾਂ** 1986 ਵਿਚ ਛਪਿਆ ਸੀ? ਹੁਣ **ਕੰਜਕਾਂ** ਮੁਕਾਏ ਨੂੰ ਤੈਨੂੰ ਸਾਲ ਹੋ ਗਿਐ। ਏਨੀ ਘੌਲ ਕਾਹਦੇ ਲਈ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਓਨਾ ਚਿਰ ਕੋਈ ਚੀਜ਼ ਨਹੀਂ ਛਪਵਾ ਸਕਦਾ ਜਿੰਨਾ ਚਿਰ ਮੇਰੀ ਆਪਣੀ ਤਸੱਲੀ ਨਾ ਹੋ ਜਾਵੇ। ਛੇ ਮਹੀਨੇ ਲਾ ਕੇ ਬੰਦਾ ਕਹਾਣੀ ਲਿਖੇ। ਤੇ ਫੇਰ ਬਿਨਾ, ਦੋ-ਤਿੰਨ ਮਹੀਨੇ ਦੇ ਵਕਫ਼ੇ ਬਾਅਦ ਉਹਨੂੰ ਦੁਬਾਰਾ ਇਕ ਵਿੱਥ ਤੇ ਖੜਕੇ ਵਾਚਣ ਦੇ ਸਿੱਧੀ ਛਪਣ ਲਈ ਘੱਲ ਦੇਵੇ – ਇਹ ਮੈਂ ਨਹੀਂ ਕਰ ਸਕਦਾ। ...ਜਦੋਂ ਮੇਰੀ ਆਪਣੀ ਤਸੱਲੀ ਹੋ ਜਾਵੇ ਕਿ ਗੱਲ ਬਣ ਗਈ ਹੈ ਤਾਂ ਮੈਂ ਛਪਵਾਉਣ ਲਈ ਤਿਆਰ ਹੋ ਸਕਦਾਂ। ਇਹੋ ਹੀ ਹਾਲ ਮੇਰਾ ਨਾਵਲ ਬਾਰੇ ਹੈ।

ਬਕਲਮ ਖ਼ੁਦ :

ਸਾਹਿਤ ਮੇਰੇ ਲਈ ਵਿਹਲੀਆਂ ਘੜੀਆਂ ਬਿਤਾਉਣ ਦਾ ਜ਼ਰੀਆ ਕਦੇ ਨਹੀਂ ਰਿਹਾ। ਨਾ ਇਹ ਕਲ੍ਹ ਸੀ, ਅਤੇ ਨਾ ਹੀ ਅੱਜ ਹੈ। ਮੇਰੀ ਪ੍ਰਤਿਬੱਧਤਾ ਲੋਕਾਂ ਨਾਲ ਹੈ, ਸਮਾਜ ਨਾਲ ਹੈ। ਲੋਕ ਜਿਨ੍ਹਾਂ ਵਿਚੋਂ ਮੈਂ ਆਇਆਂ ਹਾਂ। ਤੇ ਸਮਾਜ ਜਿਸਨੇ ਮੈਨੂੰ ਤਸੀਹੇ ਦਿੱਤੇ ਹਨ। ਮੈਨੂੰ ਪਤਾ ਹੈ ਕਿ ਸਾਹਿਤ ਬਜ਼ਾਤ-ਏ-ਖ਼ੁਦ ਸਮਾਜ ਨੂੰ ਨਹੀਂ ਬਦਲ ਸਕਦਾ; ਇਹ ਵੱਧ ਤੋਂ ਵੱਧ ਲੋਕਾਂ ਦੀ ਚੇਤਨਾ ਨੂੰ ਪ੍ਰਚੰਡ ਕਰ ਸਕਦਾ ਹੈ। ਮੈਂ ਯਥਾਰਥਵਾਦੀ ਗਲਪਕਾਰ ਹਾਂ। ਸਮਾਜਕ ਯਥਾਰਥ ਦਾ ਕ੍ਰਿਟੀਟ ਪੇਸ਼ ਕਰਨਾ ਮੇਰੀ ਸਿਰਜਣਾ ਦਾ ਪ੍ਰਯੋਜਨ ਹੈ। ਤੇ ਇਹ ਮੈਂ ਕਰ ਰਿਹਾ ਹਾਂ : ਕਹਾਣੀ ਰਾਹੀਂ ਅਤੇ ਨਾਵਲ ਰਾਹੀਂ। ਯਥਾਰਥ ਦੇ ਵਿਕਾਸ ਦੀ ਦਿਸ਼ਾ ਦੇ ਦਰਸ਼ਨ ਕਰਾਉਣੇ ਵੀ ਮੈਂ ਜ਼ਰੂਰੀ ਸਮਝਦਾ ਹਾਂ। ਇਸੇ ਨੂੰ ਮੈਂ ਗਤੀਸ਼ੀਲ ਯਥਾਰਥ ਕਹਿੰਦਾ ਹਾਂ। ਤੇ ਯਥਾਰਥ ਨੂੰ ਉਸਦੀ ਗਤੀਸ਼ੀਲਤਾ ਵਿਚ ਪੇਸ਼ ਕਰਨਾ ਮੇਰੀ ਗਲਪ-ਸਿਰਜਣਾ ਦਾ ਮਨੋਰਥ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ

—ਜਸਵੰਤ ਸਿੰਘ ਵਿਰਦੀ

ਸਵਰਨ ਚੰਦਨ ਇਕ ਸਾਧਾਰਨ ਵਿਅਕਤੀ ਹੁੰਦਾ ਤਦ ਵੀ ਘਟ ਨਹੀਂ ਸੀ, ਪਰ ਹੁਣ ਤਾਂ ਉਹ ਇਕ ਲੇਖਕ ਵੀ ਹੈ। ਸਵਰਨ ਚੰਦਨ ਇਕ ਦਰਸ਼ਨੀ ਲੇਖਕ ਹੈ। ਉਸਨੂੰ ਵੇਖਕੇ ਵੀ ਸੁੱਖ ਮਿਲਦਾ ਹੈ ਅਤੇ ਉਸ ਨਾਲ ਗੁਫ਼ਤਗੂ ਕਰ ਕੇ ਵੀ ਆਨੰਦ ਆਉਂਦਾ ਹੈ। ਸਾਡੇ ਕੋਲ ਇਸ ਤਰ੍ਹਾਂ ਦੇ ਲੇਖਕ ਬਹੁਤ ਘਟ ਹਨ। ਜਿਹੜੇ ਹਨ, ਉਹ ਸਾਡੀ ਪਹੁੰਚ ਤੋਂ ਪਰ੍ਹੇ ਹਨ।

ਸਵਰਨ ਚੰਦਨ ਬਾਰੇ ਇਸ ਤਰ੍ਹਾਂ ਦੀ ਗੱਲ ਮਹਿਸੂਸ ਕਰ ਕੇ ਮੈਨੂੰ ਉਹਦੇ ਨਾਲ ਕੁਝ ਕੁ ਹਸਦ ਵੀ ਹੋਈ। ਪਰ ਛੇਤੀ ਹੀ ਮੈਂ ਆਪਣੀ ਇਸ ਈਰਖਾ ਨੂੰ ਹਾਸੇ ਵਿਚ ਬਦਲ ਲਿਆ---ਮੈਂ ਕਿਹਾ—'ਚੰਦਨ ਯਾਰ! ਤੈਨੂੰ ਤਾਂ ਹਰ ਹਾਲਤ 'ਚ ਅਸਾਂ ਲੇਖਕ ਮੰਨ ਹੀ ਲਿਆ ਹੈ!'

'ਕਿਉਂ ਭਲਾ!' ਉਹਨੇ ਹੈਰਾਨੀ ਨਾਲ ਪੁਛਿਆ ਤਾਂ ਮੈਂ ਫਿੱਕਾ ਜਿਹਾ ਮੁਸਕਰਾ ਕੇ ਕਿਹਾ—'ਜੇਕਰ ਅਸੀਂ ਤੈਨੂੰ ਲੇਖਕ ਮੰਨਣ ਤੋਂ ਇਨਕਾਰ ਵੀ ਕਰੀਏ ਤਾਂ ਤੂੰ ਆਪਣੇ ਡੌਲਿਆਂ ਦੇ ਜ਼ੋਰ ਨਾਲ ਮੰਨਵਾ ਲਵੇਂਗਾ।'

ਚੰਦਨ ਹਸ ਪਿਆ—'ਨਹੀਂ ਇਹ ਗੱਲ ਨਹੀਂ। ਮੈਂ ਕੋਸ਼ਿਸ਼ ਕਰਾਂਗਾ ਕਿ ਕਲਮ ਦੇ ਜ਼ੋਰ ਨਾਲ ਤੁਹਾਨੂੰ ਮੰਨਵਾ ਸਕਾਂ।'

'ਬਈ ਕਲਮ ਦੇ ਜ਼ੋਰ ਨੂੰ ਇਥੇ ਕੋਈ ਨਹੀਂ ਮੰਨਦਾ।'

'ਹੋਰ ?'

'ਇਥੇ ਤਾਂ ਲੋਕ ਬਾਹਰੋਂ ਆ ਕੇ ਪੈਸੇ ਦੇ ਜ਼ੋਰ ਨਾਲ ਆਪਣੀ ਗੱਲ ਮੰਨਵਾਉਂਦੇ ਨੇ!' ਮੈਂ ਕਿਹਾ ਤਾਂ ਉਹ ਕੁਝ ਕੁ ਦੁਖੀ ਹੋ ਗਿਆ। ਬੋਲਿਆ—'ਕੀ ਉਹ ਲੋਕ ਪੈਸੇ ਦੇ ਜ਼ੋਰ ਆਪਣੀ ਗੱਲ ਮੰਨਵਾ ਸਕੇ ਨੇ ?'

'ਇਹ ਨਹੀਂ ਪਤਾ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਤੁਹਾਨੂੰ ਸਭ ਪਤਾ ਹੈ।' ਕਹਿਕੇ ਚੰਦਨ ਨੇ ਉਨ੍ਹਾਂ ਲੋਕਾਂ ਬਾਰੇ ਦਸਣਾ ਸ਼ੁਰੂ ਕੀਤਾ ਜੋ ਕਿ ਕਲਮ ਦੇ ਜ਼ੋਰ ਨਾਲ ਨਹੀਂ ਸਗੋਂ ਪੈਸੇ ਦੇ ਜ਼ੋਰ ਨਾਲ ਲੇਖਕ ਬਣਨ ਲਈ ਘਰੋਂ ਨਿਕਲੇ ਸਨ ਪਰ ਔਝੜ ਰਾਹਵਾਂ ਵਿਚ ਮੂੰਹਧੜੇ-ਮੂੰਹ ਡਿਗ ਪਏ। ਪਰ ਉਹਨੇ ਕਿਸੇ ਲੇਖਕ ਦਾ ਨਾਂ ਨਹੀਂ ਲਿਆ। ਕਿਸੇ ਦਾ ਨਾਂ ਲੈ ਕੇ ਕਿਸੇ ਨੂੰ ਕੋਸਣਾ ਉਹ ਆਪਣੇ ਸਾਊਪੁਣੇ ਦੇ ਵਿਰੁੱਧ ਸਮਝਦਾ ਹੈ। ਉਸ ਦਾ ਖਿਆਲ ਹੈ ਕਿ ਭੈੜੇ ਵਿਅਕਤੀ ਦੀ ਨਹੀਂ, ਭੈੜੀ ਰੁਚੀ ਦੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ। ਆਪਣੀ ਰਚਨਾ ਵਿਚ ਵੀ ਉਹ ਇਸੇ ਤਰ੍ਹਾਂ ਹੀ ਕਰ ਰਿਹਾ ਹੈ! ਇਹ ਚੰਦਨ ਦਾ ਵਿਲੱਖਣ ਅੰਦਾਜ਼ ਹੈ।

ਪਿਛਲੇ ਦਿਨੀਂ ਜਦੋਂ ਮੈਂ ਉਸਦਾ ਨਵਾਂ ਨਾਵਲ **ਕੱਚੇ ਘਰ** ਪੜ੍ਹਿਆ, ਤਾਂ ਮੈਨੂੰ ਆਸ ਨਹੀਂ ਸੀ ਕਿ ਉਸ ਦਾ ਇਹ ਨਾਵਲ ਏਨਾ ਵਧੀਆ ਹੋਵੇਗਾ। ਪਰ ਮੈਂ ਜਿਉਂ ਜਿਉਂ ਇਸਨੂੰ ਪੜ੍ਹਦਾ ਗਿਆ, ਮੇਰੇ ਸਾਹਮਣੇ ਚੰਦਨ ਦੀ ਜ਼ਿੰਦਗੀ ਅਤੇ ਉਸਦੀ ਸੋਚ ਦਾ ਸਫ਼ਰ ਸਾਕਾਰ ਹੁੰਦਾ ਗਿਆ। ਮੇਰਾ ਜੀਅ ਕੀਤਾ ਕਿ ਪਹਿਲਾਂ ਮੈਂ ਰਈਏ ਤੇ ਸਠਿਆਲੇ ਵਲ ਜਾ ਕੇ ਉਨ੍ਹਾਂ ਘਰਾਂ ਨੂੰ ਲੱਭਾਂ ਜਿਥੇ ਇਸ ਨਾਵਲ ਦੇ ਮੁੱਖ ਪਾਤਰ ਵਸਦੇ ਰਹੇ ਸਨ। ਮੇਰਾ ਖਿਆਲ ਹੈ ਕਿ ਉਹ ਪਾਤਰ ਭਾਵੇਂ ਇੰਗਲੈਂਡ ਜਾ ਕੇ ਉਥੋਂ ਦੀ ਜ਼ਿੰਦਗੀ ਵਿਚ ਖਚਿਤ ਹੋ ਗਏ ਨੇ ਪਰ ਉਨ੍ਹਾਂ ਦੇ ਸੁਪਨੇ ਹਾਲੇ ਤਕ ਵੀ ਬਿਆਸ ਦਰਿਆ ਦੇ ਆਂਚਲ ਵਿਚ ਮਚਲ ਰਹੇ ਹੋਣਗੇ!

ਪਰ **ਕੱਚੇ ਘਰ** ਨਾਵਲ ਵਿਚ ਏਨੀ ਦਿਲਚਸਪੀ ਸੀ ਕਿ ਮੈਂ ਉਸ ਨੂੰ ਪੜ੍ਹਦਾ ਹੋਇਆ ਉਸ ਵਿਚ ਬਿਆਨ ਕੀਤੇ ਹੋਏ ਅਸਲੀ ਮਾਹੌਲ ਨੂੰ ਭੁੱਲ ਗਿਆ। ਕੀ ਇਕ ਨਾਵਲ ਦੀ ਇਹ ਵੀ ਸਿਫ਼ਤ ਹੈ ਕਿ ਉਸ ਨੂੰ ਪੜ੍ਹਦਾ ਹੋਇਆ ਬੰਦਾ ਹੋਰ ਸਭ ਕੁਝ ਨੂੰ ਹੀ ਭੁੱਲ ਜਾਵੇ।... ਚੰਦਨ ਇਸ ਪੱਖੋਂ ਵੀ ਪ੍ਰਵੀਨ ਕਲਾਕਾਰ ਹੈ।

ਚੰਦਨ ਨੇ ਮੈਨੂੰ ਦਸਿਆ ਕਿ ਇੰਗਲੈਂਡ ਜਾਣ ਤੋਂ ਪਹਿਲਾਂ ਉਹ ਮੇਰੇ ਸ਼ਹਿਰ ਜਾਲੰਧਰ 'ਚ ਖੇਤੀਬਾੜੀ ਦਾ ਇਨਸਪੈਕਟਰ ਸੀ ਪਰ ਕਿਉਂਕਿ ਉਹ ਕੁਰੱਪਟ ਅਫਸਰਸ਼ਾਹੀ ਸਾਹਮਣੇ ਸਿਰ ਨਿਉਂ ਕੇ ਨਹੀਂ ਸੀ ਚਲਦਾ, ਇਸ ਲਈ ਉਹਦੇ ਅਕਾਊਂਟ ਵਿਚ ਕੇਵਲ ਡੇਢ ਰੁਪਿਆ ਘਟ ਹੋਣ ਕਾਰਨ ਉਸ ਤੇ ਕੁਰੱਪਸ਼ਨ ਦਾ ਕੇਸ ਬਣਾਇਆ ਗਿਆ ਅਤੇ ਵਿਭਾਗ ਵਲੋਂ ਬੇਓੜਕ ਧੰਨ ਖਰਚ ਕਰ ਕੇ ਉਸਨੂੰ ਬੇਈਮਾਨ ਸਿੱਧ ਕਰਨ ਦਾ ਜਤਨ ਕੀਤਾ ਗਿਆ। ਪਰ ਅਫਸਰਸ਼ਾਹੀ ਦੀਆਂ ਬੇਹੂਦਗੀਆਂ ਦੀ ਵੀ ਇਕ ਸੀਮਾ ਹੈ ਜਿਸ ਦੇ ਅੰਦਰ ਅੰਦਰ ਹੀ ਉਹ ਲੋਕਾਂ ਨੂੰ ਪਰੇਸ਼ਾਨ ਕਰ ਸਕਦੀ ਹੈ। ਚੰਦਨ ਨੂੰ ਉਹ ਲੋਕ ਕਿਸੇ ਵੀ ਚੱਕਰਵੀਊ ਵਿਚ ਨਾ ਫਸਾ ਸਕੇ। ਅਫਸਰਸ਼ਾਹੀ ਦਾ ਹੋਰ ਕੀ ਦੁਖਾਂਤ ਹੋ ਸਕਦਾ ਹੈ।

ਹਾਂ, ਏਨਾ ਜ਼ਰੂਰ ਹੋਇਆ ਕਿ ਇਥੇ ਰਹਿਕੇ ਚੰਦਨ ਪਰੇਸ਼ਾਨ ਹੋ ਗਿਆ ਤੇ ਤੁਰਤ ਸ਼ਾਦੀ ਕਰਵਾ ਕੇ ਇੰਗਲੈਂਡ ਭੱਜ ਗਿਆ। ਪਰ ਉਹ ਸਾਹਿਤ ਵਿਚੋਂ ਨਹੀਂ ਭੱਜਿਆ। ਲੋਕਾਂ ਦੇ ਸੰਘਰਸ਼ ਵਲੋਂ ਉਹਨੇ ਮੁਖ ਨਹੀਂ ਮੋੜਿਆ ਅਤੇ ਨਾ ਹੀ ਲੋਕਾਂ ਪ੍ਰਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਦੀ ਸਿਦਕ ਦਿਲੀ ਵਿਚ ਕੋਈ ਫਰਕ ਆਇਆ ਹੈ। ਸਮੇਂ ਦੀ ਮਾਰ ਸਹਿਕੇ ਉਹ ਹੋਰ ਵੀ ਤਕੜਾ ਹੋਇਆ ਹੈ।

ਚੰਦਨ ਨੇ ਕਿਹਾ—'ਸਹੀ ਮਾਅਨਿਆਂ ਵਿਚ ਇੰਗਲੈਂਡ ਜਾਕੇ ਹੀ ਮੈਂ ਕਿਰਤੀ ਵਰਗ ਨਾਲ ਜੁੜ ਸਕਿਆ ਹਾਂ।'

'ਕਾਰਣ ?'

'ਕਿਉਂਕਿ ਇਥੇ ਮੈਂ ਜਿਹੜਾ ਕੰਮ ਕਰਦਾਂ ਸਾਂ ਉਹਦੇ ਸਟੇਟਸ ਦੇ ਹਿਸਾਬ ਨਾਲ ਮੈਂ ਮਿਡਲ ਕਲਾਸ ਵਿਚ ਆਉਂਦਾ ਸਾਂ ਪਰ ਇੰਗਲੈਂਡ ਵਿਚ ਜਾਕੇ ਮੈਂ ਮਜ਼ਦੂਰ ਬਣ ਗਿਆ।'

'ਕੀ ਗੋਰਾ ਮਜ਼ਦੂਰ ਵੀ ਉਨਾਂ ਹੀ ਦੁਖੀ ਹੈ ਜਿੰਨਾ ਕਿ ਰੰਗਦਾਰ ਕਿਰਤੀ ?'

'ਬਿਲਕੁਲ।' ਚੰਦਨ ਨੇ ਦ੍ਰਿੜਤਾ ਨਾਲ ਕਿਹਾ—'ਇਥੇ ਲੋਕਾਂ ਨੇ ਅਤੇ ਅਖ਼ਬਾਰਾਂ ਨੇ ਖਾਸ ਕਰ ਕੇ ਇੰਗਲੈਂਡ ਦੇ ਨਸਲੀ ਦੰਗਿਆਂ ਬਾਰੇ ਕਾਫੀ ਸ਼ੋਰ ਮਚਾਇਆ ਹੈ ਪਰ ਮੈਂ ਸਮਝਦਾ ਹਾਂ ਕਿ ਇਥੋਂ ਦੇ ਅਖਬਾਰੀ ਲੋਕ ਇਹ ਨਹੀਂ ਸਮਝਦੇ ਕਿ ਇੰਗਲੈਂਡ ਦਾ ਗੋਰਾ ਮਜ਼ਦੂਰ ਸਾਡੇ ਨਾਲ ਹੈ। ਅਸੀਂ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਵਿਚ ਬਿਲਕੁਲ ਨਾਲੋ ਨਾਲ ਚਲ ਰਹੇ ਹਾਂ !'

ਜੇਕਰ ਚੰਦਨ ਨੇ **ਆਪਣੀ ਧਰਤੀ** ਵਿਚ ਭਾਰਤ ਦੀ ਧਰਤੀ ਨਾਲ ਆਪਣੇ ਮੋਹ ਨੂੰ ਪ੍ਰਗਟਾਇਆ ਹੈ ਤਾਂ ਆਪਣੇ ਕਹਾਣੀ ਸੰਗ੍ਰਹਿ **ਉਜੜਿਆ ਖੂਹ** ਵਿਚ ਉਸ ਨੇ ਮਨੁੱਖੀ ਮਨ ਦੇ ਉਦਰੇਵੇਂ ਤੇ ਉਜਾੜੇ ਦੀ ਗੱਲ ਕੀਤੀ ਹੈ। ਮੈਨੂੰ ਲਗਦਾ ਹੈ ਕਿ ਉਸ ਦੀਆ ਪੁਸਤਕਾਂ ਦੇ ਸਾਰੇ ਹੀ ਨਾਂ—**ਆਪਣੀ ਧਰਤੀ, ਦੂਸਰਾ ਪੜਾਅ, ਉਜੜਿਆ ਖੂਹ, ਕੱਚੇ ਘਰ** ਅਤੇ **ਦਿਸ਼ਹੀਨ** ਆਪਣੇ ਆਪ 'ਚ ਬੜੇ ਬਲਵਾਨ ਪ੍ਰਤੀਕ ਹਨ ਅਤੇ ਉਸ ਦੀ ਸੋਚ ਦੀ ਪੂਰੀ ਤਰ੍ਹਾਂ ਅੱਕਾਸੀ ਕਰਦੇ ਹਨ।

ਇਕ ਲੇਖਕ ਦੇ ਤੌਰ ਤੇ ਚੰਦਨ ਦੇ ਵਿਕਾਸ ਬਾਰੇ ਜਾਨਣਾ ਹੋਵੇ ਤਾਂ 'ਕੱਚੇ ਘਰ' ਨਾਵਲ ਉਸ ਦੇ ਮਾਨਸਿਕ ਤੇ ਕਲਾਤਮਕ ਵਿਕਾਸ ਦੀ ਇਕ ਵਧੀਆ ਤਸਵੀਰ ਹੈ। ਇਸ ਨਾਵਲ ਵਿਚ ਭਾਵੇਂ ਕਿ ਸਾਰੇ ਹੀ ਪਾਤਰ ਉਸ ਦੇ ਜਾਣੇ ਪਛਾਣੇ ਅਤੇ ਕਾਫੀ ਹੱਦ ਤਕ ਉਹਦੇ ਆਪਣੇ ਵਜੂਦ ਦਾ ਹੀ ਹਿੱਸਾ ਹਨ, ਪਰ ਫੇਰ ਵੀ ਇਸ ਨਾਵਲ ਦੀ ਕਹਾਣੀ ਬਿਆਨ ਕਰਨ 'ਚ ਚੰਦਨ ਪੂਰੀ ਤਰ੍ਹਾਂ ਨਿਰਲੇਪ ਰਿਹਾ ਹੈ ਅਤੇ ਕਿਤੇ ਵੀ ਭਾਵੁਕ ਨਹੀਂ ਹੋਇਆ। ਇਹ ਗੁਣ ਵੀ ਹੁਣ ਸਾਡੇ ਬਹੁਤ ਥੋੜੇ ਲੇਖਕਾਂ ਵਿਚ ਰਿਹਾ ਹੈ !

'ਮੈਂ ਚਾਹੁੰਦਾ ਸਾਂ ਕਿ ਮੈਂ ਜੋ ਕੁਝ ਕਹਿਣਾ ਹੈ, ਉਹ ਮੈਂ ਨਾ ਕਹਾਂ, ਸਗੋਂ ਮੇਰੇ ਪਾਤਰ ਕਹਿਣ।' ਚੰਦਨ ਨੇ ਮੈਨੂੰ ਦਸਿਆ—'ਇਸ ਨਾਵਲ ਵਿਚ ਮੇਰਾ ਇਹੋ ਹੀ ਸੰਘਰਸ਼ ਰਿਹਾ ਹੈ !'

'ਪਰ ਇਸ ਨਾਵਲ ਵਿਚ ਤੂੰ ਬਹੁਤ ਵੱਡੀ ਗੱਲ ਕੀਤੀ ਹੈ। ਪਤਾ ਨਹੀਂ ਉਸ ਬਾਰੇ ਤੂੰ ਸੁਚੇਤ ਸੀ ਕਿ ਨਹੀ !'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਚੰਦਨ ਹਸ ਪਿਆ—'ਬਈ, ਕੱਚੇ ਘਰ ਉਹ ਸਮਾਜਕ/ਆਰਥਿਕ ਕੀਮਤਾਂ ਹਨ ਜੋ ਬਲਦੇਵ, ਮਨਜੀਤ ਅਤੇ ਇਨ੍ਹਾਂ ਵਰਗੇ ਹੋਰ ਹਜ਼ਾਰਾਂ ਲੋਕ ਪੰਜਾਬ ਦੇ ਪਿੰਡਾਂ ਵਿਚੋਂ ਆਪਣੇ ਨਾਲ ਲੈ ਕੇ ਇੰਗਲੈਂਡ ਵਿਚ ਪੁਜੇ ਸਨ। ਇਨ੍ਹਾਂ ਕੀਮਤਾਂ ਨੂੰ ਪੂਰਣ-ਵਿਕਸਿਤ ਪੂੰਜੀਵਾਦੀ ਸੱਨਅਤ ਨੇ ਕਿਵੇਂ ਢਾਅ ਲਾਈ ਹੈ, ਅਤੇ ਇਹਦੇ ਸਿੱਟੇ ਕੀ ਨਿਕਲੇ ਹਨ—ਬਸ ਇਹੋ ਹੀ ਗੱਲ ਮੈਂ ਇਸ ਨਾਵਲ ਵਿਚ ਕੀਤੀ ਹੈ।'

ਪਰ ਮੈਂ ਸਮਝਦਾ ਹਾਂ ਕਿ ਹਕੀਕਤ ਵਿਚ ਇਹ ਨਾਵਲ ਨਾਇਕਾ ਮਨਜੀਤ ਦੇ ਸੰਘਰਸ਼ ਦੀ ਹੀ ਕਹਾਣੀ ਹੈ ਜਿਸ ਕੋਲ ਇੰਗਲੈਂਡ ਪੁਜਕੇ ਸਤੀ-ਤਵ ਵੀ ਬਾਕੀ ਨਹੀਂ ਰਹਿੰਦਾ।'

ਚੰਦਨ ਖਾਮੋਸ਼ ਹੋ ਗਿਆ। ਪਤਾ ਨਹੀਂ ਉਹ ਕਿਥੇ ਪੁਜ ਗਿਆ ਸੀ। ਸ਼ਾਇਦ ਮਨਜੀਤ ਕੌਰ ਦੇ ਦੁਖਾਂਤ ਬਾਰੇ ਸੋਚ ਰਿਹਾ ਹੋਵੇ। ਮੈਨੂੰ ਆਪ ਵੀ ਇਸ ਨਾਵਲ ਵਿਚ ਮਨਜੀਤ ਕੌਰ ਦੇ ਦੁਖਾਂਤ ਨੇ ਸਭ ਤੋਂ ਵਧ ਤਸੀਹਾ ਦਿੱਤਾ ਹੈ। ਮੈਂ ਹੈਰਾਨ ਹਾਂ ਮਨਜੀਤ ਕੌਰ ਬਾਰੇ ਲਿਖਦਾ ਹੋਇਆ ਚੰਦਨ ਕਿਵੇਂ ਜੇਰੇ ਤੋਂ ਕੰਮ ਲੈ ਸਕਿਆ ਹੋਵੇਗਾ! ਉਸਦਾ ਇਹ ਅਨੁਭਵ ਵੀ ਲਿਖਣ ਯੋਗ ਹੈ।

ਮੈਂ ਕਿਹਾ—'ਯਾਰ ਚੰਦਨ ਇੰਗਲੈਂਡ ਦੇ ਪੰਜਾਬੀ ਲੇਖਕ ਦੀ ਇਹ ਕਿਹੀ ਮਜਬੂਰੀ ਹੈ ਕਿ ਜਿਸ ਭਾਸ਼ਾ ਵਿਚ ਉਹ ਲਿਖਦਾ ਹੈ, ਉਸ ਨੂੰ ਸਮਝਣ ਵਾਲੇ ਉਥੇ ਬਹੁਤ ਘਟ ਹਨ ਅਤੇ ਜਿਥੇ ਉਸ ਨੂੰ ਸਮਝਣ ਵਾਲੇ ਹਨ, ਉਥੇ ਉਹ ਬਹੁਤਾ ਚਿਰ ਟਿਕ ਨਹੀਂ ਸਕਦਾ।'

'ਬਈ ਵਿਰਦੀ। ਇਸੇ ਗੱਲ ਨੇ ਮੈਨੂੰ ਵਾਰ-ਵਾਰ ਮਜ਼ਬੂਰ ਕੀਤਾ ਹੈ ਕਿ ਮੈਂ ਇਥੇ ਪਰਤ ਆਵਾਂ।'

ਫੇਰ ਮੈਨੂੰ ਉਹਨੇ ਦਸਿਆ ਕਿ ਉਹ ਖੁਦ ਵੀ ਮਹਿਸੂਸ ਕਰ ਰਿਹਾ ਹੈ ਕਿ ਇੰਗਲੈਂਡ ਵਿਚ ਉਸ ਦੀਆਂ ਜੜ੍ਹਾਂ ਨਹੀਂ ਲਗ ਸਕਦੀਆਂ। ਉਸ ਦੇ ਬੱਚੇ ਇਥੇ ਪੜ੍ਹਦੇ ਹਨ ਅਤੇ ਹੁਣ ਉਹ ਇਸ ਜਤਨ ਵਿਚ ਹੈ ਕਿ ਇਥੇ ਕਿਤੇ, ਜਾਲੰਧਰ ਦੇ ਨੇੜੇ ਜ਼ਮੀਨ ਲੈਕੇ ਘਰ ਉਸਾਰ ਲਵੇ।

ਮੈਂ ਹੱਸ ਕੇ ਪੁੱਛਿਆ—

'ਭਾਵੇਂ ਉਹ ਕੱਚਾ ਘਰ ਹੀ ਹੋਵੇ?'

'ਹਾਂ, ਬਿਲਕੁਲ।' ਉਹ ਵੀ ਹੱਸ ਪਿਆ।

ਮੈਂ ਫੇਰ ਪੁੱਛਿਆ—

'ਪਰ ਜਾਲੰਧਰ ਦੇ ਨੇੜੇ ਹੀ ਕਿਉਂ?'

'ਕਿਉਂਕਿ ਪੰਜਾਬ ਵਿਚ ਲੇਖਕ ਲਈ ਜਾਲੰਧਰ ਹੀ ਸਭ ਤੋਂ ਵਧੀਆ ਥਾਂ ਹੈ। ਹਾਲਾਂਕਿ ਇਥੇ ਏਨਾ ਰਸ਼ ਹੈ, ਲੋਕ ਏਨੀ ਬੇਹੂਦਗੀ ਨਾਲ ਟਰੈਫਿਕ ਦੇ ਰੂਲਾਂ ਦੀ ਉਲੰਘਨਾ ਕਰਕੇ ਚਲਦੇ ਨੇ ਕਿ ਮੈਂ ਇਥੇ ਨਾ ਤੇ ਸਕੂਟਰ ਚਲਾ ਸਕਦਾ ਹਾਂ ਅਤੇ ਨਾ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੋਟਰ ਸਾਈਕਲ । ਪਰ ਰਹਾਂਗਾ ਇਥੇ ਹੀ ।'

'ਫੇਰ ਇਨ੍ਹਾਂ ਬੇਅਸੂਲੇ ਲੋਕਾਂ ਦੀਆਂ ਬੇਹੂਦਗੀਆਂ ਤੋਂ ਕਿਵੇਂ ਬਚੇਂਗਾ ?'

'ਮੈਂ ਬਚ ਜਾਵਾਂਗਾ.. ਮੈਨੂੰ ਬਚਣਾ ਆਉਂਦਾ ਹੈ ।'

'ਜਾਲੰਧਰ ਨਾਲ ਮੋਹ ਦਾ ਕੋਈ ਹੋਰ ਕਾਰਣ ਵੀ ਹੈ ?'

'ਹਾਂ, ਅਜ ਜਿਵੇਂ ਜਾਲੰਧਰ ਵਿਕਾਸ ਕਰ ਰਿਹਾ ਹੈ, ਅੱਸੀ ਨਵੇਂ ਵਰ੍ਹੇ ਪਹਿਲਾਂ ਲੰਦਨ ਵੀ ਇਸੇ ਹਾਲਤ ਵਿਚ ਸੀ !'

'ਕੀ ਅੱਸੀ ਵਰ੍ਹਿਆਂ ਮਗਰੋਂ ਜਾਲੰਧਰ ਵੀ ਲੰਦਨ ਬਣ ਜਾਵੇਗਾ ?'

'ਇਹ ਜਾਲੰਧਰੀਆਂ ਦੇ ਸਿਰੜ ਤੇ ਨਿਰਭਰ ਕਰਦਾ ਹੈ !'

ਸਵਰਨ ਚੰਦਨ ਇੰਗਲੈਂਡ 'ਚ ਕਾਊਂਟੀ ਦੀਆਂ ਲਾਇਬ੍ਰੇਰੀਆਂ ਦਾ ਸਰਕਲ ਆਫੀਸਰ ਰਿਹਾ ਹੈ ਅਤੇ ਸਤਾਰਾਂ ਲਾਇਬ੍ਰੇਰੀਆਂ ਉਸਦੇ ਅਧੀਨ ਸਨ । ਸਾਰੀਆਂ ਹੀ ਏਸ਼ੀਅਨ ਤੇ ਯੂਰਪ ਤੋਂ ਬਾਹਰਲੀਆਂ ਹੋਰ ਭਾਸ਼ਾਵਾਂ ਦੀਆਂ ਪੁਸਤਕਾਂ ਦੀ ਚੋਣ ਉਸ ਦੀ ਸੁਚੱਜੀ ਸੂਝ ਤੇ ਨਿਰਭਰ ਕਰਦੀ ਸੀ । ਇਸ ਦਾ ਉਸ ਨੂੰ ਇਕ ਫਾਇਦਾ ਇਹ ਵੀ ਹੋਇਆ ਹੈ ਕਿ ਉਹਨੇ ਵਿਸ਼ਵ ਭਰ ਦੇ ਲੇਖਕਾਂ ਦੀ ਸੋਚ ਦਾ ਅਧਿਐਨ ਕੀਤਾ ਅਤੇ ਉਹ ਹਰ ਹਾਲਤ ਵਿਚ ਪੰਜਾਬੀ ਸਾਹਿਤ ਨੂੰ ਵਿਸ਼ਵ ਸਾਹਿਤ ਦੇ ਪੱਧਰ ਤੇ ਵੇਖਣਾ ਚਾਹੁੰਦਾ ਹੈ । ਇਹ ਤਮੰਨਾ ਉਸ ਦੇ ਆਪਣੇ ਸਾਹਿਤ ਵਿਚੋਂ ਵੀ ਪ੍ਰਗਟ ਹੁੰਦੀ ਹੈ ।

ਕੁਝ ਵਰ੍ਹੇ ਪਹਿਲਾਂ ਇੰਗਲੈਂਡ ਦੇ ਲੇਖਕ ਨੂੰ ਇਹ ਗਿਲਾ ਸੀ ਕਿ ਉਨ੍ਹਾਂ ਦੀ ਕੋਈ ਚਰਚਾ ਨਹੀਂ ਕਰਦਾ, ਕੋਈ ਮੁਲੰਕਣ ਨਹੀਂ ਕਰਦਾ । ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਪੰਜ ਸੱਤ ਵਰ੍ਹਿਆਂ ਵਿਚ ਇੰਗਲੈਂਡ ਦੇ ਲੇਖਕਾਂ ਨੇ ਏਨੀ ਕੁ ਪ੍ਰਾਪਤੀ ਕਰ ਲਈ ਹੈ ਕਿ ਉਨ੍ਹਾਂ ਦੇ ਸਾਹਿਤ ਦੀ ਚਰਚਾ ਹੋਣੀ ਜ਼ਰੂਰੀ ਗੱਲ ਬਣ ਗਈ ਹੈ ।

ਪੰਡਿਤ ਚਰਨਜੀਤ ਦੀ ਦੁਕਾਨ ਤੇ ਬੈਠਾ ਜਦੋਂ ਮੈਂ ਇਹ ਗੱਲਾਂ ਸੋਚ ਰਿਹਾ ਸਾਂ ਤਾਂ ਸਵਰਨ ਚੰਦਨ ਕਿਸੇ ਨੂੰ ਫੋਨ ਕਰ ਰਿਹਾ ਸੀ । ਉਸਦੀ ਆਵਾਜ਼ ਵਿਚ ਬੜੀ ਦਿਲਕਸ਼ੀ ਹੈ । ਉਹ ਬਹੁਤ ਸੋਚ ਸੋਚ ਕੇ ਬੋਲਦਾ ਹੈ ਤੇ ਵਾਧੂ ਗੱਲ ਨਹੀਂ ਕਰਦਾ ਪਰ ਕਿਸੇ ਦੀ ਫਜ਼ੂਲ ਗੱਲ ਵੀ ਨਹੀਂ ਸੁਣਦਾ । ਉਸ ਦੇ ਇਸੇ ਵਤੀਰੇ ਕਰਕੇ ਕੁਝ ਲੋਕ ਕਹਿੰਦੇ ਨੇ ਕਿ ਉਹ ਬੜਾ ਘੁਮੰਡੀ ਹੈ । ਪਤਾ ਨਹੀਂ ਡਿਕਸ਼ਨਰੀ ਵਿਚ ਘੁਮੰਡੀ ਦਾ ਕੀ ਅਰਥ ਹੈ ? ...ਜੀ ਹਾਂ...ਚੰਦਨ ਖਾਮੋਸ਼ ਰਹਿਣ ਵਾਲਾ ਬੰਦਾ ਜ਼ਰੂਰ ਹੈ । ਇਸ ਲਈ ਮੈਂ ਉਹਦੇ ਨਾਲ ਬਹੁਤੀਆਂ ਗੱਲਾਂ ਨਹੀਂ ਕੀਤੀਆਂ । ਜਦੋਂ ਉਹ ਫੋਨ ਕਰ ਚੁੱਕਾ ਤਾਂ ਮੈਂ ਕਿਹਾ —

'ਚਲ ਹੁਣ ਚਲੀਏ !'

'ਕਿਥੇ ?'

'ਕਿਤੇ ਵੀ ।'

'ਪਰ ਹੁਣ ਆਪਾਂ ਸਾਹਿਤ ਦੀ ਕੋਈ ਗੱਲ ਨਹੀਂ ਕਰਨੀ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਕਿਉਂ ?'

'ਜ਼ਿੰਦਗੀ ਦੇ ਹੋਰ ਦੁੱਖਾਂ ਸੁੱਖਾਂ ਦੀਆਂ ਗੱਲਾਂ ਕਰੀਏ। ਲੋਕਾਂ ਦੇ ਚਿਹਰੇ ਵੇਖੀਏ, ਉਨ੍ਹਾਂ ਦੀ ਸੋਚ ਦੇ ਸਪਰਸ਼ ਨੂੰ ਮਹਿਸੂਸ ਕਰੀਏ। ਸੁੰਦਰੀਆਂ ਦੇ ਹਾਸੇ ਸੁਣੀਏ ਤੇ ਹੈਰਾਨ ਹੋਈਏ ਕਿ ਉਹ ਕਿਸ ਗੱਲ ਤੇ ਹਸਦੀਆਂ ਨੇ।'

'ਪਰ ਬਾਹਰ ਤਾਂ ਬਹੁਤ ਭੀੜ ਹੈ।' ਮੈਂ ਕਿਹਾ ਤਾਂ ਚੰਦਨ ਦ੍ਰਿੜ੍ਹਤਾ ਨਾਲ ਬੋਲਿਆ—

'ਆਪਾਂ ਭੀੜ ਨੂੰ ਚੀਰ ਕੇ ਅਗੇ ਲੰਘ ਜਾਵਾਂਗੇ ਦੋਸਤ।'

'ਪਰ ਇਹ ਤਾਂ ਦਿਸ਼ਾਹੀਨ ਭੀੜ ਹੈ।'

'ਦਰੁਸਤ।' ਚੰਦਨ ਦੀ ਠੋਸ ਆਵਾਜ਼ ਗੂੰਜੀ--

'ਆਖਿਰ ਲੇਖਕ ਨੇ ਹੀ ਇਸ ਭੀੜ ਨੂੰ ਦਿਸ਼ਾ ਦਸਣੀ ਹੈ ਨਾ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ ਨਾਲ ਇਕ ਮੁਲਾਕਾਤ

—ਦੇਵਿੰਦਰ ਚੰਦਨ

ਨਵੇਂ ਰਿਸ਼ਤਿਆਂ ਦੀ ਭਾਲ ਵਿਚ ਤੁਰੇ, ਕੱਚੇ ਘਰਾਂ, ਕੱਖਾਂ ਕਾਨਾਂ ਅਤੇ ਦਰਿਆਵਾਂ ਦਾ ਸਫ਼ਰ ਗਾਹ ਮਨੁੱਖੀ ਕਦਰਾਂ-ਕੀਮਤਾਂ ਦੀ ਭਾਲ ਵਿਚ ਸ਼ਤਰੰਜ ਦੀ ਬਾਜ਼ੀ ਖੇਲਣ ਵਾਲਾ ਸਵਰਨ ਚੰਦਨ ਖ਼ਾਲੀ ਪਲਾਂ ਦੀ ਸਾਂਝ ਲਈ ਪੁੰਨ ਦੇ ਸਾਕ ਅਤੇ ਉਜੜੇ ਖੂਹਾਂ ਦੀਆਂ ਬਾਤਾਂ ਵੀ ਪਾਉਂਦਾ ਹੈ। ਆਪਣੀ ਧਰਤੀ ਵਿਚ ਭਾਵੇਂ ਉਹ ਚਾਨਣ ਦੀ ਲਕੀਰ ਦਾ ਜ਼ਿਕਰ ਕਰੇ ਭਾਵੇਂ ਦੂਸਰੇ ਪੜਾਅ ਦਾ, ਸੰਵੇਦਨਾ ਤੇ ਸਾਹਿਤ ਉਸਦੀ ਸੋਚ ਦੇ ਸਾਹਵੇਂ ਆ ਹੀ ਖੜੋਂਦੇ ਹਨ ਉਹ ਆਪਣੇ ਆਪ ਨਾਲ ਜਾਂ ਆਪਣੇ ਪਾਠਕਾਂ ਨਾਲ ਸਾਹਿਤਕ ਸੰਵਾਦ ਛੋਹ ਬਹਿੰਦਾ ਹੈ। ਏਸੇ ਸੰਵਾਦ ਵਿਚੋਂ ਹੀ ਉਸਦੇ ਜ਼ਿਹਨ ਵਿਚ ਉਕਰੇ 'ਲਾਲ ਚੌਕ' ਦੇ ਨਕਸ਼ੇ ਦਾ ਵੀ ਦੀਦਾਰ ਹੁੰਦਾ ਹੈ। ਸਾਹਿਤ ਸਿਰਜਣਾ ਏਸ ਲੇਖਕ ਲਈ ਜ਼ਿਹਨੀ ਆਯਾਸ਼ੀ ਨਹੀਂ, ਇਸ ਦੀ ਜ਼ਿੰਦਗੀ ਦੀ ਰੋਟੀ ਹੈ। ਉਹ ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਮੁਦੱਈ ਹੈ। ਉਸਦਾ ਕਹਿਣਾ ਹੈ ਇਹ ਵਾਦ ਉਸ ਨੇ ਜ਼ਿਹਨੀ ਸ਼ੌਕ ਫਜ਼ੋਂ, ਜਾਂ ਆਪਣੀ ਬੌਧਿਕਤਾ ਦਾ ਪ੍ਰਭਾਵ ਪਾਉਣ ਲਈ ਨਹੀਂ ਅਪਣਾਇਆ, ਉਸਦੀ ਜ਼ਿੰਦਗੀ ਦੇ ਆਰਥਿਕ ਸਮਾਜਕ ਹਾਲਾਤ ਨੇ ਉਸ ਨੂੰ ਇਸ ਦੇ ਰੂ-ਬ-ਰੂ ਕੀਤਾ। ਜ਼ਿੰਦਗੀ ਦੇ ਅਮਲ ਵਿਚ ਇਹ ਲੇਖਕ ਜਿਨਾ ਕੋਮਲ ਜਿਹਾ ਖੁਸ਼ ਰਹਿਣਾ ਜਿਹਾ ਨਜ਼ਰ ਆਉਂਦਾ ਹੈ ਰਚਨਾ ਦੇ ਅਮਲ ਵਿਚ ਇਹ ਓਨਾ ਹੀ ਨਿਰਦਈ ਅਤੇ ਗੰਭੀਰ ਜਾਪਦਾ ਹੈ। ਉਹ ਜ਼ਿੰਦਗੀ ਦੇ ਹਰ ਰਿਸ਼ਤੇ ਨੂੰ ਸਮਾਜਕ ਸਿਸਟਮ ਦੇ ਸੰਦਰਭਾਂ ਅਤੇ ਪ੍ਰਸੰਗਾਂ ਵਿਚ ਪਰਿਭਾਸ਼ਿਤ ਕਰਦਾ ਹੈ ਪਰੰਤੂ ਸਮਾਜਕ ਸਿਸਟਮ ਵਿਚ ਜੋ ਕੁਰੀਤੀਆਂ ਹਨ ਉਹਨਾਂ ਨੂੰ ਬਦਲਣ ਦਾ ਵੀ ਚਾਹਵਾਨ ਹੈ। ਸਾਹਿਤਕ ਮਸਲਿਆਂ ਬਾਰੇ ਇਹ ਘੰਟਿਆਂ ਬੱਧੀ ਬੋਲ ਸਕਦਾ ਹੈ, ਪਰੰਤੂ ਸੰਜੀਦਗੀ ਦਾ ਪੱਲਾ ਹਥੋਂ ਨਹੀਂ ਛੱਡਦਾ। ਏਸ ਸੰਜੀਦਾ ਲੇਖਕ ਪਰ ਕੋਮਲ ਇਨਸਾਨ ਨਾਲ ਸੰਜੀਦਾ ਗੱਲਬਾਤ ਕਰਨ ਦਾ ਮੈਨੂੰ ਵੀ ਅਵਸਰ ਮਿਲਿਆ ਹੈ ਜਿਸ ਵਿਚੋਂ ਪੈਦਾ ਹੋਏ ਮਸਲੇ ਪਾਠਕਾਂ ਸਾਹਵੇਂ ਪੇਸ਼ ਹਨ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ : ਚੰਦਨ ਜੀ ! ਤੁਹਾਡੀ ਜ਼ਿੰਦਗੀ ਬਾਰੇ ਏਨਾ ਕੁਝ ਸੁਣ ਕੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਦੇ ਯਥਾਰਥ ਨੂੰ ਜ਼ਿੰਦਗੀ ਦੇ ਸਾਹਿਤ ਵਿਚ ਬਦਲਣ ਦੀ ਜਦੋਜਹਿਦ ਕੀਤੀ ਹੈ । ਏਸ ਜਦੋ ਜਹਿਦ ਪਿੱਛੇ ਕੋਈ ਪ੍ਰੇਰਣਾ ਸੀ, ਕੋਈ ਅਨੁਭਵ ਸੀ ਜਾਂ ਕੋਈ ਮਜਬੂਰੀ ?

ਸ : ਦੇਵਿੰਦਰ ਜੀ ! ਸਾਹਿਤ ਦੀ ਪ੍ਰਥਮ ਸ਼ਰਤ ਇਹ ਹੈ ਕਿ ਸਾਹਿਤ ਜੀਵਨ ਦੇ ਯਥਾਰਥ ਦੀ ਪੁਨਰ ਪੇਸ਼ਕਾਰੀ ਕਰਦਾ ਹੈ । ਪਰ ਇਹ ਪੇਸ਼ਕਾਰੀ ਹੂ-ਬ-ਹੂ ਜਾਂ ਫੋਟੋਗ੍ਰਾਫਿਕ ਕਿਸਮ ਦੀ ਨਹੀਂ ਹੁੰਦੀ । ਯਥਾਰਥ ਸਾਡੇ ਸਾਹਮਣੇ ਹੈ, ਕੋਹਾਂ ਤੀਕ ਪਸਰਿਆ ਹੁੰਦਾ ਹੈ ਪਰੰਤੂ ਸਾਹਿਤ ਵਿਚ ਉਸਦੀ ਪੇਸ਼ਕਾਰੀ ਸਮੇਂ ਸਾਨੂੰ ਉਹਦੇ ਵਿਚੋਂ ਬੜਾ ਕੁਝ ਤਿਆਗਣਾ ਅਤੇ ਕੁਝ ਜ਼ਰੂਰੀ ਚੁਣਨਾ ਪੈਂਦਾ ਹੈ । ਸਾਹਿਤ ਦਰਅਸਲ ਸਮਕਾਲਤਾ ਦਾ ਆਲੋਚਨਾਤਮਕ ਯਥਾਰਥ ਦੀ ਦ੍ਰਿਸ਼ਟੀ ਤੋਂ ਪੁਨਰ ਅਧਿਐਨ ਹੈ ।

ਦੇ : ਆਲੋਚਨਾਤਮਕ ਯਥਾਰਥਵਾਦ ਨੂੰ ਤੁਸੀਂ ਕਿਵੇਂ ਪਰਿਭਾਸ਼ਿਤ ਕਰੋਗ ?

ਸ : ਪਹਿਲੀ ਗੱਲ ਤਾਂ ਇਹ ਹੈ ਕਿ ਯਥਾਰਥਵਾਦ ਦਾ ਇਹ ਪ੍ਰਾਵਰਗੀ ਸੰਕਲਪ ਅੱਜ ਕੋਈ ਨਵਾਂ ਪੈਦਾ ਨਹੀਂ ਹੋਇਆ ਬਲਕਿ ਬਰਤਾਨੀਆਂ ਵਿਚ ਉਦਯੋਗਿਕ-ਕ੍ਰਾਂਤੀ ਦੇ ਨਾਲ ਹੀ ਯਥਾਰਥਵਾਦੀ ਨਾਵਲ, ਕਹਾਣੀਆਂ ਰਚੇ ਜਾਣ ਲਗ ਪਏ ਸਨ ਪਰੰਤੂ ਉਦੋਂ ਦਾ ਯਥਾਰਥਵਾਦ, ਪ੍ਰਾਕਿਰਤਿਕ ਵਾਸਵਿਕਤਾ ਦੇ ਬਹੁਤ ਨੇੜੇ ਸੀ । ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਜੀਵਨ ਦਾ ਯਥਾਰਥ ਹੂ-ਬ-ਹੂ ਕਲਾ ਦੀ ਵਸਤੂ ਨਹੀਂ ਬਣਦਾ । ਤਾਂ ਇਸਦਾ ਅਰਥ ਇਹ ਹੈ ਕਿ ਉਸ ਯਥਾਰਥ ਵਿਚੋਂ ਸਾਨੂੰ ਚੋਣ ਕਰਨੀ ਪੈਂਦੀ ਹੈ ਪਰ ਕਲਾ ਦੇ ਅੰਤਰਗਤ ਪੇਸ਼ ਕੀਤਾ ਜਾਣ ਵਾਲਾ ਯਥਾਰਥ ਚੁਣਿਆ ਜਾਣ ਦੇ ਬਾਵਜੂਦ ਰਚਨਾਕਾਰ ਕੋਲੋਂ ਆਲੋਚਨਾਤਮਕ ਦ੍ਰਿਸ਼ਟੀ ਦੀ ਮੰਗ ਕਰਦਾ ਹੈ । ਕਹਿਣ ਤੋਂ ਭਾਵ ਇਹ ਹੈ ਕਿ ਯਥਾਰਥ ਨੂੰ ਪੁਨਰ ਪ੍ਰਸਤੁਤ ਕਰ ਰਿਹਾ ਰਚਨਾਕਾਰ ਉਹਦੇ ਕਾਰਨਾਂ ਪ੍ਰਤੀ ਸਦਾ ਰੁਚਿਤ ਰਹਿੰਦਾ ਹੈ । ਇਸ ਤਰ੍ਹਾਂ ਨਾਲ ਜਿਥੇ ਉਹ ਯਥਾਰਥ ਨੂੰ ਕਲਾਤਮਕ ਅਭਿਵਿਅਕਤੀ ਦੇਂਦਾ ਹੈ ਉਥੇ ਪਾਤਰਾਂ ਰਾਹੀਂ ਪਰਿਸਥਿਤੀਆਂ ਅਤੇ ਵਿਸੰਗਤੀਆਂ ਬਾਰੇ ਆਪਣਾ ਕ੍ਰਿਟੀਕ ਵੀ ਪੇਸ਼ ਕਰੀ ਜਾਂਦਾ ਹੈ । ਪਰ ਹੁਣ ਤਾਂ ਗੱਲ ਆਲੋਚਨਾਤਮਕ ਯਥਾਰਥ ਤੋਂ ਵੀ ਅੱਗੇ ਲੰਘ ਆਈ ਹੈ ਜਿਸਨੂੰ ਮਹਾਨ ਰੂਸੀ ਲੇਖਕ ਮੈਕਸਿਮ ਗੋਰਕੀ ਨੇ ਸਮਾਜਵਾਦੀ ਯਥਾਰਥਵਾਦ ਦਾ ਨਾਂ ਦਿਤਾ ਸੀ । ਇਸਦਾ ਅਰਥ ਇਹ ਹੈ ਕਿ ਅਸੀਂ ਯਥਾਰਥ ਦਾ ਸਿਰਫ ਕ੍ਰਿਟੀਟ ਹੀ ਪੇਸ਼ ਨਹੀਂ ਕਰਨਾ ਬਲਕਿ ਉਹਨੂੰ ਬਦਲ ਦੇਣ ਵਲ ਰੁਚਿਤ ਵੀ ਹੋਣਾ ਹੈ ।

ਦੇ : ਬਦਲ ਦੇਣ ਵਾਲੀ ਗੱਲ ਨੂੰ ਤੁਸੀਂ ਕਿਹੜੇ ਸੰਦਰਭ ਵਿਚ ਵਿਚਾਰੋਗੇ । ਵਿਕਾਸਵਾਦ ਦੇ ਅਰਥਾਂ ਵਿਚ, ਜਾਂ ਸਿਰਫ ਬਦਲ ਦੇਣ ਦੇ ਅਰਥਾਂ ਵਿਚ ਜਾਂ ਕਿਸੇ ਹੋਰ ਅਰਥਾਂ ਵਿਚ ?

ਸ : ਜਿਥੋਂ ਤਕ ਸਮਾਜਕ ਯਥਾਰਥ ਨੂੰ ਬਦਲਣ ਦਾ ਸੁਆਲ ਹੈ, ਇਹਨੂੰ ਵੀ ਠੀਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਦਰਭਾਂ ਵਿਚ ਪਛਾਣਨਾ ਹੋਵੇਗਾ। ਬਦਲਣ ਤੋਂ ਮੁਰਾਦ ਇਹ ਨਹੀਂ ਕਿ 'ਜੋ ਹੈ' ਨੂੰ 'ਜੋ ਨਹੀਂ ਹੈ' ਵਿਚ ਬਦਲ ਦਿਓ। ਬਲਕਿ ਇਸਨੂੰ ਸਮਾਜ ਦੇ ਅਗਲੇਰੇ ਵਿਕਾਸ ਵਲ ਲੈ ਜਾਣਾ ਹੈ। ਉਂਜ ਤਾਂ ਅਸੀਂ ਜਾਣਦੇ ਹਾਂ ਕਿ ਸਮਾਜਕ ਵਿਕਾਸ ਦੀ ਪ੍ਰਕਿਰਿਆ ਨਿਰੰਤਰ ਗਤੀਸ਼ੀਲ ਹੈ। ਇਹ ਯਥਾਰਥ ਮਨੁੱਖੀ ਦਖ਼ਲ ਤੋਂ ਬਿਨਾਂ ਵੀ ਬਦਲ ਰਿਹਾ ਹੈ ਕਿਉਂਕਿ ਪਦਾਰਥ ਦੀ ਹੋਂਦ-ਵਿਧੀ ਹੀ ਉਹਦੀ ਗਤੀਸ਼ੀਲਤਾ ਹੈ ਪਰ ਜਦੋਂ ਅਸੀਂ ਮਨੁੱਖੀ ਦਖ਼ਲ ਰਾਹੀਂ ਯਥਾਰਥ ਨੂੰ ਬਦਲਣ ਦੀ ਗੱਲ ਕਰਦੇ ਹਾਂ ਤਾਂ ਸਾਡਾ ਮਤਲਬ ਉਸ ਸਮਾਜਕ ਆਰਥਿਕ ਕ੍ਰਾਂਤੀ ਤੋਂ ਹੁੰਦਾ ਹੈ ਜਿਸਨੇ ਮਨੁੱਖੀ ਰਿਸ਼ਤਿਆਂ ਨੂੰ ਨਵਾਂ ਰੂਪ ਦੇਣਾ ਹੈ।

ਦੇ : ਸਮਾਜਕ ਆਰਥਿਕ ਕ੍ਰਾਂਤੀ ਦੇ ਆ ਜਾਣ ਨਾਲ ਕੀ ਜ਼ਰੂਰੀ ਹੈ ਮਨੁੱਖੀ ਮਾਨਸਿਕਤਾ ਵਿਚ ਵੀ ਪਰਿਵਰਤਨ ਆ ਜਾਵੇ ?

ਸ : ਨਹੀਂ ! ਇਹ ਹਰਗਿਜ਼ ਜ਼ਰੂਰੀ ਨਹੀਂ ਕਿ ਇਹ ਪਰਿਵਰਤਨ ਇਕ ਤੋਂ ਬਾਅਦ ਦੋ ਵਾਂਗ ਇਕ ਦਮ ਹੀ ਆ ਜਾਵੇਗਾ। ਦਰਅਸਲ ਆਰਥਿਕਤਾ ਕਿਸੇ ਸਮਾਜ ਦੀ ਉਹ ਨੀਂਹ ਹੈ ਜਿਸ ਉਤੇ ਸਮਾਜ ਦਾ ਬਾਕੀ ਉਸਾਰ ਜਿਵੇਂ ਕਾਨੂੰਨ, ਫਲਸਫਾ ਅਤੇ ਹੋਰ ਸੰਸਥਾਵਾਂ ਉਸਰਦੀਆਂ ਹਨ। ਨੀਂਹ ਦੇ ਬਦਲਣ ਦਾ ਅਰਥ ਹੈ, ਉਪਜ ਦੇ ਮੂਲ ਰਿਸ਼ਤੇ ਬਦਲ ਗਏ ਹਨ, ਪਰ ਉਸਾਰ ਵਿਚ ਤਬਦੀਲੀ ਹੌਲੀ ਹੌਲੀ ਵਾਪਰਦੀ ਹੈ। ਖ਼ਾਸ ਕਰਕੇ ਵਿਚਾਰਧਾਰਕ ਪਰਿਪੇਖਾਂ ਵਿਚ।

ਦੇ : ਨੀਂਹ ਤੋਂ ਤੁਹਾਡਾ ਭਾਵ ਕੀ ? ਤੇ ਸਿਸਟਮ ਤੋਂ ਕੀ ਹੈ ?

ਸ : ਕਿਸੇ ਹੱਦ ਤਕ ਕਿਸੇ ਸਮਾਜ ਦਾ ਸਮੁੱਚਾ ਸਿਸਟਮ, ਜਿਸ ਨੂੰ ਪ੍ਰਬੰਧ ਵੀ ਕਿਹਾ ਜਾ ਸਕਦਾ ਹੈ, ਨੀਂਹ ਤੇ ਪਰਉਸਾਰ ਦਾ ਉਹ ਜਮ੍ਹਾਂਜੋੜ ਹੈ ਜਿਹੜਾ ਜਿਥੇ ਬਾਹਰੀ ਵਿਰੋਧਤਾਈਆਂ ਤੋਂ ਪ੍ਰਭਾਵਿਤ ਹੁੰਦਾ ਹੈ ਉਥੇ ਉਸ ਦੇ ਅੰਦਰ ਵੀ ਇਹ ਵਿਰੋਧਤਾਈਆਂ ਨਿਰੰਤਰ ਗਤੀਸ਼ੀਲਤਾ ਦੀ ਅਵਸਥਾ ਵਿਚ ਰਹਿੰਦੀਆਂ ਹਨ। ਬਾਕੀ ਦੇ ਉਪ-ਸਿਸਟਮ ਦਰਅਸਲ ਇਸ ਸਿਸਟਮ ਦੀਆਂ ਇਕਪਰਤੀ ਜਾਂ ਬਹੁਪਰਤੀ ਸ਼ਾਖ਼ਾਵਾਂ ਕਹੀਆਂ ਜਾ ਸਕਦੀਆਂ ਹਨ।

ਦੇ : ਜਿਥੋਂ ਤਕ ਸੰਰਚਨਾਵਾਦੀ ਚਿੰਤਨ-ਦ੍ਰਿਸ਼ਟੀ ਦਾ ਤਾਅਲੁਕ ਹੈ, ਉਹ ਸਿਸਟਮ ਨੂੰ ਲਗਭਗ ਅਬਦਲ ਮੰਨਦੀ ਹੈ। ਇਸ ਦ੍ਰਿਸ਼ਟੀ ਅਨੁਸਾਰ ਉਸਾਰਾਂ ਵਿਚ ਜਾਂ ਸੰਰਚਨਾਵਾਂ ਵਿਚ ਤਬਦੀਲੀ ਤਾਂ ਵਾਪਰਦੀ ਹੈ ਪਰ ਸਿਸਟਮ ਅਬਦਲ ਰਹਿੰਦਾ ਹੈ ਜਾਂ ਬਹੁਤ ਹੌਲੀ ਬਦਲਦਾ ਹੈ, ਏਨੀ ਹੌਲੀ ਕਿ ਲਗਭਗ ਅਬਦਲ ਹੀ ਰਹਿੰਦਾ ਹੈ। ਇਸ ਵਿਚਾਰ ਦੇ ਸੰਦਰਭ ਵਿਚ ਤੁਸੀਂ ਆਪਣਾ ਮਤ ਕਿਵੇਂ ਪੇਸ਼ ਕਰਨਾ ਚਾਹੋਗੇ ?

ਸ : ਦਰਅਸਲ ਮੇਰਾ ਜਾਂ ਤੇਰਾ ਮਤ ਦਾ ਸੁਆਲ ਇਕ ਬੁਰਜੂਆ ਸੁਆਲ ਹੈ ਜਿੱਥੇ ਮਨੁੱਖ ਆਪਣਾ ਜ਼ਾਤੀ ਮਤ ਜਾਂ ਜ਼ਾਤੀ ਸਿਸਟਮ ਉਸਾਰਨ ਲਈ ਆਜ਼ਾਦ ਹੈ, ਜਦੋਂ ਕਿ ਵਿਗਿਆਨਕ ਨਜ਼ਰੀਏ ਤੋਂ ਇਹ ਇਕ ਸ਼ਰਾਰਤ ਹੈ। ਉਹ ਲੋਕ ਜਿਹੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਭਿਆਚਾਰਕ ਸਿਸਟਮ ਨੂੰ ਅਬਦਲ ਮੰਨਦੇ ਹਨ ਦਰਅਸਲ ਇਸ ਵਿਚਾਰ ਦੇ ਧਾਰਨੀ ਹਨ ਕਿ ਨਿੱਕੀਆਂ ਮੋਟੀਆਂ ਤਬਦੀਲੀਆਂ ਤਾਂ ਵਾਪਰ ਸਕਦੀਆਂ ਹਨ ਪਰ ਸਮਾਜਵਾਦੀ ਇਨਕਲਾਬ ਕਦੇ ਨਹੀਂ ਵਾਪਰ ਸਕਦਾ। ਸਿਸਟਮ ਨੂੰ ਅਬਦਲ ਰੱਖਣ ਦਾ ਇਹ ਦਾਅਵਾ ਅਚਿੰਤੇ ਹੀ ਬੁਰਜੂਆ ਸਥਾਪਨਾ ਅਤੇ ਇਹਦੀ ਲਗਾਤਾਰਤਾ ਦਾ ਸਮਰਥਕ ਹੋ ਨਿਬੜਦਾ ਹੈ ਅਤੇ ਏਸ ਗੱਲ ਤੋਂ ਵੀ ਇਨਕਾਰੀ ਹੋ ਜਾਂਦਾ ਹੈ ਅਜੋਕਾ ਮਨੁੱਖੀ ਸਮਾਜ ਕਬੀਲਾ ਯੁੱਗ, ਗੁਲਾਮ ਯੁੱਗ, ਭੂਪਵਾਦੀ ਯੁੱਗ ਅਤੇ ਪੂੰਜੀਵਾਦੀ ਯੁੱਗ ਤਕ ਬਦਲਿਆ ਹੈ। ਜਦੋਂ ਕਿ ਵਿਗਿਆਨਿਕ ਸੱਚ ਇਹ ਹੈ ਕਿ ਪਦਾਰਥ ਦੀ ਹੋਂਦ ਗਤੀਸ਼ੀਲ ਹੈ ਅਤੇ ਅਸੀਂ ਇਕ ਅਵਸਥਾ ਤੋਂ ਦੂਜੀ ਅਵਸਥਾ ਵਿਚ ਪਹੁੰਚਦੇ ਹਾਂ ਤਾਂ ਇਕ ਨਵਾਂ ਸਿਸਟਮ ਪੈਦਾ ਹੁੰਦਾ ਹੈ। ਸਾਨੂੰ ਏਸੇ ਸੰਦਰਭ ਵਿਚ ਅਜੋਕੀਆਂ ਰੂਪਵਾਦੀ, ਸੰਰਚਨਾਵਾਦੀ, ਨਵਸੰਰਚਨਾਵਾਦੀ ਸਮੀਖਿਆ ਦ੍ਰਿਸ਼ਟੀਆਂ ਦੀ ਗੱਲ ਕਰਨੀ ਚਾਹੀਦੀ ਹੈ। ਇਹਨਾਂ ਸਮੀਖਿਆ ਦ੍ਰਿਸ਼ਟੀਆਂ ਦੇ ਸਮਰਥਕ ਕਿਉਂਕਿ ਭਾਸ਼ਾ ਦੇ ਸਿਸਟਮ ਨੂੰ ਅਬਦਲ ਮੰਨਦੇ ਹਨ ਅਤੇ ਏਸ ਸਿਸਟਮ ਨੂੰ ਸਮੁੱਚੇ ਸਮਾਜਕ ਸਿਸਟਮ ਨਾਲ ਖਲਤ ਮਲਤ ਕਰ ਦੇਂਦੇ ਹਨ ਅਤੇ ਇਸ ਲਈ ਸਾਬਤ ਇਹ ਕਰਦੇ ਹਨ ਕਿ ਪਰਿਵਰਤਨ ਕੇਵਲ ਵਿਚਾਰਧਾਰਕ ਪੱਧਰ ਤੇ ਹੀ ਵਾਪਰਦੇ ਹਨ ਨਾ ਕਿ ਸਮਾਜ ਦੀ ਨੀਂਹ ਜਾਂ ਸਮੁੱਚੇ ਉਸਾਰ ਵਿਚ।

ਦੇ : ਯੁੱਗ ਬਦਲਣ ਦੀ ਗੱਲ ਮੇਰੀ ਨਜ਼ਰ ਵਿਚ ਵਿਗਿਆਨਕ ਦ੍ਰਿਸ਼ਟੀ ਨਾਲੋਂ ਵਧੇਰੇ ਇਤਿਹਾਸਕ ਦ੍ਰਿਸ਼ਟੀ ਦੀ ਹੈ। ਤੁਹਾਡਾ ਕੀ ਵਿਚਾਰ ਹੈ ?

ਸ : ਵਿਗਿਆਨਕ ਦ੍ਰਿਸ਼ਟੀ ਨੂੰ ਜਦੋਂ ਮਨੁਖੀ ਵਿਕਾਸ ਦੇ ਇਤਿਹਾਸ ਤੇ ਢੁਕਾਇਆ ਜਾਂਦਾ ਹੈ ਤਾਂ ਇਸ ਨੂੰ ਇਤਿਹਾਸਕ ਦ੍ਰਿਸ਼ਟੀ ਜਾਂ ਫਿਰ ਇਤਿਹਾਸਕ ਪਦਾਰਥਵਾਦ ਦਾ ਨਾਂ ਦਿੱਤਾ ਜਾਂਦਾ ਹੈ। ਵਿਗਿਆਨਕ ਦ੍ਰਿਸ਼ਟੀ ਨੂੰ ਅਸੀਂ ਦਵੰਦਵਾਦੀ ਪਦਾਰਥਵਾਦੀ ਦ੍ਰਿਸ਼ਟੀ ਕਹਿੰਦੇ ਹਾਂ। ਇਹ ਉਹ ਵਿਧੀ ਵਿਗਿਆਨ ਹੈ ਜਿਸ ਨਾਲ ਅਸੀਂ ਕਿਸੇ ਵਸਤੂ ਜਾਂ ਵਰਤਾਰੇ ਦਾ ਸਹੀ ਵਿਸ਼ਲੇਸ਼ਣ ਅਤੇ ਮੁਲੰਕਣ ਕਰਨ ਵਿਚ ਸਮਰਥ ਹੁੰਦੇ ਹਾਂ। ਇਹੋ ਵਿਧੀ ਵਿਗਿਆਨ ਜਦੋਂ ਸਮਾਜ ਦੇ ਵਿਕਾਸ ਤੇ ਆਰੋਪਿਤ ਕੀਤਾ ਜਾਂਦਾ ਹੈ ਤਾਂ ਸਾਨੂੰ ਸਮਾਜ ਦੇ ਵਿਕਾਸ ਦੀ ਦਿਸ਼ਾ ਦਾ ਤਰਕਸੰਗਤ ਗਿਆਨ ਹੁੰਦਾ ਹੈ।

ਦੇ : ਜੇ ਦਵੰਦਵਾਦੀ ਪਦਾਰਥਵਾਦੀ ਦ੍ਰਿਸ਼ਟੀ ਬਿਲਕੁਲ ਸਹੀ ਹੁੰਦੀ ਤਾਂ ਬਾਅਦ ਵਿਚ ਸੰਰਚਨਾਵਾਦੀ ਵਿਧੀਆਂ ਦੀ ਲੋੜ ਨਾ ਪੈਂਦੀ। ਇਹ ਵੀ ਇਕ ਇਤਿਹਾਸਕ ਸੱਚ ਹੈ ਕਿ ਮਾਰਕਸਵਾਦ ਤੋਂ ਬਾਅਦ ਸੰਰਚਨਾਵਾਦ ਹੋਂਦ ਵਿਚ ਆਇਆ। ਇਹ ਵੀ ਤਾਂ ਇਤਿਹਾਸ ਦੀ ਗਤੀਸ਼ੀਲਤਾ ਹੀ ਹੈ ?

ਸ : ਅਸਲ ਵਿਚ ਮਾਰਕਸਵਾਦ ਏਡਾ ਵਿਰਾਟ ਤੇ ਵੱਡਾ ਸਿਸਟਮ ਹੈ ਜੋ ਸਮੁੱਚੇ ਪਦਾਰਥ ਨੂੰ ਆਪਣੀ ਪਕੜ ਵਿਚ ਲੈਂਦਾ ਹੈ। ਇਹ ਨਾ ਸਿਰਫ ਸਾਹਿਤ ਬਲਕਿ ਸਮੁੱਚੇ ਰੂਪ ਵਿਚ ਵਸਤਾਂ ਤੇ ਵਰਤਾਰਿਆਂ ਦੇ ਵਿਕਾਸ ਦੇ ਸਾਧਾਰਣੀਕ੍ਰਿਤ ਨੇਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਾਰਦਾ ਹੋਇਆ ਵਿਕਾਸ ਦੀ ਪ੍ਰਕਿਰਿਆ ਅਤੇ ਇਸਦੀ ਅਗਲੀ ਪੱਧਰ ਨੂੰ ਸਾਡੇ ਸਨਮੁਖ ਪੇਸ਼ ਕਰਦਾ ਹੈ। ਸੰਰਚਨਾਵਾਦ ਇਕ ਵਿਧੀ ਹੈ ਜਿਸ ਨਾਲ ਅਸੀਂ ਸਾਹਿਤ, ਜਾਂ ਬਹੁਤ ਸਾਰੇ ਦੂਜੇ ਵਿਗਿਆਨਾਂ ਦਾ ਵਿਸਤਰਿਤ ਅਧਿਐਨ ਕਰ ਸਕਦੇ ਹਾਂ। ਕਿਸੇ ਇਕ ਵਿਧੀ ਨੂੰ ਕਿਸੇ ਇਕ ਵਿਆਪਕ ਜੀਵਨ ਫਲਸਫੇ ਦੇ ਬਰਾਬਰ ਮੰਨ ਲੈਣਾ ਸਾਡੀ ਗਲਤੀ ਹੋਵੇਗੀ। ਹਾਲਾਂਕਿ ਅਸੀਂ ਜਾਣਦੇ ਹਾਂ ਕਿ ਸਾਹਿਤ ਵਿਚ ਮਾਰਕਸ-ਵਾਦੀ ਚਿੰਤਕਾਂ ਦੀਆਂ ਹੀ ਕਮਜ਼ੋਰੀਆਂ ਕਾਰਨ ਪਹਿਲਾਂ ਰੂਪਵਾਦ ਫੇਰ ਸੰਰਚਨਾਵਾਦ ਅਤੇ ਇਨ੍ਹਾਂ ਦੇ ਸਮਾਨੰਤਰ ਹੀ ਭਾਸ਼ਾ ਵਿਗਿਆਨਕ ਵਿਧੀਆਂ ਪੈਦਾ ਹੋਈਆਂ। ਮਾਰਕਸੀ ਸਮੀਖਿਆ ਨੇ ਵਸਤੂ ਉਤੇ ਇਸ ਕਦਰ ਬਲ ਦਿਤਾ ਕਿ ਰੂਪ ਨੂੰ ਬਿਲਕੁਲ ਹੀ ਅੱਖੋਂ ਪਰੋਖੇ ਕਰ ਦਿਤਾ ਸਿੱਟੇ ਵਜੋਂ ਰੂਪ-ਵਿਗਿਆਨਕ ਅਧਿਐਨ ਲਈ ਇਹਨਾਂ ਨਵੀਆਂ ਸਮੀਖਿਆ-ਦ੍ਰਿਸ਼ਟੀਆਂ ਦਾ ਪੈਦਾ ਹੋਣਾ ਜ਼ਰੂਰੀ ਹੋ ਗਿਆ, ਪਰ ਸਮਾਂ ਪਾ ਕੇ ਉਹੋ ਉਲਾਰ ਇਹਨਾਂ ਸਮੀਖਿਆ ਦ੍ਰਿਸ਼ਟੀਆਂ ਵਿਚ ਵੀ ਵਾਪਰਿਆ ਜਦੋਂ ਇਹਨਾਂ ਸਾਰਾ ਹੀ ਬਲ ਸਾਹਿਤ ਦੇ ਰੂਪ ਤੇ ਦਿਤਾ ਤੇ ਵਸਤੂ ਤੋਂ ਅੱਖਾ ਮੀਟ ਲਈਆਂ। ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਮਨੁੱਖਤਾ ਕਦੇ ਵੀ ਆਪਣੇ ਲਈ ਅਜਿਹਾ ਕਾਰਜ ਸੈਟ ਨਹੀਂ ਕਰਦੀ ਜਿਸਦਾ ਉਸਨੂੰ ਕੋਈ ਲਾਭ ਨਾ ਹਵੇ। ਇਸ ਦ੍ਰਿਸ਼ਟੀ ਤੋਂ ਦੇਖਿਆਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਉਪਰੋਕਤ ਆਲੋਚਨਾ ਦ੍ਰਿਸ਼ਟੀਆਂ ਵਿਚ ਬਹੁਤ ਕੁਝ ਅਜੇਹਾ ਹੈ ਜਿਸ ਨੂੰ ਅਸੀਂ ਆਪਣੇ ਸਾਹਿਤਿਕ ਵਿਰਸੇ ਨੂੰ ਗ਼ਰੀਬ ਕੀਤਿਉਂ ਬਗੈਰ ਛੱਡ ਨਹੀਂ ਸਕਦੇ। ਇਸ ਲਈ ਸਾਨੂੰ ਪੰਜਾਬੀ ਸਾਹਿਤ ਦੇ ਵਿਸ਼ਲੇਸ਼ਣ ਅਤੇ ਮੁਲੰਕਣ ਲਈ ਇਹਨਾਂ ਸਮੀਖਿਆ-ਦ੍ਰਿਸ਼ਟੀਆਂ ਦੀਆਂ ਸਾਰਥਕ ਪ੍ਰਾਪਤੀਆਂ ਲੈ ਕੇ ਦਵੰਦਾਤਮਕ ਪਦਾਰਥਕ ਨਜ਼ਰੀਏ ਤੋਂ ਅੱਗੇ ਵਧਣਾ ਪਵੇਗਾ।

ਦੇ : ਚੰਦਨ ਜੀ! ਤੁਸੀਂ ਇਕ ਆਲੋਚਕ ਵੀ ਹੋ ਏਸ ਲਈ ਪੁੱਛਣਾ ਚਾਹਵਾਂਗੀ ਕਿ ਸਿਰਜਨਾ ਵੇਲੇ ਵੀ ਤੁਸੀਂ ਆਪਣੇ ਅੰਦਰ ਦੀਆਂ ਆਲੋਚਨਾਤਮਕ ਦ੍ਰਿਸ਼ਟੀਆ ਨੂੰ ਜ਼ਿਹਨ ਵਿਚ ਰਖਦੇ ਹੋ?

ਸ : ਸਿਰਜਣ-ਪ੍ਰਕਿਰਿਆ ਦੌਰਾਨ ਇਹ ਸਾਰੀਆਂ ਸਮੀਖਿਆ-ਦ੍ਰਿਸ਼ਟੀਆਂ ਮੇਰੇ ਸਿਰ ਵਿਚ ਨਹੀਂ ਹੁੰਦੀਆਂ। ਉਦੋਂ ਤਾਂ ਸਿਰਫ ਮੇਰੇ ਪਾਤਰ, ਸਥਿਤੀਆਂ ਅਤੇ ਜੀਵਨ ਦਾ ਯਥਾਰਥ ਹੀ ਮੇਰੇ ਸਨਮੁਖ ਹੁੰਦਾ ਹੈ, ਪਰੰਤੂ ਰਚਨ-ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਆਪਣੇ ਪਾਤਰਾਂ, ਸਥਿਤੀਆਂ ਅਤੇ ਸਮਾਜਕ ਯਥਾਰਥ ਦਾ ਦਵੰਦਾਤਮਕ ਦ੍ਰਿਸ਼ਟੀ ਤੋਂ ਵਿਸਤਰਿਤ ਵਿਸ਼ਲੇਸ਼ਣ ਕਰ ਚੁਕਿਆ ਹੁੰਦਾ ਹਾਂ। ਸਮੂਰਤ ਤੋਂ ਅਮੂਰਤ ਤਕ ਪਹੁੰਚਣ ਲਈ ਇਹ ਪ੍ਰੀ-ਕ੍ਰੀਏਟਵ ਕੰਮ ਜ਼ਰੂਰੀ ਵੀ ਹੈ ਕਿਉਂਕਿ ਵਸਤੂ ਦੀ ਨਾਕਸੀ ਪਕੜ ਹੀ ਰੂਪ ਦੇ ਅਨੇਕਾਂ ਨੁਕਸਾਂ ਦਾ ਕਾਰਨ ਬਣਦੀ ਹੈ...ਦਰਅਸਲ ਵਸਤੂ 'ਚ ਪਿਆ ਨੁਕਸ ਹੀ ਰੂਪ ਦਾ ਨੁਕਸ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ : ਸਮੀਖਿਆਕਾਰ ਹੋਣ ਦੇ ਨਾਤੇ ਤੁਸੀਂ ਆਪਣੀ ਸਿਰਜਣਾ ਕਰਨ ਤੋਂ ਬਾਅਦ ਰਚਨਾ ਨੂੰ ਕਿਹੜੀ ਨਜ਼ਰ ਤੋਂ ਦੇਖਦੇ ਹੋ ?

ਸ : ਮੇਰੇ ਅੰਦਰ ਦਾ ਸਮੀਖਿਅਕ, ਆਲੋਚਕ ਜਾਂ ਦਾਰਸ਼ਨਿਕ ਫੇਰ ਬਾਹਰ ਆਉਂਦਾ ਹੈ ਅਤੇ ਇਕ ਵੈਰੀ ਵਾਂਗ ਮੇਰੀ ਸਿਰਜਣਾ ਨੂੰ ਜਾਚਦਾ ਤੇ ਪਰਖਦਾ ਹੈ। ਮੈਂ ਸਮਝਦਾ ਹਾਂ ਕਿਸੇ ਵੀ ਸਿਰਜਕ ਦਾ ਇਕ ਵਿਸ਼ਵ-ਦ੍ਰਿਸ਼ਟੀਕੋਣ ਨੂੰ ਲੈ ਕੇ ਤੁਰਨਾ ਬਹੁਤ ਜ਼ਰੂਰੀ ਹੈ। ਕਿਉਂਕਿ ਇਸ ਤੋਂ ਬਿਨਾਂ ਉਹ ਉਜਾੜ ਰਾਹਾਂ ਤੇ ਪੈ ਜਾਵੇਗਾ। ਸਾਡੇ ਕੋਲ ਦੋ ਹੀ ਸੰਸਾਰ-ਦ੍ਰਿਸ਼ਟੀਕੋਣ ਹਨ, ਇਕ ਆਦਰਸ਼ਵਾਦੀ (ਵਿਚਾਰਵਾਦੀ) ਸੰਸਾਰ ਦ੍ਰਿਸ਼ਟੀਕੋਣ ਜਿਸਦਾ ਵਿਧੀ ਵਿਗਿਆਨ ਅਧਿਆਤਮਕਤਾ ਅਤੇ ਦੂਸਰਾ ਪਦਾਰਥਵਾਦੀ ਸੰਸਾਰ-ਦ੍ਰਿਸ਼ਟੀਕੋਣ ਜਿਸਦਾ ਵਿਧੀ ਵਿਗਿਆਨ ਦਵੰਦਵਾਦ ਹੈ। ਸਮੁੱਚਾ ਸੰਸਾਰ ਕਿਉਂਕਿ ਪਦਾਰਥ ਦਾ ਹੀ ਪਸਾਰਾ ਹੈ, ਇਸ ਲਈ ਪਦਾਰਥ ਦੇ ਨਿਕਾਸ ਤੇ ਵਿਕਾਸ ਦੀ ਪ੍ਰਕਿਰਿਆ ਨੂੰ ਸਮਝਣ ਲਈ ਕਿਸੇ ਵੀ ਰਚਨਾਕਾਰ ਦਾ ਪਦਾਰਥਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਹੋਣਾ ਜ਼ਰੂਰੀ ਹੈ।

ਦੇ : ਪੰਜਾਬੀ ਸਮੀਖਿਆ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?

ਸ : ਹੁਣ ਤਕ ਦੀ ਪੰਜਾਬੀ ਸਮੀਖਿਆ ਦੀ ਗਰੀਬੀ ਸਾਡੇ ਸਾਹਮਣੇ ਸਪੱਸ਼ਟ ਹੈ। ਸਾਡੀ ਮਾਰਕਸਵਾਦੀ ਆਲੋਚਨਾ ਨੇ ਨਾ ਸਿਰਫ ਵਸਤੂ ਤੇ ਹੀ ਬਹੁਤਾ ਜ਼ੋਰ ਦਿਤਾ ਬਲਕਿ ਮਨੁੱਖੀ ਆਜ਼ਾਦੀ ਦੀ ਥਾਂ ਆਰਥਿਕਤਾ ਨੂੰ ਹੀ ਆਖਰੀ ਮੰਜ਼ਿਲ ਸਮਝ ਲਿਆ। ਸਿੱਟੇ ਵਜੋਂ ਸਾਡੀ ਆਲੋਚਨਾ ਆਰਥਿਕਤਾਵਾਦ ਜਾਂ ਇਕਾਨੋਮਿਜ਼ਮ ਦਾ ਸ਼ਿਕਾਰ ਹੋ ਗਈ। ਦੂਜੇ ਪਾਸੇ ਆਪਣੇ ਆਪ ਨੂੰ, ਬਿਨਾਂ ਸਪੱਸ਼ਟ ਹੋਇਆਂ, ਸਾਹਿਤ ਜਗਤ ਦਾ ਕੇਂਦਰ ਬਣਾਉਣ ਲਈ ਕਈਆਂ ਨੇ ਪ੍ਰਯੋਗਵਾਦ, ਅਸਤਿਤਵਾਦ, ਪ੍ਰਭਾਵਵਾਦ ਵਰਗੇ ਛਿਣ ਭੰਗਰ ਰੁਝਾਨਾਂ ਦੇ ਮੁੱਦਈ ਬਣਾ ਲਿਆ। ਹਾਲਾਂਕਿ ਇਨ੍ਹਾਂ ਨਾਲ ਪੱਛਮੀ ਯੂਰਪ ਦੀ ਸਮਾਜਕ ਜ਼ਿੰਦਗੀ ਵਾਲੀ ਕੋਈ ਸਾਂਝ ਨਹੀਂ ਸੀ। ਇਸ ਤੋਂ ਬਾਅਦ ਅਸਾਂ ਰੂਸੀ ਰੂਪਵਾਦ, ਭਾਸ਼ਾ ਵਿਗਿਆਨ ਅਤੇ ਸੰਰਚਨਾਵਾਦ ਆਦਿ ਨੂੰ ਆਪਣੇ ਵਿਸ਼ਵ-ਵਿਦਿਆਲਿਆਂ ਦੀ ਅਕਾਦਮਿਕ ਜ਼ਿੰਦਗੀ ਵਿਚ ਸ਼ੁਮਾਰ ਕੀਤਾ। ਜਿਥੇ ਪਹਿਲੀ ਸਮੀਖਿਆ ਦ੍ਰਿਸ਼ਟੀ ਅਧੀਨ ਸਾਡੀ ਆਲੋਚਨਾ ਵਸਤੂਮੁਖੀ ਬਣ ਗਈ ਸੀ ਉਥੇ ਉਹਨਾਂ ਨਵੀਆਂ ਪ੍ਰਣਾਲੀਆਂ ਅਧੀਨ ਸਾਡੀ ਆਲੋਚਨਾ ਰੂਪਮੁਖੀ ਬਣ ਗਈ। ਦਰਅਸਲ ਵਸਤੂ ਅਤੇ ਰੂਪ ਦੇ ਇਸ ਵਿਭਾਜਨ ਦੀ ਜ਼ਿੰਮੇਵਾਰੀ ਸਾਡੇ ਸਮੀਖਿਆਕਾਰਾਂ ਨੂੰ ਨਹੀਂ, ਨਵੀਆਂ ਵਿਧੀਆਂ ਦੀ ਸੀਮਾਂ ਨੂੰ ਹੀ ਜਾਂਦੀ ਹੈ।

ਦੇ : ਤੁਹਾਡੀ ਸਮੀਖਿਆ-ਚਿੰਤਨ-ਦ੍ਰਿਸ਼ਟੀ ਤੋਂ ਮੈਂ ਤੁਹਾਡੀਆਂ ਸਿਰਜਣਾਤਮਕ ਕਿਰਤਾਂ ਵੱਲ ਪਰਤਦੀ ਹੋਈ ਪੁੱਛਦੀ ਹਾਂ ਕਿ ਤੁਸੀਂ ਆਪਣੀ ਸਾਹਿਤ-ਸਿਰਜਣਾ ਦੀ ਸ਼ੁਰੂਆਤ ਕਿਹੜੇ ਕਾਵਿ-ਰੂਪ ਤੋਂ ਕੀਤੀ ?

ਸ : ਜਿਵੇਂ ਕਿ ਬਹੁਤੀਆਂ ਭਾਸ਼ਾਵਾਂ ਦੇ ਬਹੁਤੇ ਲੇਖਕਾਂ ਨਾਲ ਵਾਪਰਦਾ ਹੈ ਬਿਲਕੁਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸੇ ਤਰ੍ਹਾਂ ਮੇਰੀ ਸਿਰਜਣਾ ਦੀ ਤਿਬਤਦਾ ਵੀ ਕਵਿਤਾ ਤੋਂ ਹੋਈ। ਮੈਂ ਉਦੋਂ ਦਸ ਸਾਲ ਦਾ ਸਾਂ ਜਦੋਂ ਮੈਂ ਪਹਿਲੀ ਕਵਿਤਾ 'ਗੁਲਾਬ' ਲਿਖੀ। ਇਸ ਤੋਂ ਪਹਿਲਾਂ ਵੀ ਮੈਂ ਕੁਝ ਕਵਿਤਾਵਾਂ ਲਿਖੀਆਂ ਪਰ ਉਹ ਮੁੱਖ ਰੂਪ ਵਿਚ ਮੇਰੇ ਵਲੋਂ ਮੇਰੇ ਮਰ ਚੁਕੇ ਮਾਂ ਬਾਪ ਨੂੰ ਚਿੱਠੀਆਂ ਹੀ ਸਨ। ਮੈਂ ਉਤੋਂ ਛੇ ਸਾਲ ਦਾ ਸਾਂ ਜਦੋਂ 1947 ਦੇ ਰੌਲੇ ਪਏ, ਹਿੰਦੂ-ਸਿੱਖ ਅਤੇ ਮੁਸਲਮਾਨਾਂ ਵਿਚ ਵੱਢ ਟੁੱਕ ਸ਼ੁਰੂ ਹੋਈ ਅਤੇ ਮੇਰਾ ਬਾਪ ਮੇਰੀਆਂ ਅੱਖਾਂ ਦੇ ਸਾਹਵੇਂ ਕੁਹਾੜੀਆਂ ਤੇ ਤਲਵਾਰਾਂ ਮਾਰ-ਮਾਰ ਕੇ ਕੁਝ ਗੁੰਡਿਆਂ ਰਾਹੀਂ ਮਾਰ ਦਿਤਾ ਗਿਆ। ਜਿਨ੍ਹਾਂ ਦਾ ਮਜ਼੍ਹਬ ਸ਼ਾਇਦ ਇਸਲਾਮ ਸੀ। ਉਸ ਤੋਂ ਬਾਅਦ ਮਹੀਨੇ ਵਿਚ ਹੀ ਮਾਂ ਦੀ ਮੌਤ ਹੋ ਗਈ ਅਤੇ ਦੋ ਹਫਤਿਆਂ ਬਾਅਦ ਰੌਲਿਆਂ ਦੇ ਦੌਰਾਨ ਜੰਮਿਆ, ਮੇਰਾ ਦੋ ਕੁ ਮਹੀਨਿਆਂ ਦਾ ਭਰਾ ਵੀ ਖ਼ਤਮ ਹੋ ਗਿਆ। ਇਸ ਤੋਂ ਬਾਅਦ ਮੈਂ ਇਕੱਲਾ ਸਾਂ...ਏਡੀ ਵੱਡੀ ਬੇਦਰਦ ਤੇ ਬੇਰਹਿਮ ਦੁਨੀਆਂ ਵਿਚ ਰੋਹੀ ਦੇ ਇਕੱਲੇ ਰੁੱਖ ਵਾਂਗ। ਇਹੀ ਮੇਰੀ ਕਵਿਤਾ ਦਾ ਆਦਿ ਸੀ?

ਦੇ : ਤੁਸੀਂ ਕਹਾਣੀਆਂ ਤੇ ਨਾਵਲ ਵੱਲ ਕਿਵੇਂ ਪਰਤੇ। ਕੀ ਕਵਿਤਾ ਤੁਹਾਡੇ ਅਹਿਸਾਸਾਂ ਦੀ ਪੇਸ਼ਕਾਰੀ ਲਈ ਢੁਕਵਾਂ ਮਾਧਿਅਮ ਨਹੀਂ?

ਸ : ਬਹੁਤ ਸਾਲ ਕਵਿਤਾ ਹੀ ਮੇਰੇ ਭਾਵਾਂ, ਪ੍ਰਤੀਕਰਮਾਂ ਤੇ ਜਜ਼ਬਾਤਾਂ ਦੇ ਪ੍ਰਗਟਾ ਦਾ ਢੁੱਕਵਾਂ ਮਾਧਿਅਮ ਰਹੀ। ਹੌਲੀ ਹੌਲੀ ਮੈਂ ਕਵਿਤਾ ਦੇ ਨਾਲ ਹੀ ਕਹਾਣੀ ਵੀ ਲਿਖਣ ਲੱਗਾ ਤੇ ਮਹਿਸੂਸ ਕੀਤਾ ਕਿ ਕਹਾਣੀ ਮੇਰੇ ਕੋਲੋਂ ਕਵਿਤਾ ਨਾਲੋਂ ਵਧੇਰੇ ਕੁਝ ਅਖਵਾ ਰਹੀ ਸੀ। ਫੇਰ ਜਦੋਂ ਮੈਂ ਬਹੁਤ ਭਾਵੁਕ ਹੁੰਦਾ ਜਾਂ ਕਿਸੇ ਪਾਤਰ ਜਾਂ ਸਥਿਤੀ ਸੰਬੰਧੀ ਕੋਈ ਪ੍ਰਤੀਕਿਰਿਆ ਜਾਗਦੀ ਤਾਂ ਕਵਿਤਾ ਹੀ ਮੇਰੇ ਜਜ਼ਬਾਤਾਂ ਦੀ ਤਰਜਮਾਨੀ ਕਰਦੀ। ਅਜੇਹੀ ਸਥਿਤੀ ਵਿਚ ਕਹਾਣੀ-ਰੂਪਾਕਾਰ ਬੜਾ ਅਜੀਬ ਜਿਹਾ ਲਗਦਾ। ਮੇਰੀਆਂ ਪਹਿਲੀਆਂ ਕਹਾਣੀਆਂ ਖਾਲਸਾ ਕਾਲਜ ਅਮ੍ਰਿਤਸਰ ਵਿਚ 'ਦਰਬਾਰ' ਪਰਚੇ ਵਿਚ ਛਪੀਆਂ। ਅਸਲ ਵਿਚ ਉਦੋਂ ਤਕ ਮੈਂ ਕਵਿਤਾ ਜਾਂ ਕਹਾਣੀ ਨੂੰ ਵੀ ਗੰਭੀਰਤਾ ਨਾਲ ਨਹੀਂ ਸੀ ਲਿਆ। ਮੇਰੇ ਸਾਹਮਣੇ ਆਰਥਿਕ ਔਕੜਾਂ ਏਨੀਆਂ ਸਨ ਕਿ ਉਹਨਾਂ ਨੂੰ ਸਰ ਕਰਨ ਵਿਚ ਸਾਰਾ ਬਚਪਨ ਤੇ ਜਵਾਨੀ ਦਾ ਪਹਿਲਾ ਹਿੱਸਾ ਗੁਜ਼ਰ ਗਏ। ਇਕ ਬੇਜ਼ਮੀਨੇ ਕਿਸਾਨ ਦੇ ਕੱਲੇ ਕਾਰੇ ਪੁੱਤਰ ਕੋਲ ਮਿਹਨਤ ਤੋਂ ਬਗੈਰ ਉਪਜੀਵਕਾ ਦਾ ਹੋਰ ਕਿਹੜਾ ਸਾਧਨ ਹੋ ਸਕਦਾ ਹੈ? ਮੇਰੀਆਂ ਨਜ਼ਮਾਂ ਦੀਆਂ ਪਹਿਲੀਆਂ ਦੋ ਕਿਤਾਬਾਂ 1969 ਤੋਂ ਬਾਅਦ ਛਪੀਆਂ ਤੇ ਜਲਦੀ ਹੀ ਪਿਛੋਂ 'ਉਜੜਿਆ ਖੂਹ' ਨਾਮ ਦੀ ਕਹਾਣੀ-ਪੁਸਤਕ। ਉਦੋਂ ਤਕ ਸ਼ਾਇਦ ਮੇਰੀ ਕਵਿਤਾ ਤਾਂ ਕਿਸੇ ਹਦ ਤਕ ਕੁਝ ਪਕੇਰੀ ਹੋ ਗਈ ਸੀ ਪਰ ਕਹਾਣੀ ਅਜੇ ਬੜੀ ਢਿੱਲੀ ਸੀ। ਵਜ੍ਹਾ ਸ਼ਾਇਦ ਇਹ ਕਿ ਕਵਿਤਾ ਮੇਰੇ ਭਾਵਾਂ ਜਜ਼ਬਿਆਂ ਅਤੇ ਫੌਰੀ ਵਲਵਲਿਆਂ ਦੀ ਪੇਸ਼ਕਾਰੀ ਲਈ ਕਾਫੀ ਸੀ ਪਰ ਕਹਾਣੀ ਲਈ ਜਿਹੜੀ ਦਿੱਬ-ਦ੍ਰਿਸ਼ਟੀ, ਸਮਝ, ਵਿਸ਼ਲੇਸ਼ਣ ਅਤੇ ਪਰਪੱਕਤਾ ਦੀ ਲੋੜ ਸੀ ਉਹਦੇ ਤੋਂ ਮੈਂ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਰਾਂ ਸਾਂ। ਵਸਤੂ ਦੀ ਪਕੜ ਮੇਰੇ ਹੱਥਾਂ ਵਿਚ ਨਹੀਂ ਸੀ। ਕੁਝ ਕਹਾਣੀਆਂ ਲਿਖੀਆਂ ਪਰ ਅੱਜ ਮੈਨੂੰ ਆਪ ਹੀ ਉਨ੍ਹਾਂ ਨੂੰ ਪੜ੍ਹ ਕੇ ਕਈ ਵਾਰ ਹਾਸਾ ਆਉਂਦਾ ਹੈ। ਪਰ, ਵਿਕਾਸ ਦੇ ਪਹਿਲੇ ਪੜਾਅ ਦੇ ਰੂਪ ਵਿਚ ਦੇਖਦਿਆਂ ਉਨ੍ਹਾਂ ਕਹਾਣੀਆਂ ਬਾਰੇ ਮੈਂ ਸ਼ਰਮਿੰਦਾ ਬਿਲਕੁਲ ਨਹੀਂ ਹਾਂ। ਮੇਰਾ ਅਸਲ ਤੇ ਗੰਭੀਰ ਕੰਮ 1975 ਤੋਂ ਪਿਛੋਂ ਸ਼ੁਰੂ ਹੁੰਦਾ ਹੈ ਜਦੋਂ ਮੈਂ ਲਾਇਬਰੇਰੀਅਨਸ਼ਿਪ ਨੂੰ ਕਿੱਤੇ ਵਜੋਂ ਅਪਣਾਇਆ।

ਦੇ : ਕੀ ਆਪਣੇ ਨਾਵਲ ਤੁਸਾਂ ਏਸ ਕਿੱਤੇ ਵਿਚ ਆਉਣ ਤੋਂ ਬਾਅਦ ਲਿਖਣੇ ਸ਼ੁਰੂ ਕੀਤੇ ?

ਸ : ਦਰਅਸਲ ਨਾਵਲ ਤੋਂ ਪਹਿਲਾਂ ਮੈਂ ਆਪਣੇ ਹੌਂਸਲੇ, ਸਮਰਥਾ ਅਤੇ ਜ਼ੋਰੇ ਦਾ ਇਮਤਿਹਾਨ ਲੈਣਾ ਚਾਹੁੰਦਾ ਸਾਂ। ਇਸ ਲਈ ਨਾਵਲਾਂ ਤੋਂ ਪਹਿਲਾਂ ਮੈਂ ਆਪਣੀ ਭਾਰਤ ਫੇਰੀ ਦਾ ਇਕ ਸਫਰਨਾਮਾ 'ਆਪਣੀ ਧਰਤੀ' ਲਿਖਿਆ ਜਿਸ ਵਿਚਲੀ ਟੈਕਸਟ ਤੁਸੀਂ ਦੇਖੋਗੇ ਬਹੁਤੀ ਗਾਲਪਨਿਕ ਪੱਧਰ ਦੀ ਹੈ। ਇਹ 1976 ਦੀ ਗੱਲ ਹੈ। 'ਨਵੇਂ ਰਿਸ਼ਤੇ' ਨਾਵਲ ਮੈਂ 1977 ਵਿਚ ਲਿਖਿਆ ਪਰ, ਛਪਿਆ ਇਹ 1980 ਵਿਚ। ਏਸੇ ਤਰ੍ਹਾਂ ਦੂਸਰੇ ਨਾਵਲ ਵੀ ਦੋ ਦੋ ਸਾਲ ਦੀ ਵਿੱਥ ਨਾਲ ਲਿਖੇ ਗਏ ਪਰ ਛਪੇ ਹੇਠ ਉਪਰ ਹੀ। ਪਰ ਇਸ ਨਾਲ ਕਈ ਬੰਦਿਆਂ ਨੂੰ ਇਹ ਜਾਪਿਆ ਜਿਵੇਂ ਮੈਨੂੰ ਲਿਖਣ ਨਾਲੋਂ ਛਪਣ ਦੀ ਬਹੁਤੀ ਕਾਹਲੀ ਹੈ, ਜੋ ਕਿ ਸੱਚ ਨਹੀਂ।

ਦੇ : ਤੁਹਾਡੀ ਗੱਲ ਸੁਣ ਕੇ ਮੈਨੂੰ ਪੌਂਡਾਂ ਵਾਲੇ ਲੇਖਕਾਂ ਦੀ ਗੱਲ ਯਾਦ ਆਈ ਹੈ। ਬਰਤਾਨੀਆ ਦੇ ਲੇਖਕਾਂ ਦੀਆਂ ਪੁਸਤਕਾਂ ਕਿਉਂਕਿ ਪੌਂਡ ਲੈ ਕੇ ਛਾਪੀਆਂ ਜਾਂਦੀਆਂ ਰਹੀਆਂ। ਇਹਨਾਂ ਵਿਚੋਂ ਕਈ ਲੇਖਕਾਂ ਦੀਆਂ ਰਚਨਾਵਾਂ ਛਪਣਯੋਗ ਨਾ ਹੋਣ ਦੇ ਬਾਵਜੂਦ ਛਪੀਆਂ। ਏਸ ਕਰ ਕੇ ਇਨ੍ਹਾਂ ਨੂੰ ਲੇਖਕ ਤੋਂ ਵੱਧ ਪੌਂਡਾਂ ਵਾਲੇ ਲੇਖਕ ਆਖਿਆ ਜਾਣ ਲੱਗਾ। ਤੁਸੀਂ ਇਹਦੇ ਬਾਰੇ ਕੀ ਕਹਿਣਾ ਚਾਹੋਗੇ ?

ਸ : ਇਹਦੇ ਵਿਚ ਕੋਈ ਸ਼ੱਕ ਨਹੀਂ ਕਿ 1980 ਤੋਂ ਪਹਿਲਾਂ ਜੋ ਕੁਝ ਬਰਤਾਨਵੀ ਪੰਜਾਬੀ ਲੇਖਕਾਂ ਦਾ ਕਿਤਾਬੀ ਰੂਪ ਵਿਚ ਬਾਹਰ ਆਇਆ ਉਹ ਉਨ੍ਹਾਂ ਨੂੰ ਪੌਂਡੀ ਲੇਖਕ ਹੀ ਅਖਵਾ ਸਕਦਾ ਸੀ। ਪਰ ਫੇਰ ਵੀ ਕੁਝ ਅਜੇਹੇ ਲੇਖਕ ਸਨ ਜਿਨ੍ਹਾਂ ਨੂੰ ਭਾਵੇਂ ਪੈਸੇ ਦੇ ਕੇ ਹੀ ਕਿਤਾਬਾਂ ਛਪਵਾਉਣੀਆਂ ਪਈਆਂ, ਪਰ ਉਹ ਤਥਾ ਕਥਿਤ ਪੌਂਡੀ ਲੇਖਕ ਨਹੀਂ ਸਨ। ਜਿਵੇਂ ਸੁਰਜੀਤ ਵਿਰਦੀ, ਅਵਤਾਰ ਸਾਦਿਕ, ਹਰਕੇਵਲ ਸਿੰਘ ਕੇਵਲ, ਰਘਬੀਰ ਢੰਡ ਆਦਿ। ਉਦੋਂ ਤਕ ਮੇਰੀਆਂ ਵੀ ਚਾਰ ਕੁ ਪੁਸਤਕਾਂ ਛਪ ਚੁੱਕੀਆਂ ਸਨ ਜਿਨ੍ਹਾਂ ਨੂੰ ਅੱਜ ਸ਼ਲਾਘਾ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ। ਪਰ ਸਾਹਿਤ ਨੂੰ ਸੰਜੀਦਾ ਰੂਪ ਵਿਚ ਲੈਣ ਅਤੇ ਅਕਾਦਮਿਕ ਪੱਧਰ ਤੇ ਨਿਤਾਰੇ ਕਰਨ ਦੀ ਵਾਰੀ ਬਾਅਦ 'ਚ ਆਉਣੀ ਸੀ। ਤੁਸੀਂ ਜਾਣਦੇ ਹੀ ਹੋ ਕਿ ਆਲੋਚਨਾ ਦੇ ਖੇਤਰ ਵਿਚ 1980 ਤੋਂ ਪਿੱਛੋਂ ਮੈਂ ਇਹ ਬੀੜਾ ਜ਼ਰੂਰ ਚੁੱਕਿਆ ਤੇ ਬਰਤਾਨਵੀ ਪੰਜਾਬੀ ਸਾਹਿਤ ਨਾਲ ਲੱਗਾ ਇਹ ਲਕਬ ਕਿਸੇ ਹੱਦ ਤਕ ਤੋੜਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ : ਕਹਾਣੀਕਾਰ, ਨਾਵਲਕਾਰ ਹੋਣ ਦੇ ਨਾਲ ਨਾਲ ਆਲੋਚਕ ਹੋਣ ਦੀ ਹੈਸੀਅਤ ਵਿਚ ਤੁਸੀਂ ਪੰਜਾਬੀ ਕਹਾਣੀ ਅਤੇ ਨਾਵਲ ਬਾਰੇ ਕੀ ਕਹਿਣਾ ਚਾਹੋਗੇ ?

ਸ : ਦੇਵਿੰਦਰ ਜੀ ! ਅਜੋਕੀ ਪੰਜਾਬੀ ਕਹਾਣੀ ਨੂੰ ਹੀ ਪਹਿਲਾਂ ਲਈਏ। ਕਈ ਪ੍ਰਕਾਰ ਦੀਆਂ ਕਹਾਣੀਆਂ ਪਿਛਲੇ 10-12 ਸਾਲ ਵਿਚ ਸਾਹਮਣੇ ਆਈਆਂ ਹਨ। ਮੈਂ ਕਿਸੇ ਦਾ ਨਾਂ ਤਾਂ ਨਹੀਂ ਲੈਣਾ ਚਾਹੁੰਦਾ ਪਰ ਬਹੁਤ ਸਾਰੇ ਲੇਖਕਾਂ ਦੀਆਂ ਕਹਾਣੀਆਂ ਅਜਿਹੀਆਂ ਹਨ ਜਿਹੜੀਆਂ ਸਮਾਜ ਦੇ ਲੋਕਾਂ ਨੂੰ ਕੋਈ ਵੀ ਸੇਧ ਦੇਣ ਦੀ ਥਾਂ ਉਹਨਾਂ ਨੂੰ ਪ੍ਰਾਪਤ ਹੋਈ ਮਾੜੀ ਮੋਟੀ ਸੇਧ ਨੂੰ ਵੀ ਖੋਹ ਲੈਂਦੀਆਂ ਹਨ। ਬਹੁਤ ਸਾਰੇ ਕਹਾਣੀਕਾਰਾਂ ਅਤੇ ਸਾਇਰਾਂ ਨੂੰ ਆਪਣੀ ਭੂਮਿਕਾ ਬਾਰੇ ਵੀ ਕੁਝ ਵੀ ਨਹੀਂ ਪਤਾ। ਕਵਿਤਾ ਲਿਖਣਾ ਮਹਿਜ਼ ਕਵਿਤਾ ਲਿਖਣਾ ਹੈ ਤੇ ਏਹੋ ਹਾਲਤ ਕਹਾਣੀ ਦੀ ਵੀ ਹੈ। ਪਾਠਕ ਇਸ ਕਵਿਤਾ ਜਾਂ ਕਹਾਣੀ ਨੂੰ ਪੜ੍ਹ ਕੇ ਬੌਧਿਕ ਤੌਰ ਤੇ ਚੇਤੰਨ ਹੋਵੇਗਾ ਕਿ ਅਤਿਅੰਤ ਗ਼ਰੀਬ ਇਸਦਾ ਉਨ੍ਹਾਂ ਨੂੰ ਕੋਈ ਖਿਆਲ ਨਹੀਂ। ਦਰਅਸਲ ਇਹ ਲੇਖਕ ਖ਼ਦ ਬੌਧਿਕ ਤੌਰ ਤੇ ਦੀਵਾਲੀਆ ਹਨ। ਚੋਰੀ ਦਾ ਪਿਆਰ ਯਾਨੀ ਇਕ ਬੀਵੀ ਦੇ ਹੁੰਦਿਆਂ ਹੋਰ ਮਿੱਤਰ ਕੁੜੀਆਂ ਦੇ ਸੁਪਨੇ ਹੰਢਾਉਣੇ ਜਾਂ ਇਕ ਪਤੀ ਦੇ ਹੁੰਦਿਆਂ ਹੋਰ ਮਿੱਤਰ ਮੁੰਡਿਆਂ ਦੇ ਸੁਪਨੇ ਸਜੌਣੇ ਅਤੇ ਏਸ ਸਭ ਕਾਸੇ ਨੂੰ ਨੱਪ ਘੁੱਟ ਕੇ ਰੱਖਣਾ, ਇਹ ਸਾਰਾ ਕੁਝ ਕਿਸੇ ਵੀ ਕਲਾ ਦਾ ਵਿਸ਼ਾ-ਵਸਤੂ ਤਾਂ ਹੋ ਸਕਦਾ ਹੈ ਪਰ ਜਦੋਂ ਲੇਖਕ ਇਸ ਨੂੰ ਵਿਚਾਰ-ਵਸਤੂ ਵਜੋਂ ਅਪਣਾ ਲੈਣ ਅਤੇ ਆਲੋਚਕ ਉਨ੍ਹਾਂ ਦੇ ਗੁਣ ਗਾਉਂਦੇ ਫਿਰਨ ਤਾਂ ਸਮੱਸਿਆ ਦਾ ਰੂਪ ਬੜਾ ਗੰਭੀਰ ਬਣ ਜਾਂਦਾ ਹੈ।

ਦੇ : ਤੁਸੀਂ ਕੀ ਸਮਝਦੇ ਹੋ ਕਿ ਕਿਸੇ ਵੀ ਸਾਹਿਤ ਲਈ ਇਹ ਜ਼ਰੂਰੀ ਨਹੀਂ ਕਿ ਉਹ ਸਮਾਜ ਨੂੰ ਕੋਈ ਸੇਧ ਦੇਵੇ ? ਇਸ ਤਰ੍ਹਾਂ ਦੇ ਸਾਹਿਤ ਵਿਚ ਕਲਾਤਮਕ ਕਮਜ਼ੋਰੀਆਂ ਦਾ ਦਾਖਿਲ ਹੋਣਾ ਕੀ ਸੁਭਾਵਿਕ ਨਹੀਂ ਹੁੰਦਾ ?

ਸ : ਇਹ ਸੁਆਲ ਬਹੁਤ ਹੀ ਗੰਭੀਰ ਅਤੇ ਜ਼ਰੂਰੀ ਹੈ। ਸਾਹਿਤ-ਰਚਨਾ, ਬਲਕਿ ਹਰ ਪ੍ਰਕਾਰ ਦੀ ਰਚਨਾ ਕਦੇ ਵੀ ਨਿਸ਼-ਪ੍ਰਯੋਜਨ ਨਹੀਂ ਹੁੰਦੀ। ਪਰ, ਏਸ ਪ੍ਰਯੋਜਨ ਨੂੰ ਕਲਾ ਦੀ ਕੀਮਤ ਉਤੇ ਪੇਸ਼ ਕਰਨਾ ਸਾਹਿਤਕਾਰੀ ਨਹੀਂ ਜਿਵੇਂ ਆਪਾਂ ਪਹਿਲਾਂ ਕਹਿ ਆਏ ਹਾਂ ਕਿ ਕਲਾ ਜਾਂ ਸਾਹਿਤ ਸਮਾਜਕ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ। ਬਿਲਕੁਲ ਉਸੇ ਗੱਲ ਨੂੰ ਇਸ ਸੰਦਰਭ ਵਿਚ ਵਿਚਾਰਨ ਦੀ ਲੋੜ ਹੈ। ਕਲਾ ਕਲਾ ਲਈ ਦਾ ਨਾਅਰਾ ਸਮਾਜ ਨੂੰ ਜਿਉਂ ਦਾ ਤਿਉਂ ਰੱਖਣ ਦੀ ਸੋਚ ਨੂੰ ਪੇਸ਼ ਕਰਦਾ ਹੈ। ਜਦੋਂ ਕਿ ਕਲਾ ਸਮਾਜ ਦੇ ਜੀਆਂ ਲਈ ਹੁੰਦੀ ਹੈ। ਵਾਰਸ ਸ਼ਾਹ ਜਦੋਂ ਆਪਣੇ ਸਮੇਂ ਦੇ ਸਮਾਜਕ ਯਥਾਰਥ ਦਾ ਜ਼ਬਰਦਸਤ ਕ੍ਰਿਟੀਕ ਪੇਸ਼ ਕਰਦਾ ਹੈ ਜਾਂ ਬਾਬਾ ਨਾਨਕ ਜਦੋਂ ਬਾਬਰਵਾਣੀ ਰਚਦਾ ਹੈ ਤਾਂ ਉਹ ਕਲਾ ਤੋਂ ਊਣੇ ਨਹੀਂ ਹੋ ਜਾਂਦੇ। ਕਿਸੇ ਵੀ ਕਲਾ ਦੀ ਸਾਹਿਤਿਕਤਾ ਪ੍ਰਥਮ ਗੱਲ ਹੈ ਪਰ ਕੇਵਲ ਸਾਹਿਤਿਕਤਾ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਕੁਝ ਨਹੀਂ। ਉਸ ਵਿਚ ਪੇਸ਼ ਵਸਤੂ ਦਾ ਠੀਕ ਦਿਸ਼ਾ ਵੱਲ ਵਿਕਾਸ ਕਰਨਾ ਉਸਦੇ ਰੂਪ ਨੂੰ ਹੋਰ ਵੀ ਸਜੀਵਤਾ ਪ੍ਰਦਾਨ ਕਰੇਗਾ।

ਦੇ : ਜਦੋਂ ਅਸੀਂ ਸਾਹਿਤ ਦੇ ਸਮਾਜਕ ਯਥਾਰਥ ਦੀ ਗੱਲ ਕਰਦੇ ਹਾਂ ਸਾਡੇ ਜ਼ਿਹਨ ਵਿਚ ਮਨੁੱਖੀ ਰਿਸ਼ਤਿਆਂ ਬਾਰੇ ਵੀ ਪ੍ਰਸ਼ਨ ਪੈਦਾ ਹੁੰਦੇ ਹਨ। ਇਕ ਸਾਹਿਤਕਾਰ ਦੀ ਹੈਸੀਅਤ ਵਿਚ ਤੁਸੀਂ ਮਨੁੱਖੀ ਰਿਸ਼ਤਿਆਂ ਨੂੰ ਕਿਹੜੇ ਦ੍ਰਿਸ਼ਟੀ-ਬਿੰਦੂ ਤੋਂ ਪਰਿਭਾਸ਼ਿਤ ਕਰਨਾ ਚਾਹੋਗੇ ?

ਸ . ਦੇਖੋ ! ਕਿਸੇ ਵੀ ਸਮਾਜ ਦੇ ਮਨੱਖੀ ਰਿਸ਼ਤੇ ਅਸਲ ਵਿਚ ਉਪਜ ਦੇ ਰਿਸ਼ਤਿਆਂ ਨੂੰ ਹੀ ਅੱਗੇ ਤੋਰਦੇ ਹਨ। ਜਿਸ ਸਮਾਜ ਵਿਚ ਉਪਜ ਦੇ ਰਿਸ਼ਤੇ ਹਾਕਮ ਤੇ ਗੁਲਾਮ ਰਾਜਾ ਅਤੇ ਪਰਜਾ ਯਾ ਮਾਲਕ ਅਤੇ ਨੌਕਰ ਵਾਲੇ ਹੋਣਗੇ, ਆਮ ਸਮਾਜਕ ਜ਼ਿੰਦਗੀ ਵਿਚ ਵੀ ਇਹਨਾਂ ਹੀ ਮਨੁੱਖੀ ਰਿਸ਼ਤਿਆਂ ਦੀ ਪੁਸ਼ਟੀ ਹੋਵੇਗੀ। ਮਨੁੱਖੀ ਰਿਸ਼ਤਿਆਂ ਦਾ ਰੂਪ ਬਦਲ ਦੇਣ ਦਾ ਅਰਥ ਹੈ ਮੌਜੂਦਾ ਪੈਦਾਵਾਰ ਦੇ ਰਿਸ਼ਤਿਆਂ ਨੂੰ ਬਦਲਣਾ। ਮੌਜੂਦਾ ਪੈਦਾਵਾਰ ਦੇ ਰਿਸ਼ਤਿਆਂ ਨੂੰ ਬਦਲ ਦੇਣ ਦਾ ਅਰਥ ਹੈ, ਉਨ੍ਹਾਂ 'ਚ ਸਮਾਨਤਾ ਪੈਦਾ ਕਰਨਾ। ਪਰ, ਸਾਡੇ ਅਜੋਕੇ ਸਮਾਜ ਵਿਚ ਮਨੁੱਖੀ ਰਿਸ਼ਤੇ ਉਪਜ ਦੇ ਰਿਸ਼ਤਿਆਂ ਦੇ ਅਨੁਕੂਲ ਹੀ ਹਨ, ਜਦੋਂ ਸਾਡੇ ਸਾਹਿਤਕਾਰ ਰਿਸ਼ਤਿਆਂ ਨੂੰ ਬਦਲਣ ਦੇ ਅਭਿਲਾਸ਼ੀ ਕਿਸੇ ਔਰਤ ਜਾਂ ਮਰਦ ਪਾਤਰ ਨੂੰ ਪੇਸ਼ ਕਰਦੇ ਹਨ ਤਾਂ ਉਹ ਉਸ ਕ੍ਰਾਂਤੀਕਾਰੀ ਬਦਲ ਲਈ ਨਹੀਂ ਜੂਝ ਰਹੇ ਹੁੰਦੇ ਬਲਕਿ ਇਕ ਧਰਾਤਲ ਤੋਂ ਚੁੱਕ ਕੇ ਦੂਜੀ ਧਰਾਤਲ ਤੇ ਰੱਖ ਦੇਂਦੇ ਹਨ। ਕੋਈ ਦਬੰਗ ਔਰਤ ਪਾਤਰ ਸਿਰਫ ਏਸ ਕਰਕੇ ਦਬੰਗ ਬਣ ਜਾਂਦੀ ਹੈ ਕਿ ਉਹਨੇ ਇਕ ਤੋਂ ਵੱਧ ਮਰਦਾਂ ਨਾਲ ਕਾਮ-ਸੰਬੰਧ ਥਾਪ ਲਏ ਹਨ। ਜ਼ਿਹਨੀ ਆਜ਼ਾਦੀ ਦਾ ਮਤਲਬ ਕਾਮ ਦੀ ਆਜ਼ਾਦੀ ਨਹੀਂ, ਉਸ ਮਾਨਸਿਕਤਾ ਦੀ ਆਜ਼ਾਦੀ ਹੈ ਜਿਹੜੀ ਮਨੁੱਖੀ ਰਿਸ਼ਤਿਆਂ ਨੂੰ ਸਮਾਜਕ ਸੰਦਰਭ ਵਿਚ ਪਛਾਣੇ। ਇਸੇ ਤਰ੍ਹਾਂ ਕਿਸੇ ਮਰਦ ਪਾਤਰ ਨੂੰ ਸਿਰਫ ਏਸ ਕਰਕੇ ਨਵੇਂ ਰਿਸ਼ਤੇ ਸਿਰਜਣ ਵਾਲਾ ਨਹੀਂ ਕਿਹਾ ਜਾ ਸਕਦਾ ਕਿ ਉਹਨੇ ਕਮਰੇ 'ਚ ਬੈਠ ਕੇ ਰਿਸ਼ਤਿਆਂ ਦੀ ਕੋਈ ਜ਼ਿਹਨੀ ਪਰਿਭਾਸ਼ਾ ਲੱਭ ਲਈ ਹੈ। ਅਸਲ ਕੰਮ ਮਨੁੱਖੀ ਰਿਸ਼ਤਿਆਂ ਦੀ ਸਮਾਜਕ ਜਦੋਜਹਿਦ ਵਿਚ ਹਿੱਸਾ ਪਾਉਣਾ ਅਤੇ ਸਮਾਜਕ ਯਥਾਰਥ ਨੂੰ ਵਿਕਸਿਤ ਹਾਂ-ਮੁਖੀ ਰੂਪ ਵਿਚ ਬਦਲਣਾ ਹੈ।

ਦੇ : ਰਿਸ਼ਤਿਆਂ ਦੇ ਸੰਦਰਭ ਵਿਚ ਇਕ ਚੰਗੇ ਇਨਸਾਨ ਦੀ ਕੀ ਪਰਿਭਾਸ਼ਾ ਦਿਉਗੇ ?

ਸ : ਚੰਗੇ ਇਨਸਾਨ ਦਾ ਸੰਕਲਪ ਸਾਪੇਖ ਹੈ, ਨਿਰਪੇਖ ਨਹੀਂ। ਸਮੇਂ ਦੀਆਂ ਪ੍ਰਚਲਿਤ ਕਦਰਾਂ ਕਿਸੇ ਮਨੁੱਖ ਦੇ ਭੈੜੇ ਜਾਂ ਚੰਗੇ ਹੋਣ ਦਾ ਨਿਰਣਾ ਕਰਦੀਆਂ ਹਨ। ਭੂਪਵਾਦੀ ਯੁੱਗ ਵਿਚ ਸ਼ਾਇਦ ਉਸ ਬੰਦੇ ਨੂੰ ਚੰਗਾ ਗਿਣਿਆ ਜਾਂਦਾ ਹੋਵੇਗਾ ਜਿਹੜਾ ਭੂਪਵਾਦੀ ਕੀਮਤਾਂ ਵਿਚਲੇ ਭੈੜ ਨੂੰ ਚੈਲੰਜ ਕਰਦਾ ਹੋਵੇ। ਜਦੋਂ ਕਿ ਹਾਕਮ ਸ਼੍ਰੇਣੀ ਦੇ ਨੁਕਤਾ ਨਿਗਾਹ ਤੋਂ ਉਹ ਮਨੁੱਖ ਮਾੜਾ ਹੋਵੇਗਾ। ਅਜੋਕੇ ਯੁੱਗ ਵਿਚ ਪੂੰਜੀਵਾਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਦਰਾਂ ਕੀਮਤਾਂ ਦੇ ਖਿਲਾਫ ਖਲੋਣ ਵਾਲੇ ਮਨੁੱਖ ਨੂੰ ਆਮ ਲੋਕਾਂ ਦੀ ਦ੍ਰਿਸ਼ਟੀ ਤੋਂ ਵਧੀਆ ਮਨੁੱਖ ਕਿਹਾ ਜਾ ਸਕਦਾ ਹੈ ।

ਦੇ : ਚੰਗੇ ਇਨਸਾਨ ਦੀ ਪਰਿਭਾਸ਼ਾ ਤੁਸੀਂ ਕਿਹੜੇ ਦ੍ਰਿਸ਼ਟੀਕੋਣ ਤੋਂ ਦਿਤੀ ਹੈ ?

ਸ : ਦੇਵਿੰਦਰ ਜੀ ! ਹਰ ਮਨੁੱਖ ਕਿਸੇ ਇਕ ਖ਼ਾਸ ਜ਼ਾਵੀਏ ਤੋਂ ਇਸ ਜਗਤ ਨੂੰ ਵੇਖਦਾ, ਸਮਝਦਾ ਅਤੇ ਪਛਾਣਦਾ ਹੈ। ਇਹ ਜ਼ਾਵੀਆ ਹੀ ਦਰਅਸਲ ਵਿਸ਼ਵ ਦ੍ਰਿਸ਼ਟੀਕੋਣ ਹੁੰਦਾ ਹੈ। ਜਿਵੇਂ ਕਿ ਆਪਾਂ ਪਹਿਲਾਂ ਗੱਲ ਕੀਤੀ ਸੀ ਵਿਸ਼ਵ ਦ੍ਰਿਸ਼ਟੀਕੋਣ ਅੱਜ ਤਕ ਦੋ ਹੀ ਹਨ ? ਵਿਚਾਰਵਾਦੀ ਤੇ ਪਦਾਰਥਵਾਦੀ। ਮੈਂ ਪਦਾਰਥਵਾਦੀ ਜਗਤ ਦ੍ਰਿਸ਼ਟੀ-ਕੋਣ ਤੋਂ ਵਸਤਾਂ ਵਰਤਾਰਿਆਂ ਨੂੰ ਸਮਝਣ ਦੇ ਯਤਨ ਵਿਚ ਹਾਂ ।

ਦੇ : ਸਦੀਆਂ ਤੋਂ ਦੁਨੀਆਂ ਵਿਚ ਵਿਚਾਰਵਾਦੀ ਦ੍ਰਿਸ਼ਟੀਕੋਣ ਦਾ ਬੋਲਬਾਲਾ ਰਿਹਾ ਹੈ। ਤੁਸੀਂ ਕਿਹੜੇ ਨਿਆ ਜਾਂ ਕਿਹੜੀ ਦਲੀਲ ਦੇ ਆਧਾਰ ਤੇ ਪਦਾਰਥਵਾਦੀ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਹੋ ।

ਸ : ਦੇਖੋ ! ਵਿਚਾਰਵਾਦੀ ਦਰਸ਼ਨ ਇਸ ਆਸਰੇ ਖੜਾ ਹੈ ਕਿ ਸੰਸਾਰ ਦਾ ਇਹ ਸਾਰਾ ਪਾਸਾਰਾ ਕਿਸੇ ਵਿਚਾਰ ਯਾ ਸੁਪਰੀਮ ਆਈਡੀਆ ਦੇ ਆਸਰੇ ਖੜਾ ਹੈ। ਇਹਦੇ ਅਨੁਸਾਰ ਇਹ ਦੁਨੀਆਂ ਰੱਬ ਦੇ ਮਨ ਵਿਚ ਆਏ ਵਿਚਾਰ ਤੋਂ ਪੈਦਾ ਹੋਈ ਹੈ, ਜਿਸ ਦਾ ਅਰਥ ਹੈ ਕਿ ਰੱਬ, ਰੂਹ, ਆਤਮਾ, ਪਰਮਾਤਮਾ ਪ੍ਰਾਥਮਿਕ ਹੈ ਤੇ ਬਾਕੀ ਸਭ ਕੁਝ ਦੁਜੈਲਾ । ਪਦਾਰਥਵਾਦੀ ਦ੍ਰਿਸ਼ਟੀਕੋਣ ਦਾ ਅਰਥ ਹੈ ਕਿ ਸ਼ੁਰੂ ਤੋਂ ਪਦਾਰਥ ਸੀ, ਅੱਜ ਵੀ ਹੈ ਤੇ ਹਮੇਸ਼ਾ ਰਹੇਗਾ ।

ਦੇ : ਤੁਹਾਡੇ ਇਸ ਅਖ਼ੀਰਲੇ ਵਾਕ ਤੋਂ ਤਾਂ ਇੰਝ ਜਾਪਦਾ ਹੈ ਕਿ ਪਦਾਰਥਵਾਦੀ ਦ੍ਰਿਸ਼ਟੀਕੋਣ ਵੀ ਆਪਣੇ ਆਪ ਵਿਚ ਨਿਰਪੇਖ ਮੁੱਲਾਂ ਦਾ ਧਾਰਨੀ ਹੈ...?

ਸ : ਸਾਪੇਖਤਾ ਕਿਸੇ ਹੋਰ ਦੇ ਪ੍ਰਸੰਗ ਵਿਚ ਹੁੰਦੀ ਹੈ ਜਦੋਂ ਕਿ ਨਿਰਪੇਖਤਾ ਆਪਣੇ ਆਪ ਵਿਚ ਸੰਪੂਰਨ ਸੱਚ ਹੈ। ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਕਿ ਚੰਨ, ਤਾਰੇ, ਬ੍ਰਹਿਮੰਡ, ਨਦੀਆਂ, ਨਾਲੇ ਤੇ ਹੋਰ ਪਦਾਰਥਕ ਵਰਤਾਰੇ ਮਨੁੱਖ ਦੇ ਵਜੂਦ ਵਿਚ ਆਉਣ ਤੋਂ ਬਹੁਤ ਪਹਿਲਾਂ ਤੋਂ ਹਨ ਬਲਕਿ ਹਮੇਸ਼ਾਂ ਤੋਂ ਹਨ ਅਤੇ ਇਹ ਕਿ ਮਨੁੱਖ, ਉਹਦਾ ਦਿਮਾਗ, ਦਿਮਾਗ ਵਿਚੋਂ ਉਪਜੀ ਸੋਚ, ਸੋਚ ਚੋਂ ਉਪਜਿਆ ਚਿੰਤਨ, ਸਾਹਿਤ, ਦਰਸ਼ਨ ਆਦਿ ਸਭ ਕੁਝ ਪਦਾਰਥ ਹਨ ਤਾਂ ਅਸੀਂ ਕਿਸੇ ਵੀ ਗ਼ੈਬੀ ਤਾਕਤ ਦੀ ਹੋਂਦ ਤੋਂ ਇਨਕਾਰੀ ਹੋ ਜਾਂਦੇ ਹਾਂ ਕਿਉਂਕਿ ਪਦਾਰਥ ਹੀ ਸਰਵੋਪਰ ਹੈ।

ਦੇ : ਅਧਿਆਤਮਕ ਚਿੰਤਨ ਹਜ਼ਾਰਾਂ ਸਾਲਾਂ ਤੋਂ ਮਨੁੱਖੀ ਦਿਮਾਗ ਉਪਰ ਛਾਇਆ ਹੋਇਆ ਚਲਦਾ ਆ ਰਿਹਾ ਹੈ। ਅੱਜ ਵੀ ਇਸ ਦੇ ਅਸਰ ਵੇਖੇ ਜਾ ਸਕਦੇ ਹਨ । ਆਖਰਕਾਰ ਕੋਈ ਸ਼ਕਤੀ ਤਾਂ ਹੈ ਇਸ ਚਿੰਤਨ ਵਿਚ ਜਿਸ ਨਾਲ ਸਦੀਆਂ ਤੋਂ ਇਹ ਆਪਣੀ ਹੋਂਦ ਬਰਕਰਾਰ ਰਖਦਾ ਆ ਰਿਹਾ ਹੈ। ਇਸ ਨੂੰ ਇਕ ਦਮ ਕਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਕਾਰਿਆ ਜਾ ਸਕਦਾ ਹੈ ?

ਸ : ਅਧਿਆਤਮਕ ਚਿੰਤਨ ਦੀ ਹੋਂਦ ਉਸ ਸਮੇਂ ਦੀ ਸੋਚ ਹੈ ਜਦੋਂ ਮਨੁੱਖ ਅੱਜ ਜਿੰਨਾ ਵਿਕਸਤ ਨਹੀਂ ਸੀ ਹੋਇਆ। ਕੁਦਰਤ ਦੀਆਂ ਕਰੋਪੀਆਂ ਦੇ ਜ਼ੇਰੇ-ਅਸਰ ਮਨੁੱਖ ਨੇ ਕਿਸੇ ਗ਼ੈਬੀ ਤਾਕਤ ਦੀ ਹੋਂਦ ਨੂੰ ਪ੍ਰਵਾਨ ਕੀਤਾ। ਜਿਸਦਾ ਆਧਾਰ ਗ਼ੈਰਵਿਗਿਆਨਕ ਸੀ। ਹੌਲੀ ਹੌਲੀ ਮਨੁੱਖ ਗਿਆਨ ਤੇ ਵਿਗਿਆਨ ਵੱਲ ਵਧਿਆ। ਉਸਨੇ ਤਰਕਸ਼ੀਲ ਦ੍ਰਿਸ਼ਟੀ ਨਾਲ ਸਮੁੱਚੇ ਬ੍ਰਹਿਮੰਡ ਨੂੰ ਸਮਝਣ ਦਾ ਯਤਨ ਕੀਤਾ ਤੇ ਆਪਣੇ ਪਹਿਲੇ ਅਧਿਆਤਮਕ ਸਟੈਂਡ ਨੂੰ ਆਪ ਹੀ ਨਕਾਰਿਆ। ਪ੍ਰਗਤੀ ਦਾ ਇਹ ਇਕ ਅਹਿਮ ਅਸੂਲ ਹੈ ਕਿ ਇਕ ਪ੍ਰਾਪਤੀ ਪਿਛੋਂ ਅਸੀਂ ਦੂਜੀ ਪ੍ਰਾਪਤੀ ਕਰਦੇ ਹਾਂ, ਫੇਰ ਤੀਜੀ ਤੇ ਸਿਲਸਿਲਾ ਚਲਦਾ ਰਹਿੰਦਾ ਹੈ। ਪਦਾਰਥਵਾਦੀ ਦ੍ਰਿਸ਼ਟੀਕੋਣ ਅਨੁਸਾਰ ਇਸਨੂੰ ਨਿਖੇਧ ਦਾ ਨਿਖੇਧ ਵੀ ਕਿਹਾ ਜਾ ਸਕਦਾ ਹੈ। ਪਰ ਜਿਹੜੇ ਲੋਕ ਅੱਜ ਵੀ ਵਿਚਾਰਵਾਦੀ ਫਲਸਫੇ ਅਤੇ ਅਧਿਆਤਮਕ ਵਿਧੀ ਦੇ ਧਾਰਨੀ ਹਨ, ਉਹ ਮਨੁੱਖ ਦੇ ਵਿਕਾਸ ਤੋਂ ਇਨਕਾਰੀ ਹਨ। ਉਹਨਾਂ ਦਾ ਮਨੁੱਖ ਅਜੇ ਵੀ ਪੱਥਰ ਯੁੱਗ ਵਿਚ ਬੈਠਾ ਹੈ।

ਦੇ : ਇਕ ਵਾਰੀ ਫੇਰ ਸਮੀਖਿਆ ਵਲ ਪਰਤਦੇ ਮੈਂ ਤੁਹਾਡੇ ਕੋਲੋਂ ਬਰਤਾਨਵੀ ਪੰਜਾਬੀ ਸਮੀਖਿਆ ਦੀ ਸਥਿਤੀ ਬਾਰੇ ਪੁੱਛਣਾ ਚਾਹੁੰਦੀ ਹਾਂ ?

ਸ : ਇਹਦੇ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਬਰਤਾਨਵੀ ਪੰਜਾਬੀ ਸਾਹਿਤ ਦੀਆਂ ਹੁਣ ਤਕ ਦੀਆਂ ਪ੍ਰਾਪਤੀਆਂ ਉਸਨੂੰ ਸਮੀਖਿਆ ਦੇ ਯੋਗ ਬਣਾਉਂਦੀਆਂ ਹਨ ਤੇ ਬਹੁਤ ਸਾਰੇ ਭਾਰਤੀ ਪੰਜਾਬੀ ਆਲੋਚਕਾਂ ਦਾ ਇਸ ਪਾਸੇ ਧਿਆਨ ਵੀ ਗਿਆ ਹੈ। ਬਰਤਾਨਵੀ ਆਲੋਚਨਾ ਵਿਚ ਕੁਝ ਇਕ ਹੋਰਨਾਂ ਤੋਂ ਇਲਾਵਾ ਮੈਂ ਵੀ ਕੁਝ ਕੰਮ ਕੀਤਾ ਹੈ ਪਰ ਜਿੰਨੀ ਸੰਜੀਦਗੀ ਅਤੇ ਚਿੰਤਾਸ਼ੀਲਤਾ ਨਾਲ ਇਹ ਕਾਰਜ ਹੋਣਾ ਚਾਹੀਦਾ ਸੀ, ਉਸ ਤਰ੍ਹਾਂ ਅਜੇ ਨਹੀਂ ਹੋਇਆ। ਬਰਤਾਨਵੀ ਸਾਹਿਤ ਬਾਰੇ ਕਿਸੇ ਗੰਭੀਰ ਆਲੋਚਨਾ ਲਈ ਉਥੇ ਜਾ ਕੇ ਕਾਫੀ ਲੰਬਾ ਸਮਾਂ ਰਹਿਣ, ਵੱਸਣ ਅਤੇ ਉਥੋਂ ਦੇ ਸਮਾਜ ਨੂੰ ਪੜ੍ਹਣ, ਗੁੜਣ ਦੀ ਜ਼ਰੂਰਤ ਹੈ ਜਿਸ ਤੋਂ ਪਿਛੋਂ ਹੀ ਸਮੀਖਿਆਕਾਰ ਉਥੋਂ ਦੀਆਂ ਕਿਰਤਾਂ ਦੇ ਠੀਕ ਸੰਦਰਭਾਂ ਤਕ ਪਹੁੰਚਣ ਵਿਚ ਸਫ਼ਲ ਹੋ ਸਕੇਗਾ।

ਦੇ : ਤੁਸੀਂ ਮਰਦ ਹੋਣ ਦੀ ਹੈਸੀਅਤ ਵਿਚ ਔਰਤ ਬਾਰੇ ਕਿਵੇਂ ਸੋਚਦੇ ਹੋ ?

ਸ : ਔਰਤ ਮਨੁੱਖੀ ਸਮਾਜ ਦੇ ਆਰੰਭ ਤੋਂ ਬਾਅਦ ਦੇ ਕੁਝ ਹੀ ਪੜਾਵਾਂ ਤਕ ਆਉਂਦੀ ਆਉਂਦੀ ਮਰਦ ਦੀ ਸਰਦਾਰੀ ਹੇਠਾਂ ਆ ਗਈ ਸੀ ਅਤੇ ਇਹ ਸਿਲਸਿਲਾ ਵੱਖ ਵੱਖ ਜੁਗਾਂ ਵਿਚ ਵੱਖ ਵੱਖ ਤਰੀਕਿਆਂ ਨਾਲ ਜਾਰੀ ਰਿਹਾ। ਸਾਮੰਤੀ ਸਮਾਜ ਵਿਚ ਔਰਤ ਘਰ ਦੀਆਂ ਬਾਕੀ ਵਸਤੂਆਂ ਵਾਂਗ ਮਰਦ ਦੀ ਮਾਲਕੀ ਬਣੀ ਰਹੀ। ਇਹਦੇ 'ਚ ਕੋਈ ਸ਼ੱਕ ਨਹੀਂ ਕਿ ਔਰਤ ਨੇ ਆਮ ਕਿਰਤੀ ਮਰਦ ਨਾਲੋਂ ਦੂਣਾ ਜ਼ੁਲਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਿਆ ਹੈ। ਭਾਰਤੀ ਸਮਾਜ ਵਿਚ ਤਾਂ ਔਰਤ ਦੀ ਸਥਿਤੀ ਹੋਰ ਵੀ ਨਿਰਾਸ਼ਾਜਨਕ ਰਹੀ ਹੈ।

ਦੇ : ਔਰਤ ਦੀ ਪਛਾਣ ਮਰਦ ਨੂੰ ਕਿਹੜੇ ਨਜ਼ਰੀਏ ਤੋਂ ਕਰਨੀ ਚਾਹੀਦੀ ਹੈ ?

ਸ : ਔਰਤ ਦੀ ਸਥਿਤੀ ਨੂੰ ਵਿਗਿਆਨਕ ਨਜ਼ਰੀਏ ਤੋਂ ਪਛਾਨਣ ਦੀ ਜ਼ਰੂਰਤ ਹੈ। ਉਹਦੀ ਗ਼ੁਲਾਮੀ ਤੋਂ ਮੁਕਤੀ ਦਾ ਰਾਹ ਵੀ ਏਸੇ ਅਨੁਰੂਪ ਹੋਵੇਗਾ। ਸਭ ਤੋਂ ਪਹਿਲੀ ਗੱਲ ਸਾਨੂੰ ਇਹ ਪਛਾਣ ਲੈਣੀ ਚਾਹੀਦੀ ਹੈ ਕਿ ਔਰਤ ਦੀ ਅਜ਼ਾਦੀ ਦਾ ਮਸਲਾ ਸਮੁੱਚੀ ਸ਼ੋਸ਼ਿਤ ਜਮਾਤ ਦੇ ਗੰਭੀਰ ਮਸਲੇ ਨਾਲ ਜੁੜਿਆ ਹੋਇਆ ਹੈ। ਵਰਤਮਾਨ ਸਮਾਜਕ/ਆਰਥਿਕ ਪ੍ਰਬੰਧ ਵਿਚ ਔਰਤ ਦੀ ਸਥਿਤੀ ਵਿਚ ਸੁਧਾਰ ਤਾਂ ਕੀਤਾ ਜਾ ਸਕਦਾ ਹੈ ਪਰ ਇਹਨੂੰ ਬਦਲਿਆ ਨਹੀਂ ਜਾ ਸਕਦਾ।

ਦੇ : ਫੇਰ ਔਰਤ ਮਰਦ ਦੀ ਬਰਾਬਰੀ ਦਾ ਸੁਪਨਾ ਕਿਵੇਂ ਪੂਰਾ ਹੋ ਸਕਦਾ ਹੈ ?

ਸ : ਔਰਤ ਨੂੰ ਮਰਦ ਦੇ ਬਰਾਬਰ ਖੜਾ ਕਰਨ ਲਈ ਸਾਨੂੰ ਬਰਾਬਰੀ ਵਾਲਾ ਸਮਾਜ ਸਿਰਜਣਾ ਪਵੇਗਾ। ਸ਼ੋਸ਼ਣ, ਨਾਬਰਾਬਰੀ ਅਤੇ ਜਾਇਦਾਦ ਵਾਲੇ ਸਮਾਜ ਵਿਚ ਔਰਤ ਦੀ ਆਜ਼ਾਦੀ ਦੇ ਮਸਲੇ ਨੂੰ ਇਕੱਲਿਆਂ ਕਰ ਕੇ ਵੇਖਣਾ ਵਿਗਿਆਨਕ ਦ੍ਰਿਸ਼ਟੀ ਤੋਂ ਗ਼ਲਤ ਹੈ।

ਦੇ : ਇਹ ਆਮ ਧਾਰਨਾ ਬਣੀ ਹੋਈ ਹੈ ਕਿ ਔਰਤ ਨੂੰ ਸਿਰਫ਼ ਔਰਤ ਹੀ ਜਾਣ ਸਕਦੀ ਹੈ। ਤੁਸੀਂ ਇਹਦੇ ਬਾਰੇ ਕੀ ਕਹਿਣਾ ਚਾਹੋਗੇ ?

ਸ : ਇਹ ਕਹਿਣਾ ਗ਼ਲਤ ਹੈ ਕਿ ਮਰਦ ਲੇਖਕ ਔਰਤ ਨੂੰ ਅਤੇ ਔਰਤ ਲੇਖਕ ਮਰਦ ਨੂੰ ਨਹੀਂ ਸਮਝ ਸਕਦੀ। ਹਾਂ ਵਿਗਿਆਨਕ ਦ੍ਰਿਸ਼ਟੀ ਦੀ ਅਣਹੋਂਦ ਵਿਚ ਤਾਂ ਸ਼ਾਇਦ ਔਰਤ ਨੂੰ ਔਰਤ ਜਾਂ ਮਰਦ ਨੂੰ ਮਰਦ ਵੀ ਨਹੀਂ ਸਮਝ ਸਕਦਾ। ਇਥੇ ਮੈਂ ਔਰਤ ਦੇ ਸਮੱਸਿਆਕਾਰ ਨੂੰ ਸਮਾਜਕ, ਆਰਥਕ, ਸਭਿਆਚਾਰਕ ਅਤੇ ਰਾਜਨੀਤਕ ਪੱਖੋਂ ਲੈ ਰਿਹਾ ਹਾਂ, ਉਹਦੀ ਜੀਵ-ਵਿਗਿਆਨਿਕ ਬਣਤਰ ਪੱਖੋਂ ਨਹੀਂ।

ਦੇ : ਮਰਦ-ਪ੍ਰਧਾਨ ਸਮਾਜ ਵਿਚ ਮਰਦ ਦਾ ਔਰਤ ਪ੍ਰਤੀ ਕੀ ਫਰਜ਼ ਹੋਣਾ ਚਾਹੀਦਾ ਹੈ ਤੇ ਉਸਨੂੰ ਔਰਤ ਲਈ ਕੀ ਕਰਨਾ ਚਾਹੀਦਾ ਹੈ ?

ਸ : ਮੈਂ ਸਮਝਦਾ ਹਾਂ ਸਭ ਤੋਂ ਪਹਿਲਾਂ ਮਸਲਾ ਔਰਤ ਨੂੰ ਵਿਗਿਆਨਕ ਸੰਸਾਰ ਦ੍ਰਿਸ਼ਟੀਕੋਣ ਨਾਲ ਲੈਸ ਕਰਨ ਦਾ ਹੈ ਤਾਂ ਕਿ ਉਹ ਸਥਿਤੀਆਂ, ਵਸਤਾਂ, ਤੇ ਵਰਤਾਰਿਆਂ ਦਾ ਠੀਕ ਅਧਿਐਨ ਅਤੇ ਵਿਸ਼ਲੇਸ਼ਣ ਕਰ ਸਕੇ। ਇਸ ਤਰ੍ਹਾਂ ਔਰਤ ਆਪਣੇ ਆਪ ਨੂੰ ਮਰਦ ਨਾਲੋਂ ਨਿਖੇੜ ਕੇ ਨਹੀਂ, ਉਸ ਨਾਲ ਜੋੜ ਕੇ ਵੇਖੇਗੀ ਬਲਕਿ ਉਹ ਭਵਿੱਖ ਦੀ ਪ੍ਰਗਤੀਸ਼ੀਲ ਤਾਕਤ ਵਜੋਂ ਉਭਰ ਕੇ ਸਾਹਮਣੇ ਆਏਗੀ। ਕੇਵਲ ਨਿੱਜੀ ਆਜ਼ਾਦੀ ਦੇ ਨਾਂ ਉਤੇ ਘਰਾਂ ਨੂੰ ਤੋੜ ਦੇਣਾ, ਖੁਲ੍ਹ ਕੇ ਸੈਕਸ ਮਾਣਨਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਰੋਹੀ ਹੋਣ ਦੀ ਆੜ ਵਿਚ ਸਿਹਤਮੰਦ ਮੁੱਲਾਂ ਤਕ ਨੂੰ ਤਿਆਗ ਦੇਣਾ–ਇਹ ਕੋਈ ਆਜ਼ਾਦੀ ਨਹੀਂ। ਇਸ ਤਰ੍ਹਾਂ ਤਾਂ ਔਰਤ ਸਗੋਂ ਮਰਦ ਦੀ ਕਾਮ ਭੁੱਖ ਦਾ ਆਪ ਹੀ ਸ਼ਿਕਾਰ ਹੋ ਰਹੀ ਹੈ। ਲੋੜ ਹੈ ਕਿ ਔਰਤ ਸਮੁੱਚੀ ਸ਼ੋਸ਼ਿਤ ਜਮਾਤ ਵਿਚ ਪ੍ਰਵੇਸ਼ ਕਰੇ, ਉਹਨੂੰ ਜੀਵਨ ਦੀ ਅਸਲ ਵਿਦਿਆ ਨਾਲ ਐਜੂਕੇਟ ਕੀਤਾ ਜਾਏ ਤੇ ਇਕ ਵਰਗ ਵਜੋਂ ਮੈਦਾਨ ਵਿਚ ਲਿਆਂਦਾ ਜਾਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ : ਨਵੇਂ ਰਿਸ਼ਤੇ

—ਹਰਿਭਜਨ ਸਿੰਘ

ਵੀਰ ਚੰਦਨ,

ਤੂੰ ਆਪਣਾ ਨਾਵਲ 'ਨਵੇਂ ਰਿਸ਼ਤੇ' ਮੈਨੂੰ ਭਾਰਤ ਵਿਚ ਹੀ ਭੇਜ ਦਿਤਾ ਸੀ ਤੇ ਮੈਂ ਉਸ ਨੂੰ ਓਥੇ ਪੜ੍ਹ ਵੀ ਲਿਆ ਸੀ ਤੇ ਮਨ ਹੀ ਮਨ ਫ਼ੈਸਲਾ ਵੀ ਕੀਤਾ ਸੀ ਕਿ ਤੈਨੂੰ ਇਸ ਬਾਰੇ ਇਕ ਚਿੱਠੀ ਲਿਖਾਂਗਾ। ਏਥੇ ਆ ਕੇ ਇਕ ਵਾਰ ਫੇਰ ਇਸ ਵਿਚੋਂ ਲੰਘਣ ਦਾ ਮੌਕਾ ਮਿਲਿਆ। ਏਸ ਦੇਸ ਵਿਚ ਤਾਂ ਹਰ ਦਿਨ ਭਾਜੜ ਪਈ ਰਹੀ ਹੈ। ਅੱਜ ਪਹਿਲੀ ਵਾਰ ਮੈਨੂੰ ਰਤਾ ਕੁ ਵਿਹਲ ਮਿਲੀ ਹੈ ਤੇ ਮੈਂ ਕਿਸੇ ਦੇ ਘਰ ਕੁਝ ਘੰਟਿਆਂ ਲਈ ਇਕੱਲਾ ਹਾਂ, ਸੋਚਿਆ ਇਸ ਇਕਾਂਤ ਵਿਚ ਤੇਰੇ ਨਾਲ ਗੱਲਾਂ ਹੀ ਕਰਾਂ।

ਪਹਿਲੀ ਗੱਲ ਇੰਗਲੈਂਡ ਦੇ ਪੰਜਾਬੀ ਸਾਹਿਤ ਬਾਰੇ। ਮੇਰੀ ਜਾਚੇ ਕਿਸੇ ਵੀ ਸਾਹਿਤ ਦੇ ਭਰ ਜਵਾਨ ਹੋਣ ਦੀ ਪਛਾਣ ਉਸ ਦੀ ਸਮੀਖਿਆ ਤੋਂ ਮਿਲਦੀ ਹੈ। ਇਹ ਠੀਕ ਹੈ ਕਿ ਤੇਰੇ ਨਾਵਲ ਨੂੰ ਪਰਵਾਨਗੀ ਤਾਂ ਤੇਰੇ ਪਾਠਕਾਂ ਨੇ ਹੀ ਦੇਣੀ ਹੈ, ਪਰ ਉਸ ਦੀ ਅੰਗ-ਨਿਖੇੜ, ਉਸਦੇ ਮੁਲੰਕਣ ਜਾਂ ਸਾਹਿਤ ਵਿਚ ਉਸ ਦੇ ਮੁਕਾਮ ਦਾ ਫ਼ੈਸਲਾ ਤਾਂ ਸਮੀਖਿਆ ਰਾਹੀਂ ਹੀ ਹੋਣਾ ਹੈ। ਇੰਗਲੈਂਡ ਵਿਚ ਪੰਜਾਬੀ ਕਵਿਤਾਵਾਂ ਵੀ ਹਨ, ਕਹਾਣੀਆਂ ਤੇ ਨਾਵਲ ਵੀ, ਏਥੇ ਸੋਹਣੀ ਵਾਰਤਕ ਲਿਖਣ ਵਾਲੇ ਵੀ ਹਨ, ਪਰ ਸਮੀਖਿਆਕਾਰ ਕੋਈ ਨਹੀਂ। ਜਿੰਨੀ ਦੇਰ ਤਕ ਏਥੇ ਪੰਜਾਬੀ ਸਮੀਖਆ ਦੀ ਪਛਾਨਣ-ਜੋਗ ਪਿਰਤ ਨਹੀਂ ਪੈਂਦੀ, ਪੰਜਾਬੀ ਸਾਹਿਤ ਨੂੰ ਏਸ ਧਰਤੀ ਵਿਚ ਆਪਣੀ ਜੜ੍ਹ ਜਮਾਉਣ ਵਿਚ ਦਿੱਕਤਾਂ ਪੇਸ਼ ਆਉਂਦੀਆਂ ਰਹਿਣਗੀਆਂ। ਥੋੜ੍ਹਾ ਕੁ ਪ੍ਰਮਾਣਕ ਸਾਹਿਤ ਸਾਰੇ ਅਪ੍ਰਮਾਣਕ ਲਿਖਤਾਂ ਦੇ ਢੇਰ ਵਿਚ ਗੁੰਮਦਾ ਗੁਆਚਦਾ ਰਹੇਗਾ।

ਹੁਣ, ਇਕ ਗੱਲ ਆਪਣੇ ਬਾਰੇ, ਮੈਂ ਉਹਨਾਂ ਲੋਕਾਂ ਵਿਚੋਂ ਹਾਂ ਜੋ ਸਾਹਿਤ ਅਤੇ ਸਮਾਜ ਨੂੰ ਵੀ ਭਾਸ਼ਾ ਹੀ ਮੰਨਦੇ ਹਨ। ਇਹਨਾਂ ਨੂੰ ਭਾਸ਼ਾ ਵਿਚ ਹੀ ਵਸਣਾ ਪੈਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਤਿੰਨੇ ਇਕ ਦੂਜੇ ਵਿਚ ਰਲੇ-ਮਿਲੇ ਹੀ ਸਾਨੂੰ ਪ੍ਰਾਪਤ ਹੁੰਦੇ ਹਨ ਅਤੇ ਰਲੇ-ਮਿਲੇ ਰੂਪ ਵਿਚ ਹੀ ਸਾਡੇ ਵਿਚੋਂ ਪ੍ਰਗਟ ਹੁੰਦੇ ਹਨ। ਜਦੋਂ ਅਸੀਂ ਇਕ ਦੂਜੇ ਨਾਲ ਗੱਲਾਂ ਕਰਦੇ ਹਾਂ ਤਾਂ ਸਿਰਫ਼ ਪੰਜਾਬੀ ਹੀ ਨਹੀਂ ਬੋਲਦੇ, ਸਮਾਜ ਵੀ ਬੋਲਦੇ ਹਾਂ। ਭਾਸ਼ਾ ਰਾਹੀਂ ਬੋਲਿਆ ਇਹ ਸਮਾਜ ਹੀ ਕਦੀ ਕਦੀ ਸਾਹਿਤ ਬਣ ਜਾਂਦਾ ਹੈ। ਤੇਰਾ ਨਾਵਲ ਪੜ੍ਹਨ ਬਾਅਦ ਮੇਰਾ ਇਹ ਵਿਚਾਰ ਕੁਝ ਵਧੇਰੇ ਪ੍ਰਪੱਕ ਹੋਇਆ ਹੈ। ਉਸੇ ਸੰਬੰਧ ਵਿਚ ਗੱਲਾਂ ਕਰਨ ਲਈ ਮੈਂ ਤੈਨੂੰ ਇਹ ਖ਼ਤ ਲਿਖ ਰਿਹਾ ਹਾਂ। ਪੱਕੀ-ਪੀਡੀ 'ਮਾਝੀ' ਵਿਚ ਰਚਿਤ ਇਹ 'ਬਰਤਾਨਵੀ-ਪੰਜਾਬੀ-ਸਮਾਜ' ਦਾ 'ਨਾਵਲ' ਆਪਣੇ ਰਲੇ-ਮਿਲੇ ਰੂਪ ਕਾਰਣ ਹੀ ਦਿਲ ਨੂੰ ਟੁੰਬਦਾ ਹੈ। ਉਸੇ ਸੰਬੰਧ ਵਿਚ ਗੱਲਾਂ ਕਰਨ ਲਈ ਮੈਂ ਤੈਨੂੰ ਇਹ ਖ਼ਤ ਲਿਖ ਰਿਹਾ ਹਾਂ।

ਤੂੰ ਆਪਣੇ ਨਾਵਲ ਨੂੰ 'ਇੰਗਲੈਂਡ ਵਿਚ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਲੇ ਹਰ ਰੋਜ਼ ਵਧਦੇ ਪਾੜੇ ਦੀ ਗਾਥਾ' ਕਿਹਾ ਹੈ। ਮੈਂ ਤੇਰੇ ਇਸ ਵਿਚਾਰ ਨਾਲ ਸਹਿਮਤ ਵੀ ਹਾਂ ਤੇ ਅਸਹਿਮਤ ਵੀ। ਇਹ ਸਹੀ ਹੈ ਕਿ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਕਾਰ ਪਾੜਾ ਹੈ। ਪੰਜਾਬੀ ਮਾਪੇ ਆਪਣੇ ਬੱਚਿਆਂ ਦਾ ਵਿਆਹ ਆਪ ਦੀ ਮਰਜ਼ੀ ਅਨੁਸਾਰ ਕਰਨਾ ਚਾਹੁੰਦੇ ਹਨ ਤੇ ਬੱਚੇ ਆਪਣੀ ਮਰਜ਼ੀ ਅਨੁਸਾਰ। ਸਾਡੇ ਪਿਆਰ-ਕਿੱਸਿਆਂ ਵਿਚ ਇਹੋ ਪਾੜਾ ਪੂਰੀ ਸ਼ਿੱਦਤ ਨਾਲ ਪ੍ਰਗਟ ਹੋਇਆ ਸੀ। ਸਾਡੀਆਂ ਨਵੀਆਂ ਪੁਰਾਣੀਆਂ ਫਿਲਮਾਂ ਦੀ ਪ੍ਰਮੁੱਖ ਥੀਮ ਇਹੋ ਹੈ। ਇਹ ਪਾੜਾ ਸਿਰਫ਼ ਇੰਗਲੈਂਡ ਵਸਦੇ ਪੰਜਾਬੀਆਂ ਵਿਚਕਾਰ ਹੀ ਨਹੀਂ, ਭਾਰਤ ਵਸਦੇ ਪੰਜਾਬੀਆਂ ਵਿਚਕਾਰ ਵੀ ਹੈ। ਤੇਰੇ ਨਾਵਲ ਦਾ ਕਾਰਜ-ਖੇਤਰ ਇੰਗਲੈਂਡ ਸਹੀ, ਪਰ ਇਸ ਵਿਚਲੀਆਂ ਸਮਾਜਕ ਕਦਰਾਂ ਭਾਰਤੀ-ਪੰਜਾਬੀ ਹੀ ਹਨ। ਕਦੀ ਕਦੀ ਅਸੀਂ ਅੰਗਰੇਜ਼ੀ ਸ਼ਬਦਾਂ ਨਾਲ ਪੰਜਾਬੀ ਬੋਲਦੇ ਹਾਂ। ਇਸੇ ਤਰ੍ਹਾਂ ਤੂੰ ਥੋੜ੍ਹੀ ਕੁ ਅੰਗਰੇਜ਼ੀ ਮਾਨਸਿਕਤਾ ਨਾਲ ਪੰਜਾਬੀ ਸਮਾਜ ਦੀ ਹੀ ਰਚਨਾ ਕੀਤੀ ਹੈ। ਰਕਾ ਕੁ ਧਿਆਨ ਨਾਲ ਸੋਚੇਂ ਤਾਂ ਤੂੰ ਅੱਜ ਦੇ ਇੰਗਲੈਂਡ ਵਿਚ ਪੁਰਾਣਾ ਪੰਜਾਬੀ ਕਿੱਸਾ ਹੀ ਰਚਿਆ ਹੈ। ਇਹ ਤੇਰੇ ਨਾਵਲ ਦੀ ਮੌਲਿਕਤਾ ਉਪਰ ਕਿੰਤੂ ਨਹੀਂ। ਮੌਲਿਕਤਾ ਬੜੀ ਬੇਇਤਬਾਰੀ ਸ਼ੈ ਹੈ। ਇਹੋ ਜਿਹੇ ਸਾਹਿਤ-ਵਿਗਿਆਨੀਆਂ ਦੀ ਘਾਟ ਨਹੀਂ ਜੋ ਪੱਕੇ ਭਰੋਸੇ ਨਾਲ ਕਹਿੰਦੇ ਹਨ ਕਿ ਲਿਖਣ ਯੋਗ 'ਪਲਾਟ' ਤਾਂ ਲਿਖੇ ਜਾ ਚੁੱਕੇ ਹਨ, ਹੁਣ ਦੇ ਬਿਰਤਾਂਤਕਾਰ ਉਹਨਾਂ ਨੂੰ ਹੀ ਮਾੜੀ-ਮੋਟੀ ਸੋਧ ਨਾਲ ਮੁੜ ਪੇਸ਼ ਕਰ ਸਕਦੇ ਹਨ। ਮੇਰਾ ਇਸ਼ਾਰਾ ਤਾਂ ਇਸ ਨਾਵਲ ਦੀ ਥੀਮ ਵਲ ਹੈ ਜੋ ਕੁੜੀ-ਮੁੰਡੇ ਅਤੇ ਉਹਨਾਂ ਦੇ ਮਾਪਿਆਂ ਵਿਚਕਾਰ ਵਿਆਹ ਦੇ ਮਾਮਲੇ ਸੰਬੰਧੀ ਹੈ। ਇਹ ਥੀਮ ਅਨੇਕ ਪੰਜਾਬੀ ਬਿਰਤਾਂਤਾਂ ਵਿਚ ਪੇਸ਼ ਹੋ ਕੇ ਵੀ ਅਜੇ ਅਣਸੁਲਝੀ ਪਈ ਹੈ। ਕਿੱਸਾ ਹੀਰ ਨਿਤ ਗਾਉਣ-ਸੁਣਨ ਵਾਲੇ ਪੰਜਾਬੀਆਂ ਨੇ ਅਜੇ ਇਸ ਰਚਨਾ ਤੋਂ ਕੁਝ ਨਹੀਂ ਸਿਖਿਆ। ਇਸ ਨੂੰ ਭੋਗਿਆ, ਜਰਿਆ ਤੇ ਸਵੀਕਾਰਿਆ ਹੈ, ਪਰ ਇਸ ਨੂੰ ਬਦਲਣ ਦਾ ਜਤਨ ਨਹੀਂ ਕੀਤਾ। ਤੇਰਾ ਨਾਵਲ ਪੜ੍ਹਨ ਬਾਅਦ ਮਨ ਵਿਚ ਸੁਆਲ ਉਭਰਿਆ ਹੈ : ਪੰਜਾਬੀ ਲੋਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਵੀਂ ਜ਼ਿੰਦਗੀ ਵਿਚ ਕਿੰਨੇ ਕੁ ਰਚਮਿਚ ਜਾਂਦੇ ਹਨ। ਜਵਾਬ ਇਹੋ ਮਿਲਦਾ ਹੈ: ਪੰਜਾਬੀ ਲੋਕ ਬੁਨਿਆਦੀ ਤੌਰ ਤੇ ਪਰੰਪਰਾ-ਮੁੱਖ ਹਨ। ਉਹ ਪ੍ਰਗਤੀਸ਼ੀਲ ਸਾਹਿਤ ਰਚ ਸਕਦੇ ਹਨ ਪਰ ਜੀਉਂਦੇ ਪਰੰਪਰਾਵਾਦੀ ਕਦਰਾਂ ਹੀ ਹਨ। ਉਹ ਆਪਣੇ ਪ੍ਰਗਤੀਵਾਦੀ ਸਾਹਿਤ ਵਿਚ ਵੀ ਆਪਣੀਆਂ ਪਰੰਪਰਾਵਾਦੀ ਕਦਰਾਂ ਨੂੰ ਹੀ ਪ੍ਰਪੱਕ ਕਰਦੇ ਹਨ ਤੇ ਮਜ਼ੇਦਾਰ ਗੱਲ ਇਹ ਹੈ ਕਿ ਉਹਨਾਂ ਨੂੰ ਇਸ ਦਾ ਪਤਾ ਨਹੀਂ ਲਗਦਾ। ਪੰਜਾਬੀਆਂ ਦੇ ਜੀਵਨ ਵਿਚ ਜੋ ਤਬਦੀਲੀ ਵਾਪਰਦੀ ਹੈ ਸਤਹ ਉਪਰ ਹੀ ਵਾਪਰਦੀ ਹੈ, ਧੁਰ ਡੂੰਘ ਓਵੇਂ ਦਾ ਓਵੇਂ ਬਣਿਆ ਰਹਿੰਦਾ ਹੈ। ਨਵੀਂ ਦੁਨੀਆਂ ਵਿਚ ਉਹ ਪੁਰਾਣੀ ਰਹਿਤ-ਬਹਿਤ ਮੁਤਾਬਿਕ ਹੀ ਜੀਊਂਦੇ ਹਨ।

ਤੇਰੇ ਨਾਵਲ ਵਿਚ ਵੀ ਉਹੋ ਤਣਾਉ ਨਜ਼ਰ ਆਉਂਦਾ ਹੈ ਜੋ ਪੰਜਾਬੀਆਂ ਨੂੰ ਹਰ ਥਾਂ ਵਿਆਪਿਆ ਹੋਇਆ ਹੈ। ਪੰਜਾਬੀ ਲੋਕ ਆਪਣੇ ਆਪ ਨੂੰ ਨਵੀਂ ਦੁਨੀਆਂ ਮੁਤਾਬਿਕ ਢਾਲਣਾ ਵੀ ਚਾਹੁੰਦੇ ਹਨ ਤੇ ਆਪਣੀ ਪੁਰਾਣੀ ਤਰਜ਼ੇ-ਜ਼ਿੰਦਗੀ ਨੂੰ ਬਣਾਈ ਵੀ ਰਖਣਾ ਚਾਹੁੰਦੇ ਹਨ। ਇਹ ਬਿਲਕੁਲ ਇਵੇਂ ਹੈ ਜਿਵੇਂ ਅਸੀਂ ਆਪਣੀ ਬੋਲੀ ਨੂੰ ਨਵੇਂ ਗਿਆਨ-ਵਿਗਿਆਨ ਦਾ ਹਾਣੀ ਬਣਾਉਣਾ ਵੀ ਚਾਹੁੰਦੇ ਹਾਂ ਤੇ ਉਸ ਦੇ ਠੇਠ ਸੁਭਾਉ ਨੂੰ ਬਣਾਈ ਵੀ ਰਖਣਾ ਚਾਉਂਦੇ ਹਾਂ। ਤੇਰੇ ਨਾਵਲ ਦਾ ਥੀਮ ਇਹੋ ਤਣੀ ਹੋਈ ਪੰਜਾਬੀਅਤ ਹੈ। ਪੰਜਾਬੀ ਲੋਕਾਂ ਲਈ ਉਹਨਾਂ ਦੀ ਪੰਜਾਬੀਅਤ ਹੀ ਇਕ ਸਮੱਸਿਆ ਬਣੀ ਹੋਈ ਹੈ। ਇਸ ਪੰਜਾਬੀਅਤ ਦਾ ਵੱਡਾ ਪ੍ਰੇਰਕ ਜਾਤ-ਕੁਜਾਤ ਹੈ ਤੇ ਇਸ ਦੀ ਵੱਡੀ ਕਸਵੱਟੀ ਰੋਟੀ-ਬੇਟੀ ਦੇ ਰਿਸ਼ਤੇ ਹਨ। ਤੂੰ ਪੰਜਾਬੀਅਤ ਦੇ ਇਸ ਪ੍ਰੇਰਕ ਅਤੇ ਕਸਵੱਟੀ ਦਾ ਜ਼ਿਕਰ ਕੀਤਾ ਹੈ। ਤੇਰੀ ਥੀਮ ਬਹੁਤ ਸਰਲ ਪਰ ਬੁਨਿਆਦੀ ਮਹੱਤਵ ਵਾਲੀ ਹੈ।

ਤੇਰੇ ਨਾਵਲ ਵਿਚ ਪੰਜਾਬੀਅਤ ਨੂੰ ਸਭ ਤੋਂ ਵਧ ਪ੍ਰਗਟਾਵਾ ਉਦੋਂ ਮਿਲਦਾ ਹੈ ਜਦੋਂ ਗੁਰਪਾਲ ਪ੍ਰੀਤੂ ਨੂੰ ਕਹਿੰਦੀ ਹੈ: "ਪ੍ਰੀਤੂ, ਆਹ ਆਪਣੀਆਂ ਪਲੇਟਾਂ ਧੋ ਜੀਂ।" ਪ੍ਰੀਤੂ ਮਜ਼ੂਬੀ ਨੇ ਆਪਣੇ ਪੁਰਾਣੇ ਮਾਲਕ ਤੇ ਮਿੱਤਰ ਜੱਟ ਗੁਰਜੀਤ ਨੂੰ ਇੰਗਲੈਂਡ ਮੰਗਾਇਆ, ਉਹਦੀ ਟਹਿਲ-ਸੇਵਾ ਵੀ ਕੀਤੀ, ਉਹਨੂੰ ਕੰਮ ਤੇ ਲਵਾਇਆ ਤੇ ਪਰਿਵਾਰ ਨੂੰ ਇੰਗਲੈਂਡ ਮੰਗਵਾਉਣ ਵਿਚ ਉਹਦੀ ਮਦਦ ਵੀ ਕੀਤੀ। ਪਰ ਗੁਰਜੀਤ ਦੀ ਘਰ ਵਾਲੀ ਗੁਰਪਾਲ ਪ੍ਰੀਤੂ ਦੇ ਮਜ਼ੂਬੀ ਆਪੇ ਨੂੰ ਨਹੀਂ ਭੁਲ ਸਕਦੀ। ਉਹਦਾ ਮਜ਼ੂਬੀਪੁਣਾ ਉਹਨੂੰ ਸਹਿਜ ਜਾਪਦਾ ਹੈ। ਏਦਾਂ ਜਾਪਣਾ ਉਹਦੀ ਭਾਰਤੀ-ਪੰਜਾਬੀ ਵਿਚਾਰਧਾਰਾ ਦਾ ਅਚੇਤ ਅੰਗ ਹੈ। ਇਸ ਨੂੰ ਉਹਦੇ ਭਾਰਤੀ-ਪੰਜਾਬੀ ਆਪੇ ਵਿਚੋਂ ਸਹਿਜੇ ਹੀ ਕਢਿਆ ਨਹੀਂ ਜਾ ਸਕਦਾ। ਇੰਗਲੈਂਡ ਪਹੁੰਚ ਕੇ ਉਹ ਪ੍ਰੀਤੂ ਦੇ ਉਸ ਘਰੋਂ ਰੋਟੀ ਨਹੀਂ ਖਾ ਸਕਦੀ ਜਿਥੇ ਉਸ ਦਾ ਪਤੀ ਖਾਂਦਾ ਰਿਹਾ ਹੈ। ਜਦੋਂ ਇਕ ਵਾਰ ਗੁਰਮੀਤ ਪ੍ਰੀਤੂ ਨੂੰ ਰੋਟੀ-ਟੁਕ ਲਈ ਆਪਣੇ ਘਰ ਲੈ ਆਉਂਦਾ ਹੈ ਤਾਂ ਗੁਰਪਾਲ ਉਸ ਦਾ ਸੁਆਗਤ ਨਹੀਂ ਕਰ ਸਕਦੀ। ਹਾਸੇ ਖ਼ੁਸ਼ੀ ਦੀ ਗੱਲ ਵਿਚ ਸ਼ਾਮਲ ਨਹੀਂ ਹੋ ਸਕਦੀ ਹੈ। 'ਸੜੀ ਭੁਜੀ' ਉਸ ਨੂੰ ਰੋਟੀ ਤਾਂ ਖੁਆ ਦੇਂਦੀ ਹੈ, ਪਰ ਉਸ ਦੀਆਂ ਜੂਠੀਆਂ ਪਲੇਟਾਂ ਨਹੀਂ ਧੋ ਸਕਦੀ। ਉਹਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਣ ਲਗਿਆਂ ਉਹਨੂੰ "ਆਪਣੀਆਂ ਪਲੇਟਾਂ ਧੋ ਜੀਂ" ਦਾ ਹੁਕਮ ਸੁਣਾ ਦੇਂਦੀ ਹੈ।

ਜੇ ਪੰਜਾਬੀ ਪਰਿਵਾਰ ਨੂੰ ਪੰਜਾਬੀਅਤ ਦੀ ਛੋਟੀ ਤੋਂ ਛੋਟੀ ਇਕਾਈ ਮੰਨ ਲਿਆ ਜਾਵੇ ਤਾਂ ਕਹਿਣਾ ਪਵੇਗਾ ਕਿ ਇਹ ਤਿੜਕੀ ਹੋਈ ਸ਼ੈ ਹੈ। ਪਤੀ-ਪਤਨੀ ਵਿਚੋਂ ਇਕ ਜਾਤ-ਕੁਜਾਤ-ਭਾਵਨਾ ਨੂੰ ਟੱਪਣ ਦੇ ਆਹਰ ਵਿਚ ਹੈ, ਦੂਜਾ ਨਹੀਂ ਟੱਪਦਾ, ਦੋਹਾਂ ਵਿਚੋਂ ਇਕ ਜਣਾ ਪਰੰਪਰਕ ਕਦਰਾਂ ਤੋਂ ਪਾਰ ਚਲਾ ਵੀ ਜਾਏ, ਦੂਜਾ ਨਹੀਂ ਜਾ ਸਕਦਾ। ਆਧੁਨਿਕ ਪੰਜਾਬੀ ਪਰਿਵਾਰ ਨੂੰ ਤਿੜਕੀ ਹੋਈ ਪੰਜਾਬੀਅਤ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਇਸ ਸਥਿਤੀ ਦਾ ਪ੍ਰਤੀਕਾਤਮਕ ਚਿਤ੍ਰਣ ਤੇਰੇ ਨਾਵਲ ਵਿਚ ਹੋਇਆ ਹੈ। 'ਉਹ (ਪ੍ਰੀਤੂ) ਅੱਗੇ ਵਧ ਕੇ ਆਪਣੀਆਂ ਜੂਠੀਆਂ ਪਲੇਟਾਂ ਚੁੱਕਣ ਹੀ ਲੱਗਾ ਸੀ ਕਿ ਗੁਰਜੀਤ ਨੇ ਇਕ ਇਕ ਕਰ ਕੇ ਸਾਰੀਆਂ ਪਲੇਟਾਂ ਕੰਧ ਨਾਲ ਮਾਰਨੀਆਂ ਸ਼ੁਰੂ ਕਰ ਦਿਤੀਆਂ।' ਪਤੀ ਤੇ ਪਤਨੀ ਵਿਚਕਾਰ ਕੁਝ ਟੁੱਟਿਆ ਹੋਇਆ ਹੈ, ਪਰ ਇਸ ਟੁੱਟੇ ਹੋਏ ਫ਼ਾਸਲੇ ਦੇ ਬਾਵਜੂਦ ਦੋਹਾਂ ਨੂੰ ਇਕੋ ਘਰ ਵਿਚ ਰਹਿਣਾ ਪੈਂਦਾ ਹੈ। ਪਤੀ, ਪਤਨੀ ਤੇ ਟੁੱਟ-ਭਜ ਇਹੋ ਪੰਜਾਬੀ ਪਰਿਵਾਰ ਦਾ ਪ੍ਰਮਾਣਕ ਚਿਤਰ ਹੈ। ਇਸ ਚਿਤਰ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਪ੍ਰੀਤੂ ਨਾਲ ਜੋ ਬੀਤੀ ਹੈ ਉਸ ਦਾ ਜ਼ਿਕਰ ਉਹ ਆਪਣੀ ਪਤਨੀ ਵੀਰੋ ਨਾਲ ਨਹੀਂ ਕਰ ਸਕਦਾ। ਉਹ ਗੁਰਮੀਤ ਨਾਲ ਆਪਣਾ ਸੰਬੰਧ ਪਹਿਲਾਂ ਵਰਗਾ ਹੀ ਰਖਣਾ ਚਾਹੁੰਦਾ ਹੈ, ਪਰ ਪਤਨੀ ਨੂੰ ਦਸਣ ਨਾਲ ਇਹ ਸੰਭਵ ਨਹੀਂ, ਕਿਤੇ ਕੁਝ ਹੈ ਜਿਸ ਦੇ ਲੁਕਾਉਣ ਨਾਲ ਹੀ ਪੰਜਾਬੀਅਤ ਬਚਦੀ ਹੈ। ਪੰਜਾਬੀ ਜਣਾ ਬਹਾਦਰੀ ਦੇ ਕਿੰਨੇ ਹੀ ਦਾਅਵੇ ਪਿਆ ਕਰੇ, ਆਪਣੇ ਤਿੜਕੇ ਘਰ ਵਿਚ ਉਹ ਕਿਤੇ ਨਾ ਕਿਤੇ ਬੁਜ਼ਦਿਲ ਵੀ ਹੈ। ਆਪਣੀ ਬਹਾਦਰੀ ਦੀ ਰਖਿਆ ਲਈ ਬੁਜ਼ਦਿਲ ਬਣਨਾ ਪੈਂਦਾ ਹੈ।

ਭਿਟ-ਭਾਵਨਾ ਭਾਰਤੀ ਇਸਤ੍ਰੀ ਦਾ ਪੈਂਤਰਾ ਹੈ ਜਿਸ ਨਾਲ ਉਹ ਆਪਣੀ ਪਰੰਪਰਾ ਦੀ ਰਖਿਆ ਕਰਦੀ ਹੈ। ਤਿੱਖੀ ਭਿਟ-ਭਾਵਨਾ ਨਾਲ ਹੀ ਭਾਰਤੀ ਇਸਤ੍ਰੀ ਮਰਦ ਨਾਲ ਵਿਥ ਥਾਪਦੀ ਹੈ ਅਤੇ ਇਸ ਪੈਂਤਰੇ ਨਾਲ ਉਹ ਮਰਦ ਨੂੰ ਆਪਣੇ ਕਬੀਲੇ ਤੋਂ ਦੂਰ ਨਹੀਂ ਜਾਣ ਦੇਂਦੀ। ਭਾਰਤੀ ਇਸਤ੍ਰੀ ਵਾਂਗ ਪੰਜਾਬ ਦੇ ਧੁਰ-ਡੂੰਘ ਵਿਚ ਇਹੋ ਭਿਟ-ਭਾਵਨਾ, ਇਹੋ ਬ੍ਰਾਹਮਣਾਂ ਦੀ ਬਿਰਤੀ, ਸਮਾਈ ਹੋਈ ਹੈ। ਇਸ ਭਿਟ-ਭਾਵਨਾ ਦੇ ਕਈ ਰੂਪ ਗ਼ੈਰ ਭਾਰਤੀ ਲੋਕਾਂ ਵਿਚ ਵੀ ਵਿਖਾਈ ਦੇਂਦੇ ਹਨ ਜਿਸ ਨਾਲ ਉਹ ਆਪਣੇ ਸਭਿਆ-ਚਾਰ ਦੇ ਚਾਰ-ਚੁਫ਼ੇਰੇ ਵਿਥ ਦਾ ਘੇਰਾ ਥਾਪ ਲੈਂਦੇ ਹਨ। ਮਜ਼ਬੂਰੀ ਪ੍ਰੀਤੂ ਦੇ ਅਪਮਾਨ ਪਿੱਛੋਂ ਗੁਰਜੀਤ ਆਪਣੀ ਘਰ ਵਾਲੀ ਗੁਰਪਾਲ ਨੂੰ ਸਮਝਾਉਂਦਾ ਹੈ :

> ਏਥੇ ਵਲੈਤ ਵਿਚ ਅੰਗਰੇਜ਼ ਮੈਨੂੰ ਵੀ ਮਜ਼ਬੂਰੀ ਸਮਝਦੇ ਐ—ਸਮਝਦੇ ਈ ਨਹੀਂ ਸਗੋਂ ਏਦਾਂ ਟਰੀਟ ਕਰਦੇ ਆ। ਅਸੀਂ ਰੌਲਾ ਪਾਉਂਦੇ ਆਂ ਬਈ ਕਾਲਿਆਂ ਨਾਲ ਵਿਤਕਰਾ ਹੁੰਦਾ। ਜਦੋਂ ਅਸੀਂ ਆਪਣੇ ਲੋਕਾਂ ਨਾਲ ਇਉਂ ਕਰਦੇ ਆਂ ਫੇਰ ਸਾਡਾ ਕੀ ਹਕ ਇਆ ਰੌਲਾ ਪਾਉਣ ਦਾ।

ਏਥੋਂ ਤਕ ਤੇਰੀ ਗੱਲ ਬਿਲਕੁਲ ਸਹੀ ਹੈ। ਪਰ, ਤੂੰ ਨਾਵਲ ਦੀ ਭੂਮਿਕਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿੰਦਾ ਹੈਂ—'ਗੁਰਪਾਲ ਕੌਰ' ਪ੍ਰੀਤੂ ਦੀ 'ਕੁਜਾਤ' ਨਾਲ ਨਫ਼ਰਤ ਕਰਦੀ ਹੈ, ਪਰ ਇਕੱਲਤਾ ਤੋਂ ਬਚਣ ਲਈ ਉਹਦੇ ਘਰ ਵਲ ਨੂੰ ਭੱਜਦੀ ਹੈ। ਮਨੁੱਖ ਮੂਲ ਰੂਪ ਵਿਚ ਖ਼ੁਦਗ਼ਰਜ਼ ਹੈ—ਸਰਮਾਏਦਾਰੀ ਸਮਾਜ ਵਿਚ ਏਦੂ ਵਧ ਕੁਝ ਹੋ ਨਹੀਂ ਸਕਦਾ। ਏਸ ਉਕਤੀ ਰਾਹੀਂ ਤੂੰ ਡੂੰਘੇ ਅਤੇ ਗੁੰਝਲਦਾਰ ਮਨੁੱਖੀ ਅਵਚੇਤਨ ਮਨ ਦੀ ਸਤ੍ਰਈ ਅਤੇ ਸਰਲ ਵਿਆਖਿਆ ਪੇਸ਼ ਕੀਤੀ ਹੈ। 'ਮੂਲ' ਖ਼ੁਦਗ਼ਰਜ਼ੀ ਸਿਰਫ਼ ਸਰਮਾਏਦਾਰੀ ਯੁੱਗ ਤਕ ਹੀ ਸੀਮਿਤ ਨਹੀਂ, ਭੂਪਵਾਦੀ ਯੁੱਗ ਵਿਚ ਵੀ ਮਨੁੱਖ ਆਪਣੇ 'ਖ਼ੁਦ' ਵੱਲ ਰੁਚਿਤ ਸੀ ਤੇ ਉਹ ਆਪਣੇ ਅਤੇ ਪਰਾਏ ਵਿਚਕਾਰ ਇਸੇ ਤਰ੍ਹਾਂ ਦਾ ਨਿਖੇੜਾ ਥਾਪਦਾ ਸੀ। ਭੂਪਵਾਦੀ ਯੁੱਗ ਤੋਂ ਵੀ ਪਹਿਲਾਂ ਇਹੋ 'ਖ਼ੁਦਗ਼ਰਜ਼ੀ' ਇਹੋ 'ਭਿਟ-ਭਾਵਨਾ' ਕੰਮ ਕਰਦੀ ਸੀ। ਹੋਰ ਤਾਂ ਹੋਰ ਇਹ ਸਾਡੀ ਬੋਲੀ ਵਿਚ ਵੀ ਕੰਮ ਕਰਦੀ ਹੈ। ਇਹ 'ਯੁੱਗਾਂ' ਤੋਂ ਪਰ੍ਹਾਂ ਸਾਡੇ 'ਮੂਲ' ਨਾਲ ਸੰਬੰਧਿਤ ਹੈ, ਸਾਡੀ ਜ਼ਿੰਦਗੀ ਦੀ ਗਰਾਮਰ ਨਾਲ ਸੰਬੰਧਿਤ ਹੈ। ਸੰਸਕ੍ਰਿਤ ਨੂੰ ਦੂਜੀਆਂ ਬੋਲੀਆਂ ਦੀ ਭਿਟ ਤੋਂ ਬਚਾਉਣ ਲਈ ਤਾਂ ਪਾਣਿਨੀ ਨੇ ਸੰਸਕ੍ਰਿਤ ਦੇ ਆਲੇ ਦੁਆਲੇ ਵਿਆਕਰਣ ਦੀ ਕਰੜੀ ਕੰਧ ਉਸਾਰੀ ਸੀ। ਹਿੰਦੀ-ਸੰਸਕ੍ਰਿਤ-ਰਲੇ ਤੋਂ ਪੰਜਾਬੀ ਦੀ ਰਖਿਆ ਲਈ ਜੋ ਨਾਹਰਾ ਬੁਲੰਦ ਕੀਤਾ ਜਾ ਰਿਹਾ ਹੈ, ਉਸ ਦੀ ਤਹਿ ਹੇਠ ਵੀ ਸਾਡੀ ਭਿਟ-ਭਾਵਨਾ ਹੀ ਕੰਮ ਕਰਦੀ ਹੈ। ਰਲਾਅ ਪੈਣ ਨਾਲ ਜੋ ਬੋਲੀਆਂ ਹੋਂਦ ਵਿਚ ਆਈਆਂ ਸਨ, ਉਹਨਾਂ ਨੂੰ ਭਿਟੀਆਂ ਹੋਈਆਂ ਬੋਲੀਆਂ (ਅਪਭ੍ਰੰਸ਼) ਦਾ ਹੀ ਤਾਂ ਨਾਂ ਦਿਤਾ ਗਿਆ ਸੀ। ਮਨੁੱਖ ਆਪਣੀ ਬੋਲੀ ਦਾ ਬਣਾਇਆ ਹੀ ਬਣਦਾ ਹੈ। ਜਦੋਂ ਧਰਤੀ ਦੇ ਅਤਿ ਨੇੜੇ ਦੀ ਸਾਡੀ ਪੰਜਾਬੀ ਹੀ ਆਪਣੇ ਚੁਫ਼ੇਰੇ ਠੇਠ ਮੁਹਾਵਰੇ ਦੀ ਕੰਧ ਉਸਾਰਨਾ ਲੋਚਦੀ ਹੈ, ਸਾਡੇ ਸਭਿਆਚਾਰ ਵਿਚ ਜਾਤ-ਕੁਜਾਤ ਦਾ ਫ਼ਰਕ ਕਿਵੇਂ ਮਿਟ ਸਕਦਾ ਹੈ। ਸਿਰਫ਼ ਵੱਡੇ ਲੋਕ ਹੀ ਆਪਣੇ ਆਪ ਨੂੰ ਛੋਟਿਆਂ ਦੀ ਭਿਟ ਤੋਂ ਬਚਾਉਣਾ ਨਹੀਂ ਲੋਚਦੇ, ਛੋਟੇ ਵੀ ਆਪਣੇ ਆਪ ਨੂੰ ਵਡਿਆਂ ਤੋਂ ਦੂਰ ਰਖਣਾ ਚਾਹੁੰਦੇ ਹਨ। ਭਿਟ-ਭਾਵਨਾ ਬੜੀ ਚੀੜ੍ਹੀ ਸ਼ੈ ਹੈ। ਇਹ ਕਈ ਥਾਈਂ ਕਈ ਰੂਪਾਂ ਵਿਚ ਆਪਣਾ ਕੰਮ ਕਰੀ ਜਾਂਦੀ ਹੈ।

ਰੋਟੀ ਤੋਂ ਲੈ ਕੇ ਬੇਟੀ ਤਕ ਇਸੇ ਭਿਟ ਦਾ ਪਸਾਰਾ ਹੈ। 'ਅਜ ਗੁਰਪਾਲ ਨੇ ਵੀਰੋ ਦੇ ਭਾਂਡਿਆਂ ਦੀ ਬਣਾਈ ਹੋਈ ਚਾਹ ਵੀ ਪੀਤੀ।' ਤੇਰੇ ਇਸ ਕਥਨ ਤੋਂ ਭੁਲੇਖਾ ਪੈਂਦਾ ਹੈ ਕਿ ਸਾਰੀ ਭਿਟ ਧੋਤੀ ਗਈ। ਪਰ ਇਸ ਕਥਨ ਤੋਂ ਅਜ ਪੰਜ ਸਤਰਾਂ ਪਹਿਲਾਂ ਹੀ ਤਾਂ ਤੂੰ ਵੀਰੋ ਦੇ ਮੂੰਹੋਂ ਅਖਵਾਇਆ ਸੀ : ਕੀ ਖਾਊ ਪੀਊਗੀ ਬੀਬੀ—"ਬਾਹਰੋਂ ਮੰਗਾ ਦਿਆਂ ਕੁਸ਼--" ਦੇਸੀ ਦੁਕਾਨਾਂ ਤਾਂ ਐਤਵਾਰ ਵੀ ਖੁਲਦੀਆਂ ਇਕ ਦੋ ? ਸਾਫ਼ ਜ਼ਾਹਰ ਹੈ ਧੁਰ-ਡੂੰਘ ਵਿਚ ਫ਼ਾਸਲੇ ਬਣੇ ਹੋਏ ਹਨ। ਮਜ਼ਹਬੀ ਦੇ ਭਾਂਡਿਆਂ ਵਿਚ ਚਾਹ ਪੀਣ ਤੋਂ ਕੁਝ ਮਿੰਟ ਪਹਿਲਾਂ ਹੀ ਮਜ਼ਹਬਨ ਨੂੰ ਵਿਸ਼ਵਾਸ ਨਹੀਂ ਸੀ ਕਿ ਸਾਡੇ ਪਿੰਡ ਦੀ ਜੱਟੀ ਸਾਡੇ ਘਰੋਂ ਕੁਝ ਖਾ ਪੀ ਸਕਦੀ ਹੈ। 'ਰੋਟੀ' ਦੇ ਮਾਮਲੇ ਵਿਚ ਭਿਟ ਕੁਝ ਘਟਦੀ ਹੈ, ਪਰ ਬੇਟੀ ਦੇ ਮਾਮਲੇ ਵਿਚ ਭਿਟ ਪੂਰੀ ਕਰੜਾਈ ਨਾਲ ਕਾਇਮ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਪ੍ਰੀਤੂ ਮਜ਼ਬੀ ਦਾ ਮੁੰਡਾ ਕਰਮਾ ਤੇ ਗੁਰਜੀਤ ਜੱਟ ਦੀ ਧੀ ਬੰਤੀ ਇਕ ਦੂਜੇ ਵਲ ਖਿੱਚੇ ਜਾਂਦੇ ਹਨ ਤਾਂ ਇਸ ਦਾ ਸਭ ਤੋਂ ਪਹਿਲਾਂ ਵਿਰੋਧ ਪ੍ਰੀਤੂ ਹੀ ਕਰਦਾ ਹੈ। ਪ੍ਰੀਤੂ ਜਾਣਦਾ ਹੈ ਕਿ ਪੰਜਾਬੀ ਮਾਨਸਿਕਤਾ ਇਸ ਤਰ੍ਹਾਂ ਦੇ ਸੰਬੰਧ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਉਹ ਸਿਰਫ਼ ਜਾਣਦਾ ਹੀ ਨਹੀਂ, ਆਪ ਵੀ ਇਸੇ ਮੁਤਾਬਿਕ ਕੰਮ ਕਰਦਾ ਹੈ। ਇਹ ਆਪਣੇ ਸਭਿਆਚਾਰ ਦੀ 'ਗਰਾਮਰ' ਬਦਲਣ ਵਰਗਾ ਕਾਰਜ ਹੈ। ਕੋਈ ਬੋਲੀ ਦੂਜੀਆਂ ਬੋਲੀਆਂ ਦੇ ਸ਼ਬਦ ਤਾਂ ਸਵੀਕਾਰ ਲੈਂਦੀ ਹੈ, ਕਿਸੇ ਬੋਲੀ ਦੀ ਗਰਾਮਰ ਨਹੀਂ ਸਵੀਕਾਰ ਸਕਦੀ। ਸਭਿਆਚਾਰ ਵੀ ਬੋਲੀ ਵਾਂਗ ਹੀ ਕੰਮ ਕਰਦਾ ਹੈ। ਉਹ ਬਾਹਰਲੀ ਦੁਨੀਆਂ ਨਾਲ 'ਰੂਪਕ' ਸੰਬੰਧ ਤਾਂ ਸਹਾਰ ਲੈਂਦਾ ਹੈ 'ਸੰਗਲੀ' ਸੰਬੰਧ ਨਹੀਂ ਸਹਾਰ ਸਕਦਾ। ਵੱਡੀ ਜਾਤ ਦਾ ਬੰਦਾ ਛੋਟੀ ਜਾਤ ਵਾਲੇ ਨੂੰ ਆਪਣਾ 'ਕੁੜਮ' ਜਾਂ ਆਪਣਾ 'ਜਵਾਈ' ਨਹੀਂ ਮੰਨ ਸਕਦਾ। ਫ਼ਾਸਲਾ ਕੁਝ ਘੱਟ ਕੇ ਪਰਨਾਲਾ ਓਥੇ ਹੀ ਰਹਿੰਦਾ ਹੈ।

ਕਰਮੇ/ਕੈਰਮ ਤੇ ਬੰਤੀ/ਬੰਟੀ ਦਾ ਵਿਆਹ ਵਲ ਜਾਂਦਾ ਪਿਆਰ ਜਟਿਲ ਹੈ ਕਿਉਂਕਿ ਉਹ ਦੋ ਸਭਿਆਚਾਰ ਗਰਾਮਰਾਂ ਨਾਲ ਸੰਬੰਧਿਤ ਹੈ। ਸਾਡੇ ਸਭਿਆਚਾਰ ਵਿਚ ਇਹ ਉਹ ਮਜ਼ਬੀ ਤੇ ਜੱਟੀ ਹਨ। ਭਾਵੇਂ ਉਹ ਮਜ਼ਬੀ ਜਾਂ ਜੱਟੀ ਰੂਪ ਵਿਚ ਕਾਰਜਸ਼ੀਲ ਨਹੀਂ, ਪਰ ਸਭਿਆਚਾਰਕ ਰੂੜ੍ਹੀ ਉਹਨਾਂ ਦੇ ਵਿਆਹ-ਸੰਬੰਧ ਦੀ ਆਗਿਆ ਨਹੀਂ ਦੇਂਦੀ। ਇੰਗਲੈਂਡ ਦਾ ਕਾਨੂੰਨ ਇਸ ਦੀ ਆਗਿਆ ਦੇਂਦਾ ਹੈ। ਇਹ ਕਾਨੂੰਨ ਇੰਗਲੈਂਡ ਦੇ ਸਭਿਆਚਾਰ ਵਿਚੋਂ ਪੈਦਾ ਹੋਇਆ ਹੈ। ਨਾਲੇ, ਕਾਨੂੰਨ ਰੂੜ੍ਹੀ ਨਹੀਂ। ਕਾਨੂੰਨ ਬਦਲਿਆ ਜਾ ਸਕਦਾ ਹੈ। ਰੂੜ੍ਹੀ ਨੂੰ ਬਦਲਣਾ ਲਗਭਗ ਅਸੰਭਵ ਹੈ। ਸਭਿਆਚਾਰ ਭਾਸ਼ਾ ਵਾਂਗ ਰੂੜ੍ਹੀਆਂ ਤੇ ਟਿਕਿਆ ਹੋਇਆ ਹੈ। ਕਿਸੇ ਸ਼ਬਦ ਦਾ ਕੀ ਅਰਥ ਹੈ, ਇਸ ਦਾ ਨਿਰਣਾ ਰੂੜ੍ਹੀ ਕਰਦੀ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ। ਰੂੜ੍ਹੀ ਆਪਹੁਦਰੀ ਸ਼ੈ ਹੈ, ਇਸ ਦਾ ਕੁਦਰਤੀ ਆਧਾਰ ਕੋਈ ਨਹੀਂ, ਕਿਸੇ ਸ਼ਬਦ ਦਾ ਜੋ ਅਰਥ ਹੈ, ਸੋ ਹੈ। ਕਿਉਂ ਹੈ ? ਇਸ ਪ੍ਰਸ਼ਨ ਦਾ ਕੋਈ ਉਤਰ ਨਹੀਂ। ਜੇ ਰੂੜ੍ਹੀ ਨੂੰ ਤਿਆਗ ਦੇਵੀਏ ਤਾਂ ਆਪਸ ਵਿਚ ਗੱਲਬਾਤ ਵੀ ਅਸੰਭਵ ਹੋ ਜਾਏ। ਇਹੋ ਗੱਲ ਸਭਿਆਚਾਰ ਬਾਰੇ ਹੈ। ਸਭਿਆਚਾਰ ਵੀ ਰੂੜ੍ਹੀਆਂ 'ਤੇ ਟਿਕਿਆ ਹੈ। ਮਜ਼ਬੀ-ਮੁੰਡੇ ਤੇ ਜੱਟ-ਕੁੜੀ ਦਾ ਵਿਆਹ ਵਰਜਿਤ ਹੈ। ਇਹ ਰੂੜ੍ਹੀ ਹੈ ਪੰਜਾਬੀ ਸਭਿਆਚਾਰ ਦੀ। ਇਸ ਨੂੰ ਕਦੀ ਕੋਈ ਇਕ ਜੋੜਾ ਬਦਲ ਵੀ ਲੈਂਦਾ ਹੈ। ਪਰ ਇਸ ਨਾਲ ਰੂੜ੍ਹੀ ਨੂੰ ਕੋਈ ਫ਼ਰਕ ਨਹੀਂ ਪੈਂਦਾ। ਨਡ੍ਹਿਨਵੇਂ ਤੋਂ ਵਧ ਫ਼ੀ ਸਦੀ ਲੋਕ ਇਸ ਦੀ ਜਕੜ ਵਿਚ ਪਏ ਰਹਿੰਦੇ ਹਨ। ਵੀਰ ਚੰਦਨ, ਇੰਗਲੈਂਡ ਵਿਚ ਰਹਿਣ ਵਾਲੇ ਪੰਜਾਬੀ ਆਪਣੇ ਮੂਲ ਸਭਿਆਚਾਰ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਜਿਥੋਂ ਤਕ ਮੈਂ ਜਾਣਦਾ ਹਾਂ, ਤੈਨੂੰ ਵੀ ਆਪਣੇ ਮੂਲ ਸਭਿਆਚਾਰ ਨਾਲ ਮੋਹ ਹੈ। ਤੇਰੇ ਮੂਲ ਸਭਿਆਚਾਰ ਵਿਚ ਕਰਮੇ-ਬੰਤੀ ਦੇ ਵਿਆਹ ਦੀ ਕੋਈ ਪ੍ਰਥਾ, ਕੋਈ ਰੂੜ੍ਹੀ ਨਹੀਂ। ਇਸ ਤਰ੍ਹਾਂ ਦੇ ਵਿਆਹ ਨਾਵਲਾਂ ਵਿਚ ਬਹੁਤ ਹੋ ਸਕਦੇ ਹਨ, ਯਥਾਰਥ ਵਿਚ ਵੀ ਕੁਝ ਅਪਵਾਦ ਅਜੇਹੇ ਹੋ ਸਕਦੇ ਹਨ ਪਰ ਇਸ ਨੂੰ ਸਭਿਆਚਾਰਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂੜੀ ਬਣਨ ਵਿਚ ਸਦੀਆਂ ਲਗਣਗੀਆਂ। ਵਲੈਤ ਵਸਦੇ ਪੰਜਾਬੀ ਲੋਕਾਂ ਨੂੰ ਇਕ ਮੌਕਾ ਦਿਸਦਾ ਹੈ ਕਿ ਉਹ ਦੂਜੇ ਸਭਿਆਚਾਰ ਨੂੰ ਅਪਨਾ ਕੇ ਆਪਣੀ ਰੂੜੀ ਦੇ ਵਿਰੁਧ ਫ਼ੈਸਲਾ ਕਰ ਲੈਣ ਪਰ ਦੂਜਾ ਸਭਿਆਚਾਰ ਉਹਨਾਂ ਨੂੰ ਅਪਨਾ ਲਵੇਗਾ, ਇਹ ਗੱਲ ਸ਼ੱਕੀ ਹੈ। ਅਜੇਹੇ ਲੋਕਾਂ ਦਾ ਵਿਆਹ ਤਾਂ ਹੋ ਜਾਵੇਗਾ, ਪਰ ਉਹਨਾ ਦੇ ਪੈਰਾਂ ਹੇਠ ਸਭਿਆਚਾਰਕ ਜ਼ਮੀਨ ਕੋਈ ਨਹੀਂ ਹੋਵੇਗੀ। ਅਜ ਹੀਰ-ਰਾਂਝਾ ਨੱਸ ਕੇ ਇੰਗਲੈਂਡ ਵਿਚ ਵਿਆਹ ਤਾਂ ਕਰਵਾ ਸਕਦੇ ਹਨ, ਪਰ ਉਹ ਇਸ ਵਿਆਹ ਨੂੰ ਪੰਜਾਬੀ ਪਰਵਾਨਗੀ ਨਹੀਂ ਦੁਆ ਸਕਦੇ।

ਇਹ ਬੜੀ ਦੁੱਖ ਭਰੀ ਸਥਿਤੀ ਹੈ। ਮੈਂ ਕਰਮੇ-ਬੰਤੀ ਦੇ ਵਿਆਹ ਦੇ ਵਿਰੁੱਧ ਨਹੀਂ। ਮੈਂ ਸਿਰਫ਼ ਏਨਾ ਕਹਿਣਾ ਹੈ ਕਿ ਜੋ ਨਵਾਂ ਰਿਸ਼ਤਾ ਤੂੰ ਚਿਤਵਿਆ ਹੈ ਉਹ ਅਪਵਾਦ ਹੈ, ਉਹ ਸਭਿਆਚਾਰਕ ਧਰਤੀ ਤੇ ਟਿਕਿਆ ਰਿਸ਼ਤਾ ਨਹੀਂ। ਅਤੇ ਜ ਇਸ ਤਰ੍ਹਾਂ ਦੇ ਰਿਸ਼ਤੇ ਇੰਗਲੈਂਡ ਵਸਦੇ ਪੰਜਾਬੀਆਂ ਵਿਚ ਵਧਦੇ ਜਾ ਰਹੇ ਹਨ, ਤਾਂ ਨਵੇਂ ਸਭਿਆਚਾਰਕ ਪ੍ਰਬੰਧ ਦੀ ਸੂਚਨਾ ਹੈ। ਜੇ ਤੂੰ ਇਸ ਤਰ੍ਹਾਂ ਦੇ ਰਿਸ਼ਤਿਆਂ ਦੇ ਪੱਖ ਵਿਚ ਕਾਰਜਸ਼ੀਲ ਰਹਿਣਾ ਚਾਹੁੰਦਾ ਹੈਂ ਤਾਂ ਤੈਨੂੰ ਨਵੇਂ ਡਬਖੱੜਬੇ ਪੰਜਾਬੀ ਸਭਿਆਚਾਰ ਦੀ ਕਲਪਨਾ ਕਰਨੀ ਪਵੇਗੀ, ਪੁਰਾਣੇ ਮੂਲ ਪੰਜਾਬੀ ਸਭਿਆਚਾਰ ਪ੍ਰਤੀ ਕੁਝ ਮੋਹ ਤਿਆਗਣਾ ਪਵੇਗਾ। ਤੂੰ ਮੈਨੂੰ ਖ਼ਾਸਾ ਪੜ੍ਹਿਆ-ਲਿਖਿਆ ਲੇਖਕ ਲੱਗਾ ਹੈਂ, ਇਸ ਲਈ ਸਭਿਆਚਾਰ ਦੇ ਆਪਹੁਦਰੇ ਤੇ ਚੀੜ੍ਹੇ ਸੁਭਾਅ ਵਲ ਤੇਰਾ ਧਿਆਨ ਦੁਆ ਰਿਹਾ ਹਾਂ। ਕਰਮੇ-ਬੰਤੀ ਦੇ ਆਪਸੀ ਪਿਆਰ ਦਾ ਪੱਖ ਤੂੰ ਭਾਵੂਕ ਪੱਧਰ ਉਪਰ ਪੂਰਿਆ ਹੈ। ਸਾਡਾ ਬਹੁਤਾ, ਲਗਭਗ ਸਾਰਾ ਪੰਜਾਬੀ ਨਾਵਲ ਭਾਵੂਕ ਪੱਧਰ ਉਪਰ ਵਿਚਰਦਾ ਹੈ। ਮੈਂ ਨਵੇਂ ਪੰਜਾਬੀ ਲੇਖਕ ਪਾਸੋਂ ਗੰਭੀਰ ਬੌਧਿਕ ਚਿੰਤਨ ਦੀ ਆਸ ਰਖਦਾ ਹਾਂ। ਸਾਡਾ ਹੁਣ ਤਕ ਦਾ ਨਾਵਲ ਬੋਲਚਾਲ ਦਾ ਨਾਵਲ ਹੈ, ਮੇਰੀ ਰੀਝ ਹੈ ਇਹ ਲਿਖਿਤ ਖੇਤਰ ਵਿਚ ਪ੍ਰਵੇਸ਼ ਕਰੇ। ਕਰਮੇ-ਬੰਤੀ ਦੇ ਪਿਆਰ ਅਤੇ ਵਿਆਹ ਨੂੰ ਅਪਰਵਾਨਗੀ ਗੁਰਜੀਤ-ਗੁਰਪਾਲ ਪਾਸੋਂ ਨਹੀਂ ਮਿਲੀ, ਉਸ ਸਭਿਆਚਾਰ ਪਾਸੋਂ ਮਿਲੀ ਹੈ ਜੋ ਗੁਰਜੀਤ-ਗੁਰਪਾਲ ਦੇ ਧੁਰ-ਅੰਦਰ ਤਕ ਸਿੰਜਰਿਆ ਹੋਇਆ ਹੈ। ਕਰਮੇ-ਬੰਤੀ ਨੂੰ ਆਪਣੇ ਪਿਆਰ ਦੀ ਮਜਬੂਰੀ ਹੈ, ਗੁਰਜੀਤ-ਗੁਰਪਾਲ ਨੂੰ ਆਪਣੇ ਸਭਿਆਚਾਰ ਦੀ।

ਮੈਂ ਤੈਨੂੰ ਇਕ ਗੱਲ ਪੁੱਛਦਾ ਹਾਂ: ਭਲਾ ਜੱਟ ਗੁਰਜੀਤ ਨੂੰ ਕੁੜੀ ਦਾ ਪਿਤਾ ਹੋਣ ਕਾਰਨ ਨਮੋਸ਼ੀ ਦਾ ਡਰ ਸੀ, ਮਜ਼ਹਬੀ ਪ੍ਰੀਤੂ ਨੂੰ ਕਿਸ ਗੱਲ ਦਾ ਡਰ ਹੈ? ਇਸ ਪਿਆਰ-ਵਿਆਹ ਦਾ ਉਹ ਕਿਉਂ ਵਿਰੋਧੀ ਹੈ? ਇਸ ਗੱਲ ਦਾ ਇਕ ਜਵਾਬ ਤਾਂ ਇਹ ਹੋ ਸਕਦਾ ਹੈ ਕਿ ਉਹ ਆਪਣ ਜੱਟ ਮਿੱਤਰ ਗੁਰਜੀਤ ਦੀ ਇੱਜ਼ਤ ਚਾਹੁੰਦਾ ਹੈ। ਪਰ ਇਹ ਅਤੀ ਸਰਲ ਜਵਾਬ ਹੈ। ਉਸ ਦੀ ਆਪਣੀ ਵੀ ਤਾਂ ਇੱਜ਼ਤ ਹੈ। ਉਹ ਹਰ ਗੱਲੇ ਗੁਰਜੀਤ ਦਾ ਹਮਪੱਲਾ ਹੋਣ ਦੇ ਬਾਵਜੂਦ ਹੀਣਾ ਕਿਉਂ ਨਾ ਸਮਝਿਆ ਜਾਏ। ਉਹਦਾ ਪੁੱਤਰ ਗੁਰਜੀਤ ਦੀ ਧੀ ਨਾਲ ਵਿਆਹ ਦੇ ਕਾਬਲ ਕਿਉਂ ਨਾ ਸਮਝਿਆ ਜਾਏ? ਤੇਰੇ ਨਾਵਲ ਪਾਸ ਸਮੱਸਿਆ ਦੇ ਇਸ ਪੱਖ ਬਾਰੇ ਇਕ ਵੀ ਵਾਕ ਨਹੀਂ। ਕਰਮੇ-ਬੰਤੀ ਦੇ ਪਿਆਰ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਤੋਂ ਪਹਿਲਾ ਪਤਾ ਪ੍ਰੀਤੂ ਨੂੰ ਹੀ ਲੱਗਦਾ ਹੈ ਅਤੇ ਉਹ ਸਹਿਜੇ ਹੀ ਬੇਚੈਨ ਹੋ ਜਾਂਦਾ ਹੈ, ਉਸ ਪਾਸੋਂ ਬੱਸ ਚਲਾਈ ਨਹੀਂ ਜਾਂਦੀ, ਉਹ ਆਪਣੀ ਡਿਊਟੀ ਉਪਰ ਖਿੜਕ ਜਾਂਦਾ ਹੈ। ਗਰਜੀਤ ਤੋਂ ਪਹਿਲਾਂ ਪ੍ਰੀਤੂ ਆਪਣੇ ਪੁੱਤਰ ਨੂੰ ਇਸ ਪਿਆਰ ਅਤੇ ਵਿਆਹ ਤੋਂ ਰੋਕਦਾ ਹੈ। ਉਸ ਨੂੰ ਆਪਣੇ ਪੈਰਾਂ ਹੇਠੋਂ ਸਭਿਆਚਾਰਕ ਧਰਤੀ ਖਿਸਕੀ ਜਾਪਦੀ ਹੈ। ਮੇਰੀ ਜਾਚੇ, ਇਸ ਸੁਆਲ ਦਾ ਜਵਾਬ ਇਹੋ ਹੈ ਕਿ ਸਭਿਆਚਾਰਕ ਮਜਬੂਰੀ ਜਿੰਨੀ ਜੱਟ ਗੁਰਜੀਤ ਦੇ ਅੰਤਰਮਨ ਵਿਚ ਸਮਾਈ ਹੋਈ ਹੈ, ਓਨੀ ਹੀ ਪ੍ਰੀਤੂ ਦੇ ਧੁਰ ਡੂੰਘ ਵਿਚ ਲੱਥੀ ਹੋਈ ਹੈ। ਆਖ਼ਰ ਕਰਮੇ-ਬੰਤੀ ਦਾ ਵਿਆਹ 'ਕਾਨੂੰਨ' ਅਨੁਸਾਰ ਹੀ ਹੁੰਦਾ ਹੈ। ਸਭਿਆਚਾਰਕ ਰੂੜ੍ਹੀ ਅਨੁਸਾਰ ਨਹੀਂ, ਖ਼ਦ ਤੂੰ, ਨਾਵਲ ਦਾ ਲੇਖਕ, ਵੀ ਸਭਿਆਚਾਰਕ ਰੂੜ੍ਹੀਆਂ ਦੀ ਜਕੜ ਵਿਚ ਹੈ, ਤੇਰਾ ਬਣਾਇਆ ਪ੍ਰੀਤੂ, ਖ਼ਾਸਾ ਸੁਚੇਤ ਹੋਣ ਦੇ ਬਾਵਜੂਦ, ਅਚੇਤ ਤੌਰ ਤੇ ਆਪਣੇ ਪੁੱਤਰ ਨੂੰ ਹਟਕਦਾ ਹੋੜਦਾ ਹੈ, ਉਸ ਨੂੰ ਪਰੰਪਰਕ ਸਭਿਆਚਾਰ ਦਾ ਅਨੁਸਾਰੀ ਹੋਣ ਲਈ ਪ੍ਰੇਰਦਾ ਹੈ। ਇਹ ਪੜ੍ਹਦੇ ਹੋਏ ਮੈਨੂੰ ਜਾਪਿਆ ਤੇਰਾ ਅੰਤਰਮਨ ਹੀ ਇਸ ਨਾਵਲ ਦਾ ਇਕ ਪਾਤਰ ਹੈ। ਜੇ ਪ੍ਰੀਤੂ ਆਪਣੇ ਪੁੱਤਰ ਕਰਮੇ ਨੂੰ ਪਰੰਪਰਕ ਕਦਰਾਂ ਕੀਮਤਾਂ ਅਪਨਾਉਣ ਲਈ ਮਜਬੂਰ ਕਰਦਾ ਹੈ, ਤਾਂ ਉਹ ਆਪ ਵੀ ਤਾਂ ਤੇਰੇ ਰਾਹੀਂ ਮਜਬੂਰ ਕੀਤਾ ਜਾ ਰਿਹਾ ਹੈ। ਜੇ ਕਰਮੇ ਦਾ ਪਿਉ ਪ੍ਰੀਤੂ ਹੈ ਤਾਂ ਪ੍ਰੀਤੂ ਦਾ ਸਿਰਜਣਹਾਰ ਵੀ ਤਾਂ ਤੂੰ ਆਪ ਹੈਂ। ਤੂੰ ਵੀ ਆਪਣੇ ਜੱਦੀ ਸਭਿਆਚਾਰ ਦੇ ਅਚੇਤ, ਪਰ ਸ਼ਕਤੀਵਰ, ਦਬਾਉ ਅਧੀਨ ਹੈਂ। ਮੈਨੂੰ ਜਾਪਦਾ ਹੈ ਅਸੀਂ ਸਾਰੇ ਅਚੇਤ ਤੌਰ ਤੇ ਕੈਦੋਂ ਹਾਂ ਅਗਾਂਹ-ਵਧੂ ਕਦਰਾਂ-ਕੀਮਤਾਂ ਦਾ ਸੁਚੇਤ ਪੱਖ ਪੂਰਨ ਵਾਲੇ ਅਸੀਂ, ਅਚੇਤ ਤੌਰ ਤੇ ਸਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਦੇ ਚਲਾਇਆਂ ਚਲਦੇ ਹਾਂ।

ਹੀਰ-ਰਾਂਝੇ ਦੀ ਪਿਆਰ-ਕਹਾਣੀ ਦੇ ਕਈ ਮੋਟਿਫ਼ ਤੇਰੇ ਨਾਵਲ ਵਿਚ ਪਛਾਣੇ ਜਾ ਸਕਦੇ ਹਨ। ਹੀਰ-ਰਾਂਝੇ ਨੂੰ ਵੀ ਕਾਨੂੰਨ ਨੇ ਇਕ ਦੂਜੇ ਦਾ ਮੰਨ ਲਿਆ ਸੀ, ਪਰ ਸਭਿਆਚਾਰ ਰੂੜ੍ਹੀ ਨੇ ਪਰਵਾਨਗੀ ਨਹੀਂ ਸੀ ਦਿਤੀ। ਕਾਨੂੰਨ ਦੇ ਵਿਰੋਧ ਵਿਚ ਮਾਂ-ਬਾਪ ਨੇ ਹੀਰ ਨੂੰ ਮਾਰ ਮੁਕਾਇਆ ਸੀ, ਤੇਰੇ ਨਾਵਲ ਵਿਚ ਵੀ ਮਾਂ-ਬਾਪ ਨੇ ਆਪਣੀ ਵਲੋਂ ਆਪਣੀ ਧੀ ਨੂੰ ਮਾਰ ਹੀ ਸੁਟਿਆ ਹੈ। ਤੇਰੇ ਨਾਵਲ ਦਾ ਅੰਤ ਵੀ ਇਸੇ ਅਲਾਮਤੀ ਮੌਤ ਉਪਰ ਹੁੰਦਾ ਹੈ :

> "ਸੱਤੀ— ਮੰਮੀ-ਪਾਪਾ ਮੈਨੂੰ ਯਾਦ ਕਰਦੇ ਹੁੰਦੇ ਆ ?" ਪੁਛਦਿਆਂ ਹੋਇਆਂ ਦੀਆਂ ਭੁੱਬਾਂ ਨਿਕਲ ਗਈਆਂ। ਸੱਤੀ ਨਹੀਂ ਰੋਇਆ।
>
> "ਇਕ ਦਿਨ ਕਰਦੇ ਸੀਗੇ।" ਸੱਤੀ ਬੋਲਿਆ—
>
> "ਅੱਛਾ—ਕੀ ਆਂਹਦੇ ਸੀਗੇ ?" ਬੰਤੀ ਨੂੰ ਇਕ ਦਮ ਕਿਸੇ ਰੌਸ਼ਨੀ ਦੀ ਚਿਣਗ ਦਾ ਝਾਉਲਾ ਪਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਆਂਹਦੇ ਸੀਗੇ—ਉਹ ਸਾਡੇ ਲਈ ਮਰਗੀ ਤੇ ਅਸੀਂ ਉਹਦੇ ਲਈ ਮਰਗੇ।''

ਤੂੰ ਜਿਸ ਨੂੰ ਨਵੇਂ ਰਿਸ਼ਤੇ ਕਿਹਾ ਹੈ, ਉਹ ਅਸਲ ਵਿਚ ਪੁਰਾਣੇ ਰਿਸ਼ਤੇ ਹੀ ਹਨ। ਹੀਰ ਵੀ ਆਪਣੇ ਪਿਆਰ ਨੂੰ ਸਭਿਆਚਾਰਕ ਪਰਵਾਨਗੀ ਦਿਵਾਉਣ ਦੇ ਜਤਨ ਵਿਚ ਮਰ ਗਈ, ਬੰਤੀ ਵੀ ਮਰਿਆਂ ਵਾਂਗ ਜੀਵੇਗੀ। ਉਹਦਾ ਵਿਆਹ ਆਪਣੇ ਆਪ ਤਕ ਸੁੰਗੜਿਆ ਤੱਥ ਹੈ। ਦੂਜਿਆਂ ਤਕ ਫੈਲਿਆ ਰਿਸ਼ਤਾ ਨਹੀਂ। ਵਿਚਾਰੀ ਹੀਰ ਆਪਣੇ ਸਹੁਰੀਂ ਨਾ ਜਾ ਸਕੀ। ਤੂੰ ਵੀ ਕਰਮੇ-ਬੰਤੀ ਦੇ ਵਿਆਹ ਬਾਅਦ ਪ੍ਰੀਤੂ-ਵੀਰੋ ਵੱਲ ਖੁਲ੍ਹਦੀ ਬਾਰੀ ਬੰਦ ਕਰ ਦਿਤੀ ਹੈ। ਇਸ ਪਾਸੇ ਵੱਲ ਜਾਂਦਾ ਰਸਤਾ ਬੰਦ ਕਰ ਕੇ ਤੂੰ ਬੰਤੀ ਨੂੰ ਪੱਕਾ ਪੂਰਾ ਹੀਰ ਦੇ ਹੀ ਪੈਟਰਨ ਤੇ ਢਾਲ ਦਿਤਾ ਹੈ। ਸਭਿਆਚਾਰ ਦੀ ਸੱਪ-ਵਲ੍ਹੇਟ ਵਿਚ ਪਏ ਅਸੀਂ ਬਾਰ ਬਾਰ ਪੁਰਾਣੇ ਪੈਟਰਨਾਂ ਨੂੰ ਦੁਹਰਾਉਂਦੇ ਹਾਂ, ਨਵਾਂ ਕੁਝ ਵੀ ਨਹੀਂ ਸਿਰਜ ਸਕਦੇ। ਵਧ ਤੋਂ ਵਧ ਆਪਣੀ ਚਾਦਰ ਦੇ ਮੈਲੇ ਪਾਸੇ ਨੂੰ ਅੰਦਰ ਵੱਲ ਕਰ ਕੇ ਮੁੜ ਬੁੱਕਲ ਮਾਰ ਲੈਂਦੇ ਹਾਂ। ਹੰਢੇ ਨੂੰ ਹੰਢਾਈ ਜਾਣਾ ਸਾਡੀ ਹੋਣੀ ਹੈ।

ਇਕ ਗੱਲ ਹੋਰ। ਅਸੀਂ ਪਿਆਰ-ਵਿਆਹ ਦੀ ਗੱਲ ਹਮੇਸ਼ਾਂ ਪ੍ਰੇਮੀਆਂ ਦੇ ਦ੍ਰਿਸ਼ਟੀ-ਕੋਣ ਤੋਂ ਕਹਿੰਦੇ ਹਾਂ, ਮਾਪਿਆਂ ਦੇ ਦ੍ਰਿਸ਼ਟੀਕੋਣ ਤੋਂ, ਕੈਦੋਂ ਦੇ ਦ੍ਰਿਸ਼ਟੀਕੋਣ ਤੋਂ ਜਾਂ ਕਿਸੇ ਹੋਰ ਦ੍ਰਿਸ਼ਟੀਕੋਣ ਤੋਂ ਕਹਾਣੀ ਕਹਿਣ ਦੀ ਜਾਚ ਸਾਨੂੰ ਅਜੇ ਤਕ ਨਹੀਂ ਆਈ। ਜੋ ਜਾਚ ਸਾਨੂੰ ਦਮੋਦਰ ਨੇ ਸਿਖਾਈ ਸੀ ਉਸੇ ਨੂੰ ਵਾਰਸ ਨੇ ਪ੍ਰਪੱਕ ਕੀਤਾ ਤੇ ਉਸੇ ਪੀਠੇ ਨੂੰ ਅਸੀਂ ਬਾਰ ਬਾਰ ਪੀਂਹਦੇ ਜਾ ਰਹੇ ਹਾਂ। ਇਤਿਹਾਸ ਦੇ ਪੁਲਾਂ ਹੇਠੋਂ ਕਿੰਨਾ ਪਾਣੀ ਲੰਘ ਗਿਆ, ਪਰ ਸਾਡੀ ਪਿਆਰ-ਕਹਾਣੀ ਤੇ ਸਾਡੀ ਕਹਿਣ-ਸ਼ੈਲੀ ਓਥੇ ਦੀ ਓਥੇ ਖਲੋਤੀ ਹੈ। ਤਾਹੀਓਂ ਤਾਂ ਵਿਦਵਾਨ ਕਹਿੰਦੇ ਹਨ : ਵਿਚਾਰਧਾਰਾ ਦਾ ਕੋਈ ਇਤਿਹਾਸ ਨਹੀਂ ਹੁੰਦਾ। ਹਰ ਸਮਾਜ ਦੀ ਵਿਚਾਰਧਾਰਾ ਮਹਾਂ ਅਚੇਤ ਹੁੰਦੀ ਹੈ। ਇਹ ਸਾਡਾ ਵੇਖਿਆ, ਭੋਗਿਆ ਤੇ ਸਵੀਕਾਰਿਆ ਆਪਾ ਹੈ। ਇਸ ਰਾਹੀਂ ਅਸੀਂ ਕਾਰਜਸ਼ੀਲ ਹੁੰਦੇ ਹਾਂ, ਪਰ ਇਹ ਆਪ ਸਾਡੀ ਪਕੜ ਵਿਚ ਨਹੀਂ ਆਉਂਦੀ। ਅਸੀਂ ਕਿਸੇ ਅਚੇਤ ਇਸ਼ਾਰੇ ਦੇ ਚਲਾਇਆਂ ਚਲਦੇ ਹਾਂ। ਇਸੇ ਲਈ ਤਾਂ ਆਪਣੀ ਅਸਫਲਤਾ ਦੀ ਇਹ ਕਹਾਣੀ ਬਾਰ ਬਾਰ ਕਹਿੰਦਿਆਂ ਅਸੀਂ ਰੱਜੇ ਨਹੀਂ। ਨਵੇਂ ਰਿਸ਼ਤੇ ਨਹੀਂ ਬਣਦੇ ਕਿਉਂਕਿ ਬਣਾਉਣ ਵਾਲੇ ਅਸੀਂ ਪੁਰਾਣੀ ਆਦਤ ਤੋਂ ਮੁਕਤ ਹੋਣ ਦਾ ਸੁਚੇਤ ਜਤਨ ਨਹੀਂ ਕਰਦੇ। ਆਦਤ ਤੋਂ ਮੁਕਤ ਹੋਣ ਦਾ ਜਤਨ, ਅਚੇਤ ਨੂੰ ਸੁਚੇਤ ਕਰਨ ਦਾ ਜਤਨ ਹੀ ਤਾਂ ਅਗਾਂਹ ਵਧਣ ਦਾ, ਪ੍ਰੌੜ੍ਹ ਹੋਣ ਦਾ ਉਦਮ ਹੈ। ਇਸ ਕਹਾਣੀ ਦੇ ਹੋਰ ਵੀ ਕਈ ਪੱਖ ਹਨ। ਸ਼ਾਇਦ ਕਿਸੇ ਹੋਰ ਪੱਖੋਂ ਇਹਨੂੰ ਵੇਖਣ, ਵਿਚਾਰਨ ਨਾਲ ਇਸ ਵਿਚ ਤਬਦੀਲੀ ਦੀ ਕੋਈ ਸੰਭਾਵਨਾ ਉਜਾਗਰ ਹੋ ਸਕੇ। ਜੇ ਨਾ ਵੀ ਹੋਵੇ ਤਾਂ ਵੀ ਜਤਨ ਕਰਨ ਵਿਚ ਕੀ ਹਰਜ ਹੈ। ਨਵੇਂ ਰਿਸ਼ਤਿਆਂ ਦੀ ਤਲਾਸ਼ ਲਈ ਨਵੇਂ ਚਿੰਤਨ-ਢੰਗ, ਨਵੀਂ ਪੇਸ਼ਕਾਰੀ, ਸਿਰਜਣ ਦੇ ਨਵੇਂ ਮੁਹਾਂਦਰੇ ਦੀ ਲੋੜ ਹੈ। ਸਭ ਤੋਂ ਵਧ ਨਵੀਂ ਚੇਤਨਾ ਦੀ ਲੋੜ ਹੈ। ਪਰ, ਸਾਨੂੰ ਆਪਣੇ ਅਚੇਤ ਆਮੁਹਾਰ ਆਪੇ ਤੋਂ ਟੁੱਟਦਿਆਂ ਡਰ ਲੱਗਦਾ ਹੈ। ਅਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁੱਤੇ ਸੁੱਤੇ ਤੁਰੇ ਜਾਂਦੇ ਹਾਂ ਅਤੇ ਇਸ ਬਿਨਾ ਜਤਨ ਪ੍ਰਾਪਤ ਠੇਠ ਮੁਹਾਵਰੇ ਨੂੰ ਆਪਣਾ ਆਦਿ-ਅੰਤ ਮਿਥੀ ਬੈਠੇ ਹਾਂ। ਜੱਦੀ ਜਿੱਲ੍ਹਣ ਵਿਚ ਬੈਠੇ ਰਹਿਣ ਦੇ ਇਸ ਕਾਰਜ ਨੂੰ ਅਸੀਂ ਕਦੀ ਆਧੁਨਿਕ, ਕਦੀ ਅਗਾਂਹਵਧੂ ਵੀ ਮੰਨ ਲੈਂਦੇ ਹਾਂ। ਤੇਰਾ ਨਾਵਲ ਪੜ੍ਹਦੇ ਪੜ੍ਹਦੇ ਮੈਨੂੰ ਇਹੋ ਚੇਤਨਾ ਹੋਈ ਹੈ। ਇਸ ਮੁੱਲਵਾਨ ਪ੍ਰਾਪਤੀ ਵਿਚ ਤੂੰ ਮੇਰਾ ਵਸੀਲਾ ਬਣਿਆ ਹੈਂ। ਇਸ ਲਈ ਤੇਰਾ ਧੰਨਵਾਦ। ਤੈਥੋਂ ਹੋਰ ਵਡੇਰੀਆਂ, ਸੁਚੇਤ ਤੇ ਪ੍ਰੌੜ੍ਹ ਸਿਰਜਨਾਵਾਂ ਦੀ ਆਸ ਸਹਿਤ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਨਵੇਂ ਰਿਸ਼ਤੇ' : ਸਮੱਸਿਆਕਾਰ ਦੀ ਸਮੱਸਿਆ ਵਜੋਂ ਪੇਸ਼ਕਾਰੀ

—ਤੇਜਵੰਤ ਸਿੰਘ ਗਿੱਲ

1980 ਵਿਚ ਛਪਿਆ ਸਵਰਨ ਚੰਦਨ ਦਾ ਪਹਿਲਾ ਨਾਵਲ 'ਨਵੇਂ ਰਿਸ਼ਤੇ' ਉਹਨਾਂ ਪੰਜਾਬੀਆਂ ਦੇ ਜੀਵਨ ਵਿਚ ਵਾਪਰੀ ਤਬਦੀਲੀ ਨੂੰ ਪੇਸ਼ ਕਰਦਾ ਹੈ ਜੋ ਦੋ ਕੁ ਦਹਾਕੇ ਪਹਿਲਾਂ ਇੰਗਲੈਂਡ ਵਿਚ ਆ ਵੱਸੇ ਸਨ। ਪ੍ਰਵਾਸ ਵਿਚ ਆ ਵਸਣ ਨਾਲ ਉਹਨਾਂ ਨੂੰ ਨਵੇਂ ਪੈਣ ਪਾਣੀ, ਰਹਿਣ ਸਹਿਣ, ਕੰਮ ਧੰਦੇ, ਆਵਾਜਾਈ, ਸੰਚਾਰ-ਸਾਧਨ, ਖਾਣ ਪੀਣ, ਵਿਦਿਆ ਪ੍ਰਣਾਲੀ ਅਤੇ ਮਨਪ੍ਰਚਾਵੇ ਅਨੁਸਾਰ ਢਲਣਾ ਪਿਆ ਸੀ। ਇਸ ਤਰ੍ਹਾਂ ਵਿਰਸੇ ਅਤੇ ਵਿਰਾਸਤ ਵਿਚੋਂ ਗ੍ਰਹਿਣ ਹੋਈਆਂ ਭਾਵਨਾਵਾਂ, ਰਵਾਇਤਾਂ ਅਤੇ ਮਾਣਤਾਵਾਂ ਨੂੰ ਖੋਰਾ ਲੱਗਣਾ ਸੁਭਾਵਕ ਸੀ। ਉਹ ਅਜੇਹੇ ਬਹੁ-ਪਰਤੀ ਸਮੱਸਿਆਕਾਰ ਦੇ ਦਰਪੇਸ਼ ਸਨ ਜਿਸ ਦੀਆਂ ਇੱਕਾ ਦੁੱਕਾ ਤੰਦਾਂ ਹੀ ਉਹਨਾਂ ਦੀ ਪਕੜ ਵਿਚ ਆ ਸਕਦੀਆਂ ਸਨ। ਇਸ ਤਰ੍ਹਾਂ ਅਜੇਹੀਆਂ ਇੱਕਾ ਦੁੱਕਾ ਸਮੱਸਿਆਵਾਂ ਨਾਲ ਸੁਚੇਤ ਹੋ ਕੇ ਸਿੱਝਣਾ ਅਤੇ ਬਾਕੀਆਂ ਵਲੋਂ ਅਚੇਤ ਰਹਿਣਾ ਮਾਣੋ ਉਹਨਾਂ ਦੀ ਹੋਣੀ ਸੀ।

ਇਸਦਾ ਵਿਸ਼ੇਸ਼ ਕਾਰਨ ਸੀ ਅਤੇ ਉਹ ਇਹ ਕਿ ਉਪਰੋਕਤ ਪੰਜਾਬੀ ਕਿਸੇ ਮਹਾਨ ਜੀਵਨ-ਮੰਤਵ ਨਾਲ ਤਾਂ ਪ੍ਰਵਾਸ ਵਿਚ ਜਾ ਕੇ ਵੱਸੇ ਨਹੀਂ ਸਨ। ਉਹ ਤਾਂ ਜਾ ਕੇ ਵੱਸੇ ਸਨ ਉਪਜੀਵਕਾ ਦੀ ਭਾਲ ਵਿਚ ਕਿਉਂਕਿ ਏਧਰ ਪੰਜਾਬ ਵਿਚ ਸਦੀਆਂ ਤੋਂ ਲੋਕਾਂ ਦੇ ਕੰਠ ਹੋਈ ਕਹਾਵਤ "ਉਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ, ਭੀਖ ਦੁਆਰ" ਵਾਲੀ ਅਖਾਣ ਦਾ ਪਹਿਲਾ ਭਾਗ ਇਤਨਾ ਸਾਰਥਕ ਨਹੀਂ ਰਿਹਾ ਸੀ ਭਾਵੇਂ ਦੂਜਾ ਪਹਿਲਾਂ ਨਾਲੋਂ ਵਧੇਰੇ ਨਿਰਾਰਥਕ ਵੀ ਨਹੀਂ ਹੋਇਆ ਸੀ। ਸੋ ਇਹ ਮਹਿਸੂਸ ਕਰਕੇ ਕਿ ਪੰਜਾਬ ਵਿਚ ਖੇਤੀ ਵਪਾਰ ਅਤੇ ਚਾਕਰੀ ਭੀਖ ਸਮਾਨ ਹੀ ਸਨ, ਇਹ ਲੋਕ ਗਿਣੇ ਮਿਣੇ ਆਸ਼ੇ ਲੈ ਕੇ ਪ੍ਰਵਾਸ ਵਿਚ ਆ ਵੱਸੇ ਸਨ। ਇਹ ਵੱਖਰੀ ਗੱਲ ਹੈ ਕਿ ਜਿਸ ਤਨਦੇਹੀ ਨਾਲ ਆ ਕੇ ਉਹਨਾਂ ਨੇ ਪ੍ਰਵਾਸ ਵਿਚ ਕੰਮ ਕੀਤਾ ਉਸ ਸਦਕਾ ਉਹਨਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸ਼ੇ ਫੈਲਦੇ ਗਏ। ਜਿਉਂ ਜਿਉਂ ਉਹਨਾਂ ਦੇ ਆਸ਼ੇ ਫੈਲਦੇ ਗਏ ਉਹਨਾਂ ਨੂੰ ਸੁਚੇਤ ਜਾਂ ਅਚੇਤ ਤੌਰ ਤੇ ਪ੍ਰਵਾਸੀ ਵਿਵਸਥਾ ਅਨੁਸਾਰ ਢਲਣਾ ਪਿਆ। ਪਰਿਣਾਮ ਸਰੂਪ ਸੀਮਤ ਰੂਪ ਵਿਚ ਕਰਤਾਵਾਚਕ ਉਹ ਅੰਤਮ ਪੜਾਅ ਤੇ ਕਰਮਵਾਚਕ ਬਣ ਕੇ ਰਹਿ ਗਏ।

ਇਸੇ ਸਾਰੇ ਸਮੱਸਿਆਕਾਰ ਨੂੰ ਮਨ ਵਿਚ ਧਾਰ ਕੇ ਹੀ ਨਾਵਲਕਾਰ ਨੇ ਇਸ ਨਾਵਲ ਨੂੰ ਨੇਪਰੇ ਚਾੜਣ ਦਾ ਯਤਨ ਕੀਤਾ ਹੈ। ਇਸ ਗੱਲ ਦਾ ਪ੍ਰਮਾਣ ਇਸ ਤੱਥ ਤੋਂ ਮਿਲ ਜਾਂਦਾ ਹੈ ਕਿ ਕਥਾਨਕਾ ਨੂੰ ਅੱਗੇ ਤੋਰਦਾ, ਵਰਣਨ, ਬਿਰਤਾਂਤ ਅਤੇ ਵਾਰਤਾਲਾਪ ਦੌਰਾਨ, ਉਹ ਚਿਤਵਣ ਅਤੇ ਨਿਹਾਰਣ ਦਾ ਕੰਮ ਕਦੇ ਪ੍ਰਵਾਸੀ ਜੀਵਨ ਵਲੋਂ ਅਤੇ ਕਦੇ ਪੰਜਾਬ ਦੇ ਜੀਵਨ ਨੂੰ ਆਧਾਰ ਮਿਥ ਕੇ ਕਰਦਾ ਹੈ। ਉਸਦੀ ਰਚਨਾਤਮਕ ਵਿਵਸਥਾ ਵਿਚ ਪ੍ਰਵੇਸ਼ ਕਰਦੀ ਇਹ ਤਬਦੀਲੀ ਦੂਰਵਰਤੀ ਹੋਣ ਦਾ ਪ੍ਰਮਾਣ ਨਹੀਂ ਦਿੰਦੀ ਭਾਵ ਜਦੋਂ ਪਾਤਰ ਏਧਰੋਂ ਉੱਧਰ ਪਹੁੰਚਣ ਦੇ ਦਾਈਏ ਬੰਨ੍ਹਦੇ ਹਨ ਸਗੋਂ ਨਿਕਟਵਰਤੀ ਵੀ ਹੋ ਨਿਬੜਦੀ ਹੈ ਜਦੋਂ ਕਿਸੇ ਸੰਕਟ ਦੇ ਸਨਮੁਖ ਉਹਨਾਂ ਨੇ ਕਿਸੇ ਪਰਿਣਾਮ ਤੇ ਪਹੁੰਚਣਾ ਹੁੰਦਾ ਹੈ। ਜਿੱਥੇ ਤਾਮ੍ਹਨੇ, ਮਿਹਣੇ, ਗਾਲ੍ਹਾਂ ਅਤੇ ਨਿਸ਼ੰਗ ਕਥਨ ਦੂਰਵਰਤੀ ਤਬਦੀਲੀ ਦੇ ਹੱਕ ਵਿਚ ਭੁਗਤ ਜਾਂਦੇ ਹਨ ਉੱਥੇ ਪ੍ਰੀਤੂ ਦਾ ਅੰਤ ਵਿਚ ਗੁਰਜੀਤ ਨੂੰ ਤਰਲਾ ਅਤੇ ਉਸ ਤੋਂ ਭੈਅ, ਅਤੇ ਬੰਤੀ ਦਾ ਆਪਣੇ ਭਰਾ ਨੂੰ ਇਹ ਪੁੱਛਣਾ ਕਿ ਉਹ ਉਸਨੂੰ ਯਾਦ ਵੀ ਕਰਦਾ ਹੈ ਅਤੇ ਬੱਚੇ ਦਾ ਲੇਰਾਂ ਮਾਰ ਕੇ ਰੋਣਾ ਅਤੇ ਭੈਣ ਨੂੰ ਚੰਬੜ ਜਾਣਾ ਦੂਜੀ ਪ੍ਰਕਾਰ ਦੀ ਤਬਦੀਲੀ ਦੀ ਅਲਾਮਤ ਹਨ।

ਕਹਿਣ ਤੋਂ ਭਾਵ ਇਹ ਹੈ ਕਿ ਕਥਾਨਕਾ ਨੂੰ ਅੱਗੇ ਤੋਰਨ, ਇਸ ਵਿਚ ਵਰਣਨ, ਬਿਰਤਾਂਤ ਅਤੇ ਵਾਰਤਾਲਾਪ ਨੂੰ ਸਮੋਣ ਅਤੇ ਉਹਨਾਂ ਦੀ ਦਿਸ਼ਾ ਨਿਰਧਾਰਣ ਕਰਨ ਵਿਚ ਨਾਵਲਕਾਰ ਨੇ ਇਸ ਗੱਲ ਨੂੰ ਘੱਟ ਹੀ ਮਨੋਵਿਸਾਰਿਆ ਹੈ ਕਿ ਉਹ ਇਕ ਸਮੱਸਿਆ-ਕਾਰ ਨੂੰ ਪੇਸ਼ ਕਰਨ ਦੇ ਆਹਰ ਵਿਚ ਹੈ : ਕੁੱਝ ਹੱਦ ਤਕ ਤਾਂ ਨਾਵਲ ਦੀ ਬੁਣਤੀ ਤੋਂ ਵੀ ਇਸੇ ਪ੍ਰਕਾਰ ਦਾ ਪ੍ਰਭਾਵ ਪੈਂਦਾ ਹੈ। ਇਸ ਦਾ ਸੱਭ ਤੋਂ ਪਰਤੱਖ ਪ੍ਰਮਾਣ ਅੰਗਰੇਜ਼ੀ ਸ਼ਬਦਾਂ ਦਾ ਪ੍ਰੀਤੂ ਵਰਗੇ ਅਣਪੜ੍ਹ ਅਤੇ ਗੁਰਜੀਤ ਵਰਗੇ ਅੱਧ-ਪੜ੍ਹ ਦੀ ਸ਼ਬਦਾਵਲੀ ਤੋਂ ਮਿਲ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ "ਆਲ ਰਾਈਟ" ਵਰਗਾ ਸੌਖਾ ਸ਼ਬਦ ਤਾਂ ਉਹ ਤੋੜ ਮਰੋੜ ਕੇ ਬੋਲਦੇ ਹਨ ਪਰੰਤੂ "ਡਿਫੀਕਲਟੀ" ਵਰਗਾ ਔਖਾ ਸ਼ਬਦ ਠੀਕ ਉਚਾਰਣ ਹੀ ਬੋਲਦੇ ਹਨ। ਇਸ ਵਿਚ ਵਾਚਣ ਵਾਲੀ ਹੋਰ ਗੱਲ ਇਹ ਵੀ ਹੈ ਕਿ ਅੰਗਰੇਜ਼ੀ ਵਿਚ ਮੁਕੰਮਲ ਬੋਲਾਂ ਜਾਂ ਵਾਕਾਂ ਦਾ ਅਧਿਕਾਰ ਬੰਤੀ ਅਤੇ ਕਰਮੇ ਵਰਗੇ ਨਵੀਂ ਪੀੜ੍ਹੀ ਦੇ ਪਾਤਰਾਂ ਨੂੰ ਹੀ ਪ੍ਰਾਪਤ ਹੈ ਜੋ ਪ੍ਰਵਾਸ ਦੀ ਵਿਦਿਆ ਪ੍ਰਣਾਲੀ ਰਾਹੀਂ ਪਰਵਾਨ ਚੜ੍ਹੇ ਹਨ ਅਤੇ ਪੱਛਮੀ ਰਹਿਣ ਸਹਿਣ ਵਿਚ ਘੁਲ ਮਿਲ ਗਏ ਹਨ।

ਨਾਵਲਕਾਰੀ ਦੀ ਸਤਹ ਤੇ ਵਿਵਰਣ ਵਾਲੇ ਇਹਨਾਂ ਗੁਣਾਂ ਦੇ ਅਧਾਰ ਤੇ ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਇਸ ਵਿਚ ਉਪਰੋਕਤ ਸਮੱਸਿਆਕਾਰ ਜਟਿਲ ਅਤੇ ਗੰਭੀਰ ਰੂਪ ਵਿਚ ਪੇਸ਼ ਹੈ। ਨਾਵਲਕਾਰ ਦੀ ਦ੍ਰਿਸ਼ਟੀ, ਇਸਨੂੰ ਘਟਨਾਵਾਂ, ਅਨੁਭਵਾਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਬੰਧਾਂ ਅਤੇ ਮੁੱਲਾਂ ਵਿਚ ਢਾਲਣੇ ਦਾ ਯਤਨ ਅਨੇਕ ਵਿਰੋਧਾਂ, ਖੱਪਿਆਂ ਅਤੇ ਪਰਿ-ਕਲਪਨਾਵਾਂ ਦਾ ਭਾਗੀ ਰਹਿੰਦਾ ਹੈ। ਇਨ੍ਹਾਂ ਦੇ ਆਧਾਰ ਤੇ ਇਹ ਵਿਕਲਪ ਸੁਤੇ ਸਿੱਧ ਹੀ ਉੱਭਰ ਆਉਂਦਾ ਹੈ ਕਿ ਨਾਵਲਕਾਰੀ ਦੀਆਂ ਸਤਹ ਤੇ ਵਿਚਰਣ ਵਾਲੀਆਂ ਯੋਗਤਾਵਾਂ ਦੇ ਬਾਵਜੂਦ, ਇਸ ਵਿਚ ਸਮੱਸਿਆਕਾਰ ਨੂੰ ਇੱਕਾ ਦੁੱਕਾ ਸਮੱਸਿਆਵਾਂ ਵਜੋਂ ਹੀ ਚਿਤਵਿਆ ਅਤੇ ਨਿਹਾਰਿਆ ਗਿਆ ਹੈ। ਇਨ੍ਹਾਂ ਵਿਰੋਧਾਂ, ਖੱਪਿਆਂ ਅਤੇ ਪਰਿਕਲਪਨਾਵਾਂ ਦਾ ਆਰੰਭ ਤੋਂ ਅੰਤ ਤਕ ਪੱਸਰੇ ਹੋਣਾ ਵਾਸਤਵ ਵਿਚ ਇਸ ਸੰਕਟ ਦੀ ਅਲਾਮਤ ਹੈ।

ਉਦਾਹਰਣ ਵਜੋਂ ਨਾਵਲ ਦਾ ਆਰੰਭ ਹੀ ਇਸ ਪ੍ਰਕਾਰ ਦਾ ਹੈ ਜਿਸ ਵਿਚ ਪਰਿਕਲਪਨਾ ਨੂੰ ਵਾਸਤਵਿਕ ਮੰਨਕੇ ਹੀ ਵਿਸ਼ਵਾਸ਼ ਕੀਤਾ ਜਾ ਸਕਦਾ ਹੈ। ਇਹ ਹੈ ਪੰਜਾਬ ਵਿਚ ਨਿਚਲੇ ਵਰਗ ਦੇ ਵਾਸੀ ਨਿਰੋਲ ਅਣ-ਪੜ੍ਹ ਅਤੇ ਉਜੱਡ ਦਾ ਕੁਸ਼ਲਤਾ ਸਹਿਤ ਪ੍ਰਵਾਸ ਵਿਚ ਪਹੁੰਚਣਾ ਜਿਵੇਂ ਉਸਦਾ ਪਿਛੋਕੜ ਕਿਸੇ ਉਤਲੇ ਵਰਗ ਦਾ ਹੁੰਦਾ ਹੈ। ਜਿੱਥੋਂ ਤਕ ਇੱਕਾ ਦੁੱਕਾ ਵਿਅਕਤੀਆਂ ਦੇ ਇਉਂ ਕਰ ਗੁਜ਼ਰਨ ਦੀ ਗੱਲ ਹੈ, ਇਸਨੂੰ ਨਿਰੋਲ ਅਲੋਕਾਰ ਤਾਂ ਨਹੀਂ ਆਖਿਆ ਜਾ ਸਕਦਾ। ਨਾਲੇ ਨਾਵਲ ਕਲਾ ਜਿਸਦਾ ਮੂਲ ਵਾਸਤਾ ਵਾਸਤਵਿਕਤਾ ਨਾਲ ਹੁੰਦਾ ਹੈ ਇਸ ਪ੍ਰਕਾਰ ਦੇ ਅਲੋਕਾਰ ਨੂੰ ਅੱਖੋਂ ਪਰੋਖੇ ਕਰਨ ਦੀ ਹੀ ਪ੍ਰਵਿਰਤੀ ਰੱਖਦੀ ਹੈ ਜਦੋਂ ਤਕ ਇਸ ਪ੍ਰਕਾਰ ਦੇ ਅਲੋਕਾਰ ਨੂੰ ਸਿੱਧ ਕਰਨ ਲਈ ਵਿਵੇਕ ਪ੍ਰਾਪਤ ਨਾ ਹੋਵੇ। ਸੰ ਸੱਠਵਿਆਂ ਵਿਚ ਪੰਜਾਬ ਤੋਂ ਪ੍ਰਵਾਸ ਪਹੁੰਚਣ ਦਾ ਜੋ ਸੰਦਰਭ ਬਣਿਆ ਹੋਇਆ ਸੀ ਉਸ ਵਿਚ ਨਿਚਲੇ ਵਰਗ ਦੇ ਅਣਪੜ੍ਹ ਅਤੇ ਉਜੱਡ ਵਾਸੀ ਦਾ ਇਸ ਪ੍ਰਕਾਰ ਦਾ ਕਾਰਨਾਮਾ ਅਲੋਕਾਰ ਸਮਾਨ ਸੀ। ਮੂਲ ਵਿਚ ਉਤਲੇ ਅਤੇ ਵਿਚਲੇ ਵਰਗਾਂ ਦੇ ਨੌਜਵਾਨ ਜੋ ਆਮ ਤੌਰ ਤੇ ਪੜ੍ਹੇ ਲਿਖੇ ਅਤੇ ਕਦੇ ਕਦਾਈਂ ਅਧਪੜ੍ਹ ਸਨ ਪ੍ਰਵਾਸ ਪਹੁੰਚਣ ਲਈ ਉਤਾਵਲੇ ਸਨ ਅਤੇ ਯੋਗ/ਅਯੋਗ ਢੰਗ ਆਪਣਾ ਰਹੇ ਸਨ।

ਆਰੰਭ ਦੇ ਇਸ ਤਰ੍ਹਾਂ ਅਲੋਕਾਰ ਹੋਣ ਦਾ ਪਰੋਖ ਜਿਹਾ ਅਹਿਸਾਸ ਸ਼ਾਇਦ ਖੁਦ ਨਾਵਲਕਾਰ ਨੂੰ ਵੀ ਹੈ। ਇਸੇ ਕਾਰਨ ਹੀ ਤਾਂ ਉਸਨੂੰ ਇਹ ਆਧਾਰ ਮਿਥਣਾ ਪਿਆ ਹੈ ਕਿ ਪ੍ਰੀਤੂ ਦੇ ਪ੍ਰਵਾਸ ਪਹੁੰਚ ਜਾਣ ਦਾ ਸਿਹਰਾ ਸਰਵਣ ਨੂੰ ਜਾਂਦਾ ਹੈ ਜਿਸਦੇ ਪਿੰਡ ਇਕ ਵਾਰ ਕੰਮ ਕਰਨ ਗਿਆ ਉਹ ਉਸਦਾ ਬਹੁਤ ਹੀ ਪੱਕਾ ਯਾਰ ਬਣ ਗਿਆ ਸੀ। ਸਰਵਣ ਦਾ ਦੁਆਬੀਆ ਹੋਣ ਕਾਰਨ ਪ੍ਰਵਾਸ ਆ ਜਾਣ ਦਾ ਪਹਿਲਾਂ ਹੀ ਪ੍ਰਬੰਧ ਹੋ ਚੁੱਕਿਆ ਸੀ। ਇੰਗਲੈਂਡ ਪਹੁੰਚ ਕੇ ਅਤੇ ਆਪਣੇ ਪੈਰਾਂ ਤੇ ਖੜੇ ਕੇ ਉਸਨੇ ਜਿਹੜਾ ਪਹਿਲਾ ਕੰਮ ਕੀਤਾ ਉਹ ਸੀ ਪ੍ਰੀਤੂ ਦੇ ਏਥੇ ਪਹੁੰਚ ਜਾਣ ਦਾ ਪ੍ਰਬੰਧ ਕਰਨਾ। ਪ੍ਰੀਤੂ ਦੇ ਪ੍ਰਵਾਸ ਪਹੁੰਚਣ ਉਪਰੰਤ ਜੋ ਤੱਥ ਉੱਘੜ ਕੇ ਆਉਂਦਾ ਹੈ ਉਹ ਇਹ ਹੈ ਕਿ ਪ੍ਰੀਤੂ ਨੂੰ ਸਰਵਣ ਆਪਣੇ ਬਰਾਬਰ ਦਾ ਸਮਝਦਾ ਹੈ। ਉਸਨੂੰ ਵੀ ਕਿਸੇ ਪ੍ਰਕਾਰ ਦਾ ਅਹਿਸਾਸ-ਏ-ਕਮਤਰੀਣ ਅਨੁਭਵ ਨਹੀਂ ਹੁੰਦਾ, ਬਾਵਜੂਦ ਇਸ ਗੱਲ ਦੇ ਕਿ ਸਰਵਣ ਜੱਟ ਹੈ ਅਤੇ ਜੱਟ-ਮਾਨਸਿਕਤਾ ਵਿਚ ਨਿਚਲੇ ਵਰਗ ਦੇ ਵਾਸੀ ਨੂੰ ਨੀਚ ਸਮਝਣਾ ਨਿਹਿਤ ਹੈ, ਵਿਸ਼ੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰ ਕੇ ਉਸ ਵਕਤ, ਜਦੋਂ ਉਸ ਉੱਤੇ ਕਿਸੇ ਅਲੋਕਾਰ ਕਿਸਮ ਦਾ ਅਹਿਸਾਨ ਵੀ ਹੋਇਆ ਹੋਵੇ।

ਇਸ ਪੜਾਅ ਤੇ ਦੂਜਾ ਅਲੋਕਾਰ ਪੇਸ਼ ਹੋ ਜਾਂਦਾ ਹੈ ਜੋ ਨਾਵਲ ਵਿਚ ਸਮੱਸਿਆ-ਕਾਰ ਨੂੰ ਸਮੱਸਿਆ ਵਜੋਂ ਲੈਣ ਦਾ ਪ੍ਰਮਾਣ ਹੈ। ਇਸ ਅਲੋਕਾਰ ਦਾ ਆਧਾਰ ਹੋਰ ਵੀ ਡਾਵਾਂ ਡੋਲ ਲੱਗਣ ਲੱਗ ਪੈਂਦਾ ਹੈ ਜਦੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪ੍ਰੀਤੂ ਦਾ ਹੀ ਯਾਰ ਗੁਰਜੀਤ ਹੈ ਜਿਸਨੂੰ ਇੰਗਲੈਂਡ ਲਿਆਉਣ ਵਿਚ ਉਸਦਾ ਉਹ ਉਤਨਾ ਹੀ ਸਹਾਈ ਹੁੰਦਾ ਹੈ ਜਿਤਨਾ ਸਰਵਣ ਪ੍ਰੀਤੂ ਦਾ ਹੋਇਆ ਸੀ। ਇਸ ਅਹਿਸਾਨ ਦੇ ਬਾਵਜੂਦ, ਗੁਰਜੀਤ ਦੇ ਮਨ ਵਿਚੋਂ ਇਹ ਭਾਵਨਾ ਕਦੇ ਖਾਰਜ ਨਹੀਂ ਹੁੰਦੀ ਕਿ ਪ੍ਰੀਤੂ ਨਿਚਲੇ ਵਰਗ ਦਾ ਵਾਸੀ ਹੈ। ਕੀ ਸਰਵਣ ਅਤੇ ਗੁਰਜੀਤ ਵਿਚ ਇਸ ਅੰਤਰ ਦਾ ਕਾਰਨ ਖੇਤਰੀ ਹੈ, ਭਾਵ ਇਕ ਦੁਆਬੀਆ ਅਤੇ ਦੂਜਾ ਮਝੈਲ ਹੈ ਜਾਂ ਇਹ ਕਿ ਗੁਰਜੀਤ ਦਾ ਤਾਂ ਉਹ ਵਰ੍ਹਿਆਂ ਬਧੀ ਸੀਰੀ ਰਿਹਾ ਹੈ ਜਦ ਕਿ ਸਰਵਣ ਦੀ ਤਾਂ ਉਸਨੇ ਇਕ ਵਾਰੀ ਹੀ ਸਹਾਇਤਾ ਕੀਤੀ ਹੈ। ਨਾਲੇ ਜੇ ਉਹ ਗੁਰਜੀਤ ਦਾ ਵਰ੍ਹਿਆਂ ਬਧੀ ਸੀਰੀ ਰਿਹਾ ਹੈ ਤਾਂ ਵਧੇਰੇ ਲੋੜਵੰਦ ਤਾਂ ਗੁਰਜੀਤ ਸੀ ਅਤੇ ਲੋੜਵੰਦ ਮਾਲਕ ਦਾ ਸੀਰੀ ਤੇ ਕਿਤਨਾ ਕੁ ਰੋਹਬ ਹੋ ਸਕਦਾ ਹੈ, ਇਹ ਵਿਚਾਰਨ ਵਾਲੀ ਗੱਲ ਹੈ।

ਇਸ ਸਭਿਆਚਾਰਕ ਮਹੱਤਵ ਦੀ ਧਾਰਨੀ ਜਟਿਲਤਾ ਨੂੰ ਅਲੋਕਾਰ ਵਜੋਂ ਪੇਸ਼ ਕਰ ਕੇ ਅਤੇ ਕੁੱਝ ਖੱਪਿਆਂ, ਵਿਰੋਧਾਂ ਅਤੇ ਪਰਿਕਲਪਨਾਵਾਂ ਨੂੰ ਵਾਸਤਵਿਕਤਾ ਦੇ ਆਧਾਰ ਤੇ ਨਾ ਪਰਖ ਕੇ, ਨਾਵਲਕਾਰ ਜਦੋਂ ਪ੍ਰਵਾਸ ਵਿਚ ਕਥਾਨਕਾ ਨੂੰ ਅੱਗੇ ਤੋਰਦਾ ਹੈ ਅਤੇ ਇਸ ਮੰਤਵ ਅਧੀਨ ਵਰਣਨ, ਬਿਰਤਾਂਤ ਅਤੇ ਵਾਰਤਾਲਾਪ ਦੀ ਵਰਤੋਂ ਕਰਦਾ ਹੈ ਤਾਂ ਇਹ ਦੋ ਪ੍ਰਕਾਰ ਦੀ ਰਵਾਇਤੀ ਰੂਪ-ਰਚਨਾ ਗ੍ਰਹਿਣ ਕਰ ਲੈਂਦੀ ਹੈ। ਇਸ ਰਵਾਇਤੀ ਰੂਪ-ਰਚਨਾ ਦੇ ਇਕ ਪੱਖ ਦਾ ਸਬੰਧ ਦੋ ਦੋਸਤਾਂ ਦੀ ਕਥਾ ਨਾਲ ਜੋ ਦੋਸਤੀ ਤੇ ਪੂਰਾ ਉੱਤਰਣ ਲਈ ਤੱਤਪਰ ਹਨ ਪਰੰਤੂ ਅਨੇਕ ਦੁਸ਼ਵਾਰੀਆਂ ਹਨ ਜੋ ਉਹਨਾਂ ਨੂੰ ਅਜੇਹਾ ਕਰਨ ਤੋਂ ਹੋੜਦੀਆਂ ਹਨ। ਇਸਦਾ ਦੂਜਾ ਪੱਖ ਬੰਤੀ ਅਤੇ ਕਰਮੇ ਦੇ ਪ੍ਰਸਪਰ ਪ੍ਰੇਮ ਤੋਂ ਉਜਾਗਰ ਹੁੰਦਾ ਹੈ ਜਿਸ ਵਿਚ ਕਿੱਸਾਕਾਰੀ ਦੇ ਵਿਭਿੰਨ ਮੋਟਿਫ ਆ ਸਮਾਂਦੇ ਹਨ। ਇਸ ਸੰਦਰਭ ਵਿਚ ਪ੍ਰਮਾਣਕ ਜਟਿਲਤਾ ਦੀ ਪੇਸ਼ਕਾਰੀ ਘਟਨਾਵਾਂ, ਅਨੁਭਵਾਂ, ਸਬੰਧਾਂ ਅਤੇ ਮੁੱਲਾਂ ਵਿਚ ਰਿਹਨਤ ਹੋਣ ਦੀ ਥਾਂ, ਨਿਚਲੀ ਪ੍ਰਕਾਰ ਦੇ ਵਰਣਨ ਦਾ ਅਧਿਕਾਰ ਹੀ ਗ੍ਰਹਿਣ ਕਰਦੇ ਹਨ :

> ਪੁਰਾਣੀਆਂ ਗੱਲਾਂ ਪਿੱਛੇ ਰਹਿ ਗਈਆਂ ਸਨ। ਅੱਜ ਦਸ ਸਾਲਾਂ ਦੇ ਅਰਸੇ ਪਿੱਛੋਂ ਬੜਾ ਕੁੱਝ ਬਦਲ ਗਿਆ ਚੁਕਿਆ ਸੀ। ਵਲੈਤ ਵਸਦੇ ਭਾਰਤੀ ਲੋਕਾਂ ਦੀਆਂ ਕੀਮਤਾਂ, ਸੋਚਣ ਢੰਗ, ਜ਼ਿੰਦਗੀ ਜੀਊਣ ਦੇ ਤਰੀਕੇ ਅਤੇ ਹੋਰ ਜ਼ਿੰਦਗੀ ਦੇ ਅਨੇਕਾਂ ਪੱਖ ਬਦਲ ਚੁੱਕੇ ਸਨ। ਅੰਗਰੇਜ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਅਤਾ ਉਹਨਾਂ ਤੇ ਭਾਰੂ ਹੋ ਗਈ ਅਤੇ ਹੋ ਰਹੀ ਸੀ। ਜਵਾਨ ਹੋ ਰਹੀ ਪਨੀਰੀ ਤਾਂ ਬਿਲਕੁਲ ਇਨ੍ਹਾਂ ਪ੍ਰਭਾਵਾਂ ਨੂੰ ਗ੍ਰਹਿਣ ਕਰ ਚੁਕੀ ਸੀ, ਬੇਸ਼ੱਕ ਭਾਰਤੋਂ ਵਲੈਤ ਵਿਚ ਰੁਜ਼ਗਾਰ ਕਮਾਉਣ ਆਏ ਪਹਿਲੀ ਪੀੜ੍ਹੀ ਦੇ ਲੋਕ ਆਪਣੀਆਂ ਜੜ੍ਹਾਂ ਨਾਲੋਂ ਬਹੁਤ ਵੱਖਰਾ ਨਹੀਂ ਸਨ ਸੋਚ ਸਕਦੇ। ਉਹ ਵੀ ਭਾਵੇਂ ਬਹੁਤ ਬਦਲ ਚੁੱਕੇ ਸਨ ਪਰ ਇਕ ਸੀਮਾ ਤੱਕ—ਇਸ ਤੋਂ ਅੱਗੇ ਬਦਲ ਸਕਣਾ ਉਹਨਾਂ ਦੇ ਵਸੋਂ ਬਾਹਰ ਦੀ ਗੱਲ ਸੀ। (ਪੰਨਾ 97-98)

ਇਹ ਵਰਣਨ ਹੈ ਪੁਰਾਣੀ ਪੀੜ੍ਹੀ ਦੀ ਤ੍ਰਾਸਦੀ ਦਾ ਪਰੰਤੂ ਜਦੋਂ ਉਸਨੇ ਨਵੀਂ ਪੀੜ੍ਹੀ ਵਿਚ ਪ੍ਰਵੇਸ਼ ਕਰ ਗਈ ਨਵੀਨਤਾ ਦੀ ਗੱਲ ਕਰਨੀ ਹੈ ਤਾਂ ਵੀ ਘਟਨਾਵਾਂ, ਅਨੁਭਵਾਂ, ਸਬੰਧਾਂ ਅਤੇ ਮੁੱਲਾਂ ਦ ੀਥਾਂ ਵਰਣਨ ਨੂੰ ਹੀ ਆਧਾਰ ਬਣਾਉਣਾ ਪੈਂਦਾ ਹੈ। ਇਸ ਪ੍ਰਸੰਗ ਵਿਚ ਵੀ ਨਿਚਲੀਆਂ ਸਤਰਾਂ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਜਾ ਸਕਦਾ ਹੈ :

ਉਹ ਆਖਦੇ ਸਨ ਕਿ ਉਹਨਾਂ ਦੇ ਮਾਪੇ ਕਿਉਂ ਆਪਣੀ ਜ਼ਿੰਦਗੀ ਉਹਨਾਂ ਉੱਤੇ ਠੋਸਦੇ ਸਨ ? ਕਿਉਂ ਨਹੀਂ ਉਹ ਉਹਨਾਂ ਨੂੰ ਆਪਣੀ ਸੋਚ ਮੁਜਬ ਜਿਊਣ ਦਿੰਦੇ ? ਇਸਦਾ ਮਾਪਿਆਂ ਪਾਸ ਕੋਈ ਜਵਾਬ ਨਹੀਂ ਸੀ। ਆਪਣੀ ਵਲੋਂ ਉਹ ਬੱਚਿਆਂ ਦੀ ਬਿਹਤਰੀ ਲਈ ਸੋਚਦੇ ਸਨ ਪਰ ਨਵੀਂ ਪੀੜ੍ਹੀ ਨੂੰ ਇਸ ਵਿਚ ਬਿਹਤਰੀ ਨਾਲੋਂ ਖਤਰਾ ਵੱਧ ਨਜ਼ਰ ਆਉਂਦਾ। ਉਹ ਆਪਣਾ 'ਹਾਣ' ਆਪ ਚੁਨਣਾ ਚਾਹੁੰਦੇ ਸਨ, ਪਿਆਰ-ਵਿਆਹ ਕਰਨਾ ਚਾਹੁੰਦੇ ਸਨ, ਪੁਰਾਣੀਆਂ ਕੀਮਤਾਂ ਅਨੁਸਾਰ ਅਣਵੇਖੇ ਕੁੜੀ ਮੁੰਡੇ ਨੂੰ ਉਹ ਆਪਣੀ ਜ਼ਿੰਦਗੀ ਦਾ ਭਾਈਵਾਲ ਨਹੀਂ ਸਨ ਬਣਾਉਣਾ ਚਾਹੁੰਦੇ।

(ਪੰਨਾ 98)

ਸਵਾਲ ਪੈਦਾ ਹੁੰਦਾ ਹੈ ਕਿ ਜੇ ਨਾਵਲਕਾਰ ਸਮੱਸਿਆਕਾਰ ਨੂੰ ਇੱਕਾ ਦੁੱਕਾ ਸਮੱਸਿਆ ਤਕ ਘਟਾ ਲਵੇ ਤਾਂ ਨਾਵਲ ਲਈ ਇਸਦਾ ਕੀ ਪਰਿਣਾਮ ਨਿਕਲਦਾ ਹੈ। ਨਿਸਚੇ ਹੀ ਇਸ ਪ੍ਰਕਾਰ ਦੇ ਸਰਲੀਕਰਣ ਦਾ ਪਰਿਣਾਮ ਇਹੋ ਨਿਕਲਦਾ ਹੈ ਕਿ ਕੁਲ ਵਾਸਤਵਿਕਤਾ ਨੂੰ ਪੇਸ਼ ਕਰਨ ਦੀ ਥਾਂ ਨਾਵਲ ਆਪਣਾ ਵਾਸਤਾ ਕਥਾਨਕਾ ਨਾਲ ਹੀ ਜੋੜ ਲੈਂਦਾ ਹੈ। ਨਤੀਜੇ ਵਜੋਂ ਨਾਵਲ ਦਾ ਲੰਮੀ ਕਹਾਣੀ ਬਣ ਜਾਣਾ ਸੁਭਾਵਕ ਹੋ ਜਾਂਦਾ ਹੈ।

'ਨਵੇਂ ਰਿਸ਼ਤੇ' ਵਿਚ ਲੰਮੀ ਕਹਾਣੀ ਬਣਨ ਦੀ ਪ੍ਰਵਿਰਤੀ ਪ੍ਰਬਲ ਹੈ ਪਰੰਤੂ ਮੂਲ ਰੂਪ ਵਿਚ ਇਹ ਲੰਮੀ ਕਹਾਣੀ ਦੀ ਸਰਲਤਾ ਗ੍ਰਹਿਣ ਨਹੀਂ ਕਰਦੀ। ਕਾਰਨ ਇਸਦਾ ਇਹ ਹੈ ਕਿ ਸਿੱਧਾਂਤਕ ਪੱਖੋਂ ਸੁਚੇਤ ਤੌਰ ਤੇ ਨਾਵਲਕਾਰ ਪੇਸ਼ ਹੋਣ ਵਾਲੇ ਸਮੱਸਿਆਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਮਹੱਤਵ ਨੂੰ ਜਾਣਦਾ ਹੈ। ਇਸਦੇ ਬਾਵਜੂਦ ਉਸਦੀ ਰਚਨਾ ਵਿਚ ਅਚੇਤ ਤੌਰ ਤੇ ਇਹ ਸਮੱਸਿਆਕਾਰ ਇੱਕਾ ਦੁੱਕਾ ਸਮੱਸਿਆਵਾਂ ਤਕ ਘਟ ਕੇ ਰਹਿ ਜਾਂਦਾ ਹੈ। ਨਤੀਜੇ ਵਜੋਂ ਉਸਦੀ ਰਚਨਾ ਨਾਵਲ ਦੀ ਜਟਿਲਤਾ ਤਾਂ ਗ੍ਰਹਿਣ ਨਹੀਂ ਕਰਦੀ ਪਰੰਤੂ ਇਹ ਲੰਮੀ ਕਹਾਣੀ ਦੀ ਸਰਲਤਾ ਨਾਲ ਵੀ ਤ੍ਰਿਪਤ ਨਹੀਂ ਹੁੰਦੀ। ਦੋਨਾਂ ਵਿਚਕਾਰ ਲਟਕਦੀ ਇਹ ਅਤ੍ਰਿਪਤ ਰਚਨਾ ਹੈ ਜਿਸ ਤੋਂ ਅਹਿਸਾਸ ਵੀ ਸਾਹਿਤਕ ਅਤੇ ਸਭਿਆਚਾਰਕ ਅਤ੍ਰਿਪਤੀ ਦਾ ਹੀ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ ਦਾ ਨਵੇਂ ਰਿਸ਼ਤੇ–ਪ੍ਰਕ੍ਰਿਆ ਦਾ ਨਾਵਲ

—ਮੋਹਨਜੀਤ

ਇਹ ਗੱਲ ਤਾਂ ਹੁਣ ਬਰਤਾਨਵੀ ਗਲਪ ਦੇ ਪਾਠਕ ਲਈ ਬਿਨਾਂ ਸ਼ੱਕ ਐਨ ਸਪੱਸ਼ਟ ਹੋ ਚੁਕੀ ਹੈ ਕਿ ਬਰਤਾਨਵੀ ਗਲਪੀ ਵਿਹਾਰ (ਪ੍ਰਕਿਰਤੀ) ਦੇਸੀ ਗਲਪ ਦੇ ਸੁਭਾ ਨਾਲੋਂ ਉੱਕਾ ਵੱਖਰਾ ਹੈ। ਮੋਟੇ ਤੌਰ ਤੇ ਇਸਦਾ ਕਾਰਨ ਆਵਾਸੀ ਮਾਨਸਿਕਤਾ ਨੂੰ ਮੰਨਿਆ ਜਾ ਸਕਦਾ ਹੈ ਜੋ ਨਿਸ਼ਚੇ ਹੀ ਆਪਣੇ ਤੱਤ ਪੱਖੋਂ ਵੱਖਰਤਾ ਦੀ ਧਾਰਨੀ ਹੋਏਗੀ। ਇਸਦੀ ਪਿੱਠਭੂਮੀ ਵਿਚ ਕੇਵਲ ਭੂਗੋਲਿਕ ਅੰਤਰ ਹੀ ਇਕ ਕਾਰਨ ਨਹੀਂ ਬਲਕਿ ਸਮਾਜੀ, ਸਭਿਆਚਾਰਕ, ਰਾਜਨੀਤਕ ਤੇ ਆਰਥਿਕ ਬਣਤਰਾਂ ਉਹਲੇ ਕੰਮ ਕਰ ਰਹੀਆਂ ਵਿਚਾਰਧਾਰਕ ਮਦਾਂ ਵੀ ਵੱਡਾ ਕਾਰਨ ਹਨ।

ਓਪਰੀ ਨਜ਼ਰੇ ਵੇਖਿਆਂ ਆਵਾਸੀ ਜੀਵਨ ਨਾਲ ਸੰਬੰਧਤ ਨਵੇਂ ਰਿਸ਼ਤੇ ਦੀ ਗੱਲ ਸਤਹੀ ਜਹੀ ਲਗਦੀ ਹੈ ਪਰ ਘੋਖਵੀਂ ਨਜ਼ਰੇ ਇਹਨਾਂ ਪਾਠਾਂ ਉਹਲੇ ਜੋ ਜਟਿਲਤਾ ਕੰਮ ਕਰਦੀ ਹੈ, ਉਹ ਏਨੀ ਪਰਤ-ਦਰ-ਪਰਤ ਹੈ ਕਿ ਸੁਆਲਾਂ ਅੱਗੇ ਮੋੜਵੇਂ ਸੁਆਲ ਪੈਦਾ ਹੋਣ ਲੱਗ ਪੈਂਦੇ ਹਨ। ਨਵੇਂ ਰਿਸ਼ਤੇ ਦੇ ਪਾਠ ਨੂੰ ਸਾਹਮਣੇ ਰੱਖਕੇ ਕਹਿਣਾ ਹੋਏ ਤਾਂ ਕਿਹਾ ਜਾ ਸਕਦਾ ਕਿ ਗੱਲ ਸਿਰਫ਼ ਏਨੀ ਹੈ ਕਿ ਦੇਸ਼ ਵਿਚ ਇਕੱਠਿਆਂ ਰਹਿਣ ਵਾਲੇ ਦੋ ਹਾਣੀਆਂ ਵਰਗੇ ਵਿਅਕਤੀਆਂ 'ਚੋਂ ਇਕ (ਪ੍ਰੀਤੂ) ਵਲੈਤ ਚਲਿਆ ਜਾਂਦਾ ਹੈ ਤੇ ਬਾਅਦ ਵਿਚ ਦੂਜੇ (ਗੁਰਜੀਤ) ਨੂੰ ਦੋਸਤੀ ਨਾਤੇ ਆਪਣੇ ਕੋਲ ਬੁਲਾ ਲੈਂਦਾ ਹੈ। ਬੇਸ਼ਕ ਇਕ ਜੱਟ ਹੈ ਅਤੇ ਦੂਜਾ ਮਜ਼ਹਬੀ। ਪ੍ਰਦੇਸੀਆਂ ਲਈ ਆਵਾਸੀ ਜੀਵਨ ਵਿਚ ਇਕ ਦੂਜੇ ਦੇ ਨੇੜੇ ਆ ਜਾਣਾ ਐਨ ਸੁਭਾਵਕ ਹੈ। ਇਹ ਗੱਲ ਵੀ ਸਾਧਾਰਣ ਰੂਪ ਵਿਚ ਕਹੀ ਜਾ ਸਕਦੀ ਹੈ ਕਿ ਆਵਾਸੀ ਜੀਵਨ ਵਿਚ ਇਕੋ ਜਿਹਾ ਕੰਮ ਕਰਦਿਆਂ ਜੱਟ ਤੇ ਮਜ਼ਹਬੀ ਦਾ ਜਕੜਵਾਂ ਦੇਸੀ ਵਖਰੇਵਾਂ ਵੀ ਨਵੀ ਸਥਿਤੀ ਵਿਚ ਸਾਧਾਰਣਤਾ ਵਾਲਾ ਹੋ ਜਾਂਦਾ ਹੈ। ਤੇ ਇਹ ਵੀ ਸਾਧਾਰਣ ਜੇਹੀ ਗੱਲ ਜਾਪਦੀ ਹੈ ਕਿ ਇਹਨਾਂ ਦੋਵਾਂ ਵਿਅਕਤੀਆਂ ਦੇ ਬੱਚੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਜੰਮੇ ਬੇਸ਼ਕ ਭਾਰਤ ਵਿਚ ਹਨ, ਪਰ ਵਲੈਤੀ ਤਾਲੀਮ ਕਾਰਨ ਦੇਸੀ ਤੌਰ ਤਰੀਕੇ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੇ ਹਨ। ਪ੍ਰੀਤੂ ਦਾ ਮੁੰਡਾ ਕਰਮਾ ਵਲੈਤ ਵਿਚ "ਕੈਰਮ" ਬਣ ਗਿਆ ਹੈ ਅਤੇ ਗੁਰਜੀਤ ਦੀ ਧੀ ਬੰਤੀ "ਬੰਟੀ" ਅਖਵਾਉਣ ਲੱਗ ਪਈ ਹੈ। ਦੋਵੇਂ ਹਾਣੀ ਹਨ ਤੇ ਜਾਤ-ਪਾਤ ਦੇ ਭਾਰਤੀ ਵਰਤਾਰੇ ਨੂੰ ਨਿਰਾਰਥਕ ਤੇ ਨਿਰਮੂਲ ਸਮਝਦੇ ਹੋਏ ਇਕ ਦੂਜੇ ਨਾਲ ਪਿਆਰ ਤੋਂ ਬਾਅਦ ਸ਼ਾਦੀ ਕਰਨਾ ਚਾਹੁੰਦੇ ਹਨ ਤੇ ਏਥੇ ਹੀ ਮੂਲ ਵਿਰੋਧ ਉਭਰਦਾ ਹੈ। ਓਪਰੀ ਨਜ਼ਰੇ ਤਾਂ ਗੱਲ ਏਨੀ ਹੈ। ਪਰ ਕੀ ਗੱਲ ਏਨੀ ਹੈ ? ਕੀ ਇਹੋ ਮੁੱਖ ਤਨਾਉ ਹੈ ? ਬਿਨਾਂ ਸ਼ੱਕ ਨਹੀਂ। ਇਹ ਤਾਂ ਕੇਵਲ ਉਪਰਲਾ ਵੇਰਵਾ ਹੈ। ਜਟਿਲਤਾ ਤਾਂ ਇਸ ਵੇਰਵੇ ਉਹਲੇ ਕੰਮ ਕਰ ਰਹੀ ਬਹੁ-ਪਰਤੀ ਮਾਨਸਿਕ ਪ੍ਰਕਿਰਿਆ ਦੀ ਹੈ। ਤੇ ਇਸ ਮਾਨਸਿਕਤਾ ਨੂੰ ਵੱਡਾ ਸਕਤਾ ਸੰਸਕਾਰ (ਪਰੰਪਰਾ-ਰਵਾਇਤ) ਨੇ ਮਾਰਿਆ ਹੋਇਆ ਹੈ।

'ਨਵੇਂ ਰਿਸ਼ਤੇ' ਦੇ ਪਾਠ ਦੀਆਂ ਵੱਖ ਵੱਖ ਸਥਿਤੀਆਂ ਉਹਲੇ ਕੰਮ ਕਰਨ ਵਾਲੀ ਮਾਨਸਿਕ ਪ੍ਰਕਿਰਿਆ ਨੂੰ ਜਾਨਣ ਤੋਂ ਪਹਿਲਾਂ ਮੋਟੇ ਤੌਰ ਇਹ ਵੇਖਣਾ ਬਣਦਾ ਹੈ ਕਿ ਆਵਾਸੀ ਜੀਵਨ ਦੇ ਮੁੱਖ ਤਣਾਉ ਕਿਹੜੇ ਹਨ। ਏਸ ਚੌਖਟੇ ਜਾਂ ਏਸ ਸੰਰਚਨਾ ਨੂੰ ਸਮਝਕੇ ਹੀ 'ਨਵੇਂ ਰਿਸ਼ਤੇ' ਦਾ ਮੁੱਲ ਅੰਕਿਆ ਜਾ ਸਕਦਾ ਹੈ। ਮੇਰੇ ਸਾਹਮਣੇ ਇਸ ਪ੍ਰਸੰਗ ਵਿਚ ਮੁੱਖ ਤਨਾਉ ਤਿੰਨ ਤਰ੍ਹਾਂ ਦੇ ਹਨ :

(1) ਦੇਸੀ ਪ੍ਰਤੀ ਦੇਸੀ

(2) ਦੇਸੀ ਪ੍ਰਤੀ ਆਵਾਸੀ

(3) ਆਵਾਸੀ ਪ੍ਰਤੀ ਆਵਾਸੀ

ਦੇਸੀ ਪ੍ਰਤੀ ਦੇਸੀ ਐਸਾ ਤਣਾਉ ਹੈ ਜੋ ਸਾਰੀ ਗੱਲ ਦਾ ਮੂਲ ਹੈ। ਦੇਸੀ ਪਿੱਠ-ਭੂਮੀ ਨੂੰ ਸਮਝਕੇ ਹੀ ਆਵਾਸੀ ਅਗਰ-ਭੂਮੀ ਨੂੰ ਸਮਝਿਆ ਜਾ ਸਕਦਾ ਹੈ। ਦੇਸੀ ਪਿੱਠ-ਭੂਮੀ ਮੁੱਖ ਰੂਪ ਵਿਚ ਸਾਡੀ ਪਰੰਪਰਾ ਹੈ ਜਿਸ ਵਿਚ ਸਾਡੇ ਵਿਰਸੇ ਦੀਆਂ ਸਾਰੀਆਂ ਗੱਲਾਂ ਸ਼ਾਮਿਲ ਹਨ। ਸ਼੍ਰੇਣੀ ਸਮਾਜ ਵਾਲੀ ਨਾ-ਬਰਾਬਰੀ ਜਿਸ ਵਿਚ ਆਰਥਿਕ ਅਸਾਂਵਾਂਪਨ ਤਾਂ ਹੈ ਈ ਸਮਾਜੀ ਅਸਾਂਵਾਂਪਨ ਵੀ ਹੈ। ਦਰਜੇ ਪੱਖੋਂ ਇਹ ਮਰਦ-ਪ੍ਰਧਾਨ ਸਮਾਜ ਹੈ ਜਿੱਥੇ ਇਸਤਰੀ ਮਾਨਸਿਕ ਤੌਰ ਤੇ ਸਦੀਆਂ ਤੋਂ ਗੁਲਾਮ ਹੈ। ਭੂਪਵਾਦੀ ਪਿੱਠ-ਭੂਮੀ ਸਦਕਾ ਜਾਤ-ਪਾਤ ਤੇ ਛੂਤ-ਛਿੱਟ ਦੀ ਸੰਸਕਾਰੀ ਭਾਵਨਾ ਹੈ। ਇਹ ਬਹੁ-ਪੱਖੀ ਆਪਸੀ ਪ੍ਰਾਧੀਨਤਾ ਸਾਡਾ ਵਿਰਸਾ ਹੈ—ਸਾਡੀ ਰਵਾਇਤ ਤੇ ਰਵਾਇਤ ਨੂੰ ਵਿਚਾਰਧਾਰਕ ਸਮਾਜ-ਬਦਲੀ ਤੋਂ ਬਿਨਾਂ ਜ਼ਰਾ ਕੁ ਜਿੰਨੀ ਜ਼ਰਬ ਆਉਣੀ ਨਾਸਤਿਕ ਹੋਣ ਬਰਾਬਰ ਹੈ।

'ਨਵੇਂ ਰਿਸ਼ਤੇ' ਦੇ ਪ੍ਰਸੰਗ ਵਿਚ ਇਹ ਤਨਾਉ ਬੜੇ ਉਭਰਵੇਂ ਰੂਪ ਵਿਚ ਸਾਕਾਰ ਹੁੰਦਾ ਹੈ। ਪ੍ਰੀਤੂ ਈ ਨਹੀਂ ਉਹਦੇ ਬਜ਼ੁਰਗ ਵੀ ਗੁਰਜੀਤ ਦੇ ਘਰ ਦੀ ਸੇਪ ਕਰਦੇ ਆ ਰਹੇ ਹਨ। ਪ੍ਰੀਤੂ ਮਜ਼ਹਬੀ ਹੈ ਗੁਰਜੀਤ ਜੱਟ। ਦੋਵੇਂ ਬਚਪਨ ਤੋਂ ਜਵਾਨੀ ਦੇ ਸਾਂਝੀਦਾਰ ਹਨ, ਪਰ ਜਾਤੀ ਸਮਾਜ ਵਿਚ ਜੱਟ, ਜੱਟ ਹੈ ਮਜ਼ਹਬੀ, ਮਜ਼ਹਬੀ। ਇਹ ਤਾਂ ਚਾਣਚੱਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਈ ਹੈ ਨਾ ਕਿ ਪ੍ਰੀਤੂ ਵਲੈਤ ਆ ਜਾਂਦਾ ਹੈ ਅਤੇ ਪੁਰਾਣੀ ਸਾਂਝ ਦੇ ਨਾਤੇ ਗੁਰਜੀਤ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ। ਪੰਜਾਬ ਵਿਚ ਰਹਿੰਦਿਆਂ ਵੀ ਗੁਰਜੀਤ ਦੀ ਹਾਲਤ ਕੋਈ ਵਧੀਆ ਨਹੀਂ ਸੀ ਪਰ ਹੈ ਤਾਂ 'ਸਰਦਾਰ' ਨਾ। ਵਲੈਤੀ ਪ੍ਰਸੰਗ ਵਿਚ ਪ੍ਰੀਤੂ ਸਾਹਵੇਂ ਗੁਰਜੀਤ ਦੀ ਇਹ ਨਾਬਰੀ ਟੁੱਟ ਜਾਂਦੀ ਹੈ। ਗੁਰਜੀਤ ਦੀ ਘਰ ਵਾਲੀ ਗੁਰਪਾਲ ਕੌਰ ਵੀ ਭਾਵੇਂ ਪ੍ਰੀਤੂ ਦੀ ਸਹਾਇਤਾ ਨਾਲ ਹੀ ਵਲੈਤ ਪਹੁੰਚਦੀ ਹੈ, ਪਰ ਇਹ ਕਿਵੇਂ ਬਰਦਾਸ਼ਤ ਕਰੇ ਕਿ ਪ੍ਰੀਤੂ ਅਤੇ ਉਹਦੀ ਔਰਤ ਵੀਰੋ ਮਜ਼ਹਬਣ ਨਾਲ ਇਕੋ ਚੌਂਕੇ ਵਿਚ ਖਾਏ। ਪੈਸਾ ਆਉਣ ਨਾਲ ਵੀਰੋ ਦੀ 'ਕੁਜਾਤ' ਭਲਾ 'ਸੁਜਾਤ' ਬੋਹੜਾ ਬਣ ਸਕਦੀ ਹੈ ? ਤੇ ਇਹ ਦੇਸੀ ਪ੍ਰਤੀ ਦੇਸੀ ਵਾਲਾ ਵਿਰੋਧ ਬਰਕਰਾਰ ਰਹਿੰਦਾ ਹੈ।

ਦੂਜਾ ਤਨਾਉ ਦੇਸੀ ਪ੍ਰਤੀ ਆਵਾਸੀ ਵਿਚਲਾ ਹੈ। ਆਵਾਸੀ ਜੀਵਨ ਵਿਚ ਪ੍ਰੀਤੂ ਮਜ਼ਹਬੀ ਦੇ ਨਾਲ ਗੁਰਜੀਤ ਸਿੰਘ ਜੱਟ ਵੀ ਗੋਰੇ ਲੋਕਾਂ ਲਈ 'ਕਾਲਾ' ਈ ਹੈ। ਵਿਰਸੇ ਵਾਲਾ ਵਧੀਆਪਨ ਅਤੇ ਘਟੀਆਪਨ ਪਰਾਈ ਧਰਤੀ 'ਤੇ ਹਰ ਆਵਾਸੀ ਲਈ ਖ਼ਤਮ ਹੋ ਜਾਂਦਾ ਹੈ। ਹੁਣ ਮਜ਼ਹਬੀ ਵੀ ਦਿਹਾੜੀਦਾਰ ਹੈ ਅਤੇ ਜੱਟ ਵੀ। ਮਾਲਕ ਨੂੰ ਕੰਮ ਚਾਹੀਦਾ ਹੈ, ਚੰਮ ਤਾਂ ਹਰ ਬਾਹਰੋਂ ਆਏ ਦਾ ਕਾਲਾ ਹੈ। ਇਹ ਦੂਜਾ ਤਨਾਉ ਪਰਾਈ ਧਰਤੀ ਵਾਲਿਆਂ ਅਤੇ ਅਵਾਸੀਆਂ ਵਿਚਕਾਰ ਹੈ। ਏਥੇ ਭਾਰਤੀ ਜਾਤੀ-ਪ੍ਰਬੰਧ ਨੂੰ ਮੂੰਹ-ਪਰਨੇ ਸੁਟਣ ਵਾਲਾ ਨਸਲੀ-ਵਿਤਕਰਾ ਹੈ। ਕੇਵਲ ਨਸਲੀ-ਵਿਤਕਰਾ ਨਹੀਂ, ਸਮਾਜੀ ਤੇ ਸਭਿਆਚਾਰਕ ਵਖ਼ਰੇਵਾਂ ਵੀ ਹੈ। ਹੁਣ ਗੁਰਪਾਲ ਕੌਰ ਜੱਟੀ ਦੀ ਨੇੜਲੀ ਵਰਤੋਂ ਵੀਰੋ ਮਜ਼ਹਬਣ ਨਾਲ ਹੀ ਬਣ ਸਕਦੀ ਹੈ। ਵਲੈਤ ਵਿਚ ਵੀਰੋ ਤੇ ਗੁਰਪਾਲ ਕੌਰ ਬਰਾਬਰ ਦੀਆਂ ਸੇਪਣਾਂ ਹਨ। ਗੁਰਪਾਲ ਕੌਰ ਦੀ ਇਕੱਲਤਾ-ਜੋ ਸਨਅਤੀ ਤੌਰ ਤੇ ਵਿਕਸਤ ਪੂੰਜੀਵਾਦੀ ਦੇਸਾਂ ਦੀ ਦੇਣ ਹੈ—ਵੀਰੋ ਨਾਲ ਸਾਂਝੀ ਹੈ। ਆਵਾਸੀ ਜੀਵਨ ਵਿਚ ਪ੍ਰੀਤੂ ਦਾ ਮੁੰਡਾ ਕਰਮਾ ਅਤੇ ਗੁਰਜੀਤ ਦੀ ਧੀ ਬੰਤੀ ਬਰਾਬਰੀ ਦੀ ਪੱਧਰ ਤੇ ਵਿਚਰਦੇ ਹਨ। ਯਾਨੀ, ਇਹ ਦੂਜਾ ਤਨਾਉ ਦੋ ਵੱਖਰੀਆਂ ਮਨੋ-ਅਵਸਥਾਵਾਂ ਦਾ ਹੈ। ਠੋਸ ਧਰਾਤਲ ਤੇ ਇਹਨੂੰ ਸਥਿਤੀਆਂ ਦਾ ਵਖਰੇਵਾਂ ਵੀ ਕਹਿ ਸਕਦੇ ਹਾਂ। ਵਲੈਤ ਦਾ ਵਿਚਾਰਧਾਰਕ ਢਾਂਚਾ ਭਾਰਤੀ ਵਿਚਾਰਧਾਰਕ ਢਾਂਚੇ ਨਾਲੋਂ ਵੱਖਰਾ ਹੈ। ਇਸ ਪੱਧਰ ਤੇ ਦੇਸੀਆਂ ਦਾ ਆਪਸੀ ਵਿਰੋਧ, ਇਕ ਹੱਦ ਤੀਕ ਮੱਧਮ ਹੋ ਜਾਂਦਾ ਹੈ। ਮੁੱਖ ਵਿਰੋਧ ਅਸਲ ਵਾਸੀ ਅਤੇ ਆਵਾਸੀ ਦੇ ਦਰਮਿਆਨ ਹੈ।

ਤੀਜਾ ਤਣਾਉ ਹੁਣ ਆਵਾਸੀ ਤੇ ਆਵਾਸੀ ਵਿਚਕਾਰ ਹੈ। ਇਹ ਬਹੁ-ਪਰਤੀ ਤਨਾਉ ਹੈ। ਇਹ ਅਗਾਂਹ ਫਿਰ ਤਿੰਨ ਤਰ੍ਹਾਂ ਦਾ ਵਿਰੋਧ ਹੈ ਜਿਸ ਵਿਚ ਤਿੰਨ ਧਿਰਾਂ ਸ਼ਾਮਿਲ ਹਨ : ਅਸਲ ਵਾਸੀ, ਆਵਾਸੀ ਅਤੇ ਅਵਾਸੀਆਂ ਦੀ ਨਵੀਂ ਪੀੜ੍ਹੀ। ਪਹਿਲੀ ਪੱਧਰ ਤੇ ਆਵਾਸੀ ਨੂੰ ਸਥਿਤੀ ਅਨੁਸਾਰ ਵਲੈਤੀ ਕਦਰਾਂ ਕੀਮਤਾਂ ਮੁਜਬ ਬਦਲਣਾ ਪਿਆ ਹੈ। ਜ਼ਾਹਰਾ ਤੌਰ ਤੇ ਪਿੱਠ-ਭੂਮੀ (ਭਾਰਤੀ-ਪਰੰਪਰਾ) ਨੂੰ ਅਗਰਭੂਮੀ (ਵਲੈਤੀ ਜੀਵਨ-ਮੁੱਲ) ਨੇ ਦਬਾਇਆ ਹੋਇਆ ਹੈ। ਆਵਾਸੀਆਂ ਦੀ ਨਵੀਂ ਨਸਲ ਨਵੇਂ ਸਮਾਜੀ ਮੁੱਲਾਂ ਵਿਚ ਵਿਚਰ ਕੇ ਵੱਡੀ ਹੋਈ ਹੈ। ਕਰਮਾ 'ਕੈਰਮ' ਬਣ ਗਿਆ ਹੈ, ਬੰਤੀ 'ਬੰਟੀ' ਬਣ ਗਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੋਵਾਂ ਲਈ ਜੱਟ/ਮਜ਼ਹਬੀ ਦਾ ਭਾਰਤੀ ਜਾਤੀ-ਪਾੜਾ ਬੇਮਾਅਨੀ ਹੈ। ਨਵੀਂ ਜੀਵਨ ਜਾਚ ਨੇ ਉਹਨਾਂ ਨੂੰ ਇਹ ਸੋਚ ਦਿੱਤੀ ਹੈ ਕਿ ਇਕੋ ਜਿਹਾ ਕੰਮ ਜਾਂ ਇਕੋ ਤਰ੍ਹਾਂ ਕੰਮ ਕਰਨ ਵਾਲੇ ਵੱਡੇ ਛੋਟੇ ਨਹੀਂ ਹੁੰਦੇ। ਕੈਰਮ ਤੇ ਬੰਟੀ ਅਰਥਾਤ ਮਜ਼ਹਬੀਆਂ ਦਾ ਮੁੰਡਾ ਤੇ ਜੱਟਾਂ ਦੀ ਕੁੜੀ ਜੇ ਇਕ ਦੂਜੇ ਨੂੰ ਚਾਹੁੰਦੇ ਹਨ ਤਾਂ ਕਿਉਂ ਨਾ ਆਪਣੀ ਮਰਜ਼ੀ ਨਾਲ ਇਕ ਦੂਜੇ ਦਾ ਸਾਥ ਬਣਨ। ਇਹ ਤਨਾਉ ਉਦੋਂ ਹੋਰ ਵੀ ਤਿੱਖਾ ਹੋ ਜਾਂਦਾ ਹੈ ਜਦੋਂ ਵਲੈਤੀ ਕਾਨੂੰਨ ਨਵੀਂ ਨਸਲ ਦੇ ਵਿਚਾਰਾਂ ਲਈ ਸਹਾਈ ਹੁੰਦਾ ਹੈ ਕਿ ਕਿਸੇ ਦੀ ਮਰਜ਼ੀ ਵਿਰੁੱਧ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾ ਸਕਦਾ। ਏਥੇ ਵਲੈਤੀ ਜੀਵਨ-ਜਾਚ, ਦੇਸੀ ਜੀਵਨ-ਜਾਚ ਵਿਚ ਦਖ਼ਲ ਦੇਂਦੀ ਹੈ। ਪਰ ਦੇਸੋਂ ਗਿਆ ਜੱਟ ਇਹ ਕਿਵੇਂ ਸਹਾਰੇ ਕਿ ਪ੍ਰੀਤੂ ਦਾ ਕੁਜਾਤ ਕਰਮਾ ਗੁਰਜੀਤ ਸਿੰਘ ਜੱਟ ਦੀ ਧੀ ਬੰਤੀ ਨੂੰ ਪਰਨਾਏ, ਬੇਸ਼ਕ ਪ੍ਰੀਤੂ ਨੇ ਹੀ ਗੁਰਜੀਤ ਨੂੰ ਏਥੋਂ ਤਕ ਪਹੁੰਚਾਇਆ ਹੈ। ਤੇ ਪ੍ਰੀਤੂ ਮਜ਼ਹਬੀ ਦੇ ਲਹੂ ਵਿਚੋਂ ਵੀ ਇਹ ਗੱਲ ਕਢੋਂ ਗਈ ਹੈ ਕਿ ਉਹਦਾ ਮੁੰਡਾ, ਜੱਟਾਂ ਦੀ ਕੁੜੀ ਨੂੰ ਵਿਆਹ ਸਕਦਾ ਹੈ। ਆਵਾਸੀ ਜੀਵਨ ਦਾ ਹੁਣਵਾਂ ਦੁਖਾਂਤ ਇਹੋ ਸੰਕਟ ਹੈ। ਏਸੇ ਗੱਲੋਂ ਅਨੇਕਾਂ ਕੁੜੀਆਂ ਮੁੰਡਿਆਂ ਨੂੰ ਜਾਨ ਤੋਂ ਹੱਥ ਧੋਣੇ ਪਏ ਹਨ ਅਤੇ ਉਹਨਾਂ ਦੇ ਮਾਪਿਆਂ ਨੂੰ ਆਪਣੀਆਂ ਜਾਨਾਂ ਜਿਹਲਖਾਨਿਆਂ 'ਚ ਸਾੜਨੀਆਂ ਪਈਆਂ ਹਨ। ਬੰਤੀ, ਮਾਂ ਬਾਪ ਦੀ ਸਖ਼ਤ ਵਿਰੋਧਤਾ ਦੇ ਬਾਵਜੂਦ ਘਰੋਂ ਨੱਠ ਕੇ ਕਰਮੇਂ ਨਾਲ ਰਹਿਣ ਲੱਗ ਪੈਂਦੀ ਹੈ, ਪਰ ਕੀ ਇੰਨੇ ਨਾਲ ਗੱਲ ਖ਼ਤਮ ਹੋ ਗਈ ? ਜੇ ਏਨੇ ਨਾਲ ਗੱਲ ਖ਼ਤਮ ਹੋ ਜਾਂਦੀ ਤਾਂ **ਨਵੇਂ ਰਿਸ਼ਤੇ** ਨਾਵਲ ਦਾ ਕੈਨਵਸ ਬੜਾ ਸੀਮਤ ਹੋਕੇ ਰਹਿ ਜਾਂਦਾ। ਪਰ ਕਰਮੇਂ ਨਾਲ ਰਹਿੰਦਿਆਂ ਬੰਤੀ ਨੂੰ ਆਪਣੇ ਮਾਂ, ਬਾਪ ਤੇ ਭਰਾ ਦਾ ਵਿਗੋਚਾ ਸਤਾਉਣ ਲਗਦਾ ਹੈ। ਹੋ ਸਕਦਾ ਹੈ, ਇਹ ਗੱਲ ਕਹਿ ਕੇ ਜਾਂ ਦੱਸਕੇ ਨਾਵਲਕਾਰ ਇਹ ਦੱਸਣਾ ਚਾਹੁੰਦਾ ਹੈ ਕਿ ਬੰਤੀ ਦੇ ਅਚੇਤ 'ਚ ਅਜੇ ਵੀ ਪਰੰਪਰਾਗਤ ਸਾਂਝੇ ਘਰ ਦਾ ਸੰਕਲਪ ਹੈ, (ਜਿਵੇਂ ਉਹ ਭੂਮਿਕਾ 'ਚ ਕਹਿੰਦਾ ਵੀ ਹੈ), ਪਰ ਮੇਰੀ ਜਾਚੇ ਗੱਲ ਸਿਰਫ਼ ਏਨੀ ਨਹੀਂ। ਤੇ ਏਸੇ ਪ੍ਰਸੰਗ ਵਿਚ ਕੁਝ ਪ੍ਰਸ਼ਨ ਉਠਦੇ ਹਨ :

(1) ਇਹ ਕਿ ਅਜੇਹੀ ਮਾਨਸਿਕ ਬਣਤਰ ਸੰਕ੍ਰਾਂਤੀਕਾਲ ਦੇ ਦੌਰਾਨ ਹੁੰਦੀ ਹੈ। ਤੇ ਵਕਤ ਆਉਣ ਤੇ ਮਾਂ-ਬਾਪ ਅਜੇਹੀ ਸਾਂਝ ਮੰਨਣ ਲੱਗ ਪੈਣਗੇ ?

(2) ਅਜੇਹੀ ਰਜ਼ਾਮੰਦੀ ਦੀ ਸੂਰਤ ਵਿਚ ਆਵਾਸੀਆਂ ਦਾ ਆਪਣੇ ਦੇਸੀ ਸਾਕ-ਸੰਬੰਧੀਆਂ ਨਾਲ ਕਰਮ/ਪ੍ਰਤੀਕਰਮ ਪੱਖੋਂ, ਕਿਹੋ ਜਿਹਾ ਨਾਤੇਦਾਰੀ ਲੈਣ-ਦੇਣ ਬਣੇਗਾ ?

(3) ਅਜੇਹੇ ਅਖਾਉਤੀ ਅੰਤਰ-ਜਾਤੀ ਵਿਆਹਾਂ ਤੋਂ ਬਾਅਦ ਦੀ ਨਸਲ ਕਿੰਨ੍ਹਾਂ ਹਲਕਿਆਂ ਵਿਚ ਪ੍ਰਵਾਨ ਚੜੇਗੀ ?

ਇਹਨਾਂ ਪ੍ਰਸ਼ਨਾਂ ਦੇ ਪਾਠ-ਬਾਹਰੇ ਵੇਰਵਿਆਂ ਨੂੰ ਵਿਚਾਰਕੇ ਹੀ **ਨਵੇਂ ਰਿਸ਼ਤੇ** ਦਾ ਮੁੱਲ-ਅੰਕਣੀ ਪ੍ਰਸੰਗ ਬਣਾਇਆ ਜਾ ਸਕਦਾ ਹੈ ਕਿਉਂਕਿ 'ਨਵੇਂ ਰਿਸ਼ਤੇ' ਕਿਸੇ ਸੀਮਤ ਘੇਰੇ 'ਚ ਥਿਰ ਨਹੀਂ ਹੋਏ ਸਗੋਂ ਇਹ ਤਾਂ ਅਵਾਸੀ ਜੀਵਨ-ਤੋਰ ਦੀ ਪ੍ਰਕ੍ਰਿਆ (process) ਦਾ ਪੜਾਅ ਮਾਤਰ ਹਨ ਤੇ ਮੇਰੀ ਜਾਚੇ ਇਹ ਅਮਲ ਪੂਰਵ-ਨਿਸ਼ਚਿਤ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਨਵੇਂ ਰਿਸ਼ਤੇ' ਦਾ ਅਧਿਐਨ

—ਅਵਤਾਰ ਉੱਪਲ ਯੂ. ਕੇ.

ਸਾਹਿਤਕਾਰ ਦੇ ਮਨ ਨੂੰ ਸਮੁੱਚੀ ਕੁਦਰਤ ਦਾ ਪਸਾਰਾ ਟੁੰਭਦਾ ਹੈ। ਤੇ ਇਹ ਸਿਰਫ ਇਸ ਲਈ ਨਹੀਂ ਕਿ ਉਹ ਇਕ ਸਾਹਿਤਕਾਰ ਜਾਂ ਕਲਾਕਾਰ ਹੈ ਸਗੋਂ ਇਸ ਲਈ ਕਿ ਉਹ ਇਕ ਇਨਸਾਨ ਹੈ। ਅਤੇ ਇਨਸਾਨ ਦਾ ਅਨੁਭਵ ਤੇ ਅਹਿਸਾਸ ਸ਼ਕਤੀ ਬਾਕੀ ਸਾਰੇ ਜੀਵਾਂ ਤੋਂ ਤਿੱਖੀ ਹੈ। ਉਹ ਕੁਦਰਤ ਦੇ ਨਿਯਮਾਂ ਨੂੰ ਘੋਖਦਾ ਹੋਇਆ ਆਪਣੇ ਜੀਵਨ ਢੰਗ ਦੇ ਸੁਧਾਰ ਲਈ ਲਗਾਤਾਰ ਯਤਨਸ਼ੀਲ ਹੈ। ਸਮਝਾਂ ਨੂੰ ਜਿਆਣੇ ਚੋਭਾਂ ਮਾਰਦੇ ਹਨ। ਚੁਗਿਰਦੇ ਦੀਆਂ ਘਟਨਾਵਾਂ ਮਨੁੱਖ ਨੂੰ ਅੱਗੇ ਵਧਣ ਲਈ ਪ੍ਰੇਰਦੀਆਂ ਹਨ। ਸਮਾਜਕ ਤਬਦੀਲੀ ਦੇ ਵੇਗ ਅੱਗੇ ਹਰ ਇਕ ਰੁਕਾਵਟ ਸਿਰਫ ਆਰਜ਼ੀ ਔਕੜ ਸਾਬਤ ਹੁੰਦੀ ਹੈ। ਭੂਤਕਾਲ ਦੀਆਂ ਮਿੱਥਾਂ ਤੇ ਪੁੱਠੇ ਸੰਸਕਾਰ ਭਵਿਖ ਸਾਹਵੇਂ ਹਾਸੋ-ਹੀਣੀਆਂ ਢੁੱਚਰਾਂ ਬਣ ਕੇ ਇਤਿਹਾਸ ਦੇ ਕੂੜੇ ਕਰਕਟ ਵਿਚ ਜਾ ਡਿੱਗਦੇ ਹਨ। ਅੰਤ, ਪੁਰਾਣੇ ਰਿਸ਼ਤਿਆਂ ਨੂੰ ਢਾਹ ਲਗਦੀ ਹੈ ਤੇ ਨਵੇਂ ਰਿਸ਼ਤੇ ਉਸੱਰਦੇ ਹਨ। ਮਨੁੱਖ ਦੀ ਇਹ ਤਾਂਘ, ਲੋਚਾ, ਹਰ ਹੀਲੇ ਆਪਣਾ ਹਕੀਕੀ ਪਹਿਰਾਵਾ ਪਹਿਣਦੀ ਹੈ।

ਸਵਰਨ ਚੰਦਨ ਦੇ ਨਾਵਲ 'ਨਵੇਂ ਰਿਸ਼ਤੇ' ਦੀ ਚਰਚਾ ਤੁਸੀਂ ਸੁਣ ਚੁਕੇ ਹੋ। ਡਾਕਟਰ ਹਰਿਭਜਨ ਸਿੰਘ ਹੁਰਾਂ ਦਾ ਇਸ ਪੁਸਤਕ ਬਾਰੇ ਮੁੱਲਅੰਕਣ ਵੀ ਤੁਸਾਂ ਪੜ੍ਹ ਲਿਆ ਹੋਵੇਗਾ।

ਨਾਵਲ ਦੇ ਆਰੰਭ ਤੋਂ ਪਹਿਲਾਂ ਹੀ ਕਰਤਾ ਨੇ ਇਕ ਬੇਨਤੀ ਕੀਤੀ ਹੈ ਕਿ "...ਇਸ ਦੀ ਕੇਂਦਰੀ ਰਗ ਨੂੰ ਸਮਝ ਸਕਣਾ ਅਤੇ ਨਵੀਆਂ ਸਮਾਜਕ ਸਥਿਤੀਆਂ ਦੀ ਰੌਸ਼ਨੀ ਵਿਚ ਹੀ ਇਸ ਦਾ ਮੁੱਲ-ਪਾਉਣਾ ਠੀਕ ਮਾਰਗ ਹੋ ਸਕਦਾ ਹੈ।" ਚੰਦਨ ਦੇ ਕਹਿਣ ਦਾ ਭਾਵ ਇਹ ਪ੍ਰਤੀਤ ਹੁੰਦਾ ਹੈ ਕਿ ਵਿਸ਼ਾ-ਵਸਤੂ ਅਤੇ ਸਥਿਤੀ ਤੋਂ ਅਲੱਗ ਰਹਿਕੇ ਨਿਰੋਲ ਭਾਸ਼ਾ ਦੀ ਫੋਲਾ-ਫਾਲੀ ਨਾਲ ਕਹਾਣੀ ਨਹੀਂ ਬਣ ਸਕਦੀ। ਅਸੀ ਤਾਂ ਸਗੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਆਖਾਂਗੇ ਕਿ ਰੂਪ ਦੀ ਮਹੱਤਤਾ ਸਥਿਤੀ ਅਤੇ ਵਿਸ਼ਾ-ਵਸਤੂ 'ਤੇ ਹੀ ਆਧਾਰਤ ਹੋਣੀ ਚਾਹੀਦੀ ਹੈ।

ਜੇ ਚਾਰਲਸ ਡਿਕਨਜ਼, "ਓਲੀਵਰ ਟਵਿਸਟ" ਵਿਚ child labour ਨੂੰ ਵਿਸ਼ਾ ਨਾ ਬਣਾਉਂਦਾ ਤਾਂ ਓਲੀਵਰ ਟਵਿਸਟ ਦੀ ਇਕ ਕੌਡੀ ਵੀ ਕੀਮਤ ਨਹੀਂ ਸੀ ਹੋਣੀ। ਚਾਰਲੱਸ ਡਿਕਨਜ਼ ਨੇ ਓਲੀਵਰ ਟਵਿਸਟ ਵਿਚ ਚਾਈਲਡ ਲੇਬਰ ਦੀਆਂ ਘੁਣਤਰਾਂ ਨੂੰ ਬਹੁਤ ਚੰਗੀ ਤਰ੍ਹਾਂ ਬਿਆਨਿਆ। ਨਤੀਜਾ ਇਹ ਕਿ ਵਸਤੂ ਤੋਂ ਬਿਨਾਂ ਸਿਰਫ ਸ਼ਾਬਦਿਕ ਤਾੜਾਂ ਅਰਥ-ਹੀਣ ਹਨ। ਇਹ ਨਿਰੀ ਕਲਮ-ਘਸਾਈ ਹੈ, ਹੋਰ ਕੁਝ ਨਹੀਂ। ਸਾਹਿਤਕਾਰ ਸਮੇਂ ਦੇ ਨਾਲ ਨਾਲ ਤੁਰਦਾ ਹੈ, ਉਹ ਪਿੱਛੇ ਨਹੀਂ ਰਹਿੰਦਾ, ਉਹਨੂੰ ਪਿੱਛੇ ਨਹੀਂ ਰਹਿਣਾ ਚਾਹੀਦਾ। ਚੰਦਨ ਆਪਣੇ ਆਸ਼ੇ ਵਿਚ ਕਿੰਨਾ ਕੁ ਸਫਲ ਹੋਇਆ ਹੈ – ਇਸ ਤੋਂ ਪਹਿਲਾਂ ਕੁਝ ਹੋਰ ਵੇਖਣਾ ਹੋਵੇਗਾ।

ਆਲੋਚਨਾ ਕਰਦਿਆਂ ਹੋਇਆਂ ਸੰਕੀਰਣਤਾ ਅਤੇ ਉਦਾਰਵਾਦੀ ਰੁਝਾਨਾਂ ਤੋਂ ਦੂਰ ਰਹਿ ਕੇ ਹੀ ਕਿਸੇ ਰਚਨਾ ਦਾ ਸਹੀ ਮੁੱਲਅੰਕਣ ਕੀਤਾ ਜਾ ਸਕਦਾ ਹੈ। ਭਾਰਤ ਵਿਚ ਰਹਿੰਦੇ ਸਾਹਿਤਕਾਰਾਂ ਅਤੇ ਸਮੀਖਿਆਕਾਰਾਂ 'ਚੋਂ ਕਈਆਂ ਨੇ ਇਕ ਅੜੀ ਫੜ ਲਈ ਹੈ, ਅਤੇ ਇਹ ਅੜੀ ਬੋਤੇ ਦੀ ਅੜੀ ਤੋਂ ਘੱਟ ਨਹੀਂ। ਭਾਰਤ ਤੋਂ ਬਾਹਰ ਰਚਿਆ ਗਿਆ ਪੰਜਾਬੀ ਸਾਹਿਤ ਕਈਆਂ ਦੇ ਨੱਕ ਥੱਲੇ ਹੀ ਨਹੀਂ ਆਉਂਦਾ। ਉਹਨਾਂ ਦੇ "ਟੈਸਟ ਸੈਂਟਰ" ਬੜੇ ਅਜੀਬ ਹਨ। ਉਹ ਸਮਝਦੇ ਹਨ ਕਿ ਪੰਜਾਬੀ ਸਾਹਿਤ ਕੋਈ ਅੰਬ ਦਾ ਬੂਟਾ ਹੈ ਜਿਸ ਨੂੰ ਕਿ ਹੁਸ਼ਿਆਰਪੁਰ ਅਤੇ ਸਹਾਰਨਪੁਰ ਦੀ ਜ਼ਮੀਨ ਹੀ ਰਾਸ ਆਉਂਦੀ ਹੈ। ਜੇ ਉਰਦੂ ਦੀ ਸ਼ਾਇਰੀ ਲਖਨਊ ਅਤੇ ਰਾਮਪੁਰ (ਯੂ. ਪੀ.) ਦੀ ਹੀ ਮਲਕੀਅਤ ਹੁੰਦੀ ਤਾਂ ਫਿਰ ਇਕਬਾਲ ਅਤੇ ਫੈਜ਼ ਬਹੁਤ ਦੇਰ ਪਹਿਲਾਂ ਮਰ ਚੁੱਕੇ ਹੁੰਦੇ। ਕਹਿਣ ਤੋਂ ਭਾਵ ਇਹ ਕਿ ਕੁਝ ਸਮੀਖਿਆਕਾਰਾਂ ਅਤੇ ਸਾਹਿਤਕਾਰਾਂ ਦੀ, ਭਾਰਤ ਤੋਂ ਬਾਹਰ ਰਹਿੰਦੇ ਲੇਖਕਾਂ ਉਤੇ ਲਾਈਆਂ ਤੋਹਮਤਾਂ ਤੇ ਸਾਹਿਤਕ ਦੋਸ਼ਾਂ ਦੀ ਦਲੀਲ ਦੀ ਜੜ੍ਹ ਬੜੀ ਖੋਖਲੀ ਹੈ।

ਮਿਸਾਲ ਲਈ ਡਾ. ਹਰਿਭਜਨ ਸਿੰਘ ਹੁਰਾਂ ਦੀ ਦਲੀਲ ਸੁਣੋ, ਜਿੰਨੀ ਦੇਰ ਤਕ ਇਥੇ (ਇੰਗਲੈਂਡ) ਪੰਜਾਬੀ ਸਮਖਿਆ ਦੀ ਪਛਾਨਣਯੋਗ ਪਿਰਤ ਨਹੀਂ ਪੈਂਦੀ, ਪੰਜਾਬੀ ਸਾਹਿਤ ਨੂੰ ਏਸ ਧਰਤੀ ਵਿਚ ਆਪਣੀ ਜੜ੍ਹ ਜਮਾਉਣ ਵਿਚ ਦਿੱਕਤਾਂ ਪੇਸ਼ ਆਉਂਦੀਆਂ ਰਹਿਣਗੀਆਂ। ਥੋੜ੍ਹਾ ਕੁ ਪ੍ਰਮਾਣਕ ਸਾਹਿਤ ਸਾਰੇ ਅਪ੍ਰਮਾਣਕ ਸਾਹਿਤ ਦੇ ਢੇਰ ਵਿਚ ਗੁੰਮਦਾ ਗੁਆਚਦਾ ਰਹੇਗਾ।" ਭਲਾ ਇਹ ਦਲੀਲ ਕਿਧਰੋਂ ਆਈ? ਸਮੀਖਿਆ ਦੀ ਪਛਾਨਣਯੋਗ ਪਿਰਤ ਤੋਂ ਭਾਵ ਡਾਕਟਰ ਸਾਹਿਬ ਦੇ ਸੰਕਲਪ ਅਨੁਸਾਰ ਸੰਰਚਨਾਵਾਦੀ ਸਮੀਖਿਆ ਤੋਂ ਹੈ। ਜੇ ਸਮੀਖਿਆ ਦਾ ਆਧਾਰ ਸੰਰਚਨਾਵਾਦੀ ਨਹੀਂ, ਤਾਂ ਉਸਨੂੰ ਪਛਾਨਣ-ਯੋਗ ਪਿਰਤ ਨਹੀਂ ਆਖਿਆ ਜਾ ਸਕਦਾ। ਇਸ ਲਈ ਥੋੜ੍ਹਾ ਕੁ ਪ੍ਰਮਾਣਕ ਸਾਹਿਤ ਅਪ੍ਰਮਾਣਕ ਲਿਖਤਾਂ ਦੇ ਢੇਰ ਵਿਚ ਗੁੰਮਦਾ ਗੁਆਚਦਾ ਰਹੇਗਾ। ਇਸ ਤੋਂ ਇਹ ਵੀ ਜਾਪਦਾ ਹੈ ਕਿ ਸਾਹਿਤ ਨੂੰ ਸਰਲ ਅਤੇ ਲੋਕਾਂ ਦੀ ਸਮਝ ਆਉਣ ਵਾਲੀ ਭਾਸ਼ਾ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਚਣ ਨਾਲ ਕਲਾ ਦਾ ਮਿਆਰ ਨੀਵਾਂ ਹੋ ਜਾਂਦਾ ਹੈ। ਦਰਅਸਲ, ਸਵਾਲ ਚੰਦਨ ਦੀ ਰਚਨਾ 'ਨਵੇਂ ਰਿਸ਼ਤੇ' ਦਾ ਨਹੀਂ, ਡਾਕਟਰ ਸਾਹਿਬ ਦੀ ਵੱਡੀ ਸਮਸਿਆ ਸੰਰਚਨਾਵਾਦ ਦੀ ਵਿਆਖਿਆ ਹੈ। ਸੰਰਚਨਾਵਾਦੀ ਦੇ ਕਹਿਣ ਅਨੁਸਾਰ ਸਮਾਜ ਦੀ ਹਰ ਇਕ ਚੀਜ਼ ਨੂੰ ਭਾਸ਼ਾ ਦੇ ਨੁਕਤਿਆਂ ਤੋਂ ਹੀ ਘੋਖਿਆਂ ਪੂਰੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ, ਯਾਨੀ ਭਾਸ਼ਾ ਧਰਤੀ ਤੋਂ ਬਾਹਰਲੀ ਕਿਸੇ ਸ਼ੈ ਦਾ ਨਾਂ ਹੈ। ਇਹ ਮਨੁੱਖੀ ਕਾਢ ਨਹੀਂ ਹੈ ਅਥਵਾ ਕਲਾ ਅਤੇ ਸਾਹਿਤ ਕੁਝ ਕੁ ਵਿਦਵਾਨਾਂ ਦੀ ਮਲਕੀਅਤ ਹੋਣੀ ਚਾਹੀਦੀ ਹੈ।

"ਮਿਸਟੀਫੀਕੇਸ਼ਨ" ਇਕ "ਟੀਪੀਕਲ" ਬੁਰਜੂਆ ਰੁਝਾਨ ਹੈ। ਬੁਰਜੂਆਂ ਵਿਦਵਾਨਾਂ ਦੀ ਵਿਦਵਤਾ ਦੀ ਖੂਬੀ ਇਹ ਹੈ ਕਿ ਉਹ ਠੀਕ ਅਤੇ ਸਿੱਧੀ ਗੱਲ ਨੂੰ ਟੇਢੇ ਢੰਗ ਨਾਲ ਬਿਆਨ ਕਰਦੇ ਹਨ। ਮਿਸਾਲ ਵਜੋਂ ਚੰਦਨ ਨੇ ਨਵੇਂ ਰਿਸ਼ਤਿਆਂ ਨੂੰ ਇੰਗਲੈਂਡ ਵਿਚ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਲੇ ਹਰ ਰੋਜ਼ ਵਧਦ ਜਾਂਦੇ ਪਾੜੇ ਦੀ ਗਾਥਾ ਕਿਹਾ ਹੈ। ਪਰ ਡਾ. ਹਰਿਭਜਨ ਸਿੰਘ ਹੁਰੀਂ ਕਹਿੰਦੇ ਹਨ ਕਿ, 'ਮੈਂ ਇਸ ਵਿਸਥਾਰ ਨਾਲ ਸਹਿਮਤ ਹਾਂ ਅਤੇ ਅਸਹਿਮਤ ਵੀ ਹਾਂ।" ਭਲਾ ਇਹ ਕੀ ਗੱਲ ਬਣੀ? ਇਹ non-committal attitude ਦੀ ਕਲਾਬਾਜ਼ੀ ਕਿਹੜੀ ਦਿਸ਼ਾ ਵੱਲ ਜਾਂਦੀ ਹੈ? ਡਾਕਟਰ ਸਾਹਿਬ ਰੂਪਵਾਦ (Formalism) ਦੇ ਧਾਰਨੀ ਹਨ। ਇਹ ਸੰਕਲਪ ਵਸਤੂ ਦੀ ਹੋਂਦ ਤੋਂ ਅਲੱਗ ਰਹਿ ਕੇ ਚਿੰਤਨਾ ਅਤੇ ਰੂਪ ਨੂੰ ਨਿਖਾਰ ਦੇਣਾ ਚਾਹੁੰਦਾ ਹੈ। ਅੱਜ ਤਕ ਇਹੋ ਜਿਹੀ ਇੱਛਾ ਕਿਸ ਦੀ ਪੂਰੀ ਨਹੀਂ ਹੋਈ। ਸੰਰਚਨਾਵਾਦ ਦਾ ਸੰਕਲਪ ਚੋਟਾਨੀ ਇੱਲ ਵਾਂਗ ਆਬਾਦੀ ਤੋਂ ਦੂਰ ਰਹਿ ਕੇ ਪੁਲਾੜ ਵਿਚ ਟੋਹਾਂ ਮਾਰਦਾ ਹੈ। ਡਾਕਟਰ ਸਾਹਿਬ ਆਪਣੇ ਬਾਰੇ ਕਹਿੰਦੇ ਹਨ: 'ਮੈਂ ਉਹਨਾਂ ਲੋਕਾਂ ਵਿਚੋਂ ਹਾਂ ਜੋ ਸਾਹਿਤ ਅਤੇ ਸਮਾਜ ਨੂੰ ਵੀ ਭਾਸ਼ਾ ਮੰਨਦੇ ਹਨ।" ਮਨੁੱਖ ਆਪਣੇ ਸਰੀਰ ਨਾਲ ਖੰਭ ਬੰਨ੍ਹ ਕੇ ਆਕਾਸ਼ ਵਿਚ ਉਡਾਰੀਆਂ ਮਾਰਦਾ ਹੈ। ਭਾਸ਼ਾ ਰਾਹੀਂ ਨਵਾਂ ਸਮਾਜ ਸਿਰਜਣ ਦਾ ਇਹ ਅਨੋਖਾ ਯਤਨ ਹੈ। ਸੋ ਚੰਦਨ ਦੇ ਨਾਵਲ 'ਨਵੇਂ ਰਿਸ਼ਤੇ' ਦੇ ਸਬੰਧ ਵਿਚ ਡਾ. ਹਰਿਭਜਨ ਸਿੰਘ ਹੁਰਾਂ ਦੀ ਆਲੋਚਨਾ ਦਾ ਸਿਲਸਿਲਾ ਬਿਲਕੁਲ ਅਲੱਗ ਕਹਾਣੀ ਹੈ। ਉਹਨਾਂ ਸਾਫ ਲਿਖਿਆ ਹੈ, "ਇਸ ਮੁੱਲਵਾਨ ਪ੍ਰਾਪਤੀ ਵਿਚ ਤੂੰ ਮੇਰਾ ਵਸੀਲਾ ਬਣਿਆ ਹੈਂ। ਇਸ ਲਈ ਤੇਰਾ ਧੰਨਵਾਦ।" ਇਸਦਾ ਭਾਵ ਇਹ ਹੈ ਕਿ ਡਾਕਟਰ ਸਾਹਿਬ ਹੁਰਾਂ ਨੇ ਚੰਦਨ ਦੇ ਨਾਵਲ ਦੀ ਆਲੋਚਨਾ ਕਰਦਿਆਂ ਹੋਇਆਂ ਆਪਣੇ ਸੰਕਲਪ (?) ਸੰਰਚਨਾਵਾਦ ਦੀ ਵਿਆਖਿਆ ਵੀ ਕਰ ਦਿਤੀ। ਇਸ ਮੌਕੇ ਲਈ ਚੰਦਨ ਤਾ ਸਿਰਫ ਵਸੀਲਾ ਬਣਿਆ !!

'ਨਵੇਂ ਰਿਸ਼ਤੇ' ਦੇ ਲੇਖਕ ਨੇ ਇੰਗਲੈਂਡ ਵਿਚ ਰਹਿੰਦੇ ਪੰਜਾਬੀ ਲੋਕਾਂ ਦੀ ਪੁਰਾਣੀ ਅਤੇ ਨਵੀਂ ਪੀੜ੍ਹੀ ਵਿਚਕਾਰ ਆ ਚੁੱਕੀ ਤ੍ਰੇੜ ਨੂੰ ਇਕ ਨਾਵਲ ਦੇ ਰੂਪ ਵਿਚ ਪੇਸ਼ ਕੀਤਾ ਹੈ। ਮੁੱਖ ਤੌਰ 'ਤੇ ਛੇਆਂ ਪਾਤਰਾਂ--ਪ੍ਰੀਤੂ, ਵੀਰੋ, ਗੁਰਜੀਤ, ਗੁਰਪਾਲ ਕੌਰ, ਕੈਰਮ ਅਤੇ ਬੰਟੀ ਦੀਆਂ ਕਿਰਿਆਵਾਂ ਰਾਹੀਂ ਹੀ ਚੰਦਨ ਨੇ ਆਪਣੇ ਅਨੁਭਵ ਨੂੰ ਅਮਲੀ ਰੂਪ ਦੇਣ ਦਾ ਯਤਨ ਕੀਤਾ ਹੈ। ਛੇਆਂ ਵਿਚੋਂ ਚੌਂਹ ਪਾਤਰਾਂ ਦੀ ਵਾਰਤਾਲਾਪ ਮਾਝੀ ਉਪਭਾਖਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਪਹਿਰਾਵਾ ਪਹਿਣ ਕੇ ਅੱਗੇ ਤੁਰਦੀ ਹੈ। ਚੰਦਨ ਨੇ ਨਾਵਲ ਦੀਆਂ ਸਾਰੀਆਂ ਘਟਨਾਵਾਂ ਨੂੰ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ ਅਤੇ ਮਿੱਠੀ ਬੋਲੀ ਰਾਹੀਂ ਰੋਚਿਕਤਾ ਦੀ ਨਵੀਂ ਰੰਗਣ ਚਾੜ੍ਹ ਦਿਤੀ ਹੈ। ਰੂਪ, ਵਿਸ਼ੇ ਵਸਤੂ ਤੋਂ ਅਭਿੱਜ ਨਹੀਂ ਰਿਹਾ। ਪਾਤਰਾਂ ਦੀਆਂ ਕਿਰਿਆਵਾਂ, ਬਿੰਬਾਂ ਤੇ ਸੰਕੇਤਾਂ ਰਾਹੀਂ ਆਪਣੀ ਘਾੜਤ ਕਾਇਮ ਕਰਦੀਆਂ ਹਨ। ਵਿਰੋਧ ਵੀ ਤਿੱਖੇ ਹੁੰਦੇ ਹਨ ਅਤੇ ਹਮਦਰਦੀ ਦੀ ਭਾਵਨਾ ਵੀ ਲਿਸ਼ਕਦੀ ਹੈ। ਪਾਤਰ ਉਸਾਰੀ ਦੀ ਕਲਾ ਵਿਚ ਬਨਾਵਟ ਨਹੀਂ ਦਿਸਦੀ। ਬਰਤਾਨਵੀ ਪੂੰਜੀਪਤੀ ਸਮਾਜ ਪੰਜਾਬੀਆਂ ਦੇ ਸੁਭਾਅ ਵਿਚ ਇਕ ਖਾਸ ਤਨਾਉ ਪੈਦਾ ਕਰਦਾ ਹੈ। ਲੇਖਕ ਨੇ ਇਹ ਵੀ ਦੱਸਣ ਦਾ ਯਤਨ ਕੀਤਾ ਹੈ ਕਿ ਕਿਸ ਤਰ੍ਹਾਂ ਨਵਾਂ ਸਭਿਆਚਾਰ ਵਿਅੰਕਤੀਵਾਦੀ ਰੁਚੀਆਂ ਦੀ ਉਸਾਰੀ ਕਰਦਾ ਹੈ। ਬੰਟੀ ਅਤੇ ਕੈਰਮ ਦੇ ਆਪਸੀ ਪਿਆਰ ਦੀ ਖਿੱਚ ਮਾਪਿਆਂ ਦੀਆਂ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਭਰਵੀਂ ਸੱਟ ਮਾਰਦੀ ਹੈ। ਪਰ ਦੂਜੇ ਪਾਸੇ ਬਰਤਾਨਵੀ ਸਭਿਆਚਾਰ ਦਾ ਪੌਣ ਪਾਣੀ ਨਵੇਂ ਰਿਸ਼ਤਿਆਂ ਨੂੰ ਬੜਾ ਰਾਸ ਆਉਂਦਾ ਹੈ। ਬੰਟੀ ਦੇ ਅਰਧ-ਜਗੀਰੂ ਰੁਚੀਆਂ ਰੱਖਣ ਵਾਲੇ ਮਾਂ ਬਾਪ ਦਾ "ਨੱਕ" ਵੱਢਿਆ ਗਿਆ। ਉਨ੍ਹਾਂ ਦੀ ਝੂਠੀ ਸ਼ਾਨ ਖੇਹ ਛਾਣਦੀ ਹੋਈ ਕੁੜੀ ਨੂੰ ਤਸੀਹੇ ਦੇਣ ਲਈ ਮਜਬੂਰ ਹੋ ਜਾਂਦੀ ਹੈ ਪਰ ਉਹ ਹਕੀਕਤ ਨੂੰ ਕਬੂਲਣ ਲਈ ਤਿਆਰ ਨਹੀਂ ਹੁੰਦੇ। ਢਿੱਡੋਂ ਜੰਮੀ ਧੀ ਜੀਂਦੀ-ਜਾਗਦੀ ਵੀ ਮਰ ਚੁੱਕੀ ਹੈ ਕਿਉਂਕਿ ਉਹਨੇ ਇਕ ਮਜ਼ਬੀ ਮੁੰਡੇ ਨਾਲ ਵਿਆਹ ਕਰਾ ਲਿਆ ਹੈ। ਇਹੋ ਹੀ ਇਸ ਕਹਾਣੀ ਦਾ ਸਿਖਰ ਹੈ।

ਡਾਕਟਰ ਸਾਹਿਬ ਕਹਿੰਦੇ ਹਨ, "ਇਸ ਤਰ੍ਹਾਂ ਦੇ ਵਿਆਹ ਨਾਵਲਾਂ ਵਿਚ ਹੋ ਸਕਦੇ ਹਨ ਯਥਾਰਥ ਵਿਚ ਵੀ ਕੁਝ ਅਪਵਾਦ ਅਜੇਹੇ ਹੋ ਸਕਦੇ ਹਨ, ਪਰ ਇਸ ਨੂੰ ਸਭਿਆਚਾਰਕ ਰੂੜ੍ਹੀ ਬਣਾਨ ਵਿਚ ਸਦੀਆਂ ਲੱਗਣਗੀਆਂ।" ਅੱਗੇ ਚੱਲ ਕੇ ਡਾ. ਸਾਹਿਬ ਹੁਰੀਂ ਚੰਦਨ ਨੂੰ ਇਹ ਵੀ ਕਹਿੰਦੇ ਹਨ, "ਕਰਮੇਂ-ਬੰਤੀ ਦੇ ਆਪਸੀ ਪਿਆਰ ਦਾ ਪੱਖ ਤੂੰ ਭਾਵੁਕ ਪੱਧਰ ਉਪਰ ਪੂਰਿਆ ਹੈ।" ਅਤੇ ਇਕ ਥਾਂ ਉਹਨਾਂ ਇਹ ਵੀ ਆਖਿਆ, "ਪੰਜਾਬੀ ਲੋਕ ਬੁਨਿਆਦੀ ਤੌਰ 'ਤੇ ਪਰੰਪਰਾ-ਮੁੱਖ ਹਨ। ਉਹ ਪ੍ਰਗਤੀਸ਼ੀਲ ਸਾਹਿਤ ਰਚ ਸਕਦੇ ਹਨ ਪਰ ਜੀਊਂਦੇ ਪਰੰਪਰਾਵਾਦੀ ਕਦਰਾਂ ਹੀ ਹਨ।"

ਸਮਾਜ ਵਿਚ ਕੋਈ ਵੀ ਵਾਪਰਦੀ ਘਟਨਾ ਜੋ ਚੰਗੇ ਭਵਿਖ ਦੀ ਦਿਸ਼ਾ ਫੜਦੀ ਹੋਵੇ ਉਹ ਪ੍ਰਗਤੀਸ਼ੀਲ ਹੈ ਕਿਉਂਕਿ ਤਬਦੀਲੀ ਹੀ ਵਿਕਾਸ ਦਾ ਚਿੰਨ੍ਹ ਹੁੰਦੀ ਹੈ। ਬਹੁਤ ਸਾਰੀਆਂ ਘਟਨਾਵਾਂ ਮਨੁੱਖ ਦੇ ਵੱਸ ਦਾ ਰੋਗ ਨਹੀਂ ਹਨ, ਪਰ ਉਹ ਹਰ ਹਾਲ ਵਿਚ ਵਾਪਰਦੀਆਂ ਹਨ। ਵਿਰੋਧ ਤਿੱਖੇ ਹੁੰਦੇ ਹਨ, ਪਿਉ-ਪੁਤਰ ਅਤੇ ਮਾਂ-ਧੀ ਵਿਚ ਪਾੜੇ ਵੱਧ ਜਾਂਦੇ ਹਨ। ਰਿਸ਼ਤਿਆਂ ਦੀ ਬਦਲੀ ਵਿਚ ਖੂਨ ਵੀ ਹੁੰਦਾ ਹੈ। ਪਰ ਨਵੇਂ ਰਿਸ਼ਤੇ ਫਿਰ ਵੀ ਉਸੱਰਦੇ ਹਨ ਕਿਉਂਕਿ ਇਹ ਇਕ ਵਿਰੋਧ-ਵਿਕਾਸੀ ਨਿਯਮ ਹੈ। ਜੇਕਰ ਬੰਟੀ ਅਤੇ ਕੈਰਮ ਦੇ ਵਿਆਹ ਬਾਰੇ ਗੁਰਜੀਤ ਅਤੇ ਗੁਰਪਾਲ ਕੌਰ ਸਹਿਮਤ ਨਹੀਂ ਹੁੰਦੇ ਤਾਂ ਕੀ ਫੇਰ ਵਿਆਹ ਨਹੀਂ ਹੋਇਆ ? ਭਲਾ ਚੰਦਨ ਕੌਣ ਹੈ ਪਾਤਰਾਂ ਦੇ ਸੁਭਾਵਾਂ ਵਿਚ ਅਦਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਦਲੀ ਕਰਨ ਵਾਲਾ ? ਸਗੋਂ ਪਾਤਰਾਂ ਦੇ ਸੁਭਾਵਾਂ ਦੀਆਂ ਬਾਰੀਕੀਆਂ ਨੂੰ ਬਿਆਨਣਾ ਹੀ ਤਾਂ ਯਥਾਰਥ ਹੈ। ਗੁਰਪਾਲ ਕੌਰ ਤੇ ਗੁਰਜੀਤ ਦੀਆਂ ਅਰਧ-ਜਗੀਰੂ ਰੁਚੀਆਂ ਅਤੇ ਪੁੱਠੇ ਸੰਸਕਾਰਾਂ ਦਾ ਦਿਖਾਵਾ "ਟਕਰਾਉ" ਤੋਂ ਬਿਨਾਂ ਅਸੰਭਵ ਹੈ। ਟਕਰਾਉ ਤੋਂ ਬਿਨਾਂ ਕਹਾਣੀ ਲੇਖ ਦਾ ਰੂਪ ਧਾਰਨ ਕਰ ਜਾਵੇਗੀ। ਪਰ ਡਾਕਟਰ ਸਾਹਿਬ ਹੁਰਾਂ ਅਨੁਸਾਰ ਜਿੰਨਾ ਚਿਰ ਗੁਰਮੀਤ ਅਤੇ ਗੁਰਪਾਲ ਕੌਰ, ਬੰਟੀ-ਕੈਰਮ ਦੇ ਵਿਆਹ ਦੀ ਪ੍ਰਵਾਨਗੀ ਨਹੀਂ ਦਿੰਦੇ ਉਤਨਾ ਚਿਰ "ਨਵੇਂ ਰਿਸ਼ਤੇ" ਅਧੂਰੇ ਹਨ। ਯਾਨੀ ਨਵੇਂ ਰਿਸ਼ਤਿਆਂ ਦਾ ਸਿਲਸਿਲਾ ਇਕ ਭਾਵੁਕ ਪੱਧਰ ਤਕ ਹੀ ਸੀਮਤ ਰਹਿੰਦਾ ਹੈ। ਸੋ ਪਿਆਰ-ਵਿਆਹ; ਹੜਤਾਲਾਂ ਅਤੇ ਮੁਜ਼ਾਹਰੇ —ਸਭ ਭਾਵੁਕ ਘਟਨਾਵਾਂ ਹਨ, ਇਹ ਪੁਰਾਣੇ ਢਾਂਚੇ ਅਤੇ ਸਮਾਜ ਦੀਆਂ ਬੋਦੀਆਂ ਕਦਰਾਂ-ਕੀਮਤਾਂ ਤੇ ਕੋਈ ਚੋਟ ਨਹੀਂ ਹਨ।

ਡਾਕਟਰ ਸਾਹਿਬ ਦੀ ਦਲੀਲ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਰਾਜਨੀਤਕ ਅਤੇ ਸਮਾਜਕ ਤਬਦੀਲੀਆਂ ਦੂਸਰੀ (ਵਿਰੋਧੀ) ਧਿਰ ਦੀ ਸਹਿਮਤੀ ਤੋਂ ਬਿਨਾਂ ਅਸੰਭਵ ਹਨ। ਜਾਂ ਫਿਰ ਤਬਦੀਲੀ ਦੀ ਪਹਿਲ-ਕਦਮੀਂ ਕਰਨ ਅਤੇ ਸੰਘਰਸ਼ ਤੋਂ ਪਹਿਲਾਂ ਦੂਜੀ ਧਿਰ ਨੂੰ ਪੁੱਛ ਲਿਆ ਜਾਵੇ—"ਕਿਉਂ ਬਈ ਬੁਰਾ ਤਾ ਨਹੀਂ ਮਨਾਉਂਦਾ ?"

ਪਰ ਸਚਾਈ ਇਹ ਹੈ ਕਿ ਸਭਿਆਚਾਰਕ ਰੂੜ੍ਹੀ ਬਣਨ ਤੋਂ ਪਹਿਲਾਂ ਰਾਜਨੀਤਕ ਤੇ ਸਮਾਜਕ ਸੰਘਰਸ਼ ਹੁੰਦੇ ਹਨ। ਪੀਤਰੋਗਰਾਦ ਦੇ ਮਹਿਲਾਂ ਦੀਆਂ ਚੁਗਾਠਾਂ ਦੀ ਨੁਹਾਰ, ਸਮੁੱਚੀ ਚਮਕ ਦਮਕ ਉਹੀ ਰਹੀ। ਬਾਲਸ਼ਵਿਕ ਪਾਰਟੀ ਨੂੰ ਜ਼ਾਰ ਦੀ ਸਹਿਮਤੀ ਲਈ ਤਰਲੇ ਨਹੀਂ ਲੈਣੇ ਪਏ, ਤੇ ਸੰਘਰਸ ਕਰ ਕੇ ਸਭ ਕੁਝ ਬਦਲ ਗਿਆ। ਪੁਰਾਣਾ ਸਭਿਆਚਾਰ. ਨਵੀਂ ਸਭਿਆਚਾਰਕ ਰੂੜ੍ਹੀ ਵਿਚ ਬਦਲ ਗਿਆ। ਟੱਕਰ ਸਦਾ ਵਿਕਾਸ ਦੀ ਦਿਸ਼ਾ ਹੀ ਫੜਦੀ ਹੈ। ਜਿੰਨਾ ਚਿਰ ਇਕ ਚੀਜ਼ ਦੂਸਰੀ ਨਾਲ ਟੱਕਰ ਨਹੀਂ ਖਾਂਦੀ ਉਨਾਂ ਚਿਰ ਥਾਂ-ਬਦਲੀ ਨਹੀਂ ਹੁੰਦੀ। ਇਹ ਭਾਵੇਂ ਬੰਟੀ-ਕੈਰਮ ਦੇ ਪਿਆਰ ਵਿਆਹ ਦੇ ਰੂਪ ਵਿਚ ਹੋਵੇ ਅਤੇ ਭਾਵੇਂ ਹੜਤਾਲਾਂ, ਮੁਜ਼ਾਹਰਿਆਂ ਦੀ ਸ਼ਕਲ ਵਿਚ।

ਸੱਚ ਇਹ ਹੈ ਅਜੋਕੇ ਯੁੱਗ ਵਿਚ ਕਿਸੇ ਵੀ ਇਨਸਾਨ ਦਾ ਪਰੰਪਰਾ-ਮੁੱਖ ਰਹਿਣਾ ਅਸੰਭਵ ਹੈ। ਪੰਜਾਬੀ ਲੋਕ ਇੰਗਲੈਂਡ ਵਿਚ ਕਾਫੀ ਬਦਲ ਚੁੱਕੇ ਹਨ। ਪੰਜਾਬ ਤੋਂ ਜਿਹੜੇ ਬਹੁਤੇ ਲੋਕ ਇੰਗਲੈਂਡ ਆਏ ਹਨ, ਉਹਨਾਂ ਦਾ ਜਮਾਤੀ ਪਿਛੋਕੜ ਮੱਧ-ਕਿਸਾਨੀ ਨਾਲ ਹੀ ਸੰਬੰਧਿਤ ਹੈ। ਉਹ ਪਿੱਛੇ ਪੰਜਾਬ ਵਿਚ ਭਾਵੇਂ ਅਧਿਆਪਕ ਦਾ ਪੇਸ਼ਾ ਕਰਦੇ ਸਨ ਜਾਂ ਕੁਝ ਹੋਰ, ਉਹਨਾਂ ਦਾ ਜਮਾਤੀ ਰਿਸ਼ਤਾ ਮੱਧ-ਸ਼੍ਰੇਣੀ ਨਾਲ ਹੀ ਸੀ। ਹੁਣ ਇੰਗਲੈਂਡ ਦੇ ਦਸਤਕਾਰੀ ਜੀਵਨ ਦੀ ਨੱਠ-ਭੱਜ ਨੇ ਇਨ੍ਹਾਂ ਸਾਰਿਆਂ ਨੂੰ ਉਜਰਤੀ-ਗੁਲਾਮ ਬਣਾ ਦਿਤਾ ਹੈ। ਇਹ ਲੋਕ ਮੰਨਣ ਭਾਵੇਂ ਨਾ ਮੰਨਣ ਪਰ ਹਰ ਰੋਜ਼ ਇਨ੍ਹਾਂ ਦੀ ਰਹਿਣ-ਸਹਿਣੀ ਬਰਤਾਨਵੀ ਮਜ਼ਦੂਰ ਸ਼੍ਰੇਣੀ ਵਿਚ ਢਲ ਰਹੀ ਹੈ। ਪੰਡੋਰੀ ਦੇ ਲੰਬੜਾਂ ਦਾ ਹਰਪ੍ਰੀਤ ਅਤੇ ਚਹੇੜੂ ਵਾਲੇ ਜੁਆਲੇ ਦਾ ਧੰਨਾ ਰਾਮ ਇਕ ਦੂਜੇ ਦੇ ਦਸਤਕਾਰੀ ਭਰਾ ਬਣ ਗਏ ਹਨ। "ਮਾਸ-ਉਤਪਾਦਨ" ਜਾਤਾਂ ਕੁਜਾਤਾਂ ਦੇ ਗਧੀ-ਗੇੜ ਵਿਚ ਨਹੀਂ ਪੈਂਦਾ। ਸਗੋਂ ਇਸ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਜ਼ਦੂਰ ਸ੍ਰੇਣੀ ਅਤੇ ਸਰਮਾਏਦਾਰ ਸ੍ਰੇਣੀ ਵਿਚ ਇਕ ਸਿੱਧੀ ਵੰਡ ਪੈਦਾ ਹੋ ਜਾਂਦੀ ਹੈ। ਪੈਦਾਵਾਰ ਦੇ ਢੰਗ (ਕਿੱਤਾ) ਇਨਸਾਨ ਦੀ ਸੋਚ ਤੇ ਪਰੰਪਰਾਵਾਂ ਵੀ ਬਦਲ ਦੇਂਦੇ ਹਨ। ਇੰਗਲੈਂਡ ਵਿਚ ਕਿਸੇ ਵੀ ਪੰਜਾਬੀ ਦਾ ਦਸਤਕਾਰੀ ਜੀਵਨ ਤੋਂ ਬੇਲਾਗ ਰਹਿਣਾ ਅਸੰਭਵ ਹੈ। ਸੋ ਇਸ ਲਈ ਨਵੇਂ ਰਿਸ਼ਤੇ ਸਿਰਜਣ ਵਾਲੇ ਲੇਖਕਾਂ ਦੀ ਪਰੰਪਰਾਵਾਦੀ ਰਹਿਣੀ ਸਹਿਣੀ ਕਾਇਮ ਨਹੀਂ ਰਹਿ ਸਕਦੀ। ਜੇ ਕੋਈ ਗੁਰਜੀਤ ਵਰਗਾ ਇੱਕੜ-ਦੁੱਕੜ ਪਿੱਛਲ-ਝਾਕ ਵਿਚ ਫਸਿਆ ਹੋਇਆ ਹੈ, ਤਾਂ ਇਹ ਵੀ ਹਰ ਹਾਲਤ ਵਿਚ ਟੁੱਟ ਕੇ ਰਹਿਣਾ ਹੈ। ਗੁਰਜੀਤ ਇਕ ਥਾਂ ਇਹ ਕਹਿੰਦਾ ਹੈ, 'ਏਥੇ ਵਲੈਤ ਵਿਚ ਅੰਗਰੇਜ਼ ਮੈਨੂੰ ਵੀ ਮਜ਼ੂਬੀ ਸਮਝਦੇ ਐ—ਸਮਝਦੇ ਹੀ ਨਈ ਸਗੋਂ ਏਦਾਂ ਟਰੀਟ ਕਰਦੇ ਐ।" ਇਹ ਜੱਟ ਗੁਰਜੀਤ ਦੇ ਸ਼ਬਦ ਹਨ। ਕੋਈ ਵੀ ਇਨਸਾਨ ਨਵੇਂ ਵਿਚਾਰ, ਨਵੇਂ ਰਿਸ਼ਤੇ ਸਹਿਜ ਸੁਭਾਅ ਕਬੂਲਣ ਨੂੰ ਤਿਆਰ ਨਹੀਂ ਹੁੰਦਾ, ਪਰ ਨਵੀਂ ਸਥਿਤੀ ਹਰ ਹਾਲ ਨਵੇਂ ਵਿਚਾਰ ਪੈਦਾ ਕਰਦੀ ਹੈ। ਇਸ ਨੂੰ ਸਦੀਆਂ ਨਹੀਂ ਲੱਗਦੀਆਂ। ਸੰਘਰਸ਼ ਦੀ ਪਹਿਲ-ਕਦਮੀਂ ਪੁਰਾਣਾ ਜੁਗਾੜ ਭੰਨਣ ਲਈ ਬਹੁਤ ਜ਼ਰੂਰੀ ਹੈ।

ਸਵਰਨ ਚੰਦਨ, ਪੰਜਾਬੀ ਸਾਹਿੱਤ ਨੂੰ ਕਵਿਤਾ, ਕਹਾਣੀ ਅਤੇ ਨਾਵਲ ਦੇ ਰੂਪ ਵਿਚ ਪੰਜ ਸਾਹਿੱਤਕ ਰਚਨਾਵਾਂ ਪੇਸ਼ ਕਰ ਚੁਕਿਆ ਹੈ। ਕਵਿਤਾ ਹੋਵੇ ਜਾਂ ਕਹਾਣੀ—ਚੰਦਨ ਦੇ ਵਿਸ਼ਿਆਂ ਦੀ ਚੋਣ ਸਮਿਆਂ ਦੀ ਮੰਗ ਹੈ। ਚੰਦਨ ਦੀ ਕਲਮ ਭੂਤ ਤੋਂ ਭਵਿੱਖ ਦੀ ਦਿਸ਼ਾ ਵਲ ਸਫ਼ਰ ਕਰਦੀ ਹੈ, ਹੱਕ ਦੇ ਨਾਹਰੇ ਬੁਲੰਦ ਕਰਦੀ ਹੋਈ, ਨਵੇਂ ਰਿਸ਼ਤਿਆਂ ਦੀ ਤਾਂਘ ਲਈ ਕਰਮਸ਼ੀਲ ਹੈ। ਕਹਾਣੀ ਜਾਂ ਨਾਵਲ ਵਿਚ ਲੇਖਕ ਦੀ ਬਿਆਨਬਾਜ਼ੀ ਨਹੀਂ ਹੋਣੀ ਚਾਹੀਦੀ। ਭਾਵੁਕਤਾ ਨੂੰ ਕਾਬੂ ਕਰ ਕੇ ਪਾਤਰਾਂ ਦੀਆਂ ਕਿਰਿਆਵਾਂ ਰਾਹੀਂ ਹੀ ਅੱਗੇ ਵਧਣਾ ਚਾਹੀਦਾ ਹੈ। ਇਕ ਦੋ ਥਾਵਾਂ 'ਤੇ ਚੰਦਨ ਕਲਾ ਦੇ ਦਾਇਰੇ ਤੋਂ ਬਾਹਰ ਚਲਾ ਗਿਆ ਹੈ। ਬੰਟੀ ਆਪਣੀ ਉਮਰ ਅਨੁਸਾਰ ਅੰਕਲ ਪ੍ਰੀਤੂ ਨੂੰ ਕੁਝ ਵਧੇਰੇ ਹੀ ਕਹਿ ਗਈ ਹੈ। ਮੇਰਾ ਸੰਕੇਤ ਪੰਨਾ 124 ਵਲ ਹੈ। ਬੰਟੀ ਦਾ ਮਾਨਸਿਕ ਵਿਕਾਸ ਹਾਲੇ ਦਲਿੱਤ ਸ੍ਰੇਣੀ ਦੀ ਸਦੀਆਂ ਤੋਂ ਹੁੰਦੀ ਲੁੱਟ-ਚੋਂਘ ਦੇ ਅਹਿਸਾਸ ਤੋਂ ਖਾਲੀ ਹੈ। ਹਥਲੀ ਸਥਿਤੀ ਵਿਚ ਇਹ ਜਚਿਆ ਨਹੀਂ। ਇਹ ਅਨੁਭਵ ਹਾਲੇ ਪੈਦਾ ਨਹੀਂ ਹੋਇਆ। ਬੰਟੀ, ਆਪਣੀ ਮਾਂ ਗੁਰਪਾਲ ਕੌਰ ਨਾਲ ਛੋਟੀ ਹੁੰਦੀ ਹੀ ਵਲੈਤ ਆ ਗਈ। ਸੋ ਇਸ ਲਈ ਉਹਦੇ ਇਹ ਸ਼ਬਦ "ਤੂੰ ਪੁਸ਼ਤ-ਦਰ-ਪੁਸ਼ਤ ਸਾਡੇ ਜ਼ੁਲਮ ਸਹੇ ਪਰ ਕਦੇ ਉਭਾਸਰਿਆ ਤਕ ਨਹੀਂ—ਅਜ ਮੈਂ ਇਕ ਹੋਰ ਜ਼ੁਲਮ ਤੇਰੇ 'ਤੇ ਕੀਤਾ ਏ" ਅਤਿਅੰਤ ਭਾਵੁਕ ਪੱਧਰ ਦੇ ਹਨ। ਪਰ ਇਹ ਦੋਸ਼ ਚੰਦਨ ਦਾ ਹੀ ਨਹੀਂ, ਸਗੋਂ ਹੋਰ ਵੀ ਅਨੇਕਾਂ ਲਿਖਤਾਂ ਵਿਚ ਵੇਖਿਆ ਗਿਆ ਹੈ। ਕੋਈ ਵੀ ਲੇਖਕ ਸੋਲਾਂ ਕਲਾਂ ਸੰਪੂਰਨ ਨਹੀਂ ਹੋ ਸਕਦਾ। ਸਾਹਿਤ ਇਕ ਕਲਾ ਹੈ ਅਤੇ ਲੇਖਕ ਇਕ ਇਨਸਾਨ ਤੋਂ ਵਧ ਕੁਝ ਨਹੀਂ। ਇਨਸਾਨ ਦਾ ਸਾਰੇ ਦੋਸ਼ਾਂ ਤੋਂ ਮੁਕਤ ਹੋਣਾ ਅਸੰਭਵ ਹੈ। ਕਿਸੇ ਲੇਖਕ ਦੀਆਂ ਇੱਕੜ ਦੁੱਕੜ ਊਣਤਾਈਆਂ ਨੂੰ ਫੜ ਕੇ ਰਗੜਾ ਫੇਰਨਾ ਮੈਨੂੰ ਗ਼ਲਤ ਗੱਲ ਲੱਗਦੀ ਹੈ। ਨਿਗੂਣੀ ਜਿਹੀ ਗੱਲ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿੰਦਿਆ-ਪਾਠ ਆਰੰਭ ਲੈਣਾ ਉਚਿਤ ਨਹੀਂ ਹੈ। ਦੋਸਤੀ ਦੇ ਨਾਤੇ ਪ੍ਰਸ਼ੰਸਾ-ਪਾਠ ਵੀ ਹਾਨੀਕਾਰਕ ਹੈ। ਪੰਜਾਬੀ ਆਲੋਚਨਾ ਵਿਚ ਇਹ ਦੋਵੇਂ ਭੈੜ ਨੁਕਸਾਨ ਪਹੁੰਚਾਉਂਦੇ ਆ ਰਹੇ ਹਨ। ਆਲੋਚਨਾ ਦਾ ਰੁਖ਼ ਉਸਾਰੂ ਹੀ ਹੋਣਾ ਚਾਹੀਦਾ ਹੈ।

ਬੁਨਿਆਦੀ ਤੌਰ 'ਤੇ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਲੇਖਕ ਚੁਗਿਰਦੇ ਦੀਆਂ ਘਟਨਾਵਾਂ ਨੂੰ ਗੌਹ ਨਾਲ ਵੇਖਦਾ ਹੈ ਕਿ ਨਹੀਂ ? ਲੇਖਕ ਕਿਹੜੀ ਸਥਿਤੀ ਅਤੇ ਵਿਸ਼ੇ ਨੂੰ ਰੂਪ ਦੇਂਦਾ ਹੈ ? ਉਹ ਅਨੁਭਵ ਅਨੁਸਾਰ ਕੀ ਕਹਿਣਾ ਚਾਹੁੰਦਾ ਹੈ ਅਤੇ ਕਿਸ ਅੰਦਾਜ਼ ਵਿਚ ਕਹਿੰਦਾ ਹੈ ? ਮੇਰੀ ਜਾਚੇ ਸਵਰਨ ਚੰਦਨ ਨੇ ਸਿਆਣੇ ਗਾਇਕ ਵਾਂਗ ਸਮੇਂ ਦਾ ਰਾਗ ਚੁਣਿਆ, ਵਿਲੰਮਪਿਤ ਤੋਂ ਦਰੁੱਤ ਤਕ ਤਾਲ ਅਤੇ ਮਾਤਰਿਆਂ ਨੂੰ ਪੂਰਾ ਨਿਭਾਉਣ ਦਾ ਯਤਨ ਕੀਤਾ ਹੈ। ਹੀਰ-ਰਾਂਝੇ ਦੇ ਕਿੱਸੇ ਦੀ ਦੁਹਰਾਈ ਨਹੀਂ ਕੀਤੀ। ਪਰ ਜੇ ਕਿਸੇ ਸਰੋਤੇ ਜਾਂ ਕਲਾ-ਪਾਰਖੂ ਨੂੰ ਚੰਦਨ ਦੀ ਗਾਇਕੀ ਵਿਚ ਨਿਰੇ ਔਗੁਣ ਹੀ ਦਿਸੇ ਹੋਣ ਤਾਂ ਮੈਂ ਚੰਦਨ ਨੂੰ ਆਖਾਂਗਾ ਕਿ ਉਹ ਬੁਰਾ ਨਾ ਮਨਾਵੇ, ਕਿਉਂਕਿ ਗੁਣ-ਔਗੁਣ ਸਾਪੇਖ ਹੀ ਹੁੰਦੇ ਹਨ, ਨਿਰਪੇਖ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੱਚੇ ਘਰ : ਪੱਕੇ ਘਰਾਂ ਦੀ ਤਲਾਸ਼ ਵਿਚ ਨਿਕਲੇ ਲੋਕਾਂ ਦੀ ਤ੍ਰਾਸਦੀ

—ਬ੍ਰਹਮ ਜਗਦੀਸ਼ ਸਿੰਘ

ਸਵਰਨ ਚੰਦਨ ਦਾ ਇਹ ਦੂਜਾ ਨਾਵਲ 'ਕੱਚੇ ਘਰ' ਵੀ ਇੰਗਲੈਂਡ ਜਾਕੇ ਵੱਸੇ ਪੰਜਾਬੀਆਂ ਦੇ ਸਮਾਜਕ-ਆਰਥਿਕ ਜੀਵਨ ਦਾ ਵਿਸ਼ਲੇਸ਼ਣ ਕਰਦਾ ਹੈ। ਉਸਦਾ ਵਿਸ਼ਵਾਸ ਹੈ ਕਿ ਨਵੇਂ ਪਰਿਵੇਸ਼ ਵਿਚ ਪੁਰਾਣੀਆਂ ਕੀਮਤਾਂ ਅਤੇ ਰਿਸ਼ਤੇ ਸਥਿਰ ਨਹੀਂ ਰਹਿ ਸਕਦੇ। ਜਿਹੜੇ ਲੋਕ ਇਨ੍ਹਾਂ ਰਿਸ਼ਤਿਆਂ ਨੂੰ ਅਬਦਲ ਰੱਖਣ ਦੇ ਚਾਹਵਾਨ ਹਨ, ਉਨ੍ਹਾਂ ਦੇ ਜੀਵਨ ਨਵੀਆਂ ਸਮਾਜਕ ਕੀਮਤਾਂ ਅਤੇ ਪਰਿਵਰਤਿਤ ਰਿਸ਼ਤਿਆਂ ਦੇ ਦਨਦਨਾਉਂਦੇ ਵੇਗ ਸਾਹਵੇਂ ਅਸਤ ਵਿਅਸਤ ਅਤੇ ਆਹਤ ਹੋ ਕੇ ਰਹਿ ਜਾਂਦੇ ਹਨ। ਇਕ ਵਿਅਕਤੀ ਦੇ ਰੂਪ ਵਿਚ ਆਪ ਇਸ ਯਾਤਨਾ ਵਿਚੋਂ ਗੁਜ਼ਰਣ ਕਾਰਣ ਸਵਰਨ ਚੰਦਨ ਦਾ ਇਹ ਯਤਨ ਅਤਿਅੰਤ ਪ੍ਰਮਾਣਕ ਅਤੇ ਈਮਾਨਦਾਰ ਹੈ। ਉਸਨੇ ਪਲ-ਦਰ-ਪਲ ਹਜ਼ਾਰਾਂ ਅਜਿਹੇ ਇਹਸਾਸ ਹੰਢਾਏ ਹੋਣਗੇ, ਜਿਨ੍ਹਾਂ ਵਿਚ ਉਸ ਦੀਆਂ ਪੋਟਾ-ਪੋਟਾ ਕਰਕੇ ਵਿਕਸਿਤ ਹੋਈਆਂ ਸਭਿਆ-ਚਾਰਕ ਮਾਨਤਾਵਾਂ ਇਕ ਲਮਹੇ ਵਿਚ ਹੀ ਧਰਾਸ਼ਾਈ ਹੋ ਗਈਆਂ ਹੋਣਗੀਆਂ। ਅਜਿਹੇ ਦੁਖਦ ਅਹਿਸਾਸਾਂ ਨੂੰ ਸਵਰਨ ਚੰਦਨ ਨੇ ਨਾ ਕੇਵਲ ਬੜੀ ਮਿਹਨਤ ਨਾਲ ਸੰਜੋਇਆ ਹੈ ਸਗੋਂ ਇਕ ਕਲਾਕ੍ਰਿਤੀ ਦੇ ਰੂਪ ਵਿਚ ਵੀ ਬੜੀ ਸਫਲਤਾ ਨਾਲ ਅਭਿਵਿਅਕਤ ਕੀਤਾ ਹੈ।

ਇਸ ਨਾਵਲ ਦਾ ਮੁੱਖ-ਪਾਤਰ ਬਲਦੇਵ ਸਿੰਘ ਇਕ ਮਹੱਤ੍ਵਾਕਾਂਖੀ ਵਿਅਕਤੀ ਹੈ। ਉਸਦੀ ਮਹੱਤ੍ਵਾਕਾਂਖਿਆ ਉਸ ਸਮੇਂ ਜਾਗ੍ਰਿਤ ਹੁੰਦੀ ਹੈ ਜਦ ਉਹ ਆਪਣੇ ਘਰ ਵਿਚੋਂ ਸਭ ਨਾਲੋਂ ਵੱਧ ਪੜ੍ਹ-ਲਿਖ ਜਾਂਦਾ ਹੈ। ਜਦ ਉਹ ਬੀ. ਏ., ਬੀ. ਐਡ ਕਰ ਕੇ ਅਧਿਆਪਕ ਲੱਗ ਜਾਂਦਾ ਹੈ ਤਾਂ ਉਹ ਇਰਦ-ਗਿਰਦ ਦੇ ਲੋਕਾਂ ਅਤੇ ਸੰਬੰਧੀਆਂ ਵਿਚੋਂ ਸਭ ਤੋਂ ਵੱਧ ਪੜ੍ਹਿਆ-ਲਿਖਿਆ ਵਿਅਕਤੀ ਬਣ ਜਾਂਦਾ ਹੈ। ਇਸੇ ਕਾਰਣ ਉਸਨੂੰ ਘਰ ਵਿਚ ਅਤੇ ਬਾਹਰ ਵੀ ਇਕ ਵਿਸ਼ੇਸ਼ ਵਿਅਕਤੀ ਦਾ ਸਨਮਾਨ ਮਿਲਣ ਲੱਗਦਾ ਹੈ। ਉਸਦੇ ਇਰਦ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਰਦ ਵਿਚਰਦੇ ਲੋਕਾਂ ਵਿਚ ਬਿਸ਼ਨੇ ਵਰਗੇ ਉਸਦੇ ਭਰਾ ਹਨ ਜਿਨ੍ਹਾਂ ਦੀਆਂ ਆਸ਼ਾਵਾਂ ਅਤੇ ਇੱਛਾਵਾਂ ਆਰਥਿਕਤਾ ਦੇ ਚਕ੍ਰਵਿਊ ਵਿਚ ਫਸਕੇ ਦਮ ਤੋੜ ਚੁੱਕੀਆਂ ਹਨ ਅਤੇ ਜਾਂ ਰਤਨੇ-ਖੁੱਚਲ ਵਰਗੇ ਮਿੱਟੀ ਨਾਲ ਮਿੱਟੀ ਹੋ ਰਹੇ ਅਜਿਹੇ ਲੋਕ ਹਨ ਜੋ ਦੋ-ਡੰਗ ਦੀ ਰੋਟੀ ਜੁਟਾਉਣ ਲਈ ਦੂਹਰੇ-ਤੀਹਰੇ ਕਿੱਤਿਆਂ ਨਾਲ ਜੂਝਦੇ ਦਿਖਾਈ ਦਿੰਦੇ ਹਨ। ਅਜਿਹੇ ਬੇਬੱਸ ਲੋਕਾਂ ਦੀ ਢਾਣੀ ਵਿਚੋਂ ਉੱਠਕੇ ਜਦੋਂ ਬਲਦੇਵ ਵਰਗੇ ਵਿਅਕਤੀ ਨੂੰ ਅਮ੍ਰਿਤਸਰ ਵਰਗੇ ਸ਼ਹਿਰ ਵਿਚ ਅਧਿਆਪਕ ਦੀ ਨੌਕਰੀ ਮਿਲ ਜਾਂਦੀ ਹੈ ਤਾਂ ਉਸਦੀ ਮਹੱਤ੍ਵਾਕਾਂਖਿਆ ਹੈਰਾਨੀਜਨਕ ਰੂਪ ਵਿਚ ਵਧਣ ਲੱਗਦੀ ਹੈ।

ਬਲਦੇਵ ਦੇ ਵਿਅਕਤਿਤ੍ਵ ਵਿਚ ਪਨਪੀ ਮਹੱਤ੍ਵਾਕਾਂਖਿਆ ਦੀ ਇਸ ਭਾਵਨਾ ਦਾ ਦੂਜਾ ਦੌਰ ਉਸ ਸਮੇਂ ਸ਼ੁਰੂ ਹੁੰਦਾ ਹੈ. ਜਦ ਉਸਨੂੰ ਮਨਜੀਤ ਵਰਗੀ ਸੁੰਦਰ, ਸੁਸਿਖਿਅਤ ਅਤੇ ਸੁਸ਼ੀਲ ਪਤਨੀ ਦਾ ਸਾਥ ਮਿਲਦਾ ਹੈ। ਉਸਨੂੰ ਦਖਦਿਆਂ ਹੀ ਬਲਦੇਵ ਦੇ ਮੂੰਹੋਂ ਇਹ ਸ਼ਬਦ ਨਿਕਲਦੇ ਹਨ, "ਮਨਜੀਤ, ਤੂੰ ਤਾਂ ਬਹੁਤ ਈ ਸੋਹਣੀ ਐਂ - ਮੇਰੇ ਅੰਦਾਜ਼ੇ ਤੋਂ ਕਿਤੇ ਵੱਧ ਸੋਹਣੀ...ਮੇਰੀ ਕਿਸਮਤ ਏਡੀ ਵਧੀਆ ਏ—ਮਈਨੂੰ ਤਾਂ ਅੱਜਤੀਂ ਕਦੇ ਪਤਾ ਈ ਨਹੀਂ ਸੀ...ਹਾਏ—ਉਏ ਮੇਰਿਆ ਰੱਬਾ ਏਨੀਆਂ ਸੋਹਣੀਆਂ ਅੱਖਾਂ, ਏਨੇ ਸੁਹਣੇ ਬੁਲ੍ਹ, ਏਨਾ ਸੋਹਣਾ ਨੱਕ—ਮੈਂ ਤਾਂ ਭਾਵੇਂ ਅੱਜ ਰੱਬ ਤੋਂ ਜੋ ਮਰਜੀ ਮੰਗ ਲੈਂਦਾ।" ਸੱਜਰੇ ਵਿਆਹ ਕਾਰਣ ਬਲਦੇਵ ਅਕਸਰ ਪਿੰਡੋਂ ਸਕੂਲ ਵਿਚ ਲੇਟ ਹੋ ਜਾਂਦਾ। ਹੈਡਮਾਸਟਰ ਦੇ ਟੋਕਣ ਤੇ ਉਹ ਇਕਦਮ ਇਹ ਫੈਸਲਾ ਕਰ ਲੈਂਦਾ ਹੈ ਕਿ ਉਹ ਸ਼ਹਿਰ ਵਿਚ ਹੀ ਮਕਾਨ ਕਿਰਾਏ ਤੇ ਲੈਕੇ ਰਹਿਣ ਲੱਗ ਜਾਵੇਗਾ। ਉਸਦਾ ਇਹ ਫ਼ੈਸਲਾ ਪ੍ਰਮਾਣਿਤ ਕਰ ਦਿੰਦਾ ਹੈ ਕਿ ਬਲਦੇਵ ਦੇ ਵਿਅਕਤਿਤ੍ਵ ਵਿਚ ਮੱਹਤ੍ਵਾਕਾਂਖਿਆ ਅਤੇ ਵਿਸ਼ਿਸ਼ਟਤਾ ਦੇ ਲੱਛਣ ਪੂਰੀ ਤਰ੍ਹਾਂ ਘਰ ਕਰ ਚੁਕੇ ਹਨ। ਅਮ੍ਰਿਤਸਰ ਪਹੁੰਚ ਕੇ ਉਹ ਕੰਮੋਆਂ ਦੇ ਮਹੱਲੇ ਵਿਚ ਮਕਾਨ ਲੈ ਕੇ ਰਹਿਣ ਲੱਗਦਾ ਹੈ। ਇਸ ਮਹੱਲੇ ਵਿਚ ਵੀ ਉਸਦੇ ਵਿਸ਼ਿਸ਼ਟਤਾ ਅਤੇ ਅਸਾਧਾਰਣਤਾ ਨੂੰ ਕੋਈ ਜ਼ੌਫ ਨਹੀਂ ਪਹੁੰਚਦਾ। ਕਿਉਂਕਿ ਨਾ ਕੇਵਲ ਉਹ ਆਪਣੇ ਸੰਗੀਆਂ-ਸਾਥੀਆਂ ਮੋਹਣ, ਚਰਨ ਹਲਵਾਈ, ਪ੍ਰੀਤਮ ਆਦਿਕ ਨਾਲੋਂ ਵੱਧ ਪੜ੍ਹਿਆ ਲਿਖਿਆ ਹੀ ਹੈ ਸਗੋਂ ਸਮਾਜਕ ਅਤੇ ਆਰਥਿਕ ਪੱਖੋਂ ਵੀ ਉਹ ਇਨ੍ਹਾਂ ਸਾਰਿਆਂ ਨਾਲੋਂ ਮਜ਼ਬੂਤ ਸਥਿਤੀ ਵਿਚ ਹੈ। ਉਸਦੀ ਮਹੱਤ੍ਵਾਕਾਂਖਿਆ ਨੂੰ ਇਸ ਲਈ ਵੀ ਕੋਈ ਠੱਲ੍ਹ ਨਹੀਂ ਪੈਂਦੀ ਕਿਉਂਕਿ ਉਹ ਆਪ ਇਕ ਬੜਾ ਵਿਅਕਤੀਵਾਦੀ ਅਤੇ ਆਤਮਕੇਂਦ੍ਰਿਤ ਪੁਰਸ਼ ਹੈ। ਉਸਨੂੰ ਨਾ ਤੇ ਸਾਹਿੱਤ ਪ੍ਰਤੀ ਕੋਈ ਵਿਸ਼ੇਸ਼ ਲਗਾਉ ਹੈ ਅਤੇ ਨਾ ਹੀ ਸਮਾਜਕ ਪਰਿਵਰਤਨ ਅਤੇ ਇਸਦੀਆਂ ਦਿਸ਼ਾਵਾਂ ਬਾਰੇ ਕੋਈ ਇਲਮ ਹੈ। ਜੇ ਉਹ ਇਨ੍ਹਾਂ ਵਿਚੋਂ ਕਿਸੇ ਵੀ ਗਿਆਨ-ਵਿਗਿਆਨ ਦੇ ਸ੍ਰੋਤ ਨਾਲ ਜੁੜਿਆ ਹੁੰਦਾ ਤਾਂ ਉਸਦੇ ਵਿਅਕਤਿਤ੍ਵ ਦਾ ਵਿਕਾਸ ਕੁਝ ਹੋਰ ਤਰ੍ਹਾਂ ਹੁੰਦਾ। ਉਸ ਸੂਰਤ ਵਿਚ ਇੰਗਲੈਂਡ ਜਾ ਕੇ ਵੱਧ ਤੋਂ ਵੱਧ ਧਨ ਕਮਾਕੇ ਅਮੀਰ ਬਣਨ ਦੀ ਧੁਨ ਉਸਦੇ ਸਿਰ ਤੇ ਕਦੇ ਵੀ ਸੁਆਰ ਨਾ ਹੁੰਦੀ ਅਤੇ ਨਾ ਹੀ ਭਵਿੱਖ ਵਿਚ ਉਸਨੂੰ ਅਰਥਹੀਣ ਜ਼ਿੰਦਗੀ ਦਾ ਸੰਤਾਪ ਭੋਗਣਾ ਪੈਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਮ੍ਰਿਤਸਰ ਵਿਚ ਇਸੇ ਤਰ੍ਹਾਂ ਦੀ ਇਕ ਵਿਸ਼ਿਸ਼ਟ ਜ਼ਿੰਦਗੀ ਜੀ ਰਹੇ ਬਲਦੇਵ ਦੇ ਅਹਮ ਨੂੰ ਪਹਿਲਾ ਝਟਕਾ ਉਸ ਸਮੇਂ ਲਗਦਾ ਹੈ ਜਦ ਉਸਨੂੰ ਅਧਿਆਪਕ ਦੇ ਕਿੱਤੇ ਵਿਚ ਆਰਥਿਕ ਕਮਜ਼ੋਰੀ ਨਜ਼ਰ ਆਉਂਦੀ ਹੈ। ਇਕ ਦਿਨ ਉਸਦਾ ਸਾਈਕਲ ਪੰਕਚਰ ਹੋ ਜਾਂਦਾ ਹੈ ਅਤੇ ਉਹ ਸੋਚਦਾ ਹੈ "ਮੜੀ ਮਾਸ਼ਟਰੀ ਨਾਲ ਤਾਂ ਹਾਲ ਏਦੂੰ ਵਧੀਆ ਕਦੇ ਨਹੀਂ ਹੋ ਸਕਦਾ, ਕਿਤੇ ਐਮ. ਏ. ਕਰਕੇ ਲੈਕਚਰਾਰ ਲਗ ਜਾਵਾਂ ਤਾਂ ਸ਼ਾਇਦ ਕੋਈ ਗੱਲ ਬਣ ਜਾਏ—ਇਕ ਹੱਥ ਨਾਲ ਧੱਕੇ ਵਰਗੇ ਹੋਏ ਸਾਈਕਲ ਨੂੰ ਖਿੱਚਦਾ ਤੇ ਭਾਰੇ ਭਾਰੇ ਕਦਮ ਰੱਖਦਾ ਹੋਇਆ ਉਹ ਸੋਚੀ ਜਾ ਰਿਹਾ ਸੀ..." ਪਰ ਉਸਦੀਆਂ ਅਜਿਹੀਆਂ ਸੋਚਾਂ ਨੂੰ ਉਸੇ ਦਿਨ ਇਕ ਬੜਾ ਆਸ਼ਾਜਨਕ ਹੁੰਗਾਰਾ ਮਿਲ ਜਾਂਦਾ ਹੈ, ਜਦ ਉਸਦੀ ਮੁਲਾਕਾਤ ਇੰਗਲੈਂਡ ਜਾ ਰਹੇ ਆਪਣੇ ਇਕ ਮਿੱਤਰ ਸੁਖਦੇਵ ਜੌਹਲ ਨਾਲ ਹੁੰਦੀ ਹੈ। ਜਾਂਦਾ ਜਾਂਦਾ ਸੁਖਦੇਵ ਜੌਹਲ ਉਸਨੂੰ ਵੀ ਵਲਾਇਤ ਦੇ ਰਾਹੇ ਪਾ ਜਾਂਦਾ ਹੈ ਅਤੇ ਇਥੋਂ ਸ਼ੁਰੂ ਹੁੰਦੀ ਹੈ ਉਸਦੀ ਮਹੱਤ੍ਵਕਾਂਖਿਆਂ ਦੀ ਇਕ ਨਵੀਂ ਦਸ਼ਾ ਅਤੇ ਦਿਸ਼ਾ—ਜਿਸਦਾ ਅਧਿਐਨ ਵਿਅਕਤੀਗਤ ਮਨੋਵਿਗਿਆਨ ਅਤੇ ਬਦਲਦੇ ਸਾਂਸਕ੍ਰਿਤਿਕ ਪਰਿਵੇਸ਼ ਦੇ ਸੰਬੰਧਾਂ ਬਾਰੇ ਬੜੀ ਜ਼ਰੂਰੀ ਅਤੇ ਸਹੀ ਜਾਣਕਾਰੀ ਦਿੰਦਾ ਹੈ।

ਇੰਗਲੈਂਡ ਪਹੁੰਚ ਕੇ ਬਲਦੇਵ ਅਤੇ ਮਨਜੀਤ ਦੇ ਸਨਮੁਖ ਆਰਥਿਕ ਸਮੱਸਿਆ ਹੀ ਇਤਨੇ ਵਿਆਪਕ ਅਤੇ ਵਿਰਾਟ ਰੂਪ ਵਿਚ ਪ੍ਰਸਤੁਤ ਹੁੰਦੀ ਹੈ ਕਿ ਕੁਝ ਦੇਰ ਤਕ ਉਹ ਬਦਲ ਚੁੱਕੇ ਸਾਂਸਕ੍ਰਿਤਿਕ ਪਰਿਵੇਸ਼ ਤੋਂ ਆਤੰਕਿਤ ਨਹੀਂ ਹੁੰਦੇ। ਆਪਣੇ ਆਪ ਨਾਲ, ਇਕ-ਦੂਜੇ ਨਾਲ ਅਤੇ ਆਸ-ਪਾਸ ਦੇ ਲੋਗਾਂ ਨਾਲ ਉਹ ਇਕ ਸਮਝੌਤਾਵਾਦੀ ਨੀਤੀ ਨਾਲ ਪੇਸ਼ ਆਉਂਦੇ ਹਨ। ਪਰ ਜਿਵੇਂ ਹੀ ਆਰਥਿਕ ਪ੍ਰਸ਼ਨ ਹੱਲ ਹੁੰਦੇ ਨਜ਼ਰ ਆਉਂਦੇ ਹਨ, ਬਦਲਿਆ ਸਾਂਸਕ੍ਰਿਤਿਕ ਪਰਿਵੇਸ ਪਤੀ-ਪਤਨੀ ਦੇ ਸੰਬੰਧਾਂ ਵਿਚ ਤ੍ਰੇੜਾਂ ਪਾਉਣੀਆਂ ਸ਼ੁਰੂ ਕਰ ਦਿੰਦਾ ਹੈ। ਇਹ ਤ੍ਰੇੜ ਫੈਲਦੀ-ਫੈਲਦੀ ਇਕ ਦਿਨ ਅਜਿਹੀ ਦਰਾੜ ਦਾ ਰੂਪ ਧਾਰਨ ਕਰ ਜਾਂਦੀ ਹੈ, ਜਿਸਨੂੰ ਪਾਰ ਕਰਨ ਲਈ ਨਾ ਕੋਈ ਪੁਲ ਬਣਦਾ ਹੈ ਅਤੇ ਨਾ ਕੋਈ ਹੋਰ ਸਾਧਨ। ਕੱਚੇ ਘਰਾਂ ਦੀਆਂ ਕੰਧਾਂ ਤਾਂ ਖੁਰ ਹੀ ਜਾਂਦੀਆਂ ਪਰ ਪੱਕੇ ਘਰਾਂ ਵਿਚ ਇਕੱਠਿਆਂ, ਅਤੇ ਅਖੰਡ ਰੂਪ ਵਿਚ ਰਹਿਣਾ ਵੀ ਉਹਨਾਂ ਨੂੰ ਨਸੀਬ ਨਹੀ 'ਹੁੰਦਾ।

ਇਸ ਦੁਖਾਂਤ ਦਾ ਮੂਲ ਕਾਰਣ ਬਦਦੇਵ ਦੇ ਅਸਤਿਤ੍ਵ ਨੂੰ ਵਿਸ਼ਿਸ਼ਟਤਾ ਪ੍ਰਦਾਨ ਕਰਨ ਵਾਲੇ ਪਹਿਚਾਣ-ਚਿੰਨ੍ਹਾਂ ਦਾ ਖੋ ਜਾਣਾ ਹੈ। ਅਸਤਿਤ੍ਵ ਤਾਂ ਹ ਸਥਿਰ ਅਤੇ ਅਖੰਡ ਹੈ ਜੇ ਉਹ ਆਪਣੀ ਪਹਿਚਾਣ ਆਪਣੇ ਆਸ ਪਾਸ ਦੇ ਲੋਕਾਂ ਅਤੇ ਸਥਿਤੀਆਂ ਵਿਚ ਲੱਭ ਸਕੇ। ਜੇ ਇਹ ਪਹਿਚਾਣ ਗੁਆਚ ਗਈ ਤਾਂ ਅਸਤਿਤ੍ਵ ਵੀ ਬਿਖਰ ਗਿਆ ਅਤੇ ਅਸਤਿਤ੍ਵ ਨਾਲ ਜੁੜੀਆਂ ਉਹ ਸਾਰੀਆਂ ਪ੍ਰਾਪਤੀਆਂ ਵੀ ਅਰਥਹੀਣ ਹੋ ਕੇ ਰਹਿ ਗਈਆਂ ਜਿਹੜੀਆਂ ਪਹਿਲਾਂ ਬਲਦੇਵ ਨੂੰ ਆਪਣੀ ਜ਼ਿੰਦਗੀ ਦਾ ਅਤਿਅੰਤ ਮਹੱਤ੍ਵਪੂਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਕਸ਼ ਪ੍ਰਤੀਤ ਹੁੰਦੀਆਂ ਸਨ। ਇੰਗਲੈਂਡ ਵਿਚ ਨਾ ਤੇ ਬਿਸ਼ਨੇ ਵਰਗੇ ਮਜਬੂਰ ਭਰਾ ਹਨ, ਜਿਹੜੇ ਆਪਣੀਆਂ ਮਹੱਤਵਾਕਾਂਖਿਆਵਾਂ ਦਾ ਦਮਨ ਕਰਕੇ ਵੀ ਭਰਾ ਨੂੰ ਅੱਗੇ ਵਧਦਿਆਂ ਦੇਖ ਖੁਸ਼ ਹੁੰਦੇ ਹੋਣ ਅਤੇ ਨਾ ਰੱਤੂ-ਖੁੱਚਲ ਵਰਗੇ ਦੋਸਤ ਹਨ, ਜਿਹੜੇ ਯਾਰ ਦੀ ਹਰ ਨਿੱਕੀ ਵੱਡੀ ਗੱਲ ਹੱਸ ਕੇ ਸਹਾਰ ਸੱਕਣ। ਇਥੇ ਮੋਹਣ, ਪ੍ਰੀਤਮ ਅਤੇ ਚਰਨੇ ਹਲਵਾਈ ਵਰਗੇ ਸਾਥੀ ਵੀ ਨਹੀਂ ਹਨ ਜਿਹੜੇ ਆਪਣੇ ਨਾਲ ਰਹਿੰਦੇ ਮਿੱਤਰ ਨੂੰ 'ਵਿਸ਼ੇਸ਼' ਸਮਝਦੇ ਹੋਣ। ਇਥੇ ਤਾਂ ਅਰਜਨ, ਗੁਰਨੇਕ, ਰੇਸ਼ਮ ਅਤੇ ਮਹਿਮੂਦ ਵਰਗੇ ਸ਼ਖਸ ਹਨ ਜੋ ਵੇਲੇ ਕੁਵੇਲੇ ਬਲਦੇਵ ਦੀ ਸਭ ਤੋਂ ਪਿਆਰੀ ਜਾਇਦਾਦ 'ਮਨਜੀਤ' ਉਪਰ ਵੀ ਆਪਣਾ ਅਧਿਕਾਰ ਜਮਾਉਣ ਦੀ ਤਾਕ ਵਿਚ ਰਹਿੰਦੇ ਹਨ। ਇਸ ਤਰ੍ਹਾਂ ਸਥਿਤੀਆਂ ਆਪਣੇ ਪਹਿਲੇ ਹੀ ਵਾਰ ਵਿਚ ਬਲਦੇਵ ਤੋਂ ਉਸਦੀ ਵਿਸ਼ਿਸ਼ਟਤਾ ਦਾ ਲਬਾਦਾ ਖੋਹ ਕੇ ਉਸਨੂੰ ਚੌਰਾਹੇ ਵਿਚ ਨੰਗਾ ਕਰ ਦਿੰਦੀਆਂ ਹਨ।

ਸਥਿਤੀਆਂ ਦੇ ਅਜਿਹੇ ਹਿੰਸਕ ਵਾਰ ਤੋਂ ਖਿਝਕੇ ਬਲਦੇਵ ਆਪਣੀ ਪਹਿਚਾਣ ਮਨਜੀਤ ਦੀ ਸ਼ਖਸੀਅਤ ਵਿਚ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਪਰ ਹੁਣ ਮਨਜੀਤ ਵੀ ਪਹਿਲਾਂ ਦੀ ਤਰ੍ਹਾਂ ਇਕ ਮਾਧਿਅਮ ਨਹੀਂ ਰਹੀ, ਉਸਦੀ ਹੋਂਦ ਕੇਵਲ ਇਸੇ ਲਈ ਨਹੀਂ ਰਹੀ ਕਿ ਉਹ ਬਲਦੇਵ ਦੇ ਵਿਅਕਤਿਤ੍ਵ ਦੀ ਵਿਸ਼ਿਸ਼ਟਤਾ ਨੂੰ ਪ੍ਰਮਾਣਿਤ ਕਰਦੀ ਫਿਰੇ। ਉਸਦਾ ਆਪਣਾ ਇਕ ਸੁਤੰਤਰ ਵਿਅਕਤਿਤ੍ਵ ਵਿਕਸਤ ਹੋ ਚੁੱਕਾ ਹੈ, ਜਿਸਨੂੰ ਪ੍ਰਮਾਣਿਤ ਕਰਵਾਉਣ ਲਈ ਉਸਨੂੰ ਆਪ ਇਕ ਅਜਿਹੇ ਸ਼ਖਸ ਦੀ ਲੋੜ ਹੈ, ਜੋ ਉਸਦਾ ਪਹਿਚਾਣ-ਚਿੰਨ੍ਹ ਬਣੇ। ਉਹ ਹੁਣ ਇਕ ਵਸਤੂ ਜਾਂ ਜਾਇਦਾਦ ਨਹੀਂ ਰਹੀ। ਆਰਥਿਕ ਤੌਰ ਤੇ ਸੁਤੰਤਰ ਹੋਣ ਕਾਰਣ ਉਹ ਇਕ ਮੁਕੰਮਲ ਵਿਅਕਤੀ ਬਣ ਚੁਕੀ ਹੈ, ਜੋ ਸ੍ਵੈਚੋਣ ਦੇ ਅਧਿਕਾਰ ਬਾਰੇ ਚੇਤੰਨ ਅਤੇ ਜਾਗਰੂਕ ਹੈ। ਬਲਦੇਵ ਉਸਦੀ ਸ਼ਖਸੀਅਤ ਵਿਚ ਆ ਰਹੀ ਇਸ ਕ੍ਰਾਂਤੀ ਤੋਂ ਬੇਖ਼ਬਰ ਅਤੇ ਲਾਪਰਵਾਹ ਬਣਿਆ ਰਹਿੰਦਾ ਹੈ। ਉਸਦਾ ਵਿਚਾਰ ਹੈ ਕਿ ਇਕ ਦਿਨ ਮਨਜੀਤ ਨੂੰ ਉਸਤੋਂ ਆਪਣੇ ਵਤੀਰੇ ਲਈ ਖਿਮਾਯਾਚਨਾ ਕਰਨੀ ਪਵੇਗੀ, ਪਰ ਮਨਜੀਤ ਨੇ ਸੁਤੰਤਰਤਾ ਅਤੇ ਸ੍ਵੈਚੋਣ ਦਾ ਜੋ ਰਾਹ ਚੁਣਿਆ ਹੈ, ਉਹ ਬੜੇ ਸਹਿਜ ਅਤੇ ਸੰਤੁਲਨ ਨਾਲ ਆਪਣੇ ਉਸ ਰਾਹ ਤੇ ਚਲਦੀ ਜਾਂਦੀ ਹੈ। ਜੇ ਉਸਨੂੰ ਆਪਣੇ ਅਸਤਿਤ੍ਵ ਦੀ ਪਹਿਚਾਣ ਦੇ ਕੁਝ ਚਿੰਨ੍ਹ ਭਾਰਤਵਰਸ਼ ਵਿਚ ਰਹਿ ਚੁਕੇ ਆਪਣੇ ਪ੍ਰੋਫੈਸਰ ਕੁਲਤਾਰ ਦੇ ਵਿਅਕਤਿਤ੍ਵ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ ਤਾਂ ਉਹ ਬੜੇ ਵਿਸ਼ਵਾਸ ਨਾਲ ਕੁਲਤਾਰ ਨੂੰ ਆਪਣਾ ਸਾਥੀ ਬਣਾ ਲੈਂਦੀ ਹੈ। ਬਲਦੇਵ ਨਾਲ ਆਪਣੇ ਤਿੜਕੇ ਸੰਬੰਧਾਂ ਦਾ ਵਿਸ਼ਲੇਸ਼ਣ ਕਰਦੀ ਹੋਈ ਉਹ ਪ੍ਰੋਫੈਸਰ ਕੁਲਤਾਰ ਨੂੰ ਦਸਦੀ ਹੈ :

> ਜਦੋਂ ਬੰਦਾ ਇਹ ਸੋਚਣ ਤੇ ਆਜੇ ਬਈ ਤੀਵੀਆਂ ਹੁੰਦੀਆਂ ਈ ਮੂਰਖ ਨੇ, ਭਾਵੇਂ ਉਹ ਕਮਾ ਕੇ ਵੀ ਲਿਆਉਣ ਤੇ ਘਰ ਦਾ ਸਾਰਾ ਕੰਮ ਧੰਧਾ ਵੀ ਕਰਨ; ਜਦੋਂ ਉਹ ਏਹੋ ਸੋਚੀ ਜਾਣ ਬਈ ਔਰਤ ਕੋਈ ਜਾਨਦਾਰ ਚੀਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੀ ਸਗੋਂ ਇੱਟਾਂ ਸੀਮਿੰਟ ਦਾ ਬਣਿਆ ਹੋਇਆ ਮਕਾਨ-ਇਆਂ; ਜਦੋਂ ਮਰਜ਼ੀ ਢਾਹ ਲੌ, ਜਦੋਂ ਮਰਜ਼ੀ ਬਣਾ ਲੌ: ਉਦੋਂ ਭਲਾ ਕੀ ਹੱਲ ਹੋ ਸਕਦੈ ਇਹਦਾ। ਠੀਕ ਇਆ—ਇਹ ਗੱਲਾਂ ਇੰਡੀਆ ਚ ਤਾਂ ਔਰੈਟ ਸੀਗੀਆਂ; ਉਥੇ ਔਰਤਾਂ ਘਰੀਂ ਰਹਿੰਦੀਆਂ ਸਨ, ਕਮਾਈ ਨਹੀਂ ਸੀਗੀਆਂ ਕਰਦੀਆਂ, ਜਦ ਕਦੇ ਬੰਦੇ ਨੇ ਝਿੜਕ 'ਤਾ ਮੂੰਹ ਬੰਦ ਕਰ ਲਿਆ; ਪਰ ਹੁਣ ਏਥੇ ਉਹ ਕੁਸ਼ ਥੋੜਾ ਈ-ਆ। ਨਾਲੇ ਆਖਣਾ ਬਈ ਪੈਹੇ ਵੀ ਆਉਣ ਤੇ ਨਾਲੇ ਇਹ ਸੋਚਣਾ ਬਈ ਤੀਵੀਂ ਸੱਤਾਂ ਪਰਦਿਆਂ ਚ ਲੁਕੀ ਰਹੇ ਤਵੀਤ ਵਾਂਗ—ਇਹ ਕਿਵੇਂ ਹੋ ਸਕਦਾ ਏਥੇ ?

(ਕੱਚੇ ਘਰ, ਪੰਨੇ 228-29)

ਮਨਜੀਤ ਦੀ ਇਹ ਸੋਚ ਇਕ ਫੈਸਲਾ ਹੈ, ਜਿਸ ਦ੍ਵਾਰਾ ਉਹ ਬਲਦੇਵ ਨਾਲ ਜੁੜੀਆਂ ਹੋਈਆਂ ਆਪਣੀਆਂ ਸਾਰੀਆਂ ਮਧੁਰ-ਵਿਸ਼ੈਲੀਆਂ ਨੂੰ ਛੰਡ ਕੇ ਪ੍ਰੋਫੈਸਰ ਕੁਲਤਾਰ ਨਾਲ ਰਹਿਣ ਲੱਗਦੀ ਹੈ। ਉਸਦਾ ਇਹ ਫੈਸਲਾ ਵਿਵਾਦਗ੍ਰਸਤ ਤਾਂ ਹੋ ਸਕਦਾ ਹੈ, ਤ੍ਰਾਸਦਕ ਨਹੀਂ। ਦੂਜੇ ਪਾਸੇ ਬਲਦੇਵ ਦੀ ਮਹੱਤ੍ਵਾਕਾਂਖਿਆ ਅਤੇ ਹਉਮੈ ਬਦਲ ਚੁਕੇ ਸਾਂਸਕ੍ਰਿਤਿਕ/ਪਰਿਵਾਰਿਕ ਪਰਿਵੇਸ਼ ਵਿਚ ਪਾਸ਼-ਪਾਸ਼ ਹੁੰਦੀ ਦਿਖਾਈ ਗਈ ਹੈ। ਸਾਊਥ-ਹਾਲ ਰਹਿੰਦਾ ਹੋਇਆ ਉਹ ਧੜਾ-ਧੜ ਪੌਂਡ ਕਮਾਉਣ ਦੀ ਜਾਚ ਤਾਂ ਸਿੱਖ ਜਾਂਦਾ ਹੈ ਪਰ ਆਪਣੀ ਸ਼ਖਸੀਅਤ ਵਿਚ ਚੇਤਨਤਾ ਦੀ ਕੋਈ ਚਿਣਗ ਪ੍ਰਜੱਵਿਲਤ ਕਰਨੋਂ ਅਸਮਰਥ ਰਹਿੰਦਾ ਹੈ। ਇਹੀ ਕਾਰਣ ਹੈ ਇਸ ਨਾਵਲ ਦੇ ਅਖੀਰਲੇ ਕਾਂਡ ਵਿਦ ਉਸ ਲਈ ਸਾਰੀਆਂ ਦਿਸ਼ਾਵਾਂ ਖੋ ਜਾਂਦੀਆਂ ਹਨ। ਉਸਦੀਆਂ ਪ੍ਰਾਪਤੀਆਂ ਅਤੇ ਸਫਲਤਾਵਾਂ ਦੇ ਸਾਰੇ ਕਲਸ ਇਕੋ ਝਟਕੇ ਵਿਚ ਖੰਡ-ਖੰਡ ਹੋ ਜਾਂਦੇ ਹਨ ਅਤੇ ਮਹੱਤ੍ਵਾਕਾਂਖਿਆਂ ਦੀ ਪੁਸ਼ਟੀ ਲਈ ਕੀਤੇ ਆਪਣੇ ਸਾਰੇ ਪ੍ਰਯਤਨ ਉਸਨੂੰ ਮਿਥਿਆ ਅਤੇ ਅਰਥਹੀਣ ਦਿਖਾਈ ਦੇਣ ਲੱਗਦੇ ਹਨ।

ਇਸ ਤਰ੍ਹਾਂ ਸਵਰਨ ਚੰਦਨ ਨੇ ਇੰਗਲੈਂਡ ਜਾ ਕੇ ਵੱਸੇ ਪੰਜਾਬੀਆਂ ਦੀ ਪਰਿਵਾਰਿਕ ਜ਼ਿੰਦਗੀ ਨੂੰ ਉਥੋਂ ਦੇ ਸਾਂਸਕ੍ਰਿਤਿਕ ਪਰਿਵੇਸ਼ ਦੇ ਸੰਦਰਭ ਵਿਚ ਰੱਖਕੇ ਵਿਸ਼ਲੇਸ਼ਣ ਦਾ ਮਾਧਿਅਮ ਬਣਾਇਆ ਹੈ। ਉਸਦੇ ਸ਼ਬਦਾਂ ਵਿਚ "ਕੱਚੇ ਘਰ" ਉਹ ਸਮਾਜਕ ਆਰਥਿਕ ਕੀਮਤਾਂ ਹਨ ਕੋ ਬਲਦੇਵ, ਮਨਜੀਤ ਅਤੇ ਇਹਨਾਂ ਵਰਗੇ ਹੋਰ ਹਜ਼ਾਰਾਂ ਲੋਕ ਪੰਜਾਬ ਦੇ ਪਿੰਡਾਂ 'ਚੋਂ ਆਪਣੇ ਨਾਲ ਇੰਗਲੈਂਡ ਲੈ ਕੇ ਆਏ ਹਨ ਅਤੇ ਇਹਨਾਂ ਕੀਮਤਾਂ ਨੂੰ ਪੂਰਣ ਵਿਕਸਿਤ ਪੂੰਜੀਵਾਦੀ ਸੱਨਅਤ ਨੇ ਕਿਵੇਂ ਢਾਹ ਲਾਈ ਹੈ ਅਤੇ ਇਹਦੇ ਸਿੱਟੇ ਕੀ ਨਿਕਲੇ ਹਨ, ਦਾ ਅਧਿਐਨ ਹੀ ਇਸ ਨਾਵਲ ਦਾ ਖੇਤਰ ਹੈ।" ਭੂਮਿਕਾ ਵਜੋਂ ਲਿਖੇ ਇਨ੍ਹਾਂ ਸ਼ਬਦਾਂ ਵਿਚ ਸਵਰਨ ਚੰਦਨ ਆਪਣੇ ਜਿਸ ਪ੍ਰਾਜੈਕਟ ਦੀ ਘੋਸ਼ਣਾ ਕਰਦਾ ਹੈ, ਨਾਵਲ ਦਾ ਕੱਥ ਉਸ ਨਾਲ ਪੂਰਾ-ਪੂਰਾ ਇਨਸਾਫ਼ ਨਹੀਂ ਕਰ ਸਕਿਆ। ਇਹ ਨਾਵਲ ਹਜ਼ਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਜਾਬੀਆਂ ਦੀ ਤਰਜ਼-ਜ਼ਿੰਦਗੀ ਨੂੰ ਬਿਆਨ ਨਹੀਂ ਕਰ ਸਕਿਆ। ਇਸ ਨਾਵਲ ਵਿਚ ਤਾਂ ਰੇਸ਼ਮ, ਮਹਿਮੂਦ, ਅਰਜਨ ਗੁਰਨੇਕ, ਸ਼ਰਮਾ, ਕੁਲਤਾਰ ਅਤੇ ਦੇਬੋ ਵਰਗੇ ਪ੍ਰਤਿਨਿਧ ਪਾਤਰਾਂ ਦੀ ਜ਼ਿੰਦਗੀ ਦੇ ਬੜੇ ਇਕਹਿਰੇ ਅਤੇ ਮਕੈਨੀਕਲ ਧਰਾਤਲ ਦ੍ਰਿਸ਼ਟੀਗੋਚਰ ਹੁੰਦੇ ਹਨ। ਪਰ ਸ਼ਾਇਦ ਇਹ ਸਾਰਾ ਕੁਝ ਇਕ ਨਾਵਲ ਦੀ ਫ਼ਾਰਮ ਵਿਚ ਸੁਯੋਜਿਤ ਅਤੇ ਸੁਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਸਵਰਨ ਚੰਦਨ ਆਪ ਮੰਨਦਾ ਹੈ, "ਪੰਜਾਬ ਦੇ ਪਿੰਡਾਂ ਤੋਂ ਆਏ ਮਧਵਰਗੀ ਲੋਕਾਂ ਦੀ ਦੰਪਤੀ ਸੰਬੰਧਾਂ ਵਿਚ ਜੋ ਤਰੇੜਾਂ ਉਤਪੰਨ ਹੋਈਆਂ ਹਨ, ਇਨ ਨਾਵਲ ਉਨ੍ਹਾਂ ਨੂੰ ਰੇਖਾਂਕਿਤ ਕਰਨ ਦਾ ਇਕ ਉਪਰਾਲਾ ਮਾਤਰ ਹੈ। ਵਲੈਤ ਦੇ ਭਾਰਤੀ ਭਾਈਚਾਰੇ ਵਿਚ ਬਦਲ ਰਹੇ ਰਿਸ਼ਤਿਆਂ ਦੀ ਸਮੁੱਚਤਾ ਕਿਸੇ ਇਕ ਨਾਵਲ ਦਾ ਵਿਸ਼ੈ ਨਹੀਂ; ਬਲਕਿ ਇਕੱਲੇ ਇਕੱਲੇ ਰਿਸ਼ਤੇ ਨੂੰ ਨਿਰੂਪਤ ਕਰਨ ਲਈ ਅਜੇਹੇ ਯਤਨਾਂ ਦਾ ਮਤਵਾਤਰ ਸਿਲਸਿਲਾ ਲੋੜੀਂਦਾ ਹੈ।

ਇਸੇ ਕਾਰਣ ਆਪਣੇ ਇਸ ਪੱਤਰ ਵਿਚ ਮੈਂ "ਕੱਚੇ ਘਰ" ਨੂੰ ਬਲਦੇਵ ਦੀ ਮਹੱਤ੍ਵਾਕਾਂਖਿਆ ਅਤੇ ਹਉਮੈ ਦੇ ਪਤਨ ਦੀ ਤ੍ਰਾਸਦੀ ਦਾ ਨਾਮ ਦਿੱਤਾ ਹੈ। ਇਹ ਨਾਵਲ ਇਕ ਮਾਈਕਰੋ-ਸਟੱਡੀ ਹੈ ਜਿਸਦੇ ਮਾਧਿਅਮ ਦੁਆਰਾ ਅਸੀਂ ਇੰਗਲੈਂਡ ਵਿਚ ਰਹਿਣ ਵਾਲੇ ਬਾਕੀ ਪੰਜਾਬੀਆਂ ਦੀ ਪਰਿਵਾਰਿਕ-ਸਭਿਆਚਾਰਕ ਜ਼ਿੰਦਗੀ ਦੀ ਵਿਉਂਤ ਵੀ ਸਮਝ-ਸਮਝਾ ਸਕਦੇ ਹਾਂ। ਮੇਰਾ ਇਹ ਵੀ ਵਿਸ਼ਵਾਸ ਹੈ ਕਿ ਇੰਗਲੈਂਡ ਵਰਗੇ ਪੂੰਜੀਵਾਦੀ ਦ੍ਰਿਸ਼ਟੀ ਤੋਂ ਵਿਕਸਿਤ ਦੇਸ਼ਾਂ ਵਿਚ ਇਹੋ ਜਿਹੀਆਂ ਪਰਿਵਾਰਿਕ-ਸਭਿਆਚਾਰਕ ਸਮੱਸਿਆਵਾਂ ਕੇਵਲ ਉਨ੍ਹਾਂ ਦੇਸ਼ਾਂ ਦੇ ਬੰਦਿਆਂ ਸਾਹਵੇਂ ਦਰਪੇਸ਼ ਹੁੰਦੀਆਂ ਹਨ ਜਿਹੜੇ ਪਹਿਲਾਂ ਅਜਿਹੇ ਦੇਸ਼ਾਂ ਦੀਆਂ ਕਾਲੋਨੀਜ਼ ਰਹਿ ਚੁਕੇ ਹਨ। ਬਾਹਰ ਜਾਕੇ ਅਜਿਹੇ ਸ਼ਖਸ ਹੀ ਆਪਣੀ ਸੰਸਕ੍ਰਿਤੀ ਪ੍ਰਤੀ ਹੀਣ-ਭਾਵਨਾ ਦਾ ਸ਼ਿਕਾਰ ਹੁੰਦੇ ਹਨ ਅਤੇ ਇਸ ਭਾਵਨਾ ਵਿਚੋਂ ਨਿਕਲਣ ਲਈ ਪਤਨੀ ਆਪਣੀ ਉੱਚਤਾ, ਸੱਤਾ ਅਤੇ ਸਮਰੱਥਾ ਦੇ ਪ੍ਰਤੀਕ ਵਜੋਂ ਵਰਤਣ ਦਾ ਗ਼ਲਤ ਫੈਸਲਾ ਕਰਦੇ ਹਨ। ਇਹ ਫੈਸਲਾ ਹੀ ਅਜਿਹੇ ਵਿਅਕਤੀਆਂ ਦੀ ਪਰਿਵਾਰਿਕ ਜ਼ਿੰਦਗੀ ਦੇ ਵਿਨਾਸ਼ ਦਾ ਕਾਰਣ ਬਣਦਾ ਹੈ। ਅਜਿਹੀਆਂ ਰਚਨਾਵਾਂ ਜਿਥੇ ਇੰਗਲੈਂਡ ਜਾਕੇ ਵੱਸੇ ਭਾਰਤੀਆਂ ਨੂੰ ਆਪਣੀ ਪਰਿਵਾਰਿਕ ਜ਼ਿੰਦਗੀ ਦੇ ਪੁਨਰ ਵਿਸ਼ਲੇਸ਼ਣ ਲਈ ਅਨੁਪ੍ਰੇਰਿਤ ਕਰਨਗੀਆਂ, ਉਥੇ ਸਾਡੇ ਲਈ ਸਾਂਸਕ੍ਰਿਤਿਕ ਰੂਪਾਂਤਰਣ ਦੇ ਨਵੇਂ ਦਿਸਹੱਦੇ ਖੋਲ੍ਹਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਕੱਚੇ ਘਰ' ਦਾ ਗਲਪ-ਜਗਤ

—ਜਗਬੀਰ ਸਿੰਘ

ਸਵਰਨ ਚੰਦਨ ਪੰਜਾਬੀ ਦੇ ਉਹਨਾਂ ਪ੍ਰਵਾਸੀ ਲੇਖਕਾਂ ਵਿਚੋਂ ਹੈ ਜਿਹਨਾਂ ਨੇ ਆਪਣੇ ਪ੍ਰਵਾਸੀ ਜੀਵਨ ਦੀ ਬਹੁ-ਪਾਸਾਰੀ ਹੋਂਦ-ਅਵਸਥਾ ਨੂੰ ਗਲਪੀ ਬਿਰਤਾਂਤ ਦੇ ਕਲਾਤਮਕ ਸੰਗਠਨ ਵਿਚ ਢਾਲ ਕੇ ਸਮਕਾਲੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਚਰਚਾਯੋਗ ਥਾਂ ਬਣਾ ਲਈ ਹੈ। ਨਾਵਲ 'ਕੱਚੇ ਘਰ' ਇਸ ਲੇਖਕ ਦੀ ਅਜਿਹੀ ਹੀ ਇਕ ਪ੍ਰਤੀਨਿਧ ਰਚਨਾ ਮੰਨੀ ਜਾ ਸਕਦੀ ਹੈ। ਇਸ ਨਾਵਲ ਦੇ ਗਲਪ-ਜਗਤ ਦਾ ਅਧਿਐਨ-ਵਿਸ਼ਲੇਸ਼ਣ ਕਰਨਾ ਇਸ ਅਧਿਐਨ ਦਾ ਮੁਖ ਉਦੇਸ਼ ਹੈ। ਆਪਣੀ ਵਿਚਾਰ-ਅਧੀਨ ਰਚਨਾ ਨਾਲ ਸਮੀਖਿਆਆਤਮਕ ਸਰੋਕਾਰ ਜੋੜਨ ਤੋਂ ਪਹਿਲਾਂ ਨਾਵਲ ਦੀ ਰੂਪ-ਵਿਧੀ ਅਤੇ ਅਧਿਅਨ-ਵਿਧੀ ਦੇ ਸਿੱਧਾਂਤਕ ਪ੍ਰਸੰਗ ਦਾ ਸਪੱਸ਼ਟੀਕਰਣ ਜ਼ਰੂਰੀ ਪ੍ਰਤੀਤ ਹੁੰਦਾ ਹੈ।

ਨਾਵਲ, ਆਧੁਨਿਕ ਕਾਲ ਵਿਚ ਵਿਕਸਿਤ ਹੋਇਆ ਅਜਿਹਾ ਸਾਹਿਤ-ਰੂਪ ਹੈ ਜੋ ਮਨੁੱਖੀ ਜੀਵਨ ਦੇ ਯਥਾਰਥ ਨੂੰ ਗਲਪੀ ਬਿਰਤਾਂਤ ਦੇ ਸੰਗਠਿਤ ਪ੍ਰਬੰਧ ਵਿਚ ਢਾਲਣ ਦਾ ਉਪਰਾਲਾ ਕਰਦਾ ਹੈ। ਨਾਵਲਕਾਰ ਯਥਾਰਥ ਦੀ ਵਾਸਵਿਕਤਾ ਨੂੰ ਆਪਣੀ ਚੇਤਨਾ ਅਤੇ ਸੰਵੇਦਨਾ ਦੇ ਅਨੁਰੂਪ ਗ੍ਰਹਿਣ ਕਰਦਾ ਹੋਇਆ ਉਸ ਦਾ ਗਲਪੀ ਬਿੰਬ ਉਸਾਰਨ ਵਲ ਰੁਚਿਤ ਹੁੰਦਾ ਹੈ। ਇਸ ਮੰਤਵ ਦੀ ਪੂਰਤੀ ਲਈ ਉਹ ਨਾਵਲ ਦੀ ਰੂਪ-ਵਿਧੀ ਦੇ ਪ੍ਰਚਲਿਤ ਸਿਰਜਨਾਤਮਕ ਪ੍ਰਤਿਮਾਨਾਂ ਅਤੇ ਰਚਨਾ-ਜੁਗਤਾਂ ਨਾਲ ਸਰੋਕਾਰ ਜੋੜਦਾ ਹੈ। ਇਉਂ ਨਾਵਲ ਦੀ ਸਿਰਜਣ-ਪ੍ਰਕਿਰਿਆ ਦੇ ਦੋ ਮੂਲ ਧੁਰੇ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਜੇ ਇਸ ਦਾ ਇਕ ਧੁਰਾ ਯਥਾਰਥ ਦੇ ਪ੍ਰਤੱਖਣ ਅਤੇ ਪ੍ਰਗਟਾਵੇ ਨਾਲ ਸੰਬੰਧਿਤ ਹੈ ਤਾਂ ਦੂਸਰਾ ਧੁਰਾ ਬਿਰਤਾਂਤਕ ਸੰਗਠਨ ਦੀਆਂ ਜੁਗਤਾਂ ਅਤੇ ਰੂੜ੍ਹੀਆਂ ਵਲ ਸੰਕੇਤ ਕਰਦਾ ਹੈ। ਇਹਨਾਂ ਦੋਹਾਂ ਸਿਰਜਨਾਤਮਕ ਧੁਰਿਆਂ ਦੇ ਪਰਸਪਰ ਸਹਿਯੋਗ ਅਤੇ ਸੰਬੰਧ ਰਾਹੀਂ ਨਾਵਲ ਦਾ ਗਲਪੀ ਜਗਤ ਹੋਂਦ ਵਿਚ ਆਉਂਦਾ ਹੈ ਜੋ ਇਕੋ ਵੇਲੇ ਸੁਹਜਾਤਮਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਦਾ ਸੰਗਠਨ ਵੀ ਹੁੰਦਾ ਹੈ ਅਤੇ ਯਥਾਰਥ ਬੋਧ ਦਾ ਪ੍ਰਤੀਕਾਤਮਕ ਪ੍ਰਗਟਾਵਾ ਵੀ। ਨਾਵਲ ਦੀ ਉਪਰੋਕਤ ਸਿਰਜਨਾਤਮਕ ਪ੍ਰਕਿਰਤੀ ਨੂੰ ਧਿਆਨ ਵਿਚ ਰਖ ਕੇ ਹੀ ਇਸ ਦੀ ਪ੍ਰਮਾਣਕ ਸਮੀਖਿਆ ਵਿਧੀ ਵਿਕਸਿਤ ਕੀਤੀ ਜਾ ਸਕਦੀ ਹੈ। ਦੂਸਰੇ ਸ਼ਬਦਾਂ ਵਿਚ ਕਿਸੇ ਨਾਵਲੀ ਰਚਨਾ ਦਾ ਉਚਿਤ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਲਈ ਉਸ ਵਿਚਲੇ ਮੂਲ ਸਿਰਜਨਾਤਮਕ ਧੁਰਿਆਂ ਨੂੰ ਸੰਤੁਲਿਤ ਦ੍ਰਿਸ਼ਟੀ ਦੇ ਘੇਰੇ ਵਿਚ ਰਖ ਕੇ ਵਿਚਾਰਨਾ ਪਵੇਗਾ। ਨਾਵਲ ਦੀ ਇਹ ਸਮੀਖਿਆ-ਵਿਧੀ ਜਿਥੇ ਇਕ ਪਾਸੇ ਰਚਨਾ ਦੇ ਬਿਰਤਾਂਤਕ ਸੰਗਠਨ ਅਤੇ ਸੁਹਜਾਤਮਕ ਰੂਪ ਦੀਆਂ ਸਿਰਜਣਕਾਰੀ ਜੁਗਤਾਂ ਅਤੇ ਰੂੜ੍ਹੀਆਂ ਦੇ ਵਿਸ਼ਲੇਸ਼ਣ ਵਲ ਰੁਚਿਤ ਹੁੰਦੀ ਹੈ ਉਥੇ ਇਹ ਰਚਨਾ ਦੇ ਗਲਪੀ ਜਗਤ ਵਿਚ ਪ੍ਰਤੀਬਿੰਬਤ ਹੋ ਰਹੇ ਯਥਾਰਥ ਦੇ ਪ੍ਰਤੀਕਾਤਮਕ ਪਾਸਾਰ ਦੀ ਵਿਆਖਿਆ ਦਾ ਸੁਭਾਉ ਵੀ ਪੇਸ਼ ਕਰਦੀ ਹੈ। ਇਸ ਕਿਸਮ ਦੀ ਨਾਵਲੀ ਸਮੀਖਿਆ-ਵਿਧੀ ਦਾ ਸੰਕਲਪ ਅਜੋਕੇ ਸਮੇਂ ਵਿਕਸਿਤ ਹੋਈ ਰੂਪਵਾਦੀ-ਸੰਰਚਨਾਵਾਦੀ ਵਿਧੀ ਅਤੇ ਪਰੰਪਰਕ ਵਸਤੂ ਆਧਾਰਿਤ ਵਿਆਖਿਆ ਵਿਧੀ ਦੇ ਉਤਰ-ਪ੍ਰਤਿਉਤਰ ਵਿਚੋਂ ਉਭਰ ਕੇ ਸਾਹਮਣੇ ਆਉਂਦਾ ਹੈ, ਜੋ ਦੋਹਾਂ ਦੇ ਉਲਾਰ ਅਤੇ ਇਕ-ਪੱਖੀ ਝੁਕਾਉ ਨੂੰ ਸੰਤੁਲਿਤ ਕਰਨ ਦੀ ਚੇਸ਼ਟਾ ਦਾ ਪਰਿਣਾਮ ਹੈ।

ਨਾਵਲੀ ਸਿਰਜਣਾ ਅਤੇ ਸਮੀਖਿਆ ਦੇ ਸਿੱਧਾਂਤਕ ਪ੍ਰਸੰਗ ਦਾ ਸਪੱਸ਼ਟੀਕਰਣ ਕਰਨ ਲਈ ਛੇੜੀ ਗਈ ਉਪਰੋਕਤ ਚਰਚਾ ਦੀ ਰੌਸ਼ਨੀ ਵਿਚ ਅਸੀਂ ਆਪਣੇ ਵਿਚਾਰ ਅਧੀਨ ਵਿਸ਼ੇ ਦੇ ਅਧਿਐਨ ਨੂੰ ਲੋੜੀਂਦੀ ਦਿਸ਼ਾ ਅਤੇ ਸੇਧ ਪ੍ਰਦਾਨ ਕਰ ਸਕਦੇ ਹਾਂ।

ਨਾਵਲ 'ਕੱਚੇ ਘਰ' ਦਾ ਕਾਰਜ ਖੇਤਰ ਪੰਜਾਬ ਦੇ ਇਕ ਸਾਧਾਰਨ ਪਿੰਡ ਤੋਂ ਲੈ ਕੇ ਬਰਤਾਨੀਆਂ ਦੇ ਅੱਤ ਵਿਕਸਿਤ ਮਹਾਂਨਗਰ ਤਕ ਫੈਲਿਆ ਹੋਇਆ ਹੈ। ਇਸ ਦੀ ਕਥਾ-ਸਾਮਗ੍ਰੀ ਮੂਲ ਰੂਪ ਵਿਚ ਇਸ ਵਿਚਲੇ ਦੋ ਮੁੱਖ-ਪਾਤਰਾਂ (ਬਲਦੇਵ ਅਤੇ ਮਨਜੀਤ) ਦੀ ਸਥਿਤੀ ਅਤੇ ਗਤੀ-ਵਿਧੀ ਨਾਲ ਸੰਬੰਧ ਰਖਦੀ ਹੈ। ਨਾਵਲ ਦੇ ਮੁਢਲੇ ਦੋ ਕਾਂਡ ਇਹਨਾਂ ਦੋਹਾਂ ਪਾਤਰਾਂ ਦੀ ਸਥਿਤੀ ਅਤੇ ਜੀਵਨ-ਵਿਧੀ ਦਾ ਪਰਿਚਯ ਦਿੰਦੇ ਹਨ। ਜਿਥੇ ਇਹਨਾਂ ਨੂੰ ਆਪੋ ਆਪਣੇ ਘਰ ਪਰਿਵਾਰ ਦੇ ਮਾਹੌਲ ਵਿਚ ਵਿਚਰਦੇ ਹੋਏ ਦਰਸਾਇਆ ਗਿਆ ਹੈ। ਬਲਦੇਵ ਇਕ ਸਾਧਾਰਨ ਕਿਸਾਨ ਪਰਿਵਾਰ ਦਾ ਮੈਂਬਰ ਹੈ ਜੋ ਬੀ. ਏ. ਬੀ. ਟੀ. ਕਰ ਕੇ ਸਕੂਲ ਮਾਸਟਰ ਲਗਿਆ ਹੋਇਆ ਹੈ। ਉਸ ਦਾ ਵੱਡਾ ਭਰਾ ਬਿਸ਼ਨਾ ਘਰ ਦੀ ਆਰਥਿਕ ਤੰਗੀ ਕਾਰਨ ਛੋਟੀ ਉਮਰ ਤੋਂ ਹੀ ਆਪਣੇ ਪਿਤਾ ਨਾਲ ਖੇਤੀ ਬਾੜੀ ਵਿਚ ਹੱਥ ਵਟਾਉਣ ਲਗ ਪਿਆ ਸੀ ਅਤੇ ਖੁਦ ਪੜ੍ਹਾਈ ਤੋਂ ਵਾਂਝਾ ਰਹਿ ਕੇ ਆਪਣੇ ਛੋਟੇ ਭਰਾ ਬਲਦੇਵ ਨੂੰ ਪੜਾ ਲਿਖਾ ਕੇ ਕੁਝ ਬਣਾਉਣਾ ਲੋਚਦਾ ਹੈ। ਬਲਦੇਵ ਦੀ ਤਨਖਾਹ ਇਸ ਪਰਿਵਾਰ ਨੂੰ ਲੋੜੀਂਦੀ ਆਰਥਿਕ ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਇਉਂ ਇਹ ਪਰਿਵਾਰ ਆਰਥਿਕ ਤੰਗੀ ਦੇ ਬਾਵਜੂਦ ਸਦੀਆਂ ਤੋਂ ਤੁਰੀ ਆ ਰਹੀ ਸਾਂਝੀ ਪਰਿਵਾਰਕ ਬਣਤਰ ਦੀ ਸਵੈ-ਸੰਤੁਸ਼ਟਤਾ ਵਿਚ ਵਿਚਰਦਾ ਹੈ। ਬਲਦੇਵ ਦਾ ਵਿਆਹ ਨਿਸ਼ਚਿਤ ਹੋ ਚੁਕਿਆ ਹੈ ਜਿਸ ਦੇ ਉਮਾਹ ਵਿਚ ਘਰ ਦੇ ਸਾਰੇ ਜੀਅ ਗੜੂੰਦ ਹੋਏ ਫਿਰਦੇ ਹਨ। ਇਸ ਤੋਂ ਬਿਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਦਾ ਸਾਰਾ ਭਾਈਚਾਰਾ ਵੀ ਇਸ ਘਟਨਾ ਨੂੰ ਸਾਂਝੀ ਖੁਸ਼ੀ ਦੇ ਮੌਕੇ ਵਾਂਗ ਉਡੀਕਦਾ ਹੈ। ਨਾਵਲਕਾਰ ਨੇ ਵਿਆਹ ਦੀ ਇਸ ਘਟਨਾ ਨੂੰ ਰਚਨਾ ਦੇ ਪ੍ਰਮੁਖ ਬਿਰਤਾਂਤਕ ਮੋਟਿਫ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਵਲ ਦੀਆਂ ਮੁੱਢਲੀਆਂ ਪੰਗਤੀਆਂ ਹੀ ਇਸੇ ਮੋਟਿਫ ਨੂੰ ਅਗਰਭੂਮੀ ਵਿਚ ਲਿਆ ਖੜਾ ਕਰਦੀਆਂ ਹਨ 'ਕਿੱਦਾਂ ਮਾਸ਼ਟਰਾ-ਹਾਨੂੰ ਨ੍ਹੀਂ ਜੰਞ ਵਖੌਣੀ ਆਪਣੀ ?' ਬਲਦੇਵ ਦੇ ਚਚੇਰੇ ਭਰਾ ਰੱਤੂ-ਖੁੱਚਲ ਦਾ ਇਹ ਸੰਵਾਦੀ ਟੋਟਾ ਹੀ ਨਾਵਲ ਦਾ ਮੁੱਢ ਬੰਨ੍ਹਦਾ ਹੈ। ਵਿਆਹ ਬਲਦੇਵ ਦਾ ਹੋਣਾ ਹੈ ਪਰ ਜੰਞ ਵੇਖਣ ਦਾ ਚਾਅ ਰੱਤੂ ਨੂੰ ਹੈ। ਇਹ ਸਥਿਤੀ ਭਾਈਚਾਰਕ ਸਾਂਝ ਨੂੰ ਪ੍ਰਤੀਕਮਾਨ ਕਰਦੀ ਹੈ ਜਿਸ ਦਾ ਭਰਪੂਰ ਵੇਰਵਾ ਇਸ ਪ੍ਰਥਮ ਕਾਂਡ ਵਿਚ ਪ੍ਰਸਤੁਤ ਕੀਤਾ ਗਿਆ ਹੈ।

ਦੂਸਰੇ ਕਾਂਡ ਵਿਚ ਮਨਜੀਤ ਦੇ ਘਰ ਪਰਿਵਾਰ ਦਾ ਚਿਤਰਣ ਹੈ। ਮਨਜੀਤ ਵੀ ਬਲਦੇਵ ਵਾਂਗ ਹੀ ਇਕ ਸਾਧਾਰਨ ਕਿਸਾਨ ਪਰਿਵਾਰ ਦੀ ਧੀ ਹੈ। ਇਹ ਸਕੂਲ ਦੀ ਪੜ੍ਹਾਈ ਖਤਮ ਕਰ ਕੇ ਕਾਲਜ ਦਾਖਲ ਹੋ ਜਾਂਦੀ ਹੈ ਅਤੇ ਇਸ ਦੇ ਮਾਪਿਆਂ ਨੂੰ ਇਸ ਲਈ ਕਿਸੇ ਪੜ੍ਹੇ ਲਿਖੇ ਵਰ ਦੀ ਤਲਾਸ਼ ਹੈ। ਬਲਦੇਵ ਨਾਲ ਇਸ ਦਾ ਰਿਸ਼ਤਾ ਪੱਕਾ ਹੋ ਜਾਂਦਾ ਹੈ ਅਤੇ ਇਹ ਆਪਣੇ ਬਣਨ ਵਾਲੇ ਪਤੀ ਦੇ ਸੁਪਨਿਆਂ ਵਿਚ ਮਗਨ ਹੈ। ਇਥੇ ਵੀ ਲੇਖਕ ਨੇ ਵਿਆਹ ਦੇ ਮੋਟਿਫ ਨੂੰ ਹੀ ਅਗਰਭੂਮੀ ਵਿਚ ਰਖ ਕੇ ਪੇਸ਼ ਕੀਤਾ ਹੈ। ਕਾਂਡ ਦੇ ਆਰੰਭ ਵਿਚ ਹੀ ਮਨਜੀਤ ਨੂੰ ਆਪਣੇ ਅਣਦੇਖੇ ਪਤੀ ਦਾ ਕਿਆਸ ਕਰਦਿਆਂ ਦਰਸਾਇਆ ਗਿਆ ਹੈ। ਉਹ ਆਪਣੇ ਬਾਲਪਨ ਵਿਚ ਬਣਾਏ ਹੋਏ ਲਾੜੇ ਲਾੜੀ ਦੇ ਲਕੀਰ-ਚਿੱਤਰ ਦੇਖ ਕੇ ਆਪਣੇ ਪਤੀ ਦੇ ਨਕਸ਼ ਚਿਤਾਰ ਰਹੀ ਹੈ।

ਬਲਦੇਵ ਅਤੇ ਮਨਜੀਤ ਦੇ ਵਿਆਹ-ਬੰਧਨ ਤੋਂ ਬਾਦ ਇਹਨਾਂ ਦੀ ਪਰਸਪਰ ਸਾਂਝ ਭਰੀ ਜ਼ਿੰਦਗੀ ਦਾ ਆਰੰਭ ਹੁੰਦਾ ਹੈ। ਪਰੰਪਰਕ ਵਿਆਹ ਪ੍ਰਥਾ ਇਹਨਾਂ ਦੋ ਵਿਅਕਤੀਆਂ ਨੂੰ ਇਸਤਰੀ-ਮਰਦ ਦੇ ਅੰਤਰੰਗ ਰਿਸ਼ਤੇ ਵਿਚ ਜੋੜ ਦਿੰਦੀ ਹੈ ਅਤੇ ਇਹ ਰਿਸ਼ਤਾ ਇਕ ਦੂਸਰੇ ਦੇ ਸੁਹੱਪਣ ਅਤੇ ਚੰਗਿਆਈ ਨਾਲ ਭਾਵੁਕ ਸਾਂਝ ਵਿਚ ਢਲਦਾ ਹੈ ਅਤੇ ਫੇਰ ਪੁੱਤਰ (ਨਵਦੀਪ) ਦੇ ਜਨਮ ਨਾਲ ਪੱਕਾ-ਪੀਡਾ ਹੋ ਜਾਂਦਾ ਹੈ। ਪ੍ਰਥਮ ਮਿਲਨ ਦੇ ਰੋਮਾਂਸ ਨੂੰ ਕਾਇਮ ਰਖਣ ਲਈ ਇਕ ਦੂਸਰੇ ਤੋਂ ਪ੍ਰਾਪਤ ਹੋਣ ਵਾਲੀ ਜਜ਼ਬਾਤੀ ਸੰਤੁਸ਼ਟੀ ਵਿਚ ਗੜ੍ਹੂੰਦ ਰਹਿਣ ਲਈ ਇਹ ਦੋਵੇਂ ਸੰਯੁਕਤ ਪਰਿਵਾਰ ਤੋਂ ਵਖ ਹੋ ਕੇ ਰਹਿਣਾ ਲੋਚਦੇ ਹਨ ਅਤੇ ਸ਼ਹਿਰ ਦੀ ਬਸਤੀ ਵਿਚ ਆਪਣਾ ਘਰ ਵਸਾਉਂਦੇ ਹਨ। ਇਥੇ ਇਕ ਵਿਅਕਤੀ-ਪਰਿਵਾਰ ਵਾਂਗ ਰਹਿੰਦੇ ਹੋਏ ਵੀ ਇਹ ਸਾਂਝੇ ਪਰਿਵਾਰ ਦੇ ਸੁਪਨੇ ਨਾਲ ਜੁੜੇ ਰਹਿੰਦੇ ਹਨ। ਗਲੀ ਮੁਹੱਲੇ ਦੇ ਲੋਕਾਂ ਨਾਲ ਇਹ ਮੂੰਹ-ਬੋਲੇ ਪਰਿਵਾਰਕ ਰਿਸ਼ਤੇ ਸਿਰਜ ਲੈਂਦੇ ਹਨ ਜੋ ਇਹਨਾਂ ਲਈ ਸਾਂਝੇ ਪਰਿਵਾਰ ਦਾ ਬਦਲ ਪੇਸ਼ ਕਰਦੇ ਹਨ। ਇਉਂ ਨਾਵਲ ਵਿਚ ਇਹਨਾਂ ਪਾਤਰਾਂ ਦਾ ਪਿੰਡ ਤੋਂ ਸ਼ਹਿਰ ਜਾ ਵਸਣਾ ਨਿਰਾ ਸਥਾਨ-ਪਰਿਵਰਤਨ ਨਹੀਂ ਸਗੋਂ ਸਥਿਤੀ-ਪਰਿਵਰਤਨ ਵੀ ਹੈ। ਭਾਵੇਂ ਇਹ ਸਥਿਤੀ-ਪਰਿਵਰਤਨ ਕਿਸੇ ਮਾਨਸਿਕ ਜਾਂ ਭਾਵੁਕ ਸੰਕਟ ਨੂੰ ਪੈਦਾ ਨਹੀਂ ਕਰਦਾ ਕਿਉਂ ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਪਾਤਰ ਮਾਤਾ ਪਰਿਵਾਰ ਨਾਲ ਸਥਾਨ ਵਿਚ ਵਖ ਰਹਿ ਕੇ ਵੀ ਮਾਨਸਿਕ ਧਰਾਤਲ ਉਤੇ ਜੁੜੇ ਰਹਿੰਦੇ ਹਨ।

ਇਸ ਤੋਂ ਉਪਰੰਤ ਨਾਵਲ ਵਿਚ ਮੂਲ ਗਤੀਸ਼ੀਲ ਮੋਟਿਫ ਪੇਸ਼ ਹੁੰਦਾ ਹੈ। ਇਹ ਮੋਟਿਫ ਇਹਨਾਂ ਦੋਹਾਂ ਪਾਤਰਾਂ ਦੇ ਦੇਸ਼ ਪਰਿਵਰਤਨ ਨਾਲ ਸੰਬੰਧਿਤ ਹੈ। ਪਹਿਲੋਂ ਬਲਦੇਵ ਅਤੇ ਮਗਰੋਂ ਮਨਜੀਤ ਬਰਤਾਨੀਆਂ ਦੇ ਇਕ ਮਹਾਂਨਗਰ ਵਿਚ ਜਾ ਕੇ ਰਹਿਣ ਲਗ ਪੈਂਦੇ ਹਨ। ਨਾਵਲ ਵਿਚ ਇਸ ਸਥਾਨ-ਬਦਲੀ ਦਾ ਮੁਖ ਕਾਰਨ ਬਲਦੇਵ ਦੀ ਆਰਥਿਕ ਖੁਸ਼ਹਾਲੀ ਦਾ ਸੁਪਨਾ ਦਸਿਆ ਗਿਆ ਹੈ। ਉਹ ਆਪਣੀ ਸਕੂਲ ਮਾਸਟਰ ਦੀ ਨਿਗੂਣੀ ਆਰਥਿਕ ਦਸ਼ਾ ਨੂੰ ਸੁਧਾਰਨ ਲਈ ਵਿਦੇਸ਼ਾਂ ਵਿਚ ਮਿਲਦੀ ਚੋਖੀ ਤਨਖਾਹ ਉਪਰ ਟੇਕ ਲਾਉਂਦਾ ਹੈ ਅਤੇ ਆਪਣੇ ਦੋਸਤ ਸੁਖਦੇਵ ਦੀ ਸਹਾਇਤਾ ਨਾਲ ਇੰਗਲੈਂਡ ਪਹੁੰਚ ਜਾਂਦਾ ਹੈ ਅਤੇ ਥੋੜਾ ਚਿਰ ਬਾਦ ਮਨਜੀਤ ਤੇ ਨਵਦੀਪ ਨੂੰ ਵੀ ਆਪਣੇ ਕੋਲ ਬੁਲਾ ਲੈਂਦਾ ਹੈ।

ਇਹਨਾਂ ਦੋਵਾਂ ਪਾਤਰਾਂ ਦਾ ਦੇਸ਼ ਨੂੰ ਛਡ ਕੇ ਤੁਰ ਜਾਣਾ ਇਹਨਾਂ ਦੀ ਜੀਵਨ-ਵਿਧੀ ਵਿਚ ਵਿਆਪਕ ਕਿਸਮ ਦੇ ਪਰਿਵਰਤਨ ਦਾ ਮੁਢ ਬੰਨ੍ਹ ਦਿੰਦਾ ਹੈ। ਨਾਵਲ ਦਾ ਅਧੇ ਤੋਂ ਰਤਾ ਕੁ ਵੱਧ ਭਾਗ ਇਸੇ ਪਰਿਵਰਤਨ ਦੀ ਕਹਾਣੀ ਹੈ। ਇਹ ਪਰਿਵਰਤਨ ਨਿਰਾ ਭੌਤਿਕ ਸਥਾਨ-ਪਰਿਵਰਤਨ ਨਹੀਂ ਜੋ ਕਿ ਸ਼ਹਿਰ ਤੋਂ ਦੂਸਰੇ ਸ਼ਹਿਰ ਅਥਵਾ ਇਕ ਦੇਸ਼ ਤੋਂ ਦੂਸਰੇ ਦੇਸ਼ ਚਲੇ ਜਾਣ ਦਾ ਸੂਚਕ ਹੈ ਸਗੋਂ ਇਹ ਤਾਂ ਸੰਪੂਰਣ ਸਭਿਆਚਾਰਕ ਮਾਹੌਲ ਦਾ ਪਰਿਵਰਤਨ ਹੈ ਜੋ ਇਕ ਸਮਾਜਕ-ਆਰਥਿਕ ਢਾਂਚੇ ਵਿਚ ਪ੍ਰਵੇਸ਼ ਦਾ ਲਖਾਇਕ ਹੈ। ਪਹਿਲੋਂ ਪਹਿਲ ਇਕੱਲਾ ਬਲਦੇਵ ਹੀ ਕੰਮ ਕਰਦਾ ਹੈ ਅਤੇ ਇਹ ਕਿਰਾਏ ਦੇ ਮਕਾਨ ਵਿਚ ਵੀ ਪਰੰਪਰਕ ਘਰ ਦਾ ਸੰਕਲਪ ਜਿਉਂਦੇ ਹਨ ਜੋ ਉਹਨਾਂ ਦੇ ਅਮ੍ਰਿਤਸਰ ਵਾਲੇ ਕਿਰਾਏ ਦੇ ਘਰ ਵਰਗਾ ਹੀ ਹੈ। ਪਰ ਇਥੇ ਮਹਾਂਨਗਰ ਦਾ ਮਾਹੌਲ ਹੈ ਜਿਥੇ ਉਪ-ਨਗਰ ਦੀ ਭਾਈਚਾਰਕ ਸਾਂਝ ਦੇ ਮੂੰਹ-ਬੋਲੇ ਰਿਸ਼ਤਿਆ ਦੀ ਕੋਈ ਗੁੰਜਾਇਸ਼ ਨਹੀਂ। ਕਿਰਾਏ ਦੇ ਮਕਾਨ ਦੀ ਥਾਂ ਇਹ ਆਪਣਾ ਮਕਾਨ ਖਰੀਦਣ ਦੀ ਯੋਜਨਾ ਬਣਾਉਂਦੇ ਹਨ ਪਰ ਇਸ ਮੰਤਵ ਦੀ ਪੂਰਤੀ ਲਈ ਮਨਜੀਤ ਨੂੰ ਵੀ ਨੌਕਰੀ ਕਰਨੀ ਪੈਂਦੀ ਹੈ। ਮਕਾਨ ਤਾਂ ਇਹ ਆਪਣਾ ਖਰੀਦ ਲੈਂਦੇ ਹਨ ਪਰ ਹੁਣ ਇਨ੍ਹਾਂ ਦੀ ਘਰੋਗੀ ਜ਼ਿੰਦਗੀ ਵਿਚ ਟੁੱਟ-ਭਜ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਟੁੱਟ-ਭਜ ਦਾ ਕਾਰਨ ਦੂਹਰਾ ਹੈ। ਇਕ ਪਾਸੇ ਬਲਦੇਵ ਦਾ ਰਵਾਇਤੀ ਵਤੀਰਾ ਜਿਸ ਦੇ ਅਧੀਨ ਉਹ ਆਪਣੇ ਜਾਗੀਰਦਾਰੀ ਵਿਰਸੇ ਦੀਆਂ ਕਦਰਾਂ ਕੀਮਤਾਂ ਦਾ ਤਿਆਗ ਕਰਨ ਤੋਂ ਅਸਮਰਥ ਹੈ ਅਤੇ ਘਰ ਵਿਚ ਮਰਦ ਦੀ ਸਰਦਾਰੀ ਦਾ ਹਾਮੀ ਹੈ। ਦੂਸਰੇ ਪਾਸੇ ਮਨਜੀਤ ਦੀ ਮਾਨਸਿਕਤਾ ਵਿਚ ਵਾਪਰਨ ਵਾਲਾ ਪਰਿਵਰਤਨ ਹੈ। ਆਰਥਿਕ ਪੱਧਰ ਤੇ ਮਰਦ ਦੇ ਬਰਾਬਰ ਦੀ ਹਿੱਸੇਦਾਰ ਹੋਣ ਕਾਰਨ ਉਹ ਸਮਾਜਕ ਅਤੇ ਵਿਅਕਤੀਗਤ ਪੱਧਰ ਤੇ ਵੀ ਬਰਾਬਰੀ ਦਾ ਦਾਅਵਾ ਕਰਨ ਲਗ ਪੈਂਦੀ ਹੈ। ਇਸ ਨਵੇਂ ਉਪਜੇ ਤਨਾਉ ਕਾਰਨ ਇਹਨਾਂ ਦਾ ਪਰੰਪਰਕ ਘਰ ਦਾ ਸੰਕਲਪ ਵੀ ਹੌਲੀ ਹੌਲੀ ਖੁਰਣ ਲਗਦਾ ਹੈ। ਵਿਅਕਤੀ ਪਰਿਵਾਰ ਦੀ ਥਾਂ ਇਹ ਨਿਰੋਲ ਵਿਅਕਤੀ-ਹੋਂਦ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਤੀ ਤੇ ਅਪੜ ਜਾਂਦੇ ਹਨ। ਪਤੀ-ਪਤਨੀ ਦੇ ਰਵਾਇਤੀ ਰਿਸ਼ਤੇ ਵਿਚ ਤਰੇੜ ਪੈਣ ਦਾ ਮੁੱਖ ਕਾਰਨ ਮਨਜੀਤ ਦੀ ਵਿਕਸਿਤ ਹੋ ਰਹੀ ਸਵੈ-ਚੇਤਨਾ ਹੈ ਜਿਸ ਨੂੰ ਮਰਦ-ਪ੍ਰਧਾਨ ਜਾਗੀਰਦਾਰੀ ਵਿਰਸੇ ਦੀਆਂ ਕਦਰਾਂ ਕੀਮਤਾਂ ਦਾ ਖੋਖਲਾਪਨ ਨਜ਼ਰ ਆਉਣ ਲਗ ਪੈਂਦਾ ਹੈ ਅਤੇ ਉਹ ਆਪਣੇ ਆਪ ਨੂੰ ਇਕ ਵਸਤੂ ਵਾਂਗ ਵਰਤੇ ਜਾਣ ਤੋਂ ਇਨਕਾਰੀ ਹੋ ਜਾਂਦੀ ਹੈ। ਉਸ ਦੀ ਇਹ ਸਵੈ-ਚੇਤਨਾ ਮਾਹੌਲ ਦੇ ਦਬਾਉ ਅਤੇ ਘਰੋਗੀ ਤਨਾਉ ਵਿਚੋਂ ਪੈਦਾ ਹੋਈ ਹੈ। ਉਸ ਨੂੰ ਬਲਦੇਵ ਦੀ ਪਛਾਣ-ਰਹਿਤ ਭਾਵੁਕਤਾ ਸੰਤੁਸ਼ਟ ਨਹੀਂ ਕਰਦੀ ਅਤੇ ਨਾ ਹੀ ਘਰ ਦਾ ਰਵਾਇਤੀ ਸੰਕਲਪ ਸਗੋਂ ਉਹ ਆਪਣੀ ਨਵ-ਜਾਗ੍ਰਿਤ ਸਵੈ-ਚੇਤਨਾ ਦੇ ਹਾਣ ਦਾ ਹੁੰਗਾਰਾ ਲੋਚਦੀ ਹੈ। ਉਧਰ ਬਲਦੇਵ ਨੂੰ ਮਨਜੀਤ ਦਾ ਇਹ ਨਵਾਂ ਰੂਪ ਓਪਰਾ ਲਗਦਾ ਹੈ ਜੋ ਉਸ ਦੀ ਪਰੰਪਰਾਗਤ ਮਰਦ-ਭਾਵਨਾ ਨੂੰ ਠੇਸ ਪਹੁੰਚਾਉਂਦਾ ਹੈ। ਇਉਂ ਇਹਨਾਂ ਦੋਹਾਂ ਪਾਤਰਾਂ ਦੇ ਰਵਾਇਤੀ ਰਿਸ਼ਤੇ ਵਿਚ ਸੰਚਾਰ ਦਾ ਡੂੰਘਾ ਸੰਕਟ ਵਿਆਪਦਾ ਹੈ, ਜੋ ਇਹਨਾਂ ਨੂੰ ਵਖੋ ਵਖਰੇ ਜਜ਼ੀਰਿਆਂ ਵਿਚ ਵੰਡ ਦਿੰਦਾ ਹੈ। ਨਾਵਲ ਦੇ ਅੰਤ ਤੇ ਇਹ ਦੋਵੇਂ ਪਾਤਰ ਆਪੋ ਆਪਣੀ ਵਖਰੀ-ਹਸਤੀ ਅਤੇ ਹੋਂਦ ਦਾ ਤ੍ਰਾਸ ਭੋਗਦੇ ਚਿਤਰੇ ਗਏ ਹਨ। ਪਰ ਜਿਥੇ ਇਹ ਤ੍ਰਾਸ ਬਲਦੇਵ ਦੇ ਮਨ ਵਿਚ ਘਨ-ਵੈਰਾਗ ਉਤਪੰਨ ਕਰਨ ਵਾਲਾ ਹੈ ਉਥੇ ਮਨਜੀਤ ਲਈ ਇਹ ਪਛਾਣ ਉਪਰ ਆਧਾਰਿਤ ਨਵੇਂ ਰਿਸ਼ਤਿਆਂ ਦੀ ਤਲਾਸ਼ ਦਾ ਮਾਰਗ ਖੋਲ੍ਹਣ ਦਾ ਸੁਝਾਉ ਵੀ ਦੇ ਰਿਹਾ ਪ੍ਰਤੀਤ ਹੁੰਦਾ ਹੈ ਜੋ ਪ੍ਰੋਫੈਸਰ ਕੁਲਤਾਰ ਨਾਲ ਉਸ ਦੇ ਨਵੇਂ ਉਸਰ ਰਹੇ ਸੰਬੰਧਾਂ ਰਾਹੀਂ ਜ਼ਾਹਰ ਹੁੰਦਾ ਹੈ। ਇਉਂ ਨਾਵਲਕਾਰ ਨੇ ਆਪਣੀ ਰਚਨਾ ਦਾ ਅੰਤ ਰਵਾਇਤੀ ਢੰਗ ਨਾਲ ਨਹੀਂ ਕੀਤਾ ਜਿਸ ਦੇ ਅੰਤਰਗਤ ਨਾਵਲੀ ਜਗਤ ਵਿਚ ਪੈਦਾ ਹੋਣ ਵਾਲੇ ਵੱਡੇ ਤੋਂ ਵੱਡੇ ਅਸੰਤੁਲਨ ਜਾਂ ਤਨਾਉ ਨੂੰ ਅੰਤ ਉਤੇ ਸੁਲਝਾ ਲਿਆ ਜਾਂਦਾ ਹੈ। ਨਾਵਲ ਦਾ ਇਹ ਖੁਲ੍ਹਾ ਅੰਤ ਜਿਥੇ ਪਾਠਕ ਦੀ ਸੰਵੇਦਨਸ਼ੀਲਤਾ ਨੂੰ ਟੁੰਬਦਾ ਨੂੰ ਅਤੇ ਗਲਪ ਜਗਤ ਦੀ ਸਮੁੱਚੀ ਗਤੀ ਵਿਧੀ ਨੂੰ ਮੋੜਵੀਂ ਝਾਤ ਰਾਹੀਂ ਮੁੜ ਵਿਚਾਰਨ ਦਾ ਸੱਦਾ ਦਿੰਦਾ ਹੈ, ਉਥੇ ਇਹ ਇਸ ਨਾਵਲ ਨੂੰ ਪਰੰਪਰਕ ਨਾਵਲ ਨਾਲੋਂ ਨਿਖੇੜ ਕੇ ਅਜੋਕੇ ਸਮੇਂ ਵਿਕਸਿਤ ਹੋ ਰਹੀਆਂ ਪਾਰ-ਨਾਵਲੀ ਲਿਖਤਾਂ ਦੀ ਕਤਾਰ ਵਿਚ ਲਿਆ ਖਲਾਰਦਾ ਹੈ।

ਨਾਵਲ ਦੀ ਕਥਾ ਸਾਮਗ੍ਰੀ ਦੇ ਇਸ ਸੰਖਿਪਤ ਵਿਸ਼ਲੇਸ਼ਣ ਤੋਂ ਇਸ ਬਿਰਤਾਂਤਕ ਸੰਗਠਨ ਦੀ ਰੂਪ ਰੇਖਾ ਉਘੜ ਕੇ ਸਾਹਮਣੇ ਆਉਂਦੀ ਹੈ। ਮੂਲ ਰੂਪ ਵਿਚ ਸਮਾਜਕ ਰਿਸ਼ਤਿਆਂ ਦੀ ਧਰਤੀ ਤੇ ਉਸਰਿਆ ਹੋਇਆ ਇਹ ਸਮਾਜਕ ਨਾਵਲ ਦੀ ਰੂਪ-ਵਿਧੀ ਦਾ ਪਰਿਚਯ ਦਿੰਦਾ ਹੈ। ਨਾਵਲਕਾਰ ਨੇ ਆਪਣੀ ਕਥਾ-ਸਮਗਰੀ ਦਾ ਸੰਗਠਨ ਵੀ ਸਰਲ ਅਤੇ ਇਕਹਿਰੇ ਪਲਾਟ-ਸੰਗਠਨ ਦੀ ਪਰੰਪਰਕ ਜੁਗਤ ਰਾਹੀਂ ਹੀ ਕੀਤਾ ਹੈ। ਮੁਖ ਪਾਤਰਾਂ ਨੂੰ ਕਾਲਕ੍ਰਮ ਦੀ ਅਬਦਲ ਰੇਖਾ ਅਨੁਸਾਰ ਹੀ ਘਟਨਾਵਾਂ ਅਤੇ ਸਥਿਤੀਆਂ ਵਿਚ ਗੁਜ਼ਰਦੇ ਦਰਸਾਇਆ ਗਿਆ ਹੈ ਜੋ ਸਮਾਜਕ ਨਾਵਲ ਦੀ ਰੂਪ-ਵਿਧੀ ਲਈ ਢੁਕਵੀਂ ਜੁਗਤ ਮੰਨੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਹ ਰਚਨਾ ਪਰੰਪਰਕ ਨਾਵਲ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਹੁ-ਪ੍ਰਚਲਤ ਬਿਰਤਾਂਤਕ ਵਿਧੀ ਨੂੰ ਵਰਤਦੀ ਹੈ ਜਿਸ ਦੇ ਅੰਤਰਗਤ ਬਿਰਤਾਂਤ ਦੀ ਪੇਸ਼ਕਾਰੀ ਕਿਸੇ ਸਰਵਗਿਆਤਾ ਪ੍ਰਵਕਤਾ ਦੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ। ਇਹ ਪ੍ਰਵਕਤਾ ਲੇਖਕ ਆਪ ਵੀ ਹੋ ਸਕਦਾ ਹੈ ਅਤੇ ਕੋਈ ਕਲਪਿਤ ਹਸਤੀ ਵੀ। 'ਕੱਚੇ ਘਰ' ਨਾਵਲ ਵਿਚਲਾ ਇਹ ਸਰਵਗਿਆਤਾ ਪ੍ਰਵਕਤਾ ਨਾਵਲੀ ਬਿਰਤਾਂਤ ਦੇ ਨਾਲੋਂ ਨਾਲ ਆਪਣੇ ਵਲੋਂ ਕੁਝ ਟਿਪਣੀਆਂ ਵੀ ਪ੍ਰਸਤੁਤ ਕਰਦਾ ਹੈ ਜਿਸ ਨੂੰ ਅਸੀਂ ਨਾਵਲ ਵਿਚਲਾ ਭਾਸ਼ਣੀ ਤੱਤ ਆਖ ਸਕਦੇ ਹਾਂ। ਆਮ ਹਾਲਤ ਵਿਚ ਇਹੋ ਜਿਹਾ ਭਾਸ਼ਣ ਨਾਵਲਕਾਰੀ ਦੀ ਕਲਾਤਮਕ ਵਿਧੀ ਵਿਚ ਰੁਕਾਵਟ ਵੀ ਬਣ ਸਕਦਾ ਹੈ ਪਰ ਸਵਰਨ ਚੰਦਨ ਨੇ ਇਸ ਵਿਧੀ ਨੂੰ ਉਪਰੋਕਤ ਦੋਸ਼ ਨਹੀਂ ਬਣਨ ਦਿਤਾ ਸਗੋਂ ਇਸ ਦੀ ਲੋੜ ਅਨੁਸਾਰ ਅਤੇ ਢੁਕਵੀਂ ਵਰਤੋਂ ਹੀ ਕੀਤੀ ਹੈ।

ਪਾਤਰਾਂ, ਸਥਿਤੀਆਂ ਅਤੇ ਕਾਰਜਾਂ ਦੇ ਸਮੂਰਤ ਪ੍ਰਬੰਧ ਰਾਹੀਂ ਉਸਰਿਆ ਨਾਵਲ ਦਾ ਗਲਪ-ਬਿੰਬ ਆਪਣੀ ਇਕਸੁਰਤਾ ਅਤੇ ਇਕਾਗਰਤਾ ਦਾ ਪ੍ਰਮਾਣ ਪੇਸ਼ ਕਰਦਾ ਹੈ। ਇਹ ਇਕਸੁਰਤਾ ਅਤੇ ਇਕਾਗਰਤਾ ਇਸ ਨੂੰ ਇਸ ਵਿਚਲੇ ਅਮੂਰਤ ਥੀਮ-ਪ੍ਰਬੰਧ ਪਾਸੋਂ ਪ੍ਰਾਪਤ ਹੁੰਦੀ ਹੈ ਜਿਸ ਨੂੰ ਸੰਗਠਿਤ ਕਰਨ ਵਿਚ ਨਾਵਲਕਾਰ ਦੀ ਯੋਗਤਾ ਅਤੇ ਪ੍ਰਤਿਭਾ ਦਾ ਹੱਥ ਹੈ। ਪਾਤਰ, ਸਥਿਤੀ ਅਤੇ ਕਾਰਜ ਦੀ ਪੱਧਰ ਤੇ ਬਿਰਤਾਂਤ ਨੂੰ ਸੰਗਠਿਤ ਕਰਨ ਵਾਲੀ ਅਮੂਰਤ ਥੀਮ ਨੂੰ ਨਾਵਲਕਾਰ ਨੇ ਅਚੇਤ ਜਾਂ ਸੁਚੇਤ ਤੌਰ ਤੇ ਅਤਿਅੰਤ ਸੂਖਮ ਕਿਸਮ ਦੇ ਵਿਰੋਧ-ਜੁੱਟਾਂ ਉਪਰ ਆਧਾਰਿਤ ਕੀਤਾ ਹੈ। ਮਿਸਾਲ ਵਜੋਂ ਨਾਵਲ ਦੇ ਮੁਖ ਪਾਤਰਾਂ ਦੀ ਇਕ ਸਥਾਨ ਤੋਂ ਦੂਸਰੇ ਸਥਾਨ ਤਕ ਕੀਤੀ ਗਈ ਯਾਤਰਾ ਇਕੋ ਵੇਲੇ ਇਕ ਦੇਸ਼ ਤੋਂ ਦੂਸਰੇ ਦੇਸ਼, ਇਕ ਪ੍ਰਬੰਧ ਤੋਂ ਦੂਸਰੇ ਪ੍ਰਬੰਧ ਦਾ ਸੰਕੇਤ ਤਾਂ ਦਿੰਦੀ ਹੀ ਹੈ ਪਰ ਇਸ ਦੇ ਨਾਲ ਨਾਲ ਇਹ ਰੋਮਾਂਸ ਦੀ ਸਵੈ-ਪ੍ਰਸੰਨ (ਪਰ ਅਚੇਤ) ਅਵਸਥਾ ਤੋਂ ਯਥਾਰਥ ਦੀ ਕਠੋਰ (ਪਰ ਸਵੈ-ਚੇਤਨ) ਅਵਸਥਾ ਦੇ ਵਿਰੋਧ ਨੂੰ ਪ੍ਰਗਟਾਉਂਦੀ ਹੈ। ਇਹ ਘਰ ਵੈਰਾਗ ਤੋਂ ਤ੍ਰਾਸ ਤਕ ਦਾ ਸਫਰ ਵੀ ਹੈ।

'ਕੱਚੇ ਘਰ' ਨਾਵਲ ਦੇ ਸਿਰਜਨਾਤਮਕ ਸੰਗਠਨ ਅਤੇ ਇਸ ਦੇ ਗਲਪ-ਬਿੰਬ ਦਾ ਰੂਪਾਂਤਮਕ ਵਿਸ਼ਲੇਸ਼ਣ ਕਰਨ ਤੋਂ ਉਪਰੰਤ ਹੁਣ ਅਸੀ ਇਸ ਨੂੰ ਯਥਾਰਥ ਦੇ ਪ੍ਰਤੀਕਾਤਮਕ ਪ੍ਰਗਟਾਵੇ ਵਜੋਂ ਵਿਚਾਰਨਾ ਉਚਿਤ ਸਮਝਦੇ ਹਾਂ। ਨਾਵਲੀ ਰਚਨਾ ਭਾਵੇਂ ਕਿਸੇ ਵਿਸ਼ੇਸ਼ ਵਿਅਕਤੀ ਦੀ ਸਿਰਜਣਕਾਰੀ ਪ੍ਰਤਿਭਾ ਅਤੇ ਯੋਗਤਾ ਦੇ ਮਾਧਿਅਮ ਰਾਹੀਂ ਹੋਂਦ ਵਿਚ ਆਉਂਦੀ ਹੈ ਪਰੰਤੂ ਇਸ ਦੇ ਉਤਪਾਦਕ-ਕਾਰਨ ਆਪਣੇ ਸਮਕਾਲੀ ਸਮਾਜਕ-ਆਰਥਿਕ ਢਾਂਚੇ ਦੇ ਵਿਚਾਰਧਾਰਕ ਉਸਾਰ ਵਿਚ ਛੁਪੇ ਹੁੰਦੇ ਹਨ। ਲੇਖਕ ਮੂਲ ਰੂਪ ਵਿਚ ਇਕ ਸਮਾਜਕ ਪ੍ਰਾਣੀ ਹੈ ਜਿਸ ਦੀ ਚੇਤਨਾ ਅਤੇ ਸੰਵੇਦਨਾ ਸਮਾਜਕ ਅਨੁਭਵ ਰਾਹੀਂ ਹੀ ਪੈਦਾ ਹੁੰਦੀ ਹੈ। ਉਹ ਅਚੇਤ ਜਾਂ ਸੁਚੇਤ ਆਪਣੇ ਯੁੱਗ ਦੀ ਪ੍ਰਧਾਨ ਵਿਚਾਰਧਾਰਾ ਨੂੰ ਮਿੱਥ ਵਾਂਗ ਗ੍ਰਹਿਣ ਕਰਦਾ ਹੈ। ਸਮੀਖਿਆ ਵਿਧੀ ਨੇ ਸਾਹਿਤਕ ਸਿਰਜਣਾ ਦੇ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਪਾਦਨ ਕਾਰਨ ਅਰਥਾਤ ਵਿਚਾਰਧਾਰਾ ਦੀ ਵਿਆਖਿਆ ਦਾ ਉਦੇਸ਼ ਸਾਹਮਣੇ ਰਖਣ ਉਤੇ ਬਲ ਦਿਤਾ ਹੈ, ਜੋ ਤਰਕਸੰਗਤ ਹੈ। ਉਪਰੋਕਤ ਅੰਤਰ ਦ੍ਰਿਸ਼ਟੀ ਦੇ ਆਧਾਰ ਤੇ ਪਰਖਿਆਂ ਨਾਵਲ 'ਕੱਚੇ ਘਰ' ਵਿਚ ਵਿਚਾਰਧਾਰਾ ਦੀ ਕਾਰਜਸ਼ੀਲਤਾ ਨੂੰ ਪਛਾਨਣ ਦਾ ਮਸਲਾ ਪੇਸ਼ ਹੁੰਦਾ ਹੈ।

ਜਿਹਾ ਕਿ ਪਹਿਲਾਂ ਸੰਕੇਤ ਕੀਤਾ ਜਾ ਚੁਕਿਆ ਹੈ ਇਹ ਨਾਵਲ ਮੂਲ ਰੂਪ ਵਿਚ ਇਸਤਰੀ-ਪੁਰਖ ਸੰਬੰਧਾਂ ਨੂੰ ਕੇਂਦਰ ਵਿਚ ਰਖ ਕੇ ਆਪਣੇ ਗਲਪ-ਜਗਤ ਦੀ ਸਿਰਜਣਾ ਕਰਦਾ ਹੈ। ਇਸਤਰੀ-ਪੁਰਖ ਸੰਬੰਧ ਨਿਰੋਲ ਵਿਅਕਤੀਗਤ ਨਹੀਂ ਹੁੰਦੇ ਸਗੋਂ ਆਪਣੇ ਸਮਕਾਲੀ ਯਥਾਰਥ ਦੇ ਪ੍ਰਚਲਤ ਜੀਵਨ-ਮੁੱਲਾਂ ਤੋਂ ਪ੍ਰਭਾਵਿਤ ਅਤੇ ਪਰੇਰਿਤ ਹੁੰਦੇ ਹਨ। ਇਹ ਜੀਵਨ-ਮੁੱਲ ਵਾਸਤਵ ਵਿਚ ਹਾਕਮ ਸ਼ਰੇਣੀ ਦੀ ਸਥਾਪਿਤ ਵਿਚਾਰਧਾਰਾ ਦੀ ਉਪਜ ਹੁੰਦੇ ਹਨ ਜਿਸ ਦਾ ਮੂਲ ਮਨੋਰਥ ਸਥਾਪਿਤ ਪ੍ਰਬੰਧ ਨੂੰ ਸੰਤੁਲਨ ਵਿਚ ਰਖਣਾ ਹੁੰਦਾ ਹੈ। ਇਸ ਨਾਵਲ ਵਿਚਲੇ ਦੋ ਬਿਰਤਾਂਤ-ਖੰਡਾਂ ਵਿਚ ਇਸਤਰੀ-ਪੁਰਖ ਸੰਬੰਧਾਂ ਦੀ ਵਖੋ ਵਖਰੀ ਸਥਿਤੀ ਅਤੇ ਗਤੀ-ਵਿਧੀ ਨੂੰ ਪ੍ਰਗਟਾਇਆ ਗਿਆ ਹੈ। ਦੋਹਾਂ ਖੰਡਾਂ ਵਿਚ ਵਿਭਿੰਨ ਪ੍ਰਕਾਰ ਦਾ ਵਿਚਾਰਧਾਰਕ ਮਾਹੌਲ ਹੈ ਜੋ ਆਪਣੇ ਪ੍ਰਚਲਤ ਸਮਾਜਕ-ਆਰਥਿਕ ਪ੍ਰਬੰਧ ਤੋਂ ਸ਼ਕਤੀ ਗ੍ਰਹਿਣ ਕਰਦਾ ਹੈ। ਪਹਿਲੇ ਬਿਰਤਾਂਤ ਖੰਡ ਵਿਚ ਜਾਗੀਰਦਾਰੀ ਪ੍ਰਥਾ ਦੇ ਸਥਾਪਤ-ਮੁੱਲਾਂ ਦੀ ਕਾਰਜਸ਼ੀਲਤਾ ਦ੍ਰਿਸ਼ਟੀ ਗੋਚਰ ਹੁੰਦੀ ਹੈ ਜਿਸ ਦਾ ਪ੍ਰਤੀਕਾਤਮਕ ਪ੍ਰਗਟਾਵਾ ਪਿੰਡ ਦੀ ਸੰਜੁਗਤ ਪਰਿਵਾਰ-ਸੰਸਥਾ ਦੇ ਮਾਧਿਅਮ ਰਾਹੀਂ ਕੀਤਾ ਗਿਆ ਹੈ। ਇਸ ਖੰਡ ਵਿਚ ਇਸਤਰੀ-ਪੁਰਖ ਸੰਬੰਧਾਂ ਦੀ ਪ੍ਰਕਿਰਤੀ ਰਵਾਇਤੀ ਵਿਆਹ-ਪ੍ਰਥਾ ਦੇ ਅਨੁਰੂਪ ਹੈ। ਬਲਦੇਵ ਅਤੇ ਮਨਜੀਤ ਮਾਪਿਆਂ ਦੀ ਚੋਣ ਰਾਹੀਂ ਪਤੀ-ਪਤਨੀ ਦੇ ਰਿਸ਼ਤੇ ਵਿਚ ਜੁੜਦੇ ਹਨ ਅਤੇ ਇਸ ਰਿਸ਼ਤੇ ਨਾਲ ਸੰਬੰਧਿਤ ਪਰੰਪਰਕ ਨੈਤਿਕ ਮੁੱਲਾਂ ਅਨੁਸਾਰ ਜਿਊਂਦੇ ਹਨ।

ਇਹ ਸਥਾਪਿਤ ਪ੍ਰਤਿਮਾਨ ਪਤੀ ਦੀ ਸਰਦਾਰੀ ਅਤੇ ਪਤਨੀ ਦੀ ਅਧੀਨਗੀ ਵਲ ਸੰਕੇਤ ਕਰਦੇ ਹਨ ਅਤੇ ਇਸਤਰੀ-ਮਰਦ ਦੀ ਨਾ-ਬਰਾਬਰੀ ਦੇ ਸੰਕਲਪ ਵਿਚੋਂ ਉਪਜਦੇ ਹਨ। ਇਹ ਵਿਹਾਰਕ ਪੱਧਰ ਤੋਂ ਮਨੁੱਖੀ ਸਮਾਜ ਵਿਚ ਦੂਹਰੇ ਨੈਤਿਕ ਪ੍ਰਤਿਮਾਨਾਂ ਦੇ ਪ੍ਰਚਲਿਤ ਹੋਣ ਦਾ ਪ੍ਰਮਾਣ ਪੇਸ਼ ਕਰਦਾ ਹੈ ਇਸ ਦੇ ਅੰਤਰਗਤ ਮਰਦ ਅਤੇ ਇਸਤਰੀ ਨੂੰ ਵਖ ਵਖ ਸਦਾਚਾਰਕ ਪਲੜਿਆਂ ਵਿਚ ਪਾ ਕੇ ਤੋਲਿਆ ਜਾਂਦਾ ਹੈ। ਜ਼ਾਹਰ ਹੈ ਕਿ ਅਜਿਹੀ ਸਥਿਤੀ ਵਿਚ ਘਰੋਗੀ ਜੀਵਨ ਦਾ ਸੰਤੁਲਨ ਤਦ ਹੀ ਕਾਇਮ ਰਹਿ ਸਕਦਾ ਹੈ ਜੇ ਇਸਤਰੀ ਜਾਂ ਤਾਂ ਅਣਜਾਗ੍ਰਿਤ ਰਹੇ ਅਤੇ ਰੀਤ ਅਨੁਸਾਰ ਤੁਰਦੀ ਰਹੇ ਅਤੇ ਜਾਂ ਸਮਝੌਤੇ ਦਾ ਰਸਤਾ ਚੁਣੇ।

ਬਲਦੇਵ ਅਤੇ ਮਨਜੀਤ ਦੀ ਅਚੇਤ ਮਾਨਸਿਕਤਾ ਵਿਚ ਸਮਾ ਚੁਕੇ ਇਹ ਜੀਵਨ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁੱਲ ਉਹਨਾਂ ਦੇ ਮੁਢਲੇ ਜੀਵਨ ਵਿਚ ਕਿਸੇ ਤਨਾਉ ਜਾਂ ਵਿਰੋਧ ਨੂੰ ਜਨਮ ਨਹੀਂ ਦਿੰਦੇ ਸਗੋਂ ਉਹਨਾਂ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਭਾਵੁਕ ਸੰਤੁਸ਼ਟੀ ਪ੍ਰਦਾਨ ਕਰਦੇ ਹਨ। ਇਉਂ ਵਿਚਾਰਧਾਰਾ ਦੀਆਂ ਇਹ ਕਦਰਾਂ ਕੀਮਤਾਂ ਅਚੇਤ ਹੀ ਇਹਨਾਂ ਪਾਤਰਾਂ ਦੇ ਰਿਸ਼ਤੇ ਨੂੰ ਸੰਤੁਲਨ ਵਿਚ ਰਖਦੀਆਂ ਹਨ ਪਰ ਜਦੋਂ ਨਾਵਲ ਦੇ ਦੂਸਰੇ ਬਿਰਤਾਂਤ-ਖੰਡ ਵਿਚ ਵਿਚਾਰਧਾਰਕ ਮਾਹੌਲ ਬਦਲ ਜਾਂਦਾ ਹੈ ਤਾਂ ਇਹੋ ਕਦਰਾਂ ਕੀਮਤਾਂ ਇਹਨਾਂ ਦੋਹਾਂ ਪਾਤਰਾਂ ਦੇ ਦਰਮਿਆਨ ਰਸਤੇ ਦੀਆਂ ਦੀਵਾਰਾਂ ਹੋ ਨਿਬੜਦੀਆਂ ਹਨ। ਇੰਗਲੈਂਡ ਦੇ ਵਿਕਸਿਤ ਸਰਮਾਏਦਾਰੀ ਪ੍ਰਬੰਧ ਵਿਚ ਇਹਨਾਂ ਕਦਰਾਂ ਕੀਮਤਾਂ ਦਾ ਕੋਈ ਮੁੱਲ ਨਹੀਂ ਪੈਂਦਾ ਸਗੋਂ ਇਹ ਨਵੀਨ ਸਥਿਤੀ ਦੇ ਅਨੁਕੂਲ ਢਲਣ ਵਿਚ ਰੁਕਾਵਟ ਸਿੱਧ ਹੁੰਦੀਆਂ ਹਨ। ਸਰਮਾਏਦਾਰੀ ਪ੍ਰਥਾ ਜਾਗੀਰਦਾਰੀ ਪ੍ਰਥਾ ਨਾਲੋਂ ਵਿਕਾਸ ਦੀ ਇਕ ਪਉੜੀ ਅਗੇ ਹੈ। ਇਥੇ ਵਿਅਕਤੀਗਤ ਸੁਤੰਤਰਤਾ ਦੀਆਂ ਕਦਰਾਂ ਕੀਮਤਾਂ ਪ੍ਰਚਲਿਤ ਹਨ ਅਤੇ ਇਸਤਰੀ ਨੂੰ ਵੀ ਬਰਾਬਰੀ ਦਾ ਸਮਾਜਕ/ਨੈਤਿਕ ਦਰਜਾ ਹਾਸਿਲ ਹੈ। ਪਰ ਇਸ ਪ੍ਰਬੰਧ ਦਾ ਆਪਣਾ ਸ਼ੋਸ਼ਣਕਾਰੀ ਰੂਪ ਵੀ ਹੈ ਜੋ ਮਨੁੱਖੀ ਰਿਸ਼ਤਿਆਂ ਨੂੰ ਸਰਬ ਸਾਂਝ ਨਾਲੋਂ ਤੋੜ ਕੇ ਸਵਾਰਥੀ ਨੀਹਾਂ ਤੇ ਲਿਆ ਖਲਾਰਦਾ ਹੈ। ਅਜਿਹੇ ਪ੍ਰਬੰਧ ਵਿਚ ਹਰ ਵਿਅਕਤੀ ਆਪਣੀ ਵਿਅਕਤੀਗਤ ਹੋਂਦ ਦੇ ਦੁਆਲੇ ਘੁੰਮਣ ਲਈ ਮਜਬੂਰ ਹੁੰਦਾ ਹੈ। ਉਸ ਨੂੰ ਆਪਣੀ ਸਵੈ ਦਾ ਤਿੱਖਾ ਅਹਿਸਾਸ ਹੁੰਦਾ ਹੈ ਪਰ ਨਾਲ ਹੀ ਆਪਣੇ ਇਕੱਲੇਪਨ ਦਾ ਵੀ। ਬਲਦੇਵ ਅਤੇ ਮਨਜੀਤ ਜਦੋਂ ਇਸ ਨਵੇਂ ਵਿਚਾਰਧਾਰਕ ਮਾਹੌਲ ਵਿਚ ਪ੍ਰਵੇਸ਼ ਕਰਦੇ ਹਨ ਤਾਂ ਉਹਨਾਂ ਲਈ ਜੀਵਨ-ਮੁੱਲਾਂ ਦਾ ਡੂੰਘਾ ਸੰਕਟ ਵਿਆਪਦਾ ਹੈ। ਬਲਦੇਵ ਨੂੰ ਮਨਜੀਤ ਦਾ ਕੰਮ ਕਰਨਾ ਤਾਂ ਪੁਗਦਾ ਹੈ ਪਰ ਹੋਰਨਾਂ ਇਸਤਰੀ ਕਾਮਿਆਂ ਵਾਂਗ ਸ਼ਰਾਬ ਪੀਣਾ ਗਵਾਰਾ ਨਹੀਂ ਜੋ ਉਥੋਂ ਦੇ ਸਭਿਆਚਾਰਕ ਮਾਹੌਲ ਅਨੁਸਾਰ ਇਕ ਸਾਧਾਰਨ ਜਿਹੀ ਗੱਲ ਹੈ। ਇਹ ਵਾਸਤਵ ਵਿਚ ਦੋ ਵਖੋ ਵਖਰੇ ਜੀਵਨ-ਮੁੱਲਾਂ ਦਾ ਟਕਰਾਉ ਹੈ ਜੋ ਉਹਨਾਂ ਦੇ ਰਿਸ਼ਤੇ ਨੂੰ ਅਸੰਤੁਲਿਤ ਕਰ ਦੇਣ ਲਈ ਕਾਫੀ ਹੈ।

ਇਉਂ ਨਾਵਲਕਾਰ ਨੇ ਭਾਵੇਂ ਫੋਕਸ ਵਿਚ ਆਪਣੇ ਪਾਤਰਾਂ ਦੇ ਵਿਆਹ ਸੰਬੰਧਾਂ ਨੂੰ ਹੀ ਰਖਿਆ ਹੈ ਪਰ ਇਸ ਸੰਬੰਧ ਦੇ ਆਰ ਪਾਰ ਫੈਲੀ ਹੋਈ ਵਿਚਾਰਧਾਰਾ ਅਤੇ ਉਸ ਦੀ ਸਮਾਜਕ-ਆਰਥਿਕ ਬੁਨਿਆਦ ਵੀ ਆਪਮੁਹਾਰੇ ਪ੍ਰਗਟ ਹੋ ਜਾਂਦੀ ਹੈ। ਇਕ ਪਾਸੇ ਨਾਵਲਕਾਰ ਇਹਨਾਂ ਪਾਤਰਾਂ ਦੇ ਭਾਵੁਕ ਰਿਸ਼ਤੇ ਦੀ ਸਥਿਤੀ ਅਤੇ ਪਰਿਵਰਤਨ ਨੂੰ ਚਿਤਰਦਾ ਹੈ ਦੂਸਰੇ ਪਾਸੇ ਉਹ ਇਹਨਾਂ ਦੇ ਸਮਾਜਕ ਸਭਿਆਚਾਰਕ ਮਾਹੌਲ ਦਾ ਵੀ ਗਹਿਰਾਈ ਨਾਲ ਚਿਤਰਣ ਕਰਦਾ ਹੈ ਜੋ ਇਹਨਾਂ ਪਾਤਰਾਂ ਦੇ ਨਾਲ ਨਾਲ ਦੂਸਰੇ ਗੌਣ ਪਾਤਰਾਂ ਦੇ ਜੀਵਨ-ਬਿਰਤਾਂਤ ਟੋਟਿਆਂ ਦੀ ਪੇਸ਼ਕਾਰੀ ਰਾਹੀਂ ਸਮੂਰਤ ਹੁੰਦਾ ਹੈ। ਬਲਦੇਵ ਅਤੇ ਮਨਜੀਤ ਦੇ ਆਪਣੇ ਪਿੰਡ ਅਤੇ ਸ਼ਹਿਰ ਵਿਚ ਮੂੰਹ ਬੋਲੇ ਰਿਸ਼ਤੇ ਅਤੇ ਦੋਸਤੀਆਂ ਹਨ ਜਿਹਨਾਂ ਦਾ ਆਧਾਰ ਪਰਸਪਰ ਸਾਂਝ ਅਤੇ ਸੁਹਿਰਦਤਾ ਉਪਰ ਹੈ ਜਿਸ ਨੂੰ ਜਾਗੀਰਦਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਥਾ ਦਾ ਮਾਨਵੀ ਪਹਿਲੂ ਆਖਿਆ ਜਾ ਸਕਦਾ ਹੈ, ਪਰ ਇੰਗਲੈਂਡ ਦੇ ਮਸ਼ੀਨੀ ਅਤੇ ਅਮਾਨਵੀ ਕ੍ਰਿਤ ਮਾਹੌਲ ਵਿਚ ਇਹੋ ਜਿਹੇ ਬੇਗਰਜ਼ ਸੰਬੰਧ ਕਿਧਰੇ ਕਿਧਰੇ ਹੀ ਅਪਵਾਦ ਰੂਪ ਵਿਚ ਮਿਲ ਸਕਦੇ ਹਨ। ਇਹਨਾਂ ਨੂੰ ਸਹਿਕਰਮੀ ਤਾਂ ਮਿਲਦੇ ਹਨ ਸਹਿਯੋਗੀ ਨਹੀਂ—ਪੜੋਸੀ ਤਾਂ ਮਿਲਦੇ ਹਨ ਬੇਗਰਜ਼ ਸਨੇਹੀ ਨਹੀਂ। ਕਿਧਰੇ ਹੀ ਕੋਈ ਸ਼ਰਮਾ ਜਾਂ ਕੁਲਤਾਰ ਟਕਰਦਾ ਹੈ ਜੋ ਗਰਜ਼ ਤੋਂ ਉਚਾ ਉਠ ਕੇ ਨਿਰੋਲ ਇਨਸਾਨੀ ਸਰੋਕਾਰਾਂ ਨਾਲ ਵਾਸਤਾ ਰਖ ਸਕਦਾ ਹੈ। ਇਉਂ ਇਸ ਨਵੇਂ ਮਾਹੌਲ ਵਿਚ ਪਰੰਪਰਕ ਪਤੀ-ਪਤਨੀ ਸੰਬੰਧਾਂ ਵਿਚ ਹੀ ਨਹੀਂ ਸਗੋਂ ਮਿਤਰਤਾ ਦੇ ਪ੍ਰਤਿਬੱਧ ਰਿਸ਼ਤਿਆਂ ਵਿਚ ਤਰੇੜਾਂ ਉਪਜਦੀਆਂ ਦੇਖੀਆਂ ਜਾ ਸਕਦੀਆਂ ਹਨ। ਇਹ ਨਾਵਲ ਇਕੋ ਵੇਲੇ ਦੋ ਸਮਾਜਕ-ਆਰਥਿਕ ਪ੍ਰਬੰਧਾਂ ਦੇ ਵਿਚਾਰਧਾਰਕ ਮਾਹੌਲ ਦੀ ਤੁਲਨਾਤਮਕ ਪੇਸ਼ਕਾਰੀ ਕਰਦਾ ਹੈ ਅਤੇ ਆਪਣੇ ਨਾਵਲੀ ਜਗਤ ਵਿਚ ਦੋਹਾਂ ਦੀ ਕਾਰਜਸ਼ੀਲਤਾ ਨੂੰ ਪ੍ਰਦਰਸ਼ਿਤ ਕਰਦਾ ਹੈ। ਇਹਨਾਂ ਦੋਹਾਂ ਪ੍ਰਬੰਧਾਂ ਦੀ ਸਥਾਪਿਤ ਮਿਥ ਇਕ ਦੂਸਰੇ ਨਾਲ ਟਕਰਾ ਕੇ ਖੰਡਿਤ ਹੁੰਦੀ ਹੋਈ ਵੀ ਦੇਖੀ ਜਾ ਸਕਦੀ ਹੈ। ਹਰ ਸਮਾਜਕ ਪ੍ਰਬੰਧ ਆਪਣੀ ਹਾਕਮ ਸ਼੍ਰੇਣੀ ਦੇ ਹਿਤਾਂ ਦੀ ਪੂਰਤੀ ਲਈ ਵਿਚਾਰਧਾਰਾ ਦਾ ਅਜਿਹਾ ਮਾਹੌਲ ਉਸਾਰਦਾ ਹੈ ਜੋ ਉਸ ਦੇ ਚਿਰਸਥਾਈ ਜਾਂ ਸਦੀਵੀ ਹੋਣ ਦਾ ਭਰਮ ਪੈਦਾ ਕਰਦਾ ਹੈ। ਇਹ ਪ੍ਰਚਲਤ ਵਿਚਾਰਧਾਰਾ ਮਨੁੱਖ ਨੂੰ ਆਪਣੀ ਵਰਤਮਾਨ ਸਥਿਤੀ ਨਾਲ ਸਮਝੌਤਾ ਕਰੀ ਰੱਖਣ ਲਈ ਪਰੇਰਦੀ ਹੈ ਪਰ ਜਦੋਂ ਕੋਈ ਵਿਅਕਤੀ ਇਸ ਸ਼੍ਰੇਣੀ ਆਧਾਰਿਤ ਵਿਚਾਰਧਾਰਾ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਆਪਣੇ ਮਾਹੌਲ ਨਾਲੋਂ ਵਿਜੋਗਿਆ ਜਾਂਦਾ ਹੈ। ਆਪਣੇ ਅੰਤਿਮ ਬਿੰਦੂ ਤੇ ਪਹੁੰਚ ਕੇ ਇਹ ਨਾਵਲ ਸਾਨੂੰ ਵਿਕਸਿਤ ਸਰਮਾਏਦਾਰੀ ਪ੍ਰਥਾ ਦੇ ਮਸ਼ੀਨੀ ਅਤੇ ਅਮਾਨਵੀ-ਕ੍ਰਿਤ ਮਾਹੌਲ ਦਾ ਤ੍ਰਾਸਮਈ ਰੂਪ ਦਿਖਾਉਂਦਾ ਹੈ। ਪਰ ਇਸ ਤ੍ਰਾਸ ਭਰੇ ਮਾਹੌਲ ਵਿਚ ਜਿਊਣ ਵਾਲੇ ਮੁਖ-ਪਾਤਰ ਹੋਂਦ ਵਿਧੀ ਦੀਆਂ ਵਿਰੋਧੀ ਦਿਸ਼ਾਵਾਂ ਗ੍ਰਹਿਣ ਕਰਦੇ ਦਿਖਾਈ ਦਿੰਦੇ ਹਨ। ਇਹ ਮਾਹੌਲ ਜੇ ਬਲਦੇਵ ਦੇ ਮਨ ਵਿਚ ਆਪਣੇ ਜਾਗੀਰਦਾਰੀ ਵਿਰਸੇ ਵਲ ਵਾਪਸ ਜਾਣ ਵਾਲੀ ਘਰ ਵੈਰਾਗ ਦੀ ਭਾਵਨਾ ਨਾਲ ਭਰਦਾ ਹੈ ਤਾਂ ਇਹ ਮਨਜੀਤ ਲਈ ਸਵੈ ਚੇਤਨਾ ਜਗਾਉਣ ਵਾਲਾ ਹੋ ਨਿਬੜਦਾ ਹੈ। ਨਾਵਲ ਦੇ ਅੰਤਿਮ ਕਾਂਡ ਵਿਚ ਬਲਦੇਵ ਨੂੰ ਰੱਤੂ ਦੀ ਸੁਣਾਈ ਹੋਈ ਉਹ ਘਟਨਾ ਯਾਦ ਆਉਂਦੀ ਹੈ ਜਿਸ ਵਿਚ ਕਿਸੇ ਪੇਂਡੂ ਦੇ ਆਪਣੇ ਕੱਚੇ ਘਰ ਵਿਚ ਬਰਫ ਦੀ ਮਸ਼ੀਨ ਲਾਉਣ ਦਾ ਜ਼ਿਕਰ ਹੈ। ਇਸ ਕੱਚੇ ਘਰ ਵੀਆਂ ਨੀਹਾਂ ਪਾਣੀ ਨਾਲ ਖੁਰ ਜਾਂਦੀਆਂ ਹਨ ਤੇ ਘਰ ਢਹਿ ਢੇਰੀ ਹੋ ਜਾਂਦਾ ਹੈ। ਬਲਦੇਵ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦਾ ਘਰ ਵੀ ਅਜੇ ਭਾਵੁਕਤਾ ਦੀਆਂ ਕੱਚੀਆਂ ਬੁਨਿਆਦਾਂ ਤੇ ਉਸਰਿਆ ਹੋਇਆ ਸੀ ਜੋ ਮਸ਼ੀਨੀ ਸਭਿਅਤਾ ਦੇ ਮਾਹੌਲ ਵਿਚ ਢਹਿ ਢੇਰੀ ਹੋ ਗਿਆ। ਇਹ ਕੱਚੇ ਘਰ ਦਾ ਮੋਟਿਫ ਡੂੰਘੀ ਪ੍ਰਤੀਕਾਤਮਕ ਸਾਰਥਕਤਾ ਰਖਦਾ ਹੈ ਅਤੇ ਪਛਾਣ ਰਹਿਤ ਰਿਸ਼ਤਿਆਂ ਦੀ ਤ੍ਰਾਸਦੀ ਨੂੰ ਮੂਰਤੀਮਾਨ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਉਂ ਇਸ ਨਾਵਲ ਦਾ ਗਲਪੀ ਜਗਤ ਜਿਥੇ ਕਲਾਤਮਕ ਬਿਰਤਾਂਤ-ਸੰਗਠਨ ਰਾਹੀਂ ਇਕ ਇਕਾਗਰ ਸੁਹਜ-ਰੂਪ ਦੀ ਸਿਰਜਣਾ ਕਰਦਾ ਹੈ ਉਥੇ ਇਹ ਆਪਣੇ ਸਿਰਜਿਤ ਸੰਸਾਰ ਵਿਚ ਦੋ ਵਿਭਿੰਨ ਵਿਚਾਰਧਾਰਕ ਪ੍ਰਬੰਧਾਂ ਦੀ ਕਾਰਜਸ਼ੀਲਤਾ ਨੂੰ ਧਿਆਨੀ ਇਕਾਗਰਤਾ ਨਾਲ ਦੇਖਣ ਪਰਖਣ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ ਜਿਸ ਨਾਲ ਸਾਡੇ ਸਮਕਾਲੀ ਯਥਾਰਥ ਦੀ ਅੰਦਰਲੀ ਹਕੀਕਤ ਉਜਾਗਰ ਹੋ ਉਠਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ ਦਾ ਲਘੂ ਨਾਵਲ : ਕੱਖ ਕਾਨ ਅਤੇ ਦਰਿਆ

—ਆਤਮਜੀਤ ਸਿੰਘ

ਸਵਰਨ ਚੰਦਨ ਦਾ **ਕੱਖ ਕਾਨ ਅਤੇ ਦਰਿਆ** ਤੀਜਾ ਨਾਵਲ ਹੈ। ਇਸ ਤੋਂ ਪਹਿਲਾਂ ਉਹ **ਨਵੇਂ ਰਿਸ਼ਤੇ** (1980) ਅਤੇ **ਕੱਚੇ ਘਰ** (1981) ਦੋ ਨਾਵਲ ਪੰਜਾਬੀ ਪਾਠਕਾਂ ਦੀ ਭੇਟਾ ਕਰ ਚੁੱਕਾ ਹੈ। ਗਲਪ ਤੋਂ ਬਿਨਾਂ ਹੁਣ ਤਕ ਉਸਦੇ ਦੋ ਪੰਜਾਬੀ ਕਾਵਿ-ਸੰਗ੍ਰਹਿ **ਚਾਨਣ ਦੀ ਲਕੀਰ** ਅਤੇ **ਦੂਸਰਾ ਪੜਾਅ** ਛਪ ਚੁਕੇ ਹਨ। ਉਹ ਸਫ਼ਰਨਾਮੇ ਦੇ ਰੂਪ ਵਿਚ **ਆਪਣੀ ਧਰਤੀ** ਨਾਮ ਦੀ ਰਚਨਾ ਵੀ ਪ੍ਰਕਾਸ਼ਿਤ ਕਰ ਚੁੱਕਾ ਹੈ। ਇਸ ਵਰ੍ਹੇ ਉਸਦੇ ਇਕ ਹੋਰ ਨਾਵਲ ਛਪਣ ਦੀ ਸੋਅ ਵੀ ਮਿਲੀ ਹੈ। ਉਸਦੀਆਂ ਹੁਣ ਤਕ ਪੰਜਾਬੀ ਰਚਨਾਕਾਰੀ ਦੇ ਖੇਤਰ ਵਿਚ ਅਠ ਪੁਸਤਕਾਂ ਦਾ ਪ੍ਰਕਾਸ਼ਨ ਇਸ ਗੱਲ ਦੀ ਸਾਖ ਭਰਦਾ ਹੈ ਕਿ ਉਹ ਮੁਕਾਬਲਤਨ ਨਵੀਂ ਨੌਜਵਾਨ ਪੀੜ੍ਹੀ ਦੇ ਲੇਖਕਾਂ ਵਿਚੋਂ ਕਾਫ਼ੀ ਭਰਵੇਂ ਉਤਸ਼ਾਹ ਨਾਲ ਲਿਖਦਾ ਜਾ ਰਿਹਾ ਹੈ। ਉਸਦੀ ਰਚਨਾ ਨੂੰ ਪੰਜਾਬੀ ਪਾਠਕਾਂ ਵਲੋਂ ਵੀ ਕਾਫ਼ੀ ਨਿੱਘਾ ਹੁੰਗਾਰਾ ਮਿਲਿਆ ਪ੍ਰਤੀਤ ਹੁੰਦਾ ਹੈ। ਪੰਜਾਬੀ ਆਲੋਚਕਾਂ ਨੇ ਉਸਦੀਆਂ ਰਚਨਾਵਾਂ ਦਾ ਕਾਫ਼ੀ ਨੋਟਿਸ ਲਿਆ ਹੈ ਅਤੇ ਉਸਦੀਆਂ ਕਈ ਇਕ ਰਚਨਾਵਾਂ ਦਾ ਸਮੇਂ ਸਮੇਂ ਸਿਰ ਸਾਰਥਕ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ।

ਸਵਰਨ ਚੰਦਨ ਪੰਜਾਬੀ ਦੇ ਉਹਨਾਂ ਗਿਣਤੀ ਦੇ ਲੇਖਕਾਂ ਵਿਚੋਂ ਹੈ ਜੋ ਭਾਰਤ ਤੋਂ ਬਾਹਰ ਪਰਵਾਸੀ ਬਣਕੇ ਆਪਣੇ ਨਵੇਂ ਅਪਨਾਏ ਦੇਸ਼ ਵਿਚ ਹੋਰ ਪੰਜਾਬੀ ਪਰਵਾਸੀਆਂ ਦੇ ਸਭਿਆਚਾਰਕ ਸੰਕਟ ਦੇ ਭਿੰਨ ਭਿੰਨ ਪਾਸਾਰਾਂ ਨੂੰ ਆਪਣੀ ਰਚਨਾ ਵਿਚ ਮੂਰਤੀਮਾਨ ਕਰਨ ਦੇ ਆਹਰ ਵਿਚ ਹਨ। ਪਰਵਾਸੀ ਪੰਜਾਬੀਆਂ ਦੇ ਸਭਿਆਚਾਰਕ ਸੰਕਟ ਬਾਰੇ ਚੇਤਨਾ ਸਾਡੇ ਆਪਣੇ ਦੇਸ਼ ਦੇ ਕੁਝ ਲੇਖਕਾਂ ਵਿਚ ਵੀ ਉਭਰੀ ਹੈ, ਪਰ ਪੰਜਾਬੀ ਪਾਠਕਾਂ ਨੇ ਵਿਦੇਸ਼ਾਂ ਵਿਚ ਵਸੇ ਹੋਏ ਪੰਜਾਬੀ ਲੇਖਕਾਂ ਦੁਆਰਾ ਪੰਜਾਬੀਆਂ ਦੀਆਂ ਸਭਿਆਚਾਰਕ ਸਮੱਸਿਆਵਾਂ ਦੇ ਚਿਤ੍ਰਣ ਵਲ ਵਧੇਰੇ ਉਤਸ਼ਾਹ ਨਾਲ ਰੁਚੀ ਦਿਖਾਈ ਹੈ। ਸਵਰਨ ਚੰਦਨ ਦੀਆਂ ਰਚਨਾਵਾਂ ਵਿਸ਼ੇਸ਼ ਕਰਕੇ ਉਸਦੀਆਂ ਗਲਪ-ਰਚਨਾਵਾਂ ਇਸ ਪਖੋਂ ਨੌਜਵਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਜਾਬੀ ਪਾਠਕਾਂ ਦੁਆਰਾ ਸਲਾਹੀਆਂ ਗਈਆਂ ਹਨ। ਪੰਜਾਬੀ ਆਲੋਚਕਾਂ ਨੇ ਵੀ ਉਸ ਨੂੰ 'ਉਦਯੋਗੀ ਆਤੰਕ ਦਾ ਚਿਤੇਰਾ' ਜਾਂ ਫੇਰ 'ਅਜ ਦੇ ਇੰਗਲੈਂਡ ਵਿਚ ਪੁਰਾਣੇ ਕਿੱਸੇ ਦਾ ਰਚਨਹਾਰਾ' ਕਿਹਾ ਹੈ। ਪੰਜਾਬੀ, ਪਰਵਾਸੀਆਂ ਦੇ ਤੌਰ 'ਤੇ ਦੁਨੀਆਂ ਦੇ ਲਗ ਭਗ ਸਾਰੇ ਦੇਸ਼ਾਂ ਵਿਚ ਵਸੇ ਹੋਏ ਹਨ ਅਤੇ ਚੰਗੀ ਰੋਜ਼ੀ ਕਮਾ ਰਹੇ ਹਨ। ਪਰ ਇੰਗਲੈਂਡ ਵਿਚ ਪੰਜਾਬੀ ਪਰਵਾਸੀਆਂ ਦੀ ਪੋਜ਼ੀਸ਼ਨ ਬਾਕੀ ਮੁਲਕਾਂ ਵਿਚ ਵਸੇ ਹੋਏ ਪੰਜਾਬੀਆਂ ਤੋਂ ਭਿੰਨ ਹੈ। ਇੰਗਲੈਂਡ ਅਤੇ ਭਾਰਤ ਦੇ ਪਿਛਲੇ ਸੌ ਸਾਲਾਂ ਦੇ ਸੰਬੰਧ ਹਾਕਮ ਅਤੇ ਮਹਿਕੂਮ ਵਾਲੇ ਸਨ। ਭਾਰਤ ਗੋਰੀ ਚਮੜੀ ਵਾਲੇ ਬਰਤਾਨਵੀ ਹਾਕਮਾਂ ਦੀ ਕਾਲੋਨੀ ਬਣਿਆ ਰਿਹਾ ਹੈ। ਇਸ ਕਾਰਣ ਭਾਰਤ ਦੇ ਆਜ਼ਾਦ ਹੋਣ ਤੋਂ ਪਿਛੋਂ ਵੀ ਜੋ ਪੰਜਾਬੀ ਪਰਵਾਸੀ ਉਥੇ ਜਾ ਵਸੇ ਹਨ, ਉਹਨਾਂ ਪ੍ਰਤੀ ਗੋਰਿਆਂ ਦਾ ਰਵੱਈਆ ਨਫ਼ਰਤ ਭਰਿਆ ਹੈ। ਇਸ ਕਾਰਣ ਇੰਗਲੈਂਡ ਵਿਚ ਵਸਣ ਵਾਲੀਆਂ ਸਾਰੀਆਂ ਪਰਵਾਸੀ ਕੌਮਾਂ ਜੋ ਕਾਲੇ ਰੰਗ ਦੀਆਂ ਹਨ, ਦੇ ਵਿਰੁਧ ਗੋਰਿਆਂ ਦਾ ਨਸਲੀ ਵਿਤਕਰੇ ਵਾਲਾ ਝੁਕਾਅ ਹੈ। ਪਰ ਪੰਜਾਬੀਆਂ ਪ੍ਰਤੀ ਉਹਨਾਂ ਦਾ ਦ੍ਰਿਸ਼ਟੀਕੋਣ ਹੋਰ ਵੀ ਜ਼ਿਆਦਾ ਜਟਿਲ ਪੂਰਵਾਗ੍ਰਹਾਂ ਵਾਲਾ ਹੈ। ਪੰਜਾਬੀ ਇਕ ਸਭਿਆਚਾਰਕ ਅਕਲੀਅਤ ਦੇ ਤੌਰ ਤੇ ਆਪਣੀ ਵੱਖਰੀ ਪਛਾਣ ਜਿਉਂਦੀ ਰੱਖਣੀ ਚਾਹੁੰਦੇ ਹਨ, ਪਰ ਗੋਰਿਆਂ ਦਾ ਸਭਿਆਚਾਰਕ ਗ਼ਲਬਾ ਏਨਾ ਪ੍ਰਬੱਲ ਹੈ ਕਿ ਸਭਿਆਚਾਰਕ ਅਕਲੀਅਤਾਂ ਦੀ ਆਪਣੀ ਵਖਰਤਾ ਕਾਇਮ ਰਖਣੀ ਲਗਪਗ ਅਸੰਭਵ ਬਣੀ ਹੋਈ ਹੈ। ਪੰਜਾਬੀ ਪਰਵਾਸੀਆਂ ਦੇ ਅਵਚੇਤਨ ਵਿਚ ਪੰਜਾਬੀ ਸਭਿਆਚਾਰ ਵਸਿਆ ਹੋਇਆ ਹੈ, ਪਰ ਇੰਗਲੈਂਡ ਦੇ ਪੱਛਮੀ ਸਭਿਆਚਾਰ ਵਿਚ ਪ੍ਰਵਾਸ ਧਾਰਨ ਕਰਨ ਤੋਂ ਪਿਛੋਂ ਉਹਨਾਂ ਨੂੰ ਭਿੰਨ ਭਿੰਨ ਪੱਧਰਾਂ ਉਤੇ ਤਨਾਉ ਭੋਗਣੇ ਪੈਂਦੇ ਹਨ। ਪੱਛਮੀ ਤਰਜ਼ੇ ਜ਼ਿੰਦਗੀ ਉਹਨਾਂ ਦੀ ਆਪਣੀ ਜੀਵਨ-ਜੁਗਤ ਨਾਲ ਭਿੰਨ ਭਿੰਨ ਪੱਧਰਾਂ ਉਤੇ ਟਕਰਾਉਂਦੀ ਹੈ। ਪੰਜਾਬੀ ਪਰਵਾਸੀ ਕੁਝ ਸਥਿਤੀਆਂ ਵਿਚ ਸਮਝੌਤੇ ਕਰਦੇ ਹਨ, ਪਰ ਬਹੁਤੀਆਂ ਸਥਿਤੀਆਂ ਵਿਚ ਉਹਨਾਂ ਅੰਦਰ ਆਪਣੇ ਸਭਿਆਚਾਰ ਪ੍ਰਤੀ ਮੋਹ ਦਾ ਭਾਵ ਜਾਗਦਾ ਹੈ। ਉਹਨਾਂ ਦੇ ਧੁਰ ਅੰਦਰ ਉਹਨਾਂ ਦੀ ਆਪਣੀ ਸਭਿਆਚਾਰਕ ਬਣਤ ਵਸੀ ਹੁੰਦੀ ਹੈ, ਪਰ ਉਹ ਨਵੇਂ ਸਭਿਆਚਾਰਕ ਵਾਤਾਵਰਣ ਵਿਚ ਆਪਣੇ ਆਪ ਨੂੰ ਬਦਲਣਾ ਵੀ ਚਾਹੁੰਦੇ ਹਨ, ਉਹ ਆਪਣੇ ਆਪ ਨੂੰ ਨਵੇਂ ਸੰਸਾਰ ਦੀਆਂ ਲੋੜਾਂ ਅਨੁਸਾਰ ਢਾਲਣਾ ਵੀ ਚਾਹੁੰਦੇ ਹਨ, ਪਰੰਤੂ ਆਪਣੀ ਪੁਰਾਣੀ ਜ਼ਿੰਦਗੀ ਪ੍ਰਤੀ ਇਕ ਮੋਹ ਭਰਿਆ ਰਿਸ਼ਤਾ ਵੀ ਕਾਇਮ ਰਖਣਾ ਚਾਹੁੰਦੇ ਹਨ। ਸਵਰਨ ਚੰਦਨ ਦੇ ਹੁਣ ਤਕ ਲਿਖੇ ਸਾਰੇ ਨਾਵਲ ਇਸ ਤਣੀ ਹੋਈ ਪੰਜਾਬੀਅਤ ਦੇ ਕਿਸੇ ਨਾ ਕਿਸੇ ਪੱਖ ਨੂੰ ਆਪਣੀ ਥੀਮ ਬਣਾਉਂਦੇ ਹਨ। **ਕੱਖ ਕਾਨ ਅਤੇ ਦਰਿਆ** ਵੀ ਇਸੇ ਸਭਿਆਚਾਰਕ ਸੰਕਟ ਦੇ ਇਕ ਪੱਖ ਨੂੰ ਗਲਪ-ਪੱਧਰ ਉਤੇ ਪੇਸ਼ ਕਰਨ ਦਾ ਇਕ ਜਤਨ ਹੈ। ਇਸ ਵਿਚ ਲੇਖਕ ਨੇ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚੋਂ ਰੋਜ਼ਗਾਰ ਦੀ ਤਲਾਸ਼ ਵਿਚ ਇੰਗਲੈਂਡ ਜਾ ਵਸੇ ਉਹਨਾਂ ਪੰਜਾਬੀਆਂ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਜਿਨ੍ਹਾਂ ਦੇ ਬੱਚਿਆਂ ਨੂੰ ਕਠੋਰ ਨਸਲੀ ਵਿਤਕਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਸਭਿਆਚਾਰਕ ਅਣ-ਮੇਲ ਦੇ ਕਾਰਣ ਤਨਾਉ-ਪੂਰਣ ਜੀਵਨ ਭੋਗਣਾ ਪੈਂਦਾ ਹੈ। ਇਸ ਬਾਰੇ ਮਾਪਿਆਂ ਨੂੰ ਉਕਾ ਹੀ ਕੋਈ ਸੋਝੀ ਨਹੀਂ ਹੁੰਦੀ ਅਤੇ ਬੱਚੇ ਆਪ ਹੀ ਕੱਲੇ-ਕਾਰੇ ਇਸ ਸਥਿਤੀ ਨਾਲ ਟਕਰਾਉਂਦੇ ਦਮ ਤੋੜ ਜਾਂਦੇ ਹਨ। ਇਸ ਨਾਵਲ ਵਿਚਲੀ 'ਕੈਰੇਟਰ' ਐਮਾ ਆਪਣੇ ਪਿਤਾ ਦੀ ਕਮਾਈ ਦੀ ਹਵਸ ਨੂੰ ਪੂਰਿਆਂ ਕਰਨ ਲਈ ਜਿਨ੍ਹਾਂ ਪਰਿਸਥਿਤੀਆਂ ਥਾਣੀ ਲੰਘਦੀ ਹੈ ਅਤੇ ਅੰਤ ਵਿਚ ਵਿਗਿਆਪਨ ਕੰਪਨੀਆਂ ਦੀ ਮਾਡਲਰ ਅਤੇ ਬਿਲਿਯ਼ ਫਿਲਮਾਂ ਦੀ ਵਿਕਟਮ ਬਣਕੇ ਆਪਣਾ ਆਪਾ ਖੇਰੂੰ ਖੇਰੂੰ ਕਰਦੀ ਹੈ, ਉਸਦਾ ਤ੍ਰਾਸਦ ਰੂਪ ਇਸ ਨਾਵਲ ਵਿਚ ਪੇਸ਼ ਕਰਨ ਦਾ ਜਤਨ ਕੀਤਾ ਗਿਆ ਹੈ। ਐਮਾ ਦਆਰਾ ਆਤਮ ਕਥਨ ਦੇ ਰੂਪ ਵਿਚ ਇਹ ਬ੍ਰਿਤਾਂਤ ਉਸਨੂੰ ਅੰਗਰੇਜ਼ ਵਪਾਰੀਆਂ ਅਤੇ ਪੈਟਰੋ-ਡਾਲਰਾਂ ਦੀ ਕਮਾਈ ਨਾਲ ਆਫ਼ਰੇ ਅਰਬਾਂ ਦੇ ਘੋਰ ਦੁਰਾਚਾਰੀ ਅਪਰਾਧ ਦਾ ਵਿਕਟਿਮ ਦਰਸਾਉਂਦਾ ਹੈ। ਜਿਥੇ ਤਕ ਇਸ ਥੀਮ ਦਾ ਪ੍ਰਸ਼ਨ ਹੈ, ਇਹ ਪੰਜਾਬੀ ਪਰਵਾਸੀਆਂ ਦੇ ਦ੍ਰਿਸ਼ਟੀਕੋਣ ਤੋਂ ਕਾਫੀ ਮਹੱਤਵਪੂਰਣ ਹੈ। ਪਰੰਤੂ, ਪ੍ਰਸ਼ਨ ਪੈਦਾ ਹੁੰਦਾ ਹੈ ਕਿ ਲੇਖਕ ਇਸਨੂੰ ਕਿਸ ਹਦ ਤਕ ਜਟਿਲ ਗਾਲਪਨਿਕ ਅਨੁਭਵ ਵਿਚ ਬੰਨ੍ਹ ਕੇ ਪੇਸ਼ ਕਰ ਸਕਿਆ ਹੈ? ਨਾਵਲ ਦੇ ਨਾਮ ਅਤੇ ਇਸ ਵਿਚਲੀ ਥੀਮ ਦੇ ਪਰਸਪਰ ਰਿਸ਼ਤੇ ਨੂੰ ਵੇਖੀਏ ਤਾਂ ਲੇਖਕ ਮਗਲੂਬ ਪੰਜਾਬੀ ਸਭਿਆਚਾਰ ਅਤੇ ਗਾਲਬ ਇੰਗਲੈਂਡ ਦੇ ਪੱਛਮੀ ਸਭਿਆਚਾਰ ਨੂੰ ਮੈਟਾਫ਼ਰ ਦੀ ਪੱਧਰ ਉਤੇ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਇੰਗਲੈਂਡ ਦੀ ਪੱਛਮੀ ਸਭਿਆਚਾਰਕ ਪਰੰਪਰਾ ਮੂੰਹ ਜ਼ੋਰ ਤੁਗਿਆਨੀ ਵਿਚ ਆਏ ਉਸ ਦਰਿਆ ਵਾਂਗ ਹੈ ਜੋ ਪੰਜਾਬੀ ਸਭਿਆਚਾਰਕ ਇਕਾਈ ਦੇ ਕੱਖਕਾਨ ਨੂੰ ਰੋੜ੍ਹ ਕੇ ਲਿਜਾ ਰਿਹਾ ਹੈ। ਇਸੇ ਤੱਥ ਨੂੰ ਨਾਵਲਕਾਰ ਨੇ ਆਪਣੀ ਟੈਕਸਟ ਵਿਚ ਸਮਾਨ ਭਾਵੀ ਬਿੰਬਾਂ ਨਾਲ ਇਕ ਤੋਂ ਵੱਧ ਵਾਰੀ ਪ੍ਰਗਟਾਇਆ ਹੈ। ਜਿਵੇਂ :

> ਘੱਟ ਗਿਣਤੀ ਦੇ ਲੋਕਾਂ ਦੀ ਕਲਚਰ ਬਹੁਗਿਣਤੀ ਦੀ ਕਲਚਰ ਦੀ ਅਥਾਹ ਹਨੇਰੀ ਵਿਚ ਰੁੱਖ ਦੇ ਸੁੱਕਿਆਂ ਪੱਤਿਆਂ ਵਾਂਗ ਖਿੰਡ ਜਾਂਦੀ ਹੈ।
>
> (ਸਫ਼ਾ 157)

> ਇਸ ਮਾਹੌਲ ਵਿਚ ਬੰਦੇ ਦੀ ਸਿਰਫ਼ ਇਕ ਪਰਤ ਜਾਂ ਤਹਿ ਦੇ ਬਦਲਣ ਨਾਲ ਕਹਾਣੀ ਸਗੋਂ ਹੋਰ ਵਿਗੜ ਗਈ।...ਭਾਰਤੀ ਕਲਚਰ ਦਾ ਛੋਟਾ ਜੇਹਾ ਪਾਣੀ ਵਾਲਾ ਛੰਨਾ, ਇਕ ਵਿਸ਼ਾਲ ਸਮੁੰਦਰ ਇਥੋਂ ਦੀ ਕਾਬਜ਼ ਕਲਚਰ ਵਿਚ ਰੁੜ੍ਹ ਗਿਆ। ਇਹ ਹੋਣਾ ਹੀ ਸੀ। ਇਸ ਹੋਣੀ ਨੂੰ ਕੋਈ ਤਾਕਤ ਰੋਕ ਹੀ ਨਹੀਂ ਸਕਦੀ। (ਸਫ਼ਾ 157)
>
> ...ਪਰ ਫੇਰ ਵੀ ਇਕ ਰੈੱਡ-ਵਾਈਨ ਦੀ ਬੋਤਲ ਉਹਨੇ ਹੋਰ ਮੰਗਾ ਲਈ ਅਤੇ ਅਸੀਂ ਘੁੱਟ ਘੁੱਟ ਹੋਰ ਪਾ ਲਈ। ਹੁਣ ਮੇਰੀ ਹਦੋਂ ਵੱਧ ਪੀਤੀ ਜਾ ਰਹੀ ਸੀ। ਹੁਣ ਤਾਂ ਸ਼ਾਇਦ ਮੇਰੀ ਹੈ ਹੀ ਨਹੀਂ ਸੀ। ਬੱਸ ਐਵੇਂ ਦਰਿਆ ਵਿਚ ਕਖ-ਕਾਣ ਵਾਂਗ ਰੁੜ੍ਹਦੀ ਜਾ ਰਹੀ ਸਾਂ। (ਸਫ਼ਾ 133)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ ਦੀ ਆਪਣੀ ਨਿਖੜਵੀਂ ਪਛਾਣ ਦੇ ਇੰਗਲੈਂਡ ਦੇ ਪੱਛਮੀ ਸਭਿਆਚਾਰ ਦੇ ਦਬਾਵਾਂ ਹੇਠ ਮਰ ਮੁਕ ਜਾਣ ਦੀ ਪ੍ਰਕਿਰਿਆ ਨੂੰ ਇਸ ਨਾਵਲ ਵਿਚ ਲੇਖਕ ਨੇ ਐਮਾ ਦੇ ਆਪਣੇ ਮੂੰਹੋਂ ਸੁਣਾਏ ਬਿਰਤਾਂਤ ਰਾਹੀਂ ਰੂਪਮਾਨ ਕੀਤਾ ਹੈ। ਆਪਣੇ ਅਮ੍ਰਿਤਸਰ ਦੇ ਪਿੰਡ ਤੋਂ ਇੰਗਲੈਂਡ ਤਕ ਅਤੇ ਪਿਛੋਂ ਇੰਗਲੈਂਡ ਵਿਚ ਸਕੂਲ ਪੱਧਰ ਦੇ ਵਿਦਿਆਰਥੀ ਜੀਵਨ ਤੋਂ ਲੈ ਕੇ ਅੰਤ ਵਿਚ ਆਪਣਾ ਜਿਸਮ ਵੇਚਣ ਤਕ ਦੀ ਗਾਥਾ ਸੁਣਾ ਕੇ ਐਮਾ ਨਾਵਲ ਦੇ ਪਾਠਕਾਂ ਵਲ ਸੰਬੋਧਿਤ ਹੁੰਦੀ ਹੈ ਅਤੇ ਇਸ ਮਸਲ ਉਤ ਕੁਝ ਬੁਨਿਆਦੀ ਪ੍ਰਸ਼ਨ ਖੜੇ ਕਰਦੀ ਹੈ ਜਿਸਦੇ ਉਤਰ ਨਾ ਉਸ ਕੋਲ ਹਨ ਅਤੇ ਨਾ ਹੀ ਨਾਵਲ ਦੇ ਪਾਠਕਾਂ ਕੋਲ। ਅੰਤ ਵਿਚ ਉਹ ਮੈਟਾਫ਼ਰ ਦੀ ਪਧਰ ਉਤੇ ਕਬਰ ਵਿਚ ਪਈ ਲਾਸ਼ ਵਾਂਗੂੰ ਆਪਣੀ ਹੋਂਦ ਦਾ ਤਸੱਵੁਰ ਕਰਦੀ ਹੈ :

> ਤੇ ਮੇਰੀ ਮਾਂ ਅਗਲੇ ਬੁਧਵਾਰ ਆ ਰਹੀ ਹੈ। ਮੈਨੂੰ ਇਸ ਨਰਕ 'ਚੋਂ ਕਢਣ ਲਈ। ਮੇਰੀ ਮਈਅਤ ਨੂੰ ਇਸ ਕਬਰ 'ਚ ਕਢਕੇ ਸ਼ਾਇਦ ਗੰਗਾ ਪਰਵਾਹ ਕਰਨ ਲਈ। (ਸਫ਼ਾ 162)
>
> ...ਉਹਦੇ ਭਾਣੇ ਫੁਲਹਮ ਤੇ ਅਰਲਜ਼ ਕੋਰਟ ਵਿਚ ਕਬਰਾ ਦਾ ਘਾਟਾ ਏ। ਬੜੀਆਂ ਕਬਰਾਂ ਨੇ ਏਥੇ ਆਪਣੀ ਮਈਅਤ ਚੁਕਾਗੀ ਤੇ ਕਿਸੇ ਨਵੀਂ ਕਬਰ ਵਿਚ ਜਾ ਸੁਟਾਗੀ ਏਹਨੂੰ। (ਸਫ਼ਾ 162)
>
> ਲਾਸ਼ ਦਾ ਨਾਂ ਬਦਲਣ ਨਾਲ ਲਾਸ਼ ਤਾਂ ਨਹੀਂ ਬਦਲ ਚਲੀ। ਲਾਸ਼ ਤਾ ਉਹੋ ਹੀ ਰਹੇਗੀ, ਜਿਵੇਂ ਲਬਲ ਬਦਲ ਜਾਣ ਨਾਲ ਵਸਤਾਂ ਨਹੀਂ ਬਦਲਦੀਆਂ। (ਸਫ਼ਾ 162)
>
> ਤੇ ਮੈਂ ਉਸ ਦਿਨ ਪਹਿਲੀ ਵਾਰੀ ਆਪਣੀ ਪਿਆਰੀ, ਭੋਲੀ ਤੇ ਮਾਖਿਓਂ ਮਿਠੀ ਮਾਂ ਦੀ ਗਲਵਕੜੀ ਤੋਂ ਮਹਿਰੂਮ ਆਪਣੀ ਨਵੀਂ ਕਬਰ ਵਿਚ ਆਪਣੀ ਲਾਸ਼ ਲਈ ਬੈਠੀ ਚੁਪਚਾਪ ਅਥਰੂ ਵਹਾ ਰਹੀ ਹੋਵਾਂਗੀ। (ਸਫ਼ਾ 164)
>
> ਉਂਜ ਦਰੁਸਤ ਤਾਂ ਇਹ ਸੀ ਕਿ ਹਰ ਰੋਜ਼, ਹਰ ਪਲ ਮਰਨ ਵਾਲਾ ਬੰਦਾ ਤਾਂ ਸ਼ਾਇਦ ਏਨਾ ਪੈਸਾ ਕਮਾ ਹੀ ਸਕਦਾ ਸੀ। (ਸਫ਼ਾ 146)

ਨਾਵਲ ਦੇ ਆਰੰਭ ਵਿਚ ਅਧੂਰੇ ਕਾਂਡ ਵਿਚ ਐਮਾ ਜਦੋਂ ਆਪਣੇ ਫਲੈਟ 'ਚੋਂ ਮਾਂ ਨੂੰ ਤੋਰ ਕੇ ਆਪਣੇ ਬਿਸਤਰੇ ਤੇ ਡਿਗਦੀ ਹੈ ਤਾਂ ਫ਼ੇਰ ਕਬਰ ਤੇ ਕਬਰਿਸਤਾਨ ਦੀ ਬਿੰਬਾਵਲੀ ਨੂੰ ਦੁਹਰਾਉਂਦੀ ਹੈ :

> ਮੈਨੂੰ ਇਉਂ ਲਗਿਆ ਜਿਵੇਂ ਇਹ ਮੰਜਾ ਨਾ ਹੋਵੇ ਸਗੋਂ ਮੇਰੀ ਕਬਰ ਹੋਵੇ। ਫੁਲਹਮ ਦਾ ਇਹ ਇਲਾਕਾ ਜਿਵੇਂ ਕਬਰਿਸਤਾਨ ਹੋਵੇ, ਇਹ ਅਣਗਿਣਤ ਫਲੈਟ ਜਿਵੇਂ ਮਕਬਰੇ ਹੋਣ ਅਤੇ ਸਾਰੇ ਕਮਰੇ ਜਿਵੇਂ 'ਕਬਰ' ਹੋਣ। ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹਨਾਂ ਵਿਚ ਇਕ ਕਬਰ ਮੇਰੀ ਵੀ। (ਸਫ਼ਾ 23)

ਮੌਤ ਅਤੇ ਕਬਰਾਂ ਦੇ ਬਿੰਬ ਲੇਖਕ ਨੇ ਬਾਰ ਬਾਰ ਪੇਸ਼ ਕੀਤੇ ਹਨ। ਇਹ ਵਿਅਕਤੀ ਦੀ ਇਕੱਲ ਅਤੇ ਵਿਜੋਗਨ ਦੀ ਸਥਿਤੀ ਨੂੰ ਪੇਸ਼ ਕਰਦੇ ਹਨ। ਮਿਹਨਤ ਦੀ ਵੰਡ ਦੇ ਕਾਰਣ ਪੂੰਜੀਵਾਦੀ ਪੱਛਮੀ ਸਮਾਜ ਵਿਚ ਵਿਸੰਗਤੀ ਦੀ ਭਾਵਨਾ ਪਸਰੀ ਹੋਈ ਹੈ ਅਤੇ ਉਸ ਵਿਚੋਂ ਉਤਪੰਨ ਹੋਈ ਸੰਸਥਾਕਰਨ (institutionalization) ਨੇ ਮਨੁੱਖੀ ਰਿਸ਼ਤਿਆਂ ਵਿਚ ਮੌਤ ਵਰਗੀ ਸੁੰਞ ਪੈਦਾ ਕਰ ਦਿੱਤੀ ਹੈ। ਮਿਹਨਤ ਦੀ ਵੰਡ ਦੇ ਫਲਸਰੂਪ ਮਨੁੱਖੀ ਉਤਪਾਦਨ ਅਤੇ ਰਚਨਾਤਮਕਤਾ ਖੰਡਿਤ ਕਾਰਜਾਂ ਵਿਚ ਬਦਲ ਚੁੱਕੇ ਹਨ ਜਿਸਦੇ ਫਲਸਰੂਪ ਕੋਈ ਵੀ ਵਿਅਕਤੀ ਰਚਨਾਤਮਕ ਅਤੇ ਮਨੁੱਖੀ ਢੰਗ ਨਾਲ ਉਤਪਾਦਨ ਕਰਨ ਲਈ ਸੁਤੰਤਰ ਨਹੀਂ ਰਿਹਾ। ਹਰ ਵਿਅਕਤੀ ਆਪਣੀ ਜਾਬ ਦੀਆਂ ਲੋੜਾਂ ਦੀ ਪੂਰਤੀ ਲਈ ਇਕ ਪੁਰਜ਼ਾ ਬਣ ਗਿਆ ਹੈ। ਇਉਂ ਉਤਪਾਦਨ ਆਪਣੀ ਰਚਨਾਤਮਕਤਾ ਤੋਂ ਹੀ ਟੁਟਾ ਹੋਇਆ ਹੈ। ਉਤਪਾਦਨ ਰਚਨਾਤਮਕਤਾ ਦਾ ਪ੍ਰਗਟਾਵਾ ਬਣਨ ਦੀ ਬਜਾਏ ਜਿਨਸ ਬਣ ਗਿਆ ਹੈ ਜੋ ਵੇਚੀ ਤੇ ਖ਼ਰੀਦੀ ਜਾ ਸਕਦੀ ਹੈ। ਅਜੇਹੇ ਸਮਾਜ ਵਿਚ ਵਿਸੰਗਤੀ ਅਤੇ ਇਨੋਮੀ (anomie) ਏਨੇ ਵਿਆਪਕ ਰੂਪ ਵਿਚ ਪਸਰੇ ਹੋਏ ਹਨ ਕਿ ਮਨੁੱਖੀ ਸੰਬੰਧਾਂ ਵਿਚ ਵੀ ਵਿਸੰਗਤੀ ਦਾ ਭਾਵ ਵਾਪਰ ਜਾਂਦਾ ਹੈ ਅਤੇ ਸਮਾਜਕ ਨੇਮ-ਪ੍ਰਬੰਧ, ਦਮਨ ਅਤੇ ਅਮਾਨਵੀਕਰਨ ਦਾ ਰੂਪ ਧਾਰ ਜਾਂਦੇ ਹਨ। ਲੇਖਕ ਅਜੇਹੇ ਸਮਾਜ ਉਪਰ ਟਿੱਪਣੀ ਨਾਵਲੀ-ਬ੍ਰਿਤਾਂਤ ਵਿਚ ਥਾਂ ਥਾਂ ਪੇਸ਼ ਕਰਦਾ ਹੈ :

> ਸੜਕ ਤੇ ਤੁਰੀ ਜਾਂਦੀ ਮੈਂ ਸੋਚ ਰਹੀ ਸਾਂ ਕਿ ਮਨੁੱਖ ਵੀ ਕਿਹੋ ਜਿਹੀ ਚੀਜ਼ ਹੈ : ਪੈਸੇ ਦੀ ਖਾਤ੍ਰ ਇਹ ਹਰ ਚੀਜ਼ ਤੋਂ ਅੱਖਾਂ ਮੀਟ ਲੈਂਦੈ; ਦੂਸਰਿਆਂ ਨਾਲ ਆਪਣੇ ਰਿਸ਼ਤਿਆਂ ਦੀ ਪਹਿਚਾਣ ਕਰਨੋਂ ਇਨਕਾਰ ਕਰ ਦੇਂਦੈ, ਜੀਹਦੇ ਕੋਲ ਇਹਨੂੰ ਆਰਥਿਕ ਲਾਭ ਪ੍ਰਾਪਤ ਨਹੀਂ, ਉਹ ਇਹਦਾ ਕੁਝ ਵੀ ਨਹੀਂ ਲਗਦਾ; ਪਿਉ ਨੂੰ ਬੀਵੀ, ਧੀ, ਪੁੱਤ ਸਭ ਕੌੜੇ ਲਗਦੇ ਐ ਅਤੇ ਇਵੇਂ ਹੀ ਉਹਨਾਂ ਨੂੰ ਸ਼ਾਇਦ ਪਿਉ ਵੀ। ਪੈਸਿਆਂ ਲਈ ਤਨ ਦਾ ਸੌਦਾ ਹੁੰਦੈ, ਤੇ ਮਨ - ਇਹ ਤਾਂ ਕਿਸੇ ਸ਼ੈ ਦਾ ਪਾਸਕੂ ਵੀ ਨਈਂ। ਮਨ ਦੀਆਂ ਰੂਹ ਦੀਆਂ ਗੱਲਾਂ ਤਾਂ ਐਵੇਂ ਵਿਹਲੀਆਂ ਢੁਚਰਾਂ ਨੇ; ਅਸਲ ਗੱਲ ਤਾਂ ਬਾਹਰ, ਸਾਡੇ ਸਾਹਮਣੇ ਹੁੰਦੀ ਐ। (ਸਫ਼ੇ 143-44)
>
> ਅੱਛਾ ਕਹਿਕੇ ਮੈਂ ਉਸ ਔਰਤ ਵਲ ਵੇਖਿਆ ਜੋ ਮੁਸਕਰਾ ਰਹੀ ਸੀ ਜਿਵੇਂ ਕਹਿੰਦੀ ਹੋਵੇ ਆਪਾਂ ਸਾਰੇ ਤਾਂ ਵਿਕਣ ਲਈ ਬੈਠੇ ਆਂ। ਕੋਈ ਵੀ ਕੀਮਤ ਦੇ ਕੇ ਖਰੀਦ ਸਕਦੈ। (ਸਫ਼ਾ 150)
>
> ਪੈਸੇ ਦੀ ਇਸ ਦੁਨੀਆਂ ਵਿਚ ਕੋਈ ਮਾਂ ਨਹੀਂ, ਕੋਈ ਧੀ ਨਹੀਂ, ਕੋਈ ਭਰਾ ਨਹੀਂ, ਕੋਈ ਭੈਣ ਨਹੀਂ, ਸਭ ਵੇਚਣ ਜਾਂ ਖ਼੍ਰੀਦਣ ਵਾਲੇ ਹਨ। ਹਰ ਕੋਈ ਲੋੜੀਂਦੇ ਮਿਠੇ ਲਈ ਮਿਣਵਾਂ ਗੁੜ ਪਾਉਂਦਾ ਹੈ। (ਸਫ਼ਾ 153)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਨੇ ਇੰਗਲੈਂਡ ਦੇ ਪੂੰਜੀਵਾਦੀ ਸਮਾਜ ਦੇ ਜੋ ਨੈਣ-ਨਕਸ਼ਾਂ ਦਾ ਵਰਣਨ ਪੇਸ਼ ਕੀਤਾ ਹੈ ਅਤੇ ਜਿਸਦੇ ਮਾਰੂ ਪ੍ਰਭਾਵਾਂ ਥੱਲੇ ਉਥੋਂ ਦੇ ਪੰਜਾਬੀ ਸਮਾਜ ਦੀ ਆਪਣੀ ਵਿਲੱਖਣ ਪਛਾਣ ਦੇ ਗੁਆਚ ਜਾਣ ਦਾ ਡਰ ਪ੍ਰਗਟਾਇਆ ਹੈ, ਇਹ ਲੇਖਕ ਦੇ ਅਵਚੇਤਨ ਵਿਚ ਵਸੀ ਹੋਈ ਪੰਜਾਬੀ ਸੰਕਟ ਭਾਵਨਾ ਦਾ ਪਰਿਣਾਮ ਪ੍ਰਤੀਤ ਹੁੰਦਾ ਹੈ। ਇਹ ਡਰ ਕੇਵਲ ਇੰਗਲੈਂਡ ਵਿਚ ਵਸੇ ਪਰਵਾਸੀ ਪੰਜਾਬੀਆਂ ਵਿਚ ਹੀ ਨਹੀਂ, ਪੰਜਾਬ ਅਤੇ ਭਾਰਤ ਦੇ ਦੂਜੇ ਇਲਾਕਿਆਂ ਵਿਚ ਰਹਿਣ ਵਾਲੇ ਪੰਜਾਬੀਆਂ ਵਿਚ ਬਰਾਬਰ ਮਿਲਦਾ ਹੈ। ਪੰਜਾਬ ਵਿਚ ਰਹਿ ਰਹੇ ਪੰਜਾਬੀਆਂ ਵਿਚ ਹਕੀਕੀ ਜਾਂ ਕਾਲਪਨਿਕ ਸੰਕਟ-ਭਾਵਨਾ ਹਰ ਵੇਲੇ ਕੰਮ ਕਰਦੀ ਰਹਿੰਦੀ ਹੈ ਅਤੇ ਉਹ ਆਪਣੀ ਹੋਂਦ ਸਦਾ ਖਤਰੇ ਵਿਚ ਮਹਿਸੂਸ ਕਰਦੇ ਹਨ। ਪੂੰਜੀਵਾਦੀ ਸਮਾਜ ਦੀਆਂ ਜਿਨ੍ਹਾਂ ਇਲਾਮਤਾਂ ਨੂੰ ਚੰਦਨ ਇੰਗਲੈਂਡ ਦੇ ਸਮਾਜ ਦੇ ਸੰਦਰਭ ਵਿਚ ਪੇਸ਼ ਕੀਤਾ ਹੈ, ਉਹ ਭਾਰਤ ਵਿਚ ਵੀ ਮਹਾਂ ਨਗਰ ਦੇ ਸਭਿਆਚਾਰ ਵਿਚ ਥੋੜ੍ਹੇ ਬਹਤ ਪ੍ਰਕਾਰਾਂਤਰ ਨਾਲ ਮਿਲਦੀਆਂ ਹਨ। ਇਹ ਸਮੱਸਿਆ ਸਿਰਫ ਇੰਗਲੈਂਡ ਵਿਚ ਜਾਂ ਫੇਰ ਹੋਰ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਹੀ ਨਹੀਂ, ਭਾਰਤ ਵਸਦੇ ਪੰਜਾਬੀਆਂ ਵਿਚ ਵੀ ਮਿਲਦੀ ਹੈ। ਅਸਲ ਵਿਚ ਮਹਾਂਨਗਰ ਦੀ ਸੰਸਕ੍ਰਿਤੀ ਜਿਥੇ ਵੀ ਪੈਦਾ ਹੋਈ ਹੈ, ਅਜੇਹੀਆਂ ਪਛਾਣ ਦੀਆਂ ਸਮੱਸਿਆਵਾਂ ਉਭਰ ਕੇ ਆਈਆਂ ਹਨ। **ਕੱਖ, ਕਾਨ ਅਤੇ ਦਰਿਆ** ਨਾਵਲ ਦਾ ਪਿਛੋਕੜ ਇੰਗਲੈਂਡ ਦਾ ਹੈ, ਪਰ ਇਸ ਵਿਚਲਾ ਪੇਸ਼ ਕੀਤਾ ਸੰਕਟ ਲਗ ਪਗ ਸਰਬ ਵਿਆਪਕ ਹੈ। ਪੰਜਾਬੀ ਸਭਿਆਚਾਰ ਦੀ ਧੁਰ-ਡੂੰਘਾਣ ਵਿਚ ਸੰਕਟ-ਭਾਵਨਾ ਕੰਮ ਕਤਦੀ ਆਈ ਹੈ, ਅਤੇ ਇਸੇ ਭਾਵਨਾ ਕਰਕੇ ਦੇਸ ਤੇ ਪ੍ਰਦੇਸ ਵਿਚ ਪੰਜਾਬੀ ਆਪਣੀ ਹੋਂਦ ਖਤਰੇ ਵਿਚ ਮਹਿਸੂਸ ਕਰਦੇ ਆਏ ਹਨ। ਚੰਦਨ ਦਾ ਵਿਦੇਸ਼ ਵਿਚ ਆਪਣੀਆਂ ਕਦਰਾਂ ਕੀਮਤਾਂ ਲਈ ਮੋਹ ਦਾ ਉਦਰੇਵਾਂ ਏਨਾ ਜ਼ਿਆਦਾ ਹੈ ਕਿ ਪੰਜਾਬੀਆਂ ਦੀ ਪੁਰਾਣੀ ਰਹਿਤ-ਬਹਿਤ ਨੂੰ ਜੀਊਂਦਿਆਂ ਰਖਕੇ ਹੀ ਪੱਛਮ ਦੀ ਨਵੀਂ ਭਾਂਤ ਦੀ ਦੁਨੀਆਂ ਵਿਚ ਵਿਚਰਨ ਨੂੰ ਆਪਣਾ ਆਦਰਸ਼ ਥਾਪਦਾ ਹੈ। ਐਮਾ ਦੇ ਉਤਮ-ਪੁਰਖ ਬ੍ਰਿਤਾਂਤ ਦੁਆਰਾ ਜੋ ਦੇਸ ਅਤੇ ਪ੍ਰਦੇਸ ਵਿਚਕਾਰ ਵਿਰੋਧ-ਪੈਟ੍ਰਨ ਬਣਾਉਂਦਾ ਹੈ, ਉਸ ਵਿਚ ਉਸਦੀ ਉਦਰੇਵਾਂ ਭਾਵਨਾ ਦਾ ਹੀ ਉਘੜਵਾਂ ਰੂਪ ਮਿਲਦਾ ਹੈ। ਭਾਰਤ ਦੇ ਪਿੰਡ ਵਿਚ ਗੁਰਦੁਆਰੇ ਦਾ ਸਕੂਲ ਅਤੇ ਲੰਡਨ ਵਿਚ ਬਰਤਾਨਵੀ ਸਿਸਟਮ ਨਾਲ ਚਲਣ ਵਾਲਾ ਬੱਚਿਆਂ ਦਾ ਸਕੂਲ, ਪਿੰਡ ਦਾ ਸਾਧਾਰਣ ਆਲਾ ਦੁਆਲਾ ਅਤੇ ਲੰਡਨ ਸ਼ਹਿਰ ਦਾ ਜਟਿਲ ਵਾਤਾਵਰਣ, ਪਿੰਡ ਵਿਚ ਕਪਾਹ ਚੁਗਣੀ ਤੇ ਲੰਡਨ ਦੇ ਮਹਾਂ ਨਗਰੀ ਰੋਜ਼ਗਾਰ ਜਿਸਨੂੰ ਲੇਖਕ 'ਕਲ੍ਹ ਤੇ ਅਜ ਵਿਚ ਦਾ ਫਰਕ' ਕਹਿੰਦਾ ਹੈ, ਆਉਣਾ ਕੁਦਰਤੀ ਹੀ ਸੀ।

ਸਵਰਨ ਚੰਦਨ ਅਸਲ ਵਿਚ ਇਸ ਨਾਵਲ ਵਿਚ ਸੰਘਣੀ ਅਤਿਭਾਵਨਾ ਦਾ ਸ਼ਿਕਾਰ ਹੈ। ਮੈਂ ਉਸਦੇ ਸਾਰੇ ਨਾਵਲ ਤਾਂ ਨਹੀਂ ਪੜ੍ਹੇ ਪਰ ਇਕ ਅੱਧ ਹੋਰ ਜੋ ਵਰ੍ਹੇ ਪਹਿਲਾਂ ਪੜ੍ਹਿਆ ਸੀ, ਉਹ ਸੀ **ਨਵੇਂ ਰਿਸ਼ਤੇ**। ਉਸ ਵਿਚ ਵੀ ਸਮੱਸਿਆ ਦੀ ਪੇਸ਼ਕਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਰਚਨਾਤਮਕ ਵਿੱਥ ਨੂੰ ਧਾਰਨ ਕਰਕੇ ਨਹੀਂ ਕੀਤੀ ਗਈ, ਜਿਸ ਨਾਲ ਉਹ ਨਵੇਂ ਚਿੰਤਨ ਦੇ ਢੰਗ ਨਾਲ ਸਿਰਜਣ ਦੇ ਕਿਸੇ ਨਵੇਂ ਮੁਹਾਵਰੇ ਨੂੰ ਰਚ ਸਕਦਾ। ਪੰਜਾਬੀ ਨਾਵਲ ਦੀ ਪਰੰਪਰਾ ਵਿਚ ਸੰਘਣੀ ਭਾਵੁਕਤਾ ਦੀ ਪ੍ਰਧਾਨਤਾ ਰਹੀ ਹੈ। ਭਾਵਨਾ ਤੋਂ ਮੁਕਤ ਹੋ ਕੇ ਗਲਪ-ਰਚਨਾ ਦੀ ਕੋਸ਼ਿਸ਼ ਕਿਸੇ ਟਾਵੇਂ ਟਾਵੇਂ ਲੇਖਕ ਵਿਚ ਹੀ ਮਿਲਦੀ ਹੈ। ਪਰ ਪੰਜਾਬੀ ਨਾਵਲਕਾਰ ਜਿਨ੍ਹਾਂ ਵਿਚ ਚੰਦਨ ਵੀ ਸ਼ਾਮਿਲ ਹੈ, ਪਹਿਲਾਂ ਤੋਂ ਹੀ ਪ੍ਰਾਪਤ ਨਾਵਲੀ ਮੁਹਾਵਰੇ ਨੂੰ ਆਪਣੀ ਰਚਨਾ ਵਿਚ ਦੁਹਰਾਉਂਦੇ ਹਨ।

ਭਾਸ਼ਾ ਦੀ ਦ੍ਰਿਸ਼ਟੀ ਤੋਂ ਚੰਦਨ ਨੇ ਇਸ ਨਾਵਲ ਵਿਚ ਬੜਾ ਦਿਲਚਸਪ ਤਜਰਬਾ ਕੀਤਾ ਹੈ। ਉਸਨੇ ਮਾਣਿਕ ਕੇਂਦਰੀ ਪੰਜਾਬੀ ਦੇ ਕੋਡ ਵਿਚ ਇਕ ਪਾਸੇ ਪੇਂਡੂ ਮਾਝੀ ਦੇ ਕੋਡ ਦਾ ਮਿਸ਼ਰਣ ਕੀਤਾ ਹੈ ਉਥੇ ਅੰਗਰੇਜ਼ੀ ਭਾਸ਼ਾ ਦਾ ਕੋਡ ਮਿਸ਼ਰਣ ਕਰਕੇ ਗਲਪ-ਭਾਸ਼ਾ ਨੂੰ ਵਖਰੀ ਤਰ੍ਹਾਂ ਦੀ ਨੁਹਾਰ ਦਿੱਤੀ ਹੈ। ਪਰ ਇਹ ਭਾਸ਼ਾ ਸੰਘਣੀ ਭਾਵੁਕਤਾ ਕਾਰਣ ਪੰਜਾਬੀ ਦੇ ਆਪਣੇ ਠੇਠ ਮੁਹਾਵਰੇ ਤੋਂ ਦੂਰ ਚਲੀ ਗਈ ਹੈ। ਇਸ ਦ੍ਰਿਸ਼ਟੀ ਤੋਂ ਉਹ ਨਾਨਕ ਸਿੰਘ ਦਾ ਹੀ ਵਾਰਿਸ ਹੈ। ਸੰਘਣੀ ਭਾਵੁਕਤਾ ਕਾਰਣ ਕੋਈ ਰਚਨਾ ਚਾਹੇ ਠੇਠ ਪੰਜਾਬੀ ਮੁਹਾਵਰੇ ਵਿਚ ਕਿਉਂ ਨਾ ਰਚੀ ਗਈ ਹੋਵੇ, ਪਰ ਉਹ ਪੰਜਾਬੀ ਭਾਸ਼ਾ ਦੇ ਆਪਣੇ ਵਿਵੇਕ ਨਾਲ ਮੇਲ ਨਹੀਂ ਖਾਂਦੀ। ਪੰਜਾਬੀ ਦਾ ਠੇਠ ਮੁਹਾਵਰਾ ਭਾਵੁਕਤਾ ਤੋਂ ਸਖਣਾ ਵੀ ਨਹੀਂ ਅਤੇ ਨਾ ਹੀ ਅਤਿਭਾਵਨਾ ਵਾਲਾ। ਪੰਜਾਬੀ ਭਾਸ਼ਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਅਤਿ ਦੁੱਖ ਤੇ ਸੰਤਾਪ ਦੀ ਘੜੀ ਵਿਚ ਵੀ ਅਤਿਭਾਵਨਾ ਦੇ ਵਹਿਣ ਵਿਚ ਨਹੀਂ ਰੁੜ੍ਹਦੀ। ਪਰ ਪੰਜਾਬੀ ਨਾਵਲਕਾਰੀ ਦਾ ਮੁਢ ਹੀ ਧਾਰਮਿਕ ਅਤਿਭਾਵਨਾ ਤੋਂ ਹੋਇਆ ਹੈ ਅਤੇ ਹੁਣ ਵੀ ਇਸਦੀ ਏਨੀ ਪੱਕੀ ਪੀਡੀ ਪਕੜ ਹੈ ਕਿ ਸਾਡੇ ਨਵੇਂ ਲੇਖਕ ਆਪਣੀ ਸੋਚਣੀ ਵਿਚ ਸੈਕੁਲਰ ਹੋਣ ਦੇ ਬਾਵਜੂਦ ਧਾਰਮਿਕ ਅਤਿਭਾਵਨਾ ਵੀ ਭਾਸ਼ਾ ਦੀ ਵਰਤੋਂ ਕਰਦੇ ਹਨ। ਸਵਰਨ ਚੰਦਨ ਕੋਈ ਅਪਵਾਦ ਨਹੀਂ। ਮੁਹਾਵਰੇ ਦੀ ਦ੍ਰਿਸ਼ਟੀ ਤੋਂ ਉਸਨੇ ਅੰਗ੍ਰੇਜ਼ੀ ਭਾਸ਼ਾ ਦੀ ਵਾਕ ਬਣਤਰ ਦਾ ਵੀ ਗਹਿਰਾ ਪ੍ਰਭਾਵ ਕਬੂਲਿਆ ਹੈ, ਉਹ ਸਮਾਜ-ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਕਿਸੇ ਅਧਿਐਨ ਲਈ ਉਹ ਬੜੀ ਮਹੱਤਵਪੂਰਣ ਸਾਮਗ੍ਰੀ ਬਣ ਸਕਦਾ ਹੈ। ਇਸ ਸੰਖੇਪ ਪਰਚੇ ਦੀਆਂ ਸੀਮਾ ਵਿਚ ਉਸ ਬਾਰੇ ਵਿਸਥਾਰ ਨਾਲ ਗੱਲ ਕਰਨੀ ਸੰਭਵ ਨਹੀਂ, ਪਰ ਸਵਰਨ ਚੰਦਨ ਦੀ ਭਾਸ਼ਾ ਵਿਚਲੀ ਭਾਵੁਕ ਮਾਨਸਿਕਤਾ ਉਸਨੂੰ ਨਾਨਕ ਸਿੰਘ ਦੀ ਗਲਪ ਪਰੰਪਰਾ ਨਾਲ ਹੀ ਜੋੜਦੀ ਹੈ।

ਅੰਤ ਵਿਚ ਸੰਖੇਪ ਰੂਪ ਵਿਚ ਨਾਵਲ ਦੀ ਟੈਕਸਟ ਰਚਨਾ ਦੀ ਵਿਧੀ ਬਾਰੇ ਸੰਕੇਤ ਕਰਨਾ ਵੀ ਕੁਥਾਂ ਨਹੀਂ ਹੋਵੇਗਾ। ਕਿਸੇ ਭਾਸ਼ਾ ਦੇ ਵਿਆਕਰਣ ਵਿਚ ਵਾਕਾਂ ਨੂੰ ਮੋਟੇ ਤੌਰ ਤੇ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

(1) ਕਥਨੀ ਵਾਕ (Declorative sentence)

(2) ਪ੍ਰਸ਼ਨ ਮੂਲਕ ਵਾਕ (Interrogative sentence)

(3) ਹੁਕਮੀਆ ਜਾਂ ਆਦੇਸ਼ਮੂਲਕ ਵਾਕ (Imperative sentence)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਤਿੰਨ ਪ੍ਰਕਾਰ ਦੀਆਂ ਵਾਕ ਸੰਰਚਨਾਵਾਂ ਦੇ ਆਧਾਰ ਉਪਰ ਤਿੰਨ ਮਾਡੈਲੀ-ਟੀਆਂ ਦੀ ਕਲਪਨਾ ਕੀਤੀ ਜਾਂਦੀ ਹੈ ਜਿਨ੍ਹਾਂ ਰਾਹੀਂ ਕੋਈ ਵਿਅਕਤੀ ਆਪਣੇ ਸ੍ਰੋਤੇ ਨਾਲ ਬੋਲ ਅਤੇ ਵਿਹਾਰ ਦੇ ਸੰਬੰਧ ਸਥਾਪਿਤ ਕਰਦਾ ਹੈ। ਉਹ ਇਹਨਾਂ ਵਿਧੀਆਂ ਨਾਲ ਜਾਂ ਤਾਂ ਆਪਣੇ ਸ੍ਰੋਤੇ ਨਾਲ ਕੋਈ ਜਾਣਕਾਰੀ ਸਾਂਝੀ ਕਰਦਾ ਹੈ ਜਾਂ ਕਿਸੇ ਸੂਚਨਾ ਨੂੰ ਗ੍ਰਹਿਣ ਕਰਦਾ ਹੈ। ਇਹ ਕਿਸੇ ਵਾਕ-ਇਕਾਈ ਦੀਆਂ ਤਿੰਨ ਮੋਡੈਲੀਟੀਆਂ ਦੇ ਆਧਾਰ ਉਤੇ ਪ੍ਰਵਚਨ (discourse) ਦੇ ਤਿੰਨ ਅੰਤਰ-ਵਿਅਕਤਿਕ ਪ੍ਰਕਾਰਜਾਂ ਨੂੰ ਸਪੱਸ਼ਟ ਕਰਦੇ ਹਨ। ਇਸੇ ਦੇ ਆਧਾਰ ਉਤੇ ਸਾਹਿਤ ਵਿਗਿਆਨੀਆਂ ਨੇ ਕਿਸੇ ਸਾਹਿਤ ਪ੍ਰਵਚਨ ਦੇ ਤਿੰਨ ਨਿਖੜਵੇਂ ਪ੍ਰਕਾਰਜ ਮੰਨੇ ਹਨ : (1) ਕਥਨੀ (2) ਪ੍ਰਸ਼ਨ ਮੂਲਕ (3) ਆਦੇਸ਼ ਮੂਲਕ ਜਾਂ ਹੁਕਮੀਆਂ। ਕਲਾਸਿਕ ਯਥਾਰਥਵਾਦ ਜਿਨ੍ਹਾਂ ਟੈਕਸਟਾਂ ਦੀ ਰਚਨਾ ਕਰਦਾ ਹੈ, ਉਹ ਕਥਨੀ ਵਿਧੀ ਦੇ ਅਨੁਕੂਲ ਹੁੰਦੀਆਂ ਹਨ। ਆਦੇਸ਼ਮੂਲਕ ਟੈਕਸਟਾਂ ਵਿਚ ਸਿੱਧਾ ਪ੍ਰਚਾਰ ਮਿਲਦਾ ਹੈ. ਪਰੰਤੂ ਪ੍ਰਸ਼ਨ ਮੂਲਕ ਟੈਕਸਟਾਂ ਦੀ ਘਾੜਤ ਅਜੇਹੇ ਢੰਗ ਨਾਲ ਕੀਤੀ ਜਾਂਦੀ ਹੈ ਜਿਥੇ ਘਾਤਕ ਸਥਿਰਤਾ (stability) ਨਾਲੋਂ ਸੰਘਰਸ਼ ਦੀ ਪੋਜ਼ੀਸ਼ਨ ਧਾਰਨ ਕਰਦਾ ਹੈ। ਇਉਂ ਪ੍ਰਸ਼ਨ ਮੂਲਕ ਟੈਕਸਟ ਪਾਠਕ ਨੂੰ ਪਾਠ ਵਿਚ ਖੜੇ ਕੀਤੇ ਗਏ ਸਿਧੇ ਜਾਂ ਅਸਿੱਧੇ ਰੂਪ ਵਿਚ ਪ੍ਰਸ਼ਨਾਂ ਦੇ ਉਤਰ ਲਭਣ ਦਾ ਸੱਦਾ ਦੇਂਦਾ ਹੈ। ਪੰਜਾਬੀ ਨਾਵਲ ਦੀ ਪਰੰਪਰਾ ਵਿਚ ਟੈਕਸਟ ਰਚਨਾ ਕਥਨੀ ਜਾਂ ਆਦੇਸ਼ ਮੂਲਕ ਵਿਧੀਆਂ ਦੇ ਅਨੁਕੂਲ ਹੀ ਹੁੰਦੀ ਹੈ। ਬਹੁਤ ਵਿਰਲੀ ਪ੍ਰਸ਼ਨਮੂਲਕ ਟੈਕਸਟ ਰਚੀ ਗਈ ਹੈ ਜਿਥੇ ਪਾਠਕ ਰਚਨਾ ਦੇ ਸੰਸਾਰ ਦੀ ਜੀਉਂਦੀ ਜਾਗਦੀ ਧਿਰ ਬਣੇ। ਪੰਜਾਬੀ ਨਾਵਲ ਪਰੰਪਰਾ ਵਿਚ ਪਾਠਕ ਇਕ ਉਪਭੋਗਤਾ ਵਾਂਗੂੰ ਮਿਲਦੀ ਜੁਲਦੀ ਸੂਚਨਾ ਨੂੰ ਗ੍ਰਹਿਣ ਹੀ ਕਰਦਾ ਹੈ, ਉਸਦੀ ਰਚਨਾ ਪ੍ਰਕਿਰਿਆ ਦਾ ਜੀਉਂਦਾ ਜਾਗਦਾ ਭਾਈਵਾਲ ਨਹੀਂ। ਹਥਲੇ ਨਾਵਲ ਦੀ ਟੈਕਸਟ ਵੀ ਨਾਨਕ ਸਿੰਘ ਦੀ ਨਾਵਲ-ਵਿਧੀ ਦਾ ਹੀ ਇਕ ਵਧਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਐਮਾ 'ਰੁੜ' ਗਈ

—ਹਰਚਰਨ ਸਿੰਘ ਸੋਬਤੀ

ਗੱਲ, ਐਮਾ ਦੇ ਕੱਖ-ਕਾਨ ਵਾਂਗ ਦਰਿਆ 'ਚ 'ਰੁੜ' ਜਾਣ ਦੀ ਹੈ। ਕਿਹਾ ਬੇਬਸੀ ਦਾ ਆਲਮ ਹੈ! ਕੱਲੀ ਸੱਸੀ ਨੂੰ ਉਹਦੇ ਪਿਉ ਨੇ ਦਰਿਆ 'ਚ ਰੋੜਿਆ ਸੀ। ਲਗਦੈ, ਅਜ, ਐਮਾ ਵੀ ਪਿਉ ਸਦਕਾ ਦਰਿਆ 'ਚ ਰੁੜ ਗਈ। ਬਸ, ਸਾਰੀ ਗੱਲ ਹੀ ਰੁੜਨ ਦੀ ਹੈ। ਖ਼ੈਰ, ਰੁੜਨ ਦੇ ਨਾਲ ਨਾਲ ਤਰਨ ਦਾ ਇਕ ਵਖਰਾ ਅਮਲ ਵੀ ਜ਼ਰੂਰ ਹੈ।

ਸਾਰੀ ਗੱਲ ਨੂੰ ਨਾਵਲ ਨੇ ਲੰਡਨ ਦੀ ਕੁਖੋਂ ਜੰਮਦਿਆਂ ਜ਼ਾਹਿਰ ਕੀਤੈ। ਪੰਜਾਬ ਦੇ ਪਿੰਡ ਦਾ ਇਕ ਪਰਿਵਾਰ ਲੰਡਨ 'ਚ ਜਾ ਵਸਦੈ। ਬਲਕਿ, ਵਸਣ ਦਾ ਤਰੱਦਦ ਕਰਦੈ। ਪਿੰਡ ਦਾ ਕੋਈ ਨਾਂ ਨਹੀਂ। ਇਹ ਕੋਈ ਰੱਬ-ਸਬੱਬੀ ਗੱਲ ਨਹੀਂ। ਐਮਾ ਦੀ ਮਾਂ ਤੇ ਪਿਉ ਦੋਹਾਂ ਦਾ ਨਾਂ ਵੀ ਨਾਵਲ ਨੇ ਲੁਕੋਈ ਰਖਿਐ। ਇਹ ਵੀ, ਸਾਡੇ ਸਭਿਆਚਾਰ ਦੀ ਇਕ ਪਰਤ ਹੈ ਜਿਦ੍ਹਾ ਨਾਵਲ ਨੇ ਹੁੰਗਾਰਾ ਭਰਨਾ ਸੀ। ਨਾਲ, ਗੱਲ ਜੁ ਸ਼ਿਸ਼ਟਾਚਾਰ ਦੀ ਹੋਈ। ਫਿਰ, ਬਦਨਾਮੀ ਦਾ ਦਾਗ਼ ਕਿਸੀ ਖ਼ਾਸ ਪਿੰਡ ਜਾਂ ਕਿਸੀ ਇਕ ਮਾਂ-ਪਿਉ ਦੇ ਮੱਥੇ 'ਤੇ ਤਾਂ ਨਹੀਂ ਨਾ ਲਾਇਆ ਜਾ ਸਕਦਾ। ਮਾਮਲਾ ਤਾਂ ਦਰਿਆ ਦੇ ਵਗਿਣ ਦਾ ਹੈ ਜਿਸ 'ਚ ਸਾਰਾ ਕੁੱਝ 'ਰੁੜੀ' ਜਾ ਰਿਹੈ।

ਸਾਡੇ ਲਈ ਰਿਵਾਜ ਸੀ ਕਿ ਵਿਆਹ ਮਗਰੋਂ ਕੁੜੀ ਦਾ ਨਵਾਂ ਨਾਂ ਰਖਿਆ ਜਾਂਦਾ ਸੀ। ਸੁਝਾਅ ਪਿੱਛਾ ਭੁਲਾਉਣ ਦਾ ਸੀ। ਨਵੇਂ ਸੱਚੇ 'ਚ ਢਲ ਜਾਣ ਦਾ ਸੀ। ਐਮਾ ਦਾ ਨਾਂ ਤਾਂ ਅਮਰਜੀਤ ਸੀ, ਜਦੋਂ ਲੰਡਨ ਦੇ ਸਕੂਲ 'ਚ ਅਮਰਜੀਤ ਨੇ ਦਾਖ਼ਲਾ ਲਿਆ ਤਾਂ ਜ਼ਾਹਿਰ ਹੈ ਕਿ ਉਹਦਾ ਨਾਂ ਅਮਰਜੀਤ ਹੀ ਹੋਣਾ ਸੀ। ਇਕ ਵੇਰ ਉਹਦੀ ਟੀਚਰ ਦੇ ਨਾਂ ਪੁਛਣ 'ਤੇ ਉਹਨੇ ਆਪਣਾ ਨਾਂ ਦਸਿਆ ਤਾਂ ਟੀਚਰ ਨੂੰ ਇਹ ਨਾਂ ਬਹੁਤਾ ਲੰਮਾ ਲੱਗਾ। ਟੀਚਰ ਨੇ ਉਹਦਾ ਨਾਂ ਐਮਾ ਰਖ ਦਿਤਾ (40)। ਨਾਂ ਭਾਵੇਂ ਨਵਾਂ ਨਹੀਂ ਸੀ ਦਿੱਤਾ ਗਿਆ। ਪਰ ਪਹਿਲੇ ਵਾਲਾ ਰਹਿਣ ਵੀ ਨਹੀਂ ਸੀ, ਦਿੱਤਾ ਗਿਆ। ਟੀਚਰ ਅੰਗਰੇਜ਼ ਸੀ। ਐਨ ਮੁਮਕਿਨ ਹੈ ਉਹ ਸੁਝਾਅ ਦੇ ਰਹੀ ਸੀ, ਨਵੇਂ ਸੱਚੇ 'ਚ ਢਲਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ। ਇਹ ਕਹਿਣਾ ਦਰੁਸਤ ਨਹੀਂ ਕਿ ਨਾਂ ਵਿਚ ਕੁਝ ਨਹੀਂ ਪਿਆ।

ਸਕੂਲ ਦੀ ਐਮਾ ਆਪਣੀ ਮਾਂ ਲਈ ਅੰਬੋ ਸੀ। ਨਾਵਾਂ ਦੇ ਅੰਗਰੇਜ਼ੀਕਰਣ ਦੀਆਂ ਨਾਵਲ 'ਚ ਹੋਰ ਮਿਸਾਲਾਂ ਵੀ ਮਿਲਦੀਆਂ ਹਨ। ਐਮਾ ਦੀ ਇਕ ਹਮ ਜਮਾਤਣ ਮੁਸਲਮਾਨ ਕੁੜੀ, ਜ਼ੀਨਤ, ਜੋ ਲਹੌਰੋਂ ਆਈ ਸੀ, ਨੂੰ ਜ਼ੈਨਥ ਕਹਿ ਕੇ ਬੁਲਾਇਆ ਜਾਂਦਾ। ਏਦਾਂ ਹੀ ਐਮਾ ਦੇ ਇਕ ਜਾਣੂ ਸ਼ਮਿੰਦਰ ਨੂੰ ਸੈਮ। ਨਾਵਾਂ ਦਾ ਅੰਗਰੇਜ਼ੀਕਰਣ ਕੋਈ ਸੁੱਟ ਪਾਉਣ ਵਾਲੀ ਗੱਲ ਨਹੀਂ। ਬੰਦੇ ਦੇ ਨਾਂ ਦੀਆਂ ਜੜਾਂ ਉਹਦੇ ਸਭਿਆਚਾਰ ਵਿਚ ਹੁੰਦੀਆਂ ਹਨ। ਨਾਂ ਨੂੰ ਵਿਗਾੜਨਾ (ਜਾਂ ਨਵਾਂ ਰੂਪ ਦੇਣਾ) ਉਹਦੇ ਸਭਿਆਚਾਰ 'ਤੇ ਸੱਟ ਮਾਰਨਾ ਹੈ। ਅਮਰਜੀਤ ਜਾਂ ਅੰਬੋ ਨੂੰ ਲੰਡਨ 'ਚ ਪ੍ਰਵੇਸ਼ ਕਰਦਿਆਂ ਹੀ ਇਹ ਪਹਿਲੀ ਸੱਟ ਵਜੀ। ਦੂਜੀ ਸੱਟ ਉਹਦੀ ਮਾਂ-ਬੋਲੀ ਪੰਜਾਬੀ 'ਤੇ ਵਜੀ। ਕਿਉਂਕਿ, "ਸਾਰਾ ਕੁਝ ਪੰਜਾਬੀ ਵਿਚ ਸੀ" ਜਿਦੇ ਨਾਲ ਉਹਦੀ "ਸੋਚਣ ਸ਼ਕਤੀ ਹੀ ਖੀਣ ਹੋਣ ਲਗ ਪਈ" (49-50)। ਇੰਨਾ ਹੀ ਨਹੀਂ ਇਹਦਾਂ ਐਮਾ ਦੀ "ਦੀਮਾਗ਼ੀ ਗਰੋਥ" ਤੇ "ਸਰੀਰਕ ਗਰੋਥ" ਦੋਹਾਂ ਉਪਰ ਮਾਰੂ ਅਸਰ ਪਿਆ (50) ਨਾਲੇ, ਐਮਾ ਆਪ ਹੀ ਦਸਦੀ ਹੈ।

> ਮੇਰਾ ਸਵੈ-ਵਿਸ਼ਵਾਸ ਹੀ ਹਥੋਂ ਤਿਲਕਦਾ ਜਾ ਰਿਹਾ ਸੀ। ਕੋਈ ਵੀ ਗੱਲ ਕਰਨ ਲਗਿਆਂ ਮੈਨੂੰ ਯਕੀਨ ਨਾ ਹੁੰਦਾ ਕਿ ਉਹ ਠੀਕ ਸੀ ਜਾਂ ਗ਼ਲਤ (50)।

ਮਾਂ-ਬੋਲੀ ਦਾ ਮਸਲਾ ਬੜਾ ਗੰਭੀਰ ਮਸਲਾ ਹੈ। ਇਹਦੇ ਨਾਲ ਸਿੱਧੇ ਤੌਰ 'ਤੇ ਬੰਦੇ ਦੀ ਸ਼ਖ਼ਸੀਅਤ ਦੇ ਵਿਕਾਸ ਦੀ ਗੱਲ ਜੁੜੀ ਹੋਈ ਹੈ, ਸਭਿਆਚਾਰ ਨਾਲੋਂ ਟੁਟ ਕੇ ਬੰਦੇ ਨੇ ਅਪਾਹਜ ਹੋਣਾ ਹੁੰਦਾ ਹੈ। ਮਾਂ-ਬੋਲੀ ਦਾ ਤਿਆਗ ਜਾਂ ਉਸ ਦਾ ਵਿਗਾੜ ਆਪਣੇ ਸਭਿਆਚਾਰ ਨਾਲੋਂ ਟੁਟਣ ਦੇ ਹੀ ਰਾਹੇ ਪੈਣਾ ਹੈ। ਐਮਾ ਨੂੰ ਪਰਵਾਸੀ ਹੋਣ ਕਾਰਨ ਇਸ ਸਚਾਈ ਦਾ ਪਤਾ ਲੱਗਾ। ਐਮਾ ਮਾਂ-ਬੋਲੀ ਦੇ ਉਸਾਰੂ ਪਹਿਲੂ ਤੋਂ ਵੀ ਜਾਣੂ ਹੈ। ਔਕੜਾਂ ਸਮੇਂ ਉਹਦੀ ਆਪਣੀ ਭਾਸ਼ਾ ਪੰਜਾਬੀ ਨੇ ਹੀ ਉਹਦਾ ਸਾਥ ਦਿਤਾ ਸੀ (53)। ਸਾਥ ਦੇਣ ਦੀ ਗੱਲ ਬੜੇ ਮਾਹਿਨੇ ਰਖਦੀ ਹੈ। ਸਾਥ ਦੇਣਾ, ਇਥੇ, ਬੰਦੇ ਨੂੰ ਖੰਡਿਤ ਹੋਣ ਤੋਂ ਬਚਾਉਣਾ ਹੈ। ਅੰਗਰੇਜ਼ੀ ਭਾਸ਼ਾ ਦੇ ਮਾਰੂ ਅਸਰ ਦਾ ਜ਼ਿਕਰ ਕਰਦਿਆਂ ਐਮਾ ਦੀ 'ਦੀਮਾਗ਼ੀ ਗਰੋਥ' ਤੇ ਸਰੀਰਕ ਗਰੋਥ'— ਇਨਾਂ ਸ਼ਬਦਾਂ ਦੀ ਵਰਤੋਂ ਦਾ ਬੇਸ਼ਕ, ਇਕ ਕਾਰਨ ਘਰੋਂ ਬਾਹਰਲੇ ਮਾਹੌਲ ਦਾ ਅਸਰ ਹੈ, ਨਾਲ ਹੀ, ਉਹਦਾ ਅੰਗਰੇਜ਼ੀ ਸਭਿਆਚਾਰ ਵੱਲ, ਅੰਦਰੋ-ਅੰਦਰ, ਝੁਕੇ ਹੋਣ ਦਾ ਵੀ ਸੰਕੇਤ ਹੈ। ਇਹ ਝੁਕਾਅ ਕਿਹੜੀ ਸੂਰਤ ਇਖ਼ਤਿਆਰ ਕਰਦੈ, ਨਾਵਲ ਦਾ ਬੁਨਿਆਦੀ ਸਰੋਕਾਰ ਇਸੇ ਗੱਲ ਨਾਲ ਹੈ।

ਜ਼ਬਾਨ ਬਾਰੇ ਇਕ ਗੱਲ ਸਾਫ਼ ਕਰ ਦੇਣੀ ਜ਼ਰੂਰੀ ਹੈ। ਮਾਂ-ਬੋਲੀ ਦਾ ਮਸਲਾ ਜੀਵਨ ਦੇ ਉਸ ਪੜਾਅ ਨਾਲ ਤਅਲੁਕ ਰਖਦੈ ਜਦੋਂ ਸ਼ਖ਼ਸੀਅਤ ਅਜੇ ਖੰਡੇ ਵਿਚ ਨਹੀਂ ਆਈ ਹੁੰਦੀ। ਮਗਰੋਂ ਕੋਈ ਅੰਦੇਸ਼ਾ ਨਹੀਂ। ਬਲਕਿ, ਖੰਡੇ 'ਚ ਆਈ ਹੋਈ ਸ਼ਖ਼ਸੀਅਤ ਹੀ ਇਲਮ ਤੇ ਅਮਲ ਦੋਹਾਂ ਨੂੰ ਸਿੰਜੋਣ ਦੇ ਕਾਬਿਲ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਖ਼ਸੀਅਤ ਦੇ ਖੰਡਿਤ ਹੋ ਜਾਣ ਦੀਆਂ ਸੰਭਾਵਨਾਵਾਂ ਤੋਂ ਐਮਾ ਖ਼ੂਬ ਵਾਕਿਫ਼ ਲਗਦੀ ਹੈ। ਇਕੋ ਸਮੇਂ ਇਕ ਤੋਂ ਵੱਧ ਲੜਾਈਆਂ ਚਲ ਰਹੀਆਂ ਹਨ। ਘਰ ਦਾ ਮਾਹੌਲ ਪੰਜਾਬੀ, ਘਰੋਂ ਬਾਹਰ ਪੱਛਮੀ ਸਟਾਈਲ ਫਿਰ, ਵਾਜਬ ਮਾਹੌਲ ਪੈਦਾ ਕਰਨਾ, ਨਾਲੇ, "ਮਾਨਸਿਕ ਪੱਧਰ ਉਤੇ ਸਵੈ ਨਾਲ ਸੰਘਰਸ਼" (52)। ਯਾਨੀ, ਲੜਾਈ/ਸੰਘਰਸ਼ ਬਰਾਬਰ ਜਾਰੀ ਹੈ। ਗੱਲ, ਸਿਰਫ਼ ਲੜਾਈ ਜਾਂ ਸੰਘਰਸ਼ ਦੀ ਨਹੀਂ। ਅਸਲ ਗੱਲ ਹੈ ਇਸ ਲੜਾਈ/ਸੰਘਰਸ਼ ਦੀ ਵਸਤੂ/ਘਰ ਦੇ ਮਾਹੌਲ ਤੇ ਬਾਹਰ ਦੇ ਵਿਚ ਕਹਿਰਾਂ ਦਾ ਫ਼ਰਕ ਹੈ। ਘਰ ਦਾ ਮਾਹੌਲ ਪੰਜਾਬੀ ਤੇ ਬਾਹਰ ਪੱਛਮੀ ਸਟਾਈਲ ਦਾ। ਉਹ ਵੀ ਉਦੋਂ ਜਦ ਸ਼ਖ਼ਸੀਅਤ ਪੂਰੇ ਖੇੜੇ ਵਿਚ ਨਾ ਆਈ ਹੋਵੇ। ਇਨ੍ਹਾਂ ਹਾਲਾਤ ਵਿਚ ਬੰਦਾ, ਲਾਜ਼ਮੀ ਤੌਰ 'ਤੇ, ਆਪਣੇ ਨਾਲੋਂ ਵਿਜੋਗੇ ਜਾਣ ਦੇ ਰਾਹੇ ਪੈ ਜਾਂਦਾ ਹੈ। ਐਮਾ ਇਸੀ ਸੰਕਟ ਨਾਲ ਦੋ ਚਾਰ ਹੋ ਰਹੀ ਹੁੰਦੀ ਹੈ। ਇਹ ਸੰਕਟ ਨਿਤ ਨਵੇਂ ਪਾਸਾਰਾਂ ਨੂੰ ਜਨਮ ਦੇਂਦਾ ਹੈ।

ਐਮਾ ਦਾ ਪਰਿਵਾਰ ਪਿੰਡੋਂ ਲੰਡਨ ਆ ਤਾਂ ਗਿਐ ਪਰ ਵਸ ਜਾਣ ਦਾ ਅਹਿਸਾਸ ਇਹਨੂੰ ਅਜੇ ਹੋਇਆ ਨਹੀਂ। ਐਮਾ ਦਸਦੀ ਹੈ :

> .....ਉਂਝ ਆਪਣਾ ਮਕਾਨ ਲੈਣਾ ਹੋਰ ਕਾਰਨਾਂ ਕਰਕੇ ਜ਼ਰੂਰੀ ਸੀ। ਇਨਾਂ ਵਿਚੋਂ ਇਕ ਅਜਿਹਾ ਕਾਰਨ ਇਸ ਦੇਸ਼ ਵਿਚ ਆਪਣੀਆਂ ਜੜ੍ਹਾਂ ਜਮਾਉਣ ਦਾ ਸੀ, ਜੋ ਸ਼ਾਇਦ ਆਪਣੇ 'ਇਕ ਘਰ' ਤੋਂ ਬਗੈਰ ਨਹੀਂ ਸਨ ਜੰਮ ਸਕਦੀਆਂ (85-86)।

ਗੱਲ, ਪਰਾਏ ਦੇਸ਼ 'ਚ ਆਪਣੀਆਂ ਜੜ੍ਹਾਂ ਜਮਾਉਣ ਦੀ ਤੁਰ ਪਈ ਹੈ। ਅਤੇ ਰਾਹ ਭਾਲਿਐ ਮਕਾਨ ਲੈਣਾ। ਕਿੰਨੀ ਮਾਸੂਮ ਹੈ ਸਾਡੀ ਐਮਾ! ਮਕਾਨ ਖ਼ਰੀਦਣ ਨਾਲ ਭਲਾ ਬੰਦੇ ਦੀਆਂ ਜੜ੍ਹਾਂ ਕਦੀ ਪਰਦੇਸ 'ਚ ਲਗੀਆਂ ਸੁਣਿਐ! ਜੜ੍ਹਾਂ ਤਾਂ ਬੰਦੇ ਦੀਆਂ ਆਪਣੀ ਮਿੱਟੀ 'ਚ ਹੀ ਲਗਣੀਆਂ ਹੁੰਦੀ ਐ। ਮਿੱਟੀ ਤੋਂ ਮਤਲਬ ਸਭਿਆਚਾਰਕ ਭੌਂ ਹੈ। ਜਦੋਂ ਵੀ ਬੰਦਾ ਆਪਣੇ ਸਭਿਆਚਾਰਕ ਮਾਹੌਲ ਤੋਂ ਅਲੱਗ ਹੁੰਦੈ ਉਦੋਂ ਉਹ ਜੜ੍ਹੋਂ ਹੀ ਪੁਟਿਆ ਗਿਆ ਹੁੰਦੈ। ਜੜ੍ਹੋਂ ਪੁਟੇ ਰੁਖ ਨੂੰ ਪਾਣੀ ਕਿਥੋਂ ਮਿਲੇਗਾ! ਅਜਿਹੇ ਰੁਖ਼ ਨੇ ਸਮਾਂ ਪਾ ਕੇ ਸੁਕਣਾ ਹੀ ਹੁੰਦਾ ਹੈ। ਉਹਦੇ ਹਰੇ ਰਹਿਣ ਦੀਆਂ ਸੰਭਾਵਨਾਵਾਂ ਮੁਕ ਗਈਆਂ ਹੁੰਦੀਆਂ ਹਨ।

ਖ਼ੈਰ, ਐਮਾ ਦੇ ਪਰਿਵਾਰ 'ਚ ਲੰਡਨ 'ਚ ਮਕਾਨ ਖ਼ਰੀਦਣ ਦੀ ਖ਼ਾਹਿਸ਼ ਜਨਮ ਲੈ ਚੁਕੀ ਹੈ। ਇਹਦਾ ਇਕ ਵੱਡਾ ਕਾਰਨ ਗੋਰੀ ਕੌਮ ਦਾ ਨਿੱਤ ਦਾ ਦੁਰਵਿਉਹਾਰ ਸੀ। ਗੋਰੀ ਕੌਮ ਬਦੇਸ਼ੀਆਂ ਨੂੰ ਤਰ੍ਹਾਂ ਤਰ੍ਹਾਂ ਨਾਲ ਜ਼ਲੀਲ ਕਰਦੀ। ਚਾਹੁੰਦੀ ਉਹ ਇਹੀ ਸੀ ਕਿ ਮੁਕੰਮਲ "ਇਨਟੇਗਰੇਸ਼ਨ" ਹੋਵੇ। "ਯਾਨੀ ਬਾਹਰੋਂ ਆਏ ਲੋਕ ਆਪਣਾ ਸਭਿਆਚਾਰ ਛੱਡ ਕੇ ਇਹਨਾਂ ਵਿਚ ਸਮਾ ਜਾਣ" (58)।

ਜਦੋਂ ਕੋਈ ਇਕ ਕੌਮ ਦੂਜੀ ਕੌਮ ਨੂੰ ਲਤਾੜਦੀ ਹੈ ਤਾਂ ਅਜਿਹੇ ਜ਼ੁਲਮ ਦਾ ਸ਼ਿਕਾਰ ਹੋ ਰਹੀ ਕੌਮ ਆਪਣੇ ਵਿਰਸੇ ਵਲ ਰੁਖ ਕਰਦੀ ਹੈ। ਅਜਿਹੀ ਹਾਲਤ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਰਸੇ ਤੋਂ ਹੀ ਕੁਝ ਅਸਰ ਲੈਂਦੀ ਹੈ। ਐਮਾ ਨੂੰ ਵੀ ਸ਼ਹੀਦ ਊਧਮ ਸਿੰਘ ਬਾਰੇ ਲਿਖੇ ਦੋ ਲੇਖ ਪੜ੍ਹਨ ਦਾ ਮੌਕਾ ਮਿਲਿਆ। ਐਮਾ ਦਾ ਘਟੀਆਪਨ ਦਾ ਅਹਿਸਾਸ ਜਾਂਦਾ ਰਿਹਾ। (54-55)। ਪਰ, ਉਹ ਬਰਾਬਰ ਸੋਚਦੀ ਕਿ :

> ਤਾਈ ਦੀ ਆਖੀ ਗੱਲ ਦਾ ਸੱਚ ਸਮਝ ਆਉਂਦਾ ਕਿ ਆਪਣੀ ਮਿੱਟੀ ਛੱਡ ਕੇ ਤੇ ਬੰਦਾ ਸਵਰਗਾਂ ਨੂੰ ਵੀ ਜਾਣੋਂ ਨਾ ਕਰ ਦੇਏ। (48)।

ਐਮਾ ਅੰਦਰ ਇਕ ਨਰੋਆ ਅਹਿਸਾਸ ਜਾਗਿਆ। ਉਹ ਕੁੱਝ ਕਰਨਾ ਚਾਹੁੰਦੀ ਸੀ; ਉਹ ਕੁੱਝ ਬਣਨਾ ਚਾਹੁੰਦੀ ਸੀ। ਸਕੂਲੋਂ ਉਹ ਕਾਲਜ ਪਹੁੰਚ ਗਈ। ਐਮਾ ਨੇ ਛੋਟੀ-ਮੋਟੀ ਨੌਕਰੀ ਵੀ ਕੀਤੀ। ਪਰ, ਕੌਮੀ ਪੱਧਰ 'ਤੇ ਮੰਦਵਾੜੇ ਦੀ ਵਜ੍ਹਾ ਨਾਲ ਐਮਾ ਦੀ ਨੌਕਰੀ ਖੁਸ ਗਈ। ਮਾਰਕੀਟ ਵਿਚ ਐਡਵਾਈਜ਼ਿੰਗ ਇੰਡਸਟਰੀ ਦੀ ਪਹਿਲੇ ਨਾਲੋਂ ਵੀ ਚੜ੍ਹਤ ਵਧ ਗਈ ਸੀ। ਕਿਉਂਕਿ, ਮਾਲ ਵੇਚਣ ਲਈ ਇਸ਼ਤਿਹਾਰਬਾਜ਼ੀ ਹੀ ਇਕ ਕਾਰਗਰ ਹਥਿਆਰ ਨਜ਼ਰ ਆਉਂਦਾ ਸੀ। ਇਸੀ ਦੌਰਾਨ ਐਮਾ ਦੀ ਇਕ ਅੰਗਰੇਜ਼ ਕੁੜੀ ਕੈਰਲ ਨਾਲ ਮੁਲਾਕਾਤ ਹੋਈ। ਦੋਹਾਂ ਨੇ ਮਾਡਲਿੰਗ ਦੇ ਕੋਰਸ ਵਿਚ ਦਾਖਲਾ ਲਿਆ। ਉਹਨਾਂ ਨੇ 'ਕਠਿਆ ਉਠਣਾ-ਬੈਠਣਾ, ਘੁੰਮਣਾ-ਫਿਰਨਾ। ਦੋਹਾਂ 'ਚ ਦੋਸਤਾਨਾ ਹੋ ਗਿਆ। ਸਕੂਲ ਦੇ ਦਿਨਾਂ ਦੀਆਂ ਦੁਸ਼ਵਾਰੀਆਂ ਦੇ ਹਵਾਲੇ ਨਾਲ ਐਮਾ ਨੇ ਕੈਰਲ ਨੂੰ ਇਕ ਵਾਰ "ਆਪਣੇ ਆਪ ਨੂੰ ਹਰ ਤਰ੍ਹਾਂ ਇਸ ਸੁਸਾਇਟੀ ਦੇ ਫਿਟ ਕਰਨ" (77) ਦੇ ਸੰਕਲਪ ਬਾਰੇ ਦਸਿਆ ਸੀ। ਨਾਲੇ, ਐਮਾ ਨੇ ਇਸ ਗੱਲ ਨੂੰ ਵੀ ਨਹੀਂ ਸੀ ਲੁਕੋਇਆ ਕਿ :

> ਇਹ ਮੰਨਣ ਵਿਚ ਵੀ ਮੈਨੂੰ ਗੁਰੇਜ਼ ਨਹੀਂ ਕਿ ਮੈਂ ਹੌਲੀ-ਹੌਲੀ ਦੇਸੀ ਸਭਿਅਤਾ ਦੇ ਅਸਰ ਤਿਆਗਦੀ ਜਾ ਰਹੀ ਸਾਂ...(28)।

ਯਾਨੀ, ਲੰਡਨ ਦੀ ਸੁਸਾਇਟੀ 'ਚ ਫ਼ਿਟ ਹੋਣ ਲਈ ਦੇਸੀ ਸਭਿਅਤਾ ਦਾ ਤਿਆਗ ਨਿਹਾਇਤ ਲਾਜ਼ਮੀ ਸੀ। ਐਮਾ ਦੇ 'ਤਿਲਕਣ' ਦੇ ਆਸਾਰ, ਸ਼ਾਫ਼ ਤੌਰ ਤੇ, ਦਿਖਾਈ ਦੇਣ ਲਗ ਪਏ ਹਨ। ਐਮਾ ਤੇ ਕੈਰਲ ਦੋਹਾਂ ਨੇ ਰਲ ਕੇ ਇਕ ਪਲੇਅ ਦੇਖਿਆ। ਜਿਦ੍ਹੇ "ਇਕ ਸੀਨ ਵਿਚ" ਐਮਾ ਦਸਦੀ ਹੈ, "ਕੁੜੀ-ਮੁੰਡੇ ਦਾ ਭੋਗ ਵੀ ਸ਼ੋਆ ਕੀਤਾ ਗਿਆ ਸੀ। ...ਅਜਿਹੇ ਪਲੇਅ ਰਾਹੀਂ ਲੋਕਾਂ ਦੀਆਂ ਕਾਮੁਕ ਰੁਚੀਆਂ ਨੂੰ ਭੜਕਾਉਣਾ...ਅਤੇ ਫਿਰ ਉਹਨਾਂ ਨੂੰ ਕਾਮ-ਵਾਸ਼ਨਾ ਨਾਲ 'ਇਕੁਇਪ' ਕਰਨਾ..." (104)। ਪਲੇਅ ਦੀ ਏਦਾਂ ਆਲੋਚਨਾ ਕਰਦਿਆਂ ਨਾਲੇ ਐਮਾਂ ਇਹ ਵੀ ਦਸਦੀ ਹੈ :

> ਏਸ ਪਲੇਅ ਨੂੰ ਵੇਖਣ ਤੋਂ ਪਿਛੋਂ ਇਸ ਕਾਮ-ਕ੍ਰੀਆ ਨਾਲ ਮੈਨੂੰ ਨਫ਼ਰਤ ਜਿਹੀ ਹੋਣ ਲੱਗੀ ਸੀ। (104) ਇਹ ਨਫ਼ਰਤ ਬੜੀ ਖ਼ਤਰਨਾਕ ਸ਼ੈ ਹੁੰਦੀ ਹੈ। ਇਹਦੇ ਪਿਛੇ ਜ਼ਰੂਰ ਮੋਹ ਲੁਕਿਆ ਹੁੰਦਾ ਹੈ; ਜਿਨੇ ਪ੍ਰਗਟ ਹੋਣਾ ਹੀ ਹੁੰਦਾ ਹੈ। ਅਗਲਾ ਕਦਮ ਉਹ ਤੱਤੀ ਥਾ 'ਤੇ ਪੈ ਹੀ ਗਿਆ। ਮੌਕਾ ਸੀ ਨਵੇਂ ਸਾਲ ਦੀ ਪੂਰਵ ਸ਼ਾਮ। ਐਮਾ ਕੈਰਲ ਨਾਲ ਇਹ ਸ਼ਾਮ ਮਨਾਉਣ ਲਈ ਟਰਾਫੈਲਗਰ ਸਕੇਅਰ ਪਹੁੰਚ ਗਈ ਸੀ ਤੇ ਕੈਵਨ ਕੈਰਲ ਦਾ 'ਯਾਰ' ਵੀ ਵੇਲੇ ਸਿਰ ਉਥੇ ਪਹੁੰਚ ਗਿਆ। ਇਸ ਮਾਹੌਲ ਦਾ ਜ਼ਿਕਰ ਐਮਾ ਨੇ ਨਿਝੱਕ ਹੋ ਕੇ ਕੀਤੈ। ਪਲੇਅ ਦੇਖਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ ਉਹਦਾ ਝਾਕਾ ਖੁਰ ਗਿਆ ਲਗਦੈ। ਜ਼ਰਾ ਐਮਾ ਦੀ ਜ਼ਬਾਨੀ ਸੁਣੋ :

> ...ਕੈਰਲ ਤਾਂ ਕੈਵਨ ਦੀ ਬੁਕਲ ਵਿਚ ਵੜ ਗਈ, ਤੇ ਉਹੋ ਚੁੰਮੀਆਂ ਚੱਟੀਆਂ ਸ਼ੁਰੂ ਹੋ ਗਈਆਂ...ਪੂਰੇ ਬਾਰਾਂ ਵੱਜੇ ਇਕ ਜ਼ਬਰਦਸਤ ਹੰਗਾਮਾ... ਬੋਝਿਆਂ 'ਚ ਗਲਾਸੀਆਂ ਤੇ ਬੋਤਲਾਂ...ਅੱਧਾ ਪੈਗ ਮੇਰੇ ਹਵਾਲੇ ਕਰ ਦਿਤਾ... ਇਕ ਦਮ ਦਵਾਈ ਵਾਂਗ ਮੇਰੇ ਕੋਲੋਂ ਪੀਤਾ ਗਿਆ। ਪਹਿਲੇ ਬਕਾਰਡੀ ਪੀਤੀ ਸੀ ਤੇ ਉਹ ਵੀ ਤਿੰਨ ਪੈਗ...(111)।

'ਸਿਖਰ ਨੇ ਤਾਂ' ਅਜੇ ਆਉਣੈ। ਐਮਾ ਦੀ ਹੀ ਜ਼ਬਾਨੀ :

> ਬਾਰਾਂ ਵਜ ਕੇ ਇਕ ਮਿੰਟ ਉਤੇ ਲੋਕ ਜੀਹਦੀਆਂ ਮਰਜ਼ੀ ਚੁੰਮੀਆਂ ਲੈਣ ਲਗ ਪਏ। ਕੈਵਨ ਦੇ ਦੋਸਤ ਨੇ ਮੈਨੂੰ ਫੜਿਆ ਹੋਇਆ ਸੀ; ਪਰ ਮੇਰੀ ਤਾਂ ਜਿਵੇਂ ਹੋਸ਼ ਹੀ ਉਡ ਗਈ ਸੀ। ਬਸ ਪੰਜ ਮਿੰਟ ਹੀ ਮੈਂ ਆਪਣੇ ਆ ਨੂੰ ਸੰਭਲ ਸਕੀ ਅਤੇ ਫੇਰ ਗੁੰਮ ਹੋ ਗਈ (111)

ਇਸ ਮਾਹੌਲ ਦਾ 'ਸੋਕ' ਐਮਾ ਨੂੰ, ਲਗਦੈ, ਸੁਖਾ ਗਿਆ ਸੀ। 'ਸੋਕ' ਮਾਣਨ ਮਗਰੋਂ ਉਹ 'ਸਤਨ' ਲਈ ਸ਼ਾਇਦ ਤਿਆਰ ਹੋ ਚੁਕੀ ਸੀ। 'ਸਿਖਰ' ਦੇ ਅਗਲੇ ਪੜਾਅ ਨੂੰ ਟਾਲਣਾ ਮੁਮਕਿਨ ਨਹੀਂ ਸੀ ਰਿਹਾ। ਹੋਇਆ ਇਹ ਕਿ :

> ਜਦੋਂ ਮੇਰੀ ਹੋਸ਼ ਪਰਤੀ..ਸਰੀਰ ਮੇਰਾ ਬੁਰੀ ਤਰ੍ਹਾਂ ਦੁਖ ਰਿਹਾ ਸੀ।... ਮੇਰੇ ਉਤੇ ਪਏ ਕੰਬਲ ਦੇ ਥਲੇ ਮੇਰਾ ਸਰੀਰ ਬਿਲਕੁਲ ਨਿਰਵਸਤਰ। ਮੈਂ ਆਪਣੀਆਂ ਛਾਤੀਆਂ ਟੋਹੀਆਂ—ਨੰਗੀਆਂ। ਮੇਰੇ ਨਿੱਕੇ ਨਿੱਕੇ ਨਿਪਲ ਚੀਸਾਂ ਮਾਰ ਰਹੇ ਸਨ।... ਥਲੇ ਬੈਡ ਸਿਟੀ ਉਤੇ ਵਿਛਿਆ ਕਪੜਾ ਲਹੂ ਲੁਹਾਨ ਹੋਇਆ ਪਇਆ ਸੀ। (111-112)।

ਥਲੇ ਵਿਛੇ ਕਪੜੇ ਦਾ ਲਹੂ ਲੁਹਾਨ ਹੋਣਾ ਤਾਂ ਐਮਾ ਨੂੰ ਨਜ਼ਰ ਆ ਗਿਆ, ਉਹਦਾ 'ਅੰਦਰਲਾ' ਵੀ 'ਲਹੂ ਲੁਹਾਨ' ਹੋਇਆ ਕਿ ਨਹੀਂ ਇਸ ਦੀ ਕੋਈ ਖ਼ਬਰ ਨਹੀਂ। ਐਮਾ ਦਾ ਖ਼ਿਆਲ ਹੈ ਕਿ ਜੋ ਹੋਇਆ ਉਹਦੀ ਬੇਹੋਸ਼ੀ ਕਾਰਨ ਹੋਇਆ। ਦਰਅਸਲ ਜੋ 'ਹੋਇਆ' ਉਹ ਨਸ਼ੇ ਕਾਰਨ 'ਹੋਇਆ'। ਨਸ਼ੇ ਨੂੰ ਬੇਹੋਸ਼ੀ ਦਾ ਨਾਂ ਦੇਣਾ ਸਚਾਈ ਉਪਰ ਪਰਦਾ ਪਾਉਣਾ ਹੈ। ਪਰਦਾ ਆਪਣਾ ਮੁਕਦਰ ਲਿਖਾ ਕੇ ਲਿਆਇਆ ਹੁੰਦੈ। ਉਹਨੇ ਦੇਰ-ਸਵੇਰ ਫ਼ਾਸ਼ ਹੋਣਾ ਹੀ ਹੁੰਦਾ ਹੈ। ਹੁਣ, ਐਮਾ ਦਾ 'ਰਾਹ' ਖੁਲ੍ਹ ਗਿਆ ਸੀ। ਕਦਮ-ਕਦਮ 'ਤੇ ਉਹਦਾ ਰਾਹ ਮੋਕਲਾ' ਹੁੰਦਾ ਗਿਆ।

ਮਕਾਨ ਖ਼ਰੀਦਣ ਨਾਲ, ਹੋਰ ਗੱਲਾਂ ਤੋਂ ਇਲਾਵਾ, ਪਰਦੇਸ 'ਚ ਜੜਾਂ ਲਗ ਜਾਣਗੀਆਂ। ਇਹੀ ਸੋਚ ਕੇ ਐਮਾ ਦੇ ਪਿਉ ਨੇ ਵਿਤੋਂ ਬਾਹਲਾ ਮਕਾਨ ਦਾ ਸੌਦਾ ਕਰ ਲਿਆ। ਮਕਾਨ ਦੀਆਂ ਕਿਸ਼ਤਾਂ ਤੇ ਘਰ ਦੇ ਖ਼ਰਚੇ ਮਾਂ-ਪਿਉ ਦੋਹਾਂ ਦੀ ਮਿਲਾ ਕੇ ਆਮਦਨੀ ਦੀਆਂ ਸਾਰੀਆਂ ਹੱਦਾਂ ਟਪ ਗਏ। ਹੁਣ, ਖ਼ਰਚੇ ਨਾਲ ਮੇਲ ਖਾਂਦੀ ਆਮਦਨੀ ਦੀ ਡਾਢੀ ਲੋੜ ਆ ਪਈ। ਪਰਿਵਾਰ ਵਿਚ ਤਨਾਉ ਵਧਣਾ ਕੁਦਰਤੀ ਸੀ। ਪਿਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖਿਝਣ ਲਗਦੇ। ਪਰਿਵਾਰ ਤੇ ਵਰਣਾ ਜਿਵੇਂ ਜ਼ਰੂਰੀ ਹੋ ਗਿਆ ਹੋਵੇ। ਐਮਾਂ ਨੂੰ ਇਕ ਵਾਰ ਖਿੱਝ ਕੇ ਕਹਿ ਹੀ ਦੇਂਦਾ :

ਤੂੰ ਕਿਤੇ ਕੰਮ ਵੀ ਕਰੇਗੀ ਕਿ ਐਵੇਂ ਵੇਹਲੀ ਲੰਡੋਰ ਈ ਫਿਰੇਂਗੀ (123)

ਪਿਉ ਦੇ ਇਸ ਬੋਲਾਂ ਦੇ ਐਮਾਂ ਦਾ ਅੰਦਰਲਾ ਵਲੂੰਦਰ ਛਡਿਆ। ਉਹਨੇ ਫੈਸਲਾ ਕੀਤਾ :

"... ਕਿ ਮੈਂ ਬਾਪੂ ਦੀ 'ਕਮਾਊ ਧੀ' ਬਣਕੇ ਵਖਾਉਣਾ..." (124) ਅਗਲੀ ਹੀ ਸਵੇਰ ਐਮਾ ਨ ਕਮਾਈ ਦੀ ਤਲਾਸ਼ 'ਚ ਫਰਮਾ ਵਲ ਦਾ ਰੁਖ਼ ਕੀਤਾ। ਹਰ ਕਿਸੇ ਨੂੰ ਐਮਾ ਦੇ ਜਿਸਮ ਦੀ ਤਲਬ ਸੀ। ਉਹ 'ਚਾਹੁਣ ਵਾਲਿਆਂ' ਦੀ ਤਲਬ ਨੂੰ ਠੰਡਾ ਕਰਦੀ। ਕਦੀ ਮਾਡਲ ਬਣ ਕੇ (125, 126, 132 134), ਕਦੀ ਬਿਲਯੂ ਫ਼ਿਲਮਾਂ 'ਚ ਕੰਮ ਕਰਕੇ (145 146, 152) ਤੇ ਕਦੀ ਅਰਬਾਂ ਨਾਲ ਰਾਤਾਂ ਗਜ਼ਾਰ ਕੇ (138) ਉਹ ਖ਼ੂਬ ਕਮਾਈ ਕਰ ਰਹੀ ਸੀ। ਐਮਾ ਦੇ ਗਾਹਕ 'ਖ਼ੁਸ਼' ਸਨ, ਪਰ, ਉਹਦਾ ਆਪਣਾ ਅੰਦਰਲਾ ਰਾਜ਼ੀ ਨਹੀਂ ਸੀ। ਉਹਦੀ ਰੂਹ ਕਦੀ-ਕਦੀ ਕੁਰਲਾ ਉਠਦੀ :

ਧੀਆਂ ਹੁੰਦੀਆਂ ਈ ਕਿਹੜੇ ਕੰਮ ਨੂੰ ? ਬਾਪ ਦੀ ਪੱਗ ਬਚਾਉਣ ਲਈ।
ਦਾਗ਼ ਭਾਵੇਂ ਲਗ ਜਾਣ ਪਰ ਸਿਰ ਤੋਂ ਡਿਗੇ ਨਾ (131)।

ਐਮਾ ਨੇ ਵਿਕਣਾ ਕਬੂਲ ਕੀਤਾ। ਕਾਹਦੇ ਲਈ ? ਤਾਂ ਜੁ "ਧਰਮੀ ਬਾਬਲ ਪੈਸਿਆਂ ਤੋਂ ਭੁੱਖਾ ਨਾ ਰਹੇ" (130)। ਵਿਕ ਰਿਹਾ 'ਮਨੁੱਖ' ਵੀ ਵਿਕਣ ਲਈ ਕਦ ਰਾਜ਼ੀ ਹੁੰਦੇ। ਵਿਕਦੀ ਤਾਂ ਵਸਤ ਹੈ। ਮਨੁੱਖ ਵਸਤ ਹੋ ਹੀ ਨਹੀਂ ਰਹਿ ਸਕਦਾ। ਕੁਦਰਤ ਨੂੰ ਮਨੁੱਖ ਦਾ ਵਸਤ ਬਣਨਾ ਮਨਜ਼ੂਰ ਹੀ ਨਹੀਂ। ਵਸਤਾਂ ਬਣ ਕੇ ਵਿਚਰਨ ਵਾਲੇ ਕੁਦਰਤ ਤੋਂ ਬੇਮੁਖ ਹਨ ਤੇ ਡਾਢੇ ਸੰਤਾਪ ਵਿਚ ਹਨ।

ਸਭ ਕਾਸੇ ਦੇ ਬਾਵਜੂਦ ਐਮਾ ਨੂੰ ਆਪਣੇ ਪਿਉ ਦੀ ਉਹਦੇ ਵਲ ਬੇਰੁਖ਼ੀ ਦਾ ਕੋਈ ਗਿਲਾ ਨਹੀਂ। ਉਹ ਇਸ ਗਲੋਂ ਚੇਤੰਨ ਹੈ ਕਿ ਜੇ ਇਹ ਬੇਰੁਖ਼ੀ ਨਾ ਵੀ ਹੁੰਦੀ ਤਾਂ ਵੀ ਉਹਦਾ ਹਸ਼ਰ ਇਹੀ ਹੋਣਾ ਸੀ। ਐਮਾ ਦਾ ਖ਼ਿਆਲ ਹੈ ਕਿ :

ਭਾਰਤੀ ਕਲਚਰ [ਪੰਜਾਬੀ ਕਲਚਰ ਨਹੀਂ] ਦਾ ਛੋਟਾ ਜਿਹਾ ਪਾਣੀ ਵਾਲਾ ਛੰਨਾ ਇਕ ਵਿਸ਼ਾਲ ਸਮੁੰਦਰ ਵਿਚ, ਇਥੋਂ ਦੀ ਕਾਬਜ਼ ਕਲਚਰ ਵਿਚ ਰੁੜ ਗਿਆ। ਇਹ ਹੋਣਾ ਹੀ ਸੀ (157)।

ਭਾਰਤੀ ਕਲਚਰ ਵਿਚੋਂ, ਫਿਰ ਵੀ, ਮਨੁੱਖੀ ਕਦਰਾਂ-ਕੀਮਤਾਂ ਬਿਲਕੁਲ ਹੀ ਅਲੋਪ ਨਹੀਂ ਹੋਈਆਂ, ਹੋ ਜ਼ਰੂਰ ਰਹੀਆਂ ਹਨ। ਜਦ ਕਿ ਪਛਮੀ (ਕਾਬਜ਼) ਕਲਚਰ ਦਾ ਮਰਕਜ਼ (ਮਨੁੱਖ ਨਹੀਂ) ਪੈਸਾ ਹੈ। (157)। ਯਾਨੀ, ਪੈਸਾ ਮਨੁੱਖ ਨੂੰ ਨਿਗਲ ਰਿਹਾ ਹੈ। ਪੈਸੇ ਦੀ ਸਰਦਾਰੀ ਉਪਰ ਹੀ ਬੁਰਜੁਆਜ਼ੀ ਖੜੀ ਹੈ। ਸਭਿਆਚਾਰਾਂ ਦੇ ਇਸ 'ਮੇਲੇ' ਦੀ ਬਹੁਗਿਣਤੀ ਤੇ ਘਟ-ਗਿਣਤੀ ਦੇ ਸਭਿਆਚਾਰਾਂ ਦੇ ਤਕਰਾਰ ਵਜੋਂ ਵੀ ਨਾਵਲ ਨੇ ਪਛਾਣ ਕਰਵਾਈ ਹੈ।

'ਰੁੜਨ' ਦੇ ਅਮਲ ਦਾ ਬਿਆਨ ਜ਼ਾਤੀ ਪਧਰ ਤੇ ਵੀ ਹੋਇਆ ਹੈ ਅਤੇ ਵੱਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੈਮਾਨੇ 'ਤੇ ਵੀ। ਐਮਾ ਕੱਖ-ਕਾਨ ਵਾਂਗ ਦਰਿਆ 'ਚ ਰੁੜ ਗਈ (133)। ਵੱਡੇ ਪੈਮਾਨੇ ਤੇ ਇਹੀ ਅਮਲ ਛੰਨਾ ਤੇ ਸਮੁੰਦਰ ਦੇ ਹਵਾਲੇ ਨਾਲ ਵਾਜ਼ਿਆ ਕੀਤਾ ਗਿਆ। ਰੁੜਨ ਦਾ ਅਮਲ ਹੀ ਇਸ ਨਾਵਲ ਦੇ ਮਰਕਜ਼ 'ਚ ਰਿਹੈ। ਕੱਖ-ਕਾਨ ਨੂੰ ਦਰਿਆ ਰੋੜ ਕੇ ਲੈ ਗਿਆ। 'ਪਾਣੀ ਵਾਲਾ ਛੰਨਾ ਵਿਸ਼ਾਲ ਸਮੁੰਦਰ ਵਿਚ ਰੁੜ ਗਿਆ'। ਦੋਹਾਂ ਹਾਲਤਾਂ ਵਿਚ ਬੁਨਿਆਦੀ ਗੱਲ ਵਹਾ ਦੀ ਹੈ, ਪਾਣੀ ਦੇ ਵਹਾ ਦੀ।

ਦਰਿਆਵਾਂ ਦਾ ਪ੍ਰਤੀਕ ਇਸ ਨਾਵਲ ਵਿਚ ਖ਼ਾਸ ਮਾਇਨੇ ਰਖਦਾ ਹੈ। ਸੱਸੀ ਦੇ ਪਿਉ ਬਾਦਸ਼ਾਹ ਆਦਮ ਜਾਮ ਨੇ ਉਹਨੂੰ ਦਰਿਆ 'ਚ ਰੋੜ ਦਿਤਾ ਸੀ। ਕਿਉਂਕਿ, ਨਜੂਮੀਆਂ ਦੇ ਕਹੇ ਅਨੁਸਾਰ ਧੀ ਪਿਉ ਦੀ ਜ਼ਾਤ ਤੇ ਰਾਜ ਦੋਹਾਂ ਲਈ ਭਾਰੀ ਸੀ। ਪਿਉ ਨੇ ਆਪਣੇ ਵਲੋਂ ਤਾਂ ਧੀ ਦਰਿਆ 'ਚ ਰੋੜੀ ਹੀ ਸੀ। ਇਹ ਤਾ ਧੀ ਦਾ ਮੁਕੱਦਰ ਸੀ ਕਿ ਉਹ ਦਰਿਆ ਤਰ ਗਈ। ਇਥੇ ਸੱਸੀ ਦਾ ਤਰ ਜਾਣਾ ਜਾਗੀਰਦਾਰੀ ਦੀਆਂ ਕਦਰਾਂ-ਕੀਮਤਾਂ ਤੋਂ ਨਜਾਤ ਪਾਉਣਾ ਸੀ। ਫ਼ਰੀਦ ਸਾਹਬ ਨੇ ਵੀ ਦਰਿਆ ਦੇ ਵਹਾ ਦੀ ਗੱਲ ਕੀਤੀ ਹੈ। ਫ਼ਰਮਾਉਂਦੇ ਹਨ :

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ ॥
ਫ਼ਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰ ॥96॥

ਦਰਿਆਵਾਂ ਦੇ ਕੰਢੇ ਉਤੇ ਉਗਿਆ ਰੁਖ਼ ਉਹਦੇ ਵਹਾ ਤੋਂ ਕਦ ਤਕ ਬਚਿਆ ਰਹੇਗਾ। ਆਖ਼ਰ 'ਚ ਰੁਖ ਨੂੰ ਦਰਿਆ ਨੇ ਰੋੜ ਕੇ ਲੈ ਜਾਣਾ ਹੈ। ਇਹ ਕੁਦਰਤ ਦਾ ਕਾਨੂੰਨ ਹੈ। ਬਿਲਕੁਲ ਉਸੇ ਤਰਾਂ ਜਿਵੇਂ 'ਕੱਚੇ ਭਾਂਡੇ' ਵਿਚ ਬਹੁਤੀ ਦੇਰ ਪਾਣੀ ਨਹੀਂ ਰਹਿ ਸਕਦਾ। 'ਕੱਚੇ ਭਾਂਡੇ' ਨੇ ਅਖ਼ੀਰ ਖੁਰ ਜਾਣਾ ਹੈ। 'ਕੱਚਾ ਭਾਂਡਾ' ਗ਼ੈਰ-ਮਨੁੱਖੀ ਕਦਰਾਂ-ਕੀਮਤਾਂ ਦਾ ਪ੍ਰਤੀਕ ਹੈ। ਗ਼ੈਰ-ਮਨੁੱਖੀ ਕਦਰਾਂ-ਕੀਮਤਾਂ ਨੇ ਬਹੁਤੀ ਦੇਰ ਟਿਕੇ ਨਹੀਂ ਰਹਿਣਾ। ਫ਼ਰੀਦ ਸਾਹਬ ਅਨੁਸਾਰ ਇਹ ਕੁਦਰਤ ਦਾ ਕਾਨੂੰਨ ਹੈ।

ਨਾਵਲ ਵਿਚ 'ਰੁੜਨ' ਦਾ ਅਮਲ ਹੀ ਪੇਸ਼ ਹੋਇਐ। ਤਰਨ ਦਾ ਅਮਲ ਹਾਲਾਤ ਦੀ ਜ਼ਦ 'ਚ ਆ ਗਿਆ। ਨਾਵਲ ਵਿਚ ਦਰਿਆ ਦਾ ਵਹਾ ਬੁਰਜ਼ੁਆਜ਼ੀ ਦੇ ਅਮਲ ਨੂੰ ਜ਼ਾਹਿਰ ਕਰਦਾ ਹੈ। ਬੁਰਜੁਆਜ਼ੀ ਜਿਸ ਦੇ ਮਰਕਜ਼ 'ਚ ਮਨੁੱਖ ਨਹੀਂ ਪੈਸਾ ਹੈ। ਇਸੀ ਲਈ ਬੁਰਜੁਆਜ਼ੀ ਦਾ ਸਾਰਾ ਅਮਲ ਹੀ ਗ਼ੈਰ-ਮਨੁੱਖੀ ਹੈ। ਗ਼ੈਰ-ਮਨੁੱਖੀ ਹੋਣ ਕਾਰਨ, ਫ਼ਰੀਦ ਸਾਹਬ ਦੀ ਭਾਸ਼ਾ ਵਿਚ, ਇਹਦੀ ਔਕਾਤ 'ਕੱਚੇ ਭਾਂਡੇ' ਤੋਂ ਵਧ ਨਹੀਂ। ਬੁਰਜੁਆਜ਼ੀ ਦੇ ਅਮਲ ਦਾ ਤੋੜ ਕੁਦਰਤ ਦੀ ਕੁਖੋਂ ਪੈਦਾ ਹੋ ਕੇ ਰਹੇਗਾ। 'ਕੱਖ-ਕਾਨ' 'ਦਰਿਆ' ਦੀ ਭੇਟ ਨਹੀਂ ਹੋਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ ਦਾ ਨਾਵਲ ਕਦਰਾਂ ਕੀਮਤਾਂ

—ਸੁਤਿੰਦਰ ਸਿੰਘ ਨੂਰ

ਕਦਰਾਂ ਕੀਮਤਾਂ ਸਵਰਨ ਚੰਦਨ ਦਾ 1983 ਵਿਚ ਪ੍ਰਕਾਸ਼ਤ ਚੌਥਾ ਨਾਵਲ ਹੈ। ਇਸਤੋਂ ਪਹਿਲਾਂ **ਨਵੇਂ ਰਿਸ਼ਤੇ, ਕੱਚੇ ਘਰ** ਅਤੇ **ਕੱਖ ਕਾਨ ਤੇ ਦਰਿਆ** ਨਾਵਲ ਦਾ ਪ੍ਰਕਾਸ਼ਨ ਕਰਕੇ ਉਹ ਗੁਰਦਿਆਲ ਸਿੰਘ ਤੋਂ ਪਿੱਛੋਂ ਸਭ ਤੋਂ ਵੱਧ ਚਰਚਿਤ ਨਾਵਲਕਾਰ ਦੇ ਤੌਰ ਤੇ ਸਥਾਪਤ ਹੋ ਚੁੱਕਾ ਹੈ। ਪਹਿਲੇ ਨਾਵਲ 'ਨਵੇਂ ਰਿਸ਼ਤੇ' ਤੋਂ ਹੀ ਉਸਨੇ ਇੰਗਲੈਂਡ ਵਿਚ ਜਾ ਕੇ ਵੱਸੇ ਪੰਜਾਬੀਆਂ ਦੀ ਸਥਿਤੀ ਤੇ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਦਾ ਆਧਾਰ ਬਣਾਇਆ ਹੈ। **ਕਦਰਾਂ ਕੀਮਤਾਂ** ਉਸੇ ਸੰਦਰਭ ਵਿਚ ਲਿਖਿਆ ਇਕ ਵਿਸ਼ਲੇਸ਼ਣਾਤਮਕ ਨਾਵਲ ਹੈ। ਵਿਸ਼ਲੇਸ਼ਣਾਤਮਕ ਇਸ ਲਈ, ਕਿਉਂਕਿ ਕੇਵਲ ਕਹਾਣੀ ਦਾ ਬਿਆਨ ਹੀ ਉਸ ਦਾ ਪ੍ਰਯੋਜਨ ਨਹੀਂ, ਸਗੋਂ ਪੇਸ਼ ਸਮੱਸਿਆ ਦਾ ਉਹ ਸੁਚੇਤ ਰੂਪ ਵਿਚ ਵਿਸ਼ਲੇਸ਼ਣ ਕਰਨਾ ਚਾਹੁੰਦਾ ਹੈ। ਇਸ ਵਿਸ਼ਲੇਸ਼ਣ ਨਾਲ ਹੀ ਉਸਦਾ ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਵੀ ਸੰਬੰਧਤ ਹਨ।

ਇਸ ਨਾਵਲ ਵਿਚ ਇਕ ਪਾਸੇ ਇੰਗਲੈਂਡ ਦੀ ਧਰਤੀ ਤੇ ਜਵਾਨ ਹੋਏ ਪਾਤਰਾਂ ਰਿੰਮੀ ਤੇ ਪਾਲ ਦੀ ਕਹਾਣੀ ਹੈ ਜੋ ਭਾਰਤੀ **ਕਦਰਾਂ ਕੀਮਤਾਂ** ਨੂੰ ਸਾਂਭੀ ਬੈਠੇ ਮਾਪਿਆਂ ਕਰਕੇ ਵਿਆਹ ਨਹੀਂ ਕਰਾ ਸਕਦੇ। ਭਾਰਤ ਤੋਂ ਰਿੰਮੀ ਲਈ ਮੁੰਡਾ ਜਸਵੰਤ ਆਉਂਦਾ ਹੈ ਤੇ ਪਾਲ ਲਈ ਕੁੜੀ ਨਿਰਮਲ। ਪਾਲ ਤਾਂ ਅੰਤ ਤੇ ਕਿਵੇਂ ਨਾ ਕਿਵੇਂ ਆਪਣੇ ਸੁਭਾ ਕਾਰਨ ਨਿੰਮੀ ਨਾਲ ਸਮਝੌਤਾ ਕਰ ਲੈਂਦਾ ਹੈ, ਪਰ ਰਿੰਮੀ ਜਸਵੰਤ ਨਾਲ ਸਮਝੌਤਾ ਨਹੀਂ ਕਰ ਸਕਦੀ ਤੇ ਜਸਵੰਤ ਨੂੰ ਭਾਰਤ ਵਾਪਸ ਪਰਤਣਾ ਪੈਂਦਾ ਹੈ। ਦੂਜੇ ਪਾਸੇ ਇਸ ਕਹਾਣੀ ਵਿਚ ਬਿਆਨ ਹੈ, ਮਾਪਿਆਂ ਦਾ, ਭਾਰਤ 'ਚ ਵੱਸਦੇ ਉਨ੍ਹਾਂ ਪੰਜਾਬੀਆਂ ਦਾ ਜੋ ਆਰਥਿਕ ਤੇ ਸਮਾਜਕ ਕਾਰਨਾਂ ਕਰਕੇ ਇੰਗਲੈਂਡ ਵਿਚ ਪਹੁੰਚਣ ਦਾ ਮਾਧਿਅਮ ਲਭਦੇ ਹਨ। ਵਿਆਹ ਦਾ ਰਿਸ਼ਤਾ ਉਨ੍ਹਾਂ ਲਈ ਇਹੋ ਜਿਹਾ ਇਕ ਮਾਧਿਅਮ ਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਰਤ ਵਿਚ ਜਸਵੰਤ ਜਦੋਂ ਰਾਮਿੰਦਰ ਬਾਰੇ ਸੋਚਦਾ ਹੈ ਤਾਂ ਕਥਨ ਹੈ, "ਉਹ ਇਕ ਪ੍ਰਤੀਸ਼ਤ ਉਮੀਦ ਦੇ ਸਹਾਰੇ ਆਪਣੇ ਸੁਪਨਿਆਂ ਦੇ ਮੁਨਾਰੇ ਬਣਾਉਂਦਾ ਢਾਹੁੰਦਾ ਰਹਿੰਦਾ ਸੀ। ਰਿੰਮੀ ਤਾਂ ਉਹਦੇ ਇੰਗਲੈਂਡ ਪਹੁੰਚਣ ਦਾ ਇਕ ਵਸੀਲਾ ਸੀ—ਇਕ ਮਾਧਿਅਮ। ਇਕ ਵਾਰ ਪਹੁੰਚ ਗਏ ਤਾਂ ਪੈਸੇ ਵਾਲੀ ਸਾਰੀ ਚਿਤਾ ਮੁਕ ਜਾਊ।" ਮੰਗੇਤਰ-ਸਮੱਸਿਆ ਹਰ ਰੂਪ ਵਿਚ ਨਾਵਲ ਵਿਚ ਇਕ ਵੱਡੀ ਸਮੱਸਿਆ ਬਣਕੇ ਉਭਰਦੀ ਹੈ ਤੇ ਨਾਵਲਕਾਰ ਅੰਤ ਤੇ ਇੰਗਲੈਂਡ ਵਿਚ ਬਣੇ 'ਮੰਗੇਤਰ-ਮੰਡਲ' ਵਿਚ ਪਾਤਰਾਂ ਰਾਹੀਂ ਇਸ ਸਮੱਸਿਆ ਦਾ ਵਿਸ਼ਲੇਸ਼ਾਤਮਕ ਉਚਾਰ ਵੀ ਸਾਹਮਣੇ ਲਿਆਉਂਦਾ ਹੈ।

> ਚਾਹੀਦਾ ਤਾਂ ਇਹ ਆ ਪਈ ਇਥੋਂ ਦੀ ਲੰਡਨ ਦੀਆਂ ਸ਼ਾਦੀਆਂ ਵਿਆਹ ਏਥੋਂ ਆਲਿਆਂ ਨਾਲ ਹੀ ਹੋਣ, ਕਿਉਂਕਿ ਉਹ ਇਕ **ਕਲਚਰ** ਦੇ ਸਾਂਝੀ ਨੇ...ਪਰ ਬਹੁਤ ਕੁਸ਼ ਬਦਲ ਕੇ ਵੀ ਅਜੇ ਇੰਡੀਆ ਵਿਚ ਜੰਮ ਪਲ ਕੇ ਏਥੇ ਆਏ ਮਾਂ-ਬਾਪ ਨਹੀਂ ਬਦਲੇ।

ਕਦਰਾਂ ਕੀਮਤਾਂ ਦੇ ਇਸ ਵਿਸ਼ਲੇਸ਼ਣ ਵਿਚ ਸਵਰਨ-ਚੰਦਨ ਦਾ ਕੇਂਦਰੀ-ਨੁਕਤਾ ਹੈ ਕਲਚਰ। ਇੰਗਲੈਂਡ ਵਿਚ ਪਰਵਾਨ ਚੜ੍ਹੇ ਤੇ ਇਧਰ ਵੱਸਦੇ ਜਾਂ ਇਧਰੋਂ ਗਏ ਪੰਜਾਬੀ ਸਮਾਜ ਦੀ **ਕਲਚਰ-ਵਿੱਥ** ਤੇ ਉਸ ਨਾਲ ਸਬੰਧਤ ਸਥਿਤੀਆਂ ਤੇ ਸਮੱਸਿਆਵਾਂ ਬਾਰੇ ਪੰਨਾ 27 ਤੇ ਕਥਨ ਦੇ ਰੂਪ ਵਿਚ ਨਾਵਲਕਾਰ ਉਲੇਖ ਕਰਦਾ ਹੈ : "ਬੇਸ਼ੱਕ ਭਾਰਤੀ ਲੰਕ ਰਹਿ ਤਾਂ ਬਰਤਾਨੀਆਂ ਵਿਚ ਹੀ ਰਹੇ ਸਨ, ਪਰ ਇਕ ਵੱਖਰੀ ਸ਼ਕਲ ਵਿਚ, ਸਵੈ-ਉਸਰਿਤ ਦੀਵਾਰਾਂ ਵਿਚ, ਬਰਤਾਨਵੀ ਸਮਾਜ ਤੋਂ ਕੱਟੇ ਹੋਏ ਇਕ ਵੱਖਰੇ ਟਾਹਣ ਦੀ ਸ਼ਕਲ ਵਿਚ, ਇਕ ਅਲਹਿਦਗੀ ਦੇ ਅਹਿਸਾਸ ਦੀ ਬੰਜਰ ਜ਼ਮੀਨ ਉਤੇ ਅਤੇ ਇਕ ਸੰਚਾਰ-ਰਹਿਤ ਵਾਤਾਵਰਣ ਵਿਚ। ਇਸ ਲਈ ਇਹਨਾਂ ਦੀਆਂ ਬੋਦੀਆ ਕੀਮਤਾਂ ਤੇ ਬਰਤਾਨਵੀ ਸਮਾਜ ਦੇ ਕੁਝ ਚੰਗੇ ਅਸਰ ਵੀ ਨਹੀਂ ਸਨ ਹੋ ਸਕੇ ਜਾਂ ਇਹਨਾਂ ਅਜਿਹੇ ਅਸਰਾਂ ਨੂੰ ਪਰਵਾਨ ਕਰਨਾ ਹੀ ਨਹੀਂ ਚਾਹਿਆ। ਤਬਦੀਲੀਆਂ ਆਈਆਂ ਤਾਂ ਕੇਵਲ **ਆਰਥਿਕ ਪੱਖ** ਵਿਚ, ਰਹਿਣ ਸਹਿਣ ਤੇ ਪੈਸਾ ਬਣਾਕੇ ਇੰਡੀਆ ਭੇਜਣ ਅਤੇ ਚਾਰ ਸਿਆੜ ਹੋਰ ਖਰੀਦਣ ਵਿਚ।"

ਆਰਥਿਕਤਾ ਇਸ ਰੂਪ ਵਿਚ ਜਦੋਂ ਕਿਸੇ ਸਮਾਜ ਦੀ ਪਛਾਣ ਬਣ ਜਾਂਦੀ ਹੈ ਤਾਂ ਇਹ ਸਭਿਆਚਾਰ ਜਾਂ ਕਲਚਰ ਤੋਂ ਲਗਪਗ ਵਿਛੁੰਨੀ ਹੁੰਦੀ ਹੈ, ਵਿਤਰੇਕੀ ਹੁੰਦੀ ਹੈ। ਸਵਰਨ ਚੰਦਨ ਇਕ ਪਾਸੇ ਇਸ ਤ੍ਰਾਸਦਿਕ, ਪਰ ਯਥਾਰਥ ਬਣ ਚੁੱਕੀ ਸਥਿਤੀ ਨੂੰ ਅੰਕਿਤ ਕਰਨਾ ਚਾਹੁੰਦਾ ਹੈ ਤੇ ਨਾਲ ਹੀ ਕਲਚਰ ਦੇ ਪੱਖ ਨੂੰ ਹੋਰ ਡੂੰਘਿਆਂ ਫਰੋਲਣ ਲਈ ਉਹ **ਭਾਸ਼ਾ** ਤੇ **ਕਲਚਰ** ਦੇ ਸੰਬੰਧਾਂ ਦਾ ਪ੍ਰਸ਼ਨ ਉਠਾਉਂਦਾ ਹੈ। ਪਾਲ ਤਲਾਸ਼ ਰਿਹਾ ਹੈ ਕਿ ਉਸਨੂੰ ਨਿੰਮੀ ਨਾਲ ਕਿਉਂ ਨਫ਼ਰਤ ਹੈ। "ਉਹਨੂੰ ਉਹਦੇ ਵਿਚ ਸਾਂਝ ਦਾ ਕੋਈ ਬਿੰਦੂ ਨਹੀਂ ਸੀ ਲਭਦਾ। ਆਪਣੀ **ਕਲਚਰ** ਬਾਰੇ ਉਹ ਨਾਂ-ਮਾਤਰ ਹੀ ਜਾਣਦਾ ਸੀ। **ਭਾਸ਼ਾ** ਹੀ ਕਦੇ ਨਹੀਂ ਸੀ ਪੜ੍ਹੀ ਤੇ ਭਾਸ਼ਾ ਬਿਨਾਂ **ਕਲਚਰ** ਦਾ ਵਾਹਣ ਕੀ ਹੁੰਦਾ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਾਸ਼ਾ ਤਾਂ ਆਪਣੇ ਆਪ ਵਿਚ ਹੀ ਵਸੀਹ **ਕਲਚਰ** ਹੁੰਦੀ ਹੈ। **ਭਾਸ਼ਾ** ਦੀ ਥੁੜ ਕਾਰਨ ਉਹ ਘਰ ਨਾਲ ਵੀ ਕੋਈ ਪੱਕੀ ਸਾਂਝ ਸਥਾਪਤ ਨਾ ਕਰ ਸਕਿਆ।" ਭਾਸ਼ਾ ਦੀ ਇਹੀ ਸਮੱਸਿਆ ਰਿੰਮੀ ਤੇ ਜਸਵੰਤ ਵਿਚਾਲੇ ਵੀ ਹੈ। ਇਉਂ ਸਵਰਨ ਚੰਦਨ ਮਨੁੱਖੀ ਰਿਸ਼ਤਿਆਂ ਦੀ ਵਿਆਕਰਣ ਤਲਾਸ਼ਦਾ ਹੈ। ਉਨ੍ਹਾਂ ਵਿਚ ਇਹ ਰਿਸ਼ਤੇ ਸਥਾਪਤ ਨਹੀਂ ਹੁੰਦੇ, ਉਨ੍ਹਾ ਕੋਲ ਰਿਸ਼ਤਿਆਂ ਦੀ ਉਹ ਭਾਸ਼ਾ, ਉਸ ਭਾਸ਼ਾ ਦੀ ਵਿਆਕਰਣ ਹੈ ਨਹੀਂ। ਇਸੇ ਕਾਰਨ ਉਨ੍ਹਾਂ ਦੀ ਘਰ ਨਾਲੋਂ ਸਾਂਝ ਟੁੱਟਦੀ ਹੈ। ਇਉਂ ਜਿਸ ਤ੍ਰਾਸਦੀ ਨੂੰ ਸਵਰਨ ਚੰਦਨ ਆਪਣੇ ਨਾਵਲ ਵਿਚ ਪੇਸ਼ ਕਰਨ ਦਾ ਯਤਨ ਕਰਦਾ ਹੈ, ਉਹ ਉਸਦੀ ਮੂਲ-ਇਕਾਈ ਦੀ ਤਲਾਸ਼ ਕਰਦਾ ਹੈ। **ਭਾਸ਼ਾ** ਉਹ ਮੂਲ-ਇਕਾਈ ਹੈ। **ਭਾਸ਼ਾ** ਹੀ ਕਲਚਰ ਹੈ। 'ਪੰਜਾਬ ਦਾ ਪਿੰਡ ਅਜੇ ਵੀ ਜਿਸ ਫੀਊਡਲ ਅਚੇਤ ਨਾਲ ਜੁੜਿਆ ਹੋਇਆ ਹੈ ਉਸ ਨੇ ਉਥੋਂ ਦੇ ਆਦਮੀ ਨੂੰ ਇਹ ਸਥਿਤੀ ਤੇ ਮਾਨਸਿਕ-ਭਾਸ਼ਾ ਦਿੱਤੀ ਹੈ : "ਜਿਸ ਦਿਨ ਸਾਨੂੰ ਪੱਕੇ ਰਹਿਣ ਦੀ ਆਗਿਆ ਮਿਲ ਗਈ ਇਹ **ਵਸੀਲਾ** ਸਾਡੇ ਲਈ ਕੋਈ ਮੁੱਲ ਨਹੀਂ ਰੱਖਦਾ, ਭਾਵੇਂ ਅਗਲੇ ਦਿਨ ਉਹ ਕੁੜੀ ਮਰ ਜਾਏ।" ਇੰਗਲੈਂਡ ਦੇ ਜਿਸ ਪੂੰਜੀਵਾਦੀ-ਪ੍ਰਬੰਧ ਵਿਚ ਉਹ ਪਹੁੰਚਦਾ ਹੈ, ਉਥੋਂ ਦੇ ਸਮੁੱਚੇ ਸਿਸਟਮ ਨੂੰ ਅਜਿਹੇ ਹੀ 'ਭਾਸ਼ਾ-ਸ਼ੋਸ਼ਣ' (ਸਿਸਟਮ ਐਜ਼ ਲੈਂਗੂਏਜ਼) ਦਾ ਸ਼ਿਕਾਰ ਹੋਣਾ ਪੈਂਦਾ ਹੈ। "ਐਵਰੀ ਬਾਡੀ ਇਜ਼ ਬਲੱਡੀ ਐਕਸਪਲਾਇਟਿੰਗ ਐਵਰੀ ਬਾਡੀ ਐਲਸ, ਫ਼ਾਦਰ, ਮਦਰ, ਬ੍ਰਦਰ ਐਂਡ ਆਲ। ਨੋ ਟਰੂ ਰੀਲੇਸ਼ਨਸ਼ਿਪ ਐਟ ਆਲ।" (ਪੰਨਾ 45) ਇਹ ਭਾਸ਼ਾ ਪਾਲ ਦੀ ਸੋਚ 'ਚੋਂ ਲੰਘ ਰਹੀ ਹੈ।

ਇਸ ਤ੍ਰਾਸਦਿਕ-ਸਥਿਤੀ ਵਿਚ ਪੰਜਾਬੀ ਪਾਤਰ ਆਪਣੇ ਸਮਾਜਕ ਸੰਬੰਧਾਂ, ਆਪਣੀ ਕਲਚਰਲ-ਚੇਤਨਾ ਦਾ **ਮਾਡਲ** ਗੁਆ ਬਹਿੰਦਾ ਹੈ। ਪਾਲ ਆਪਣੀ ਪਤਨੀ ਨਿੰਮੀ ਵੱਲ ਅਖੀਰ ਰੁਚਿਤ ਹੁੰਦਾ ਹੈ, ਪਰ ਉਹੋ ਜਿਹੀ ਇਕ ਹੋਰ ਕੁੜੀ ਨੂੰ ਇਕ ਗੋਰੇ ਦੇ ਆਲਿੰਗਣ ਵਿਚ ਦੇਖਕੇ। ਉਹ ਨਿੰਮੀ ਨੂੰ ਉਸੇ **ਮਾਡਲ** ਵਰਗਾ ਬਣਾਉਂਦਾ ਹੈ। ਅਸਲੀਅਤ ਨੂੰ **ਮਾਡਲਾਂ** ਅਤੇ **ਮਾਧਿਅਮਾਂ** ਦੇ ਜ਼ਰੀਏ ਪਛਾਨਣਾ ਵੀ ਅਜੀਬ ਫਿਤਰਤ ਹੈ—ਸ਼ਾਇਦ ਅਜੋਕੀ ਕਰਿਤਰਮ ਆਧੁਨਿਕਤਾ ਦਾ ਖੋਖਲਾਪਨ ਇਥੇ ਵੀ ਮੌਜੂਦ ਹੈ" ਇਹ ਨਾਵਲਕਾਰ ਦਾ ਵਿਸ਼ਲੇਸ਼ਣੀ ਨਿਰਣਾ ਹੈ। ਬਿਗਾਨੇ **ਮਾਡਲ** ਰਾਹੀਂ ਆਪਣੀ ਭਾਸ਼ਾ, ਸਮਾਜਕ ਰਿਸ਼ਤਿਆਂ ਦੀ ਵਿਆਕਰਣ ਜਾਂ ਆਪਣੀ ਕਲਚਰ ਦੀ ਪਛਾਣ ਦਾ ਮਸਲਾ ਪੂੰਜੀਵਾਦੀ-ਵਿਕਾਸ ਵਿਚੋਂ ਵਧੇਰੇ ਖੜਾ ਹੋਇਆ। ਨੌਆਬਾਦਿਤੀ ਨਿਜ਼ਾਮ ਦੀਆਂ ਦੂਜੇ ਸਭਿਆਚਾਰਾਂ ਨੂੰ ਗੁਲਾਮ ਬਣਾਉਣ ਜਾਂ ਉਨ੍ਹਾਂ ਦਾ ਅੰਤ ਕਰਨ ਲਈ ਨਵੀਆਂ ਵਿਧੀਆਂ 'ਚੋਂ ਸਾਹਮਣੇ ਆਇਆ। ਇਸ ਨਾਵਲ ਵਿਚ ਪਾਲ ਨੇ ਜੋ ਆਧੁਨਿਕਤਾ ਉਥੋਂ ਦੀ ਕਲਚਰ 'ਚੋਂ ਲਈ ਹੈ, ਉਹ ਬਿਗਾਨੇ ਮਾਡਲ ਰਾਹੀਂ ਆਪਣੇ ਸਮਾਜਕ-ਸਬੰਧਾਂ ਦੀ ਪਛਾਣ ਤੇ ਉਦੋਂ ਹੀ ਪਰਤਦਾ ਹੈ, ਜਦੋਂ ਉਸਨੂੰ ਭਾਸ਼ਾ ਤੇ ਕਲਚਰ ਦੇ ਨੁਕਤੇ ਤੋਂ ਆਪਣੀ ਸਥਿਤੀ ਦਾ ਅਹਿਸਾਸ ਹੋ ਜਾਂਦਾ ਹੈ, ਪਰ ਉਸ ਦੀ ਸਥਿਤੀ ਬਿਗਾਨੇ ਮਾਡਲ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਧਿਅਮ ਬਣਾਕੇ ਅਵੱਸ਼ ਆਧੁਨਿਕ ਹੋਣ ਦੀ ਬਣ ਚੁੱਕੀ ਹੈ। ਉਸਦੀ ਸਥਿਤੀ ਦਾ ਵਿਅੰਗ ਵੀ ਇਸੇ ਵਿਚ ਹੀ ਲੁਕਿਆ ਹੋਇਆ ਹੈ।

ਇਉਂ ਸਵਰਨ ਚੰਦਨ ਇੰਗਲੈਂਡ ਵਿਚ ਵੱਸਦੇ ਪੰਜਾਬੀਆਂ ਦੇ ਜੀਵਨ ਦੇ ਬਿਖਰਾ ਤੇ ਤ੍ਰਾਸਦੀ ਨੂੰ ਜਿਸ ਰੂਪ ਵਿਚ ਬਿਆਨਦਾ ਹੈ, ਉਸਦਾ ਪ੍ਰੌਢ ਵਿਸ਼ਲੇਸ਼ਣ ਕਰਨ ਦਾ ਯਤਨ ਕਰਦਾ ਹੈ। ਉਹ ਸ਼ੈਲੀ ਦੀਆਂ ਪ੍ਰਤੀਕੀ-ਜੁਗਤਾਂ ਵੱਲੋਂ ਸੁਚੇਤ ਹੁੰਦਿਆਂ ਬਰਫ਼ ਦੀ ਤਹਿ ਵਿਚ ਢਕੀਆਂ ਸੜਕਾਂ ਤੇ ਘਰਾਂ ਤੋਂ ਗੱਲ ਸ਼ੁਰੂ ਕਰਦਾ ਹੈ। ਇੰਗਲੈਂਡ ਦਾ ਪੰਜਾਬੀ ਸਮਾਜ ਵੀ ਕਿਸੇ ਬਰਫ਼ ਦੀ ਤਹਿ ਥੱਲੇ ਹੈ। ਹੌਲੀ ਹੌਲੀ ਰਾਹ ਪਛਾਣਦੀਆਂ, ਰੁਕਦੀਆਂ ਗੱਡੀਆਂ। ਅਗੇ ਹੀ ਪੰਜਾਬੀ ਇਸ ਮਾਹੌਲ ਵਿਚ ਹਨ। ਬਾਅਦ ਦੇ ਮਾਹੌਲ ਵਿਚ ਫੀ ਪਤਝੜ ਹੈ, ਹਵਾਵਾਂ ਸ਼ੂਕਦੀਆਂ ਹਨ। ਪਾਤਰ ਆਪਸ ਵਿਚ ਖਹਿੰਦੇ ਹਨ, ਵਿਤਰੇਕਤਾ ਭੋਗਦੇ ਹਨ। ਪਰ ਇਨ੍ਹਾਂ ਵਿਧੀਆਂ ਤੇ ਜੁਗਤਾਂ ਦੀ ਚੇਤਨਾ ਦੇ ਨਾਲ ਹੀ ਚੰਦਨ ਦੇ ਨਾਵਲ ਵਿਚ ਅਜੇ ਉਹ ਵੱਖਰੇ ਭਾਸ਼ਨੀ-ਤੱਤ ਪਏ ਹਨ, ਜੋ ਉਸਦੀ ਗਲਪੀ-ਵਿਧੀ ਵਿਚ ਜਜ਼ਬ ਨਹੀਂ ਹੁੰਦੇ। ਪੰਨਾ 53 ਤੋਂ 55 ਤਕ ਜਦੋਂ ਉਸਨੇ ਬਿਆਨ ਕਰਨਾ ਹੈ ਕਿ ਜਸਵੰਤ ਵਰਗੇ ਨੌਜਵਾਨਾਂ ਨੂੰ ਪੰਜਾਬ 'ਚੋਂ ਇੰਗਲੈਂਡ ਕਿਉਂ ਜਾਣਾ ਪੈਂਦਾ ਹੈ ਤਾਂ ਨਾਵਲਕਾਰ ਸੂਤਰਧਾਰ ਵਾਂਗ ਪਰਵੇਸ਼ ਕਰਦਾ ਹੈ, ਕਹਾਣੀ ਰੋਕਦਾ ਹੈ ਤੇ ਲੰਮਾ ਬਿਆਨ ਦਿੰਦਾ ਹੈ। —"ਭਾਰਤ ਜਿੱਥੇ ਪੜ੍ਹ ਲਿਖਕੇ ਮੁੰਡਿਆਂ ਨੂੰ ਛਾਬੜੀ ਲਾਉਣੀ ਪੈਂਦੀ ਸੀ ਤੇ ਕੁੜੀਆਂ ਨੂੰ 'ਕਾਲ ਗਰਲ' ਬਣਨ ਲਈ ਤਿਆਰ ਹੋਣਾ ਪੈਂਦਾ ਸੀ...।" ਨਾਵਲਕਾਰ ਬੜੇ ਜਾਹੋ ਜਲਾਲ ਵਿਚ ਬੋਲਦਾ ਨਜ਼ਰ ਆਉਂਦਾ ਹੈ। ਜਾਂ ਪਾਲ ਦੇ ਮਾਤਾ ਪਿਤਾ ਦਾ ਬਿਆਨ : "ਗੁਰਦੇਵ ਸਿੰਘ ਦੀ ਪਾਲਿਸੀ ਅੰਗਰੇਜ਼-ਉਪਨਿਵੇਸ਼ਕਾਰਾਂ ਵਾਲੀ ਸੀ ਤੇ ਭਜਨ ਕੌਰ ਦੀ ਅਜੋਕੇ ਭਾਰਤੀ ਸਰਮਾਇਦਾਰਾਂ ਵਾਲੀ...ਪਾਲ ਜਿੱਥੇ ਮਰਜ਼ੀ ਵਿਆਹ ਕਰਵਾਉਂਦਾ...ਬਾਹਰਲਾ ਹਸਤਖੇਪ ਵੀਅਤਨਾਮ ਵਿਚ ਅਮਰੀਕਾ ਵਾਲਾ ਸੀ" ਅਜਿਹੀ ਰੈਟਰਿਕ-ਵਿਧੀ ਪੰਜਾਬੀ ਨਾਵਲ ਵਿਚ ਉਦੋਂ ਹੀ ਆਉਂਦੀ ਹੈ, ਜਦੋਂ ਨਾਵਲ-ਕਾਰ ਨੂੰ ਇਹ ਬੋਲਕੇ ਕਹਿਣਾ ਪੈਂਦਾ ਹੈ ਕਿ ਉਹ ਪ੍ਰਗਤੀਵਾਦੀ ਹੈ, ਮਾਰਕਸਵਾਦੀ ਹੈ। ਉਸਦਾ ਇਹ ਸੁਚੇਤ ਉਚਾਰ ਉਸ ਦੀ ਗਲਪੀ-ਸ਼ੈਲੀ ਵਿਚ ਰਚਦਾ ਮਿਚਦਾ ਨਹੀਂ। ਗਲਪੀ-ਦ੍ਰਿਸ਼ਟੀ ਤੋਂ ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਕਦਰਾਂ ਕੀਮਤਾਂ' : ਇਕ ਅਧਿਐਨ

—ਮਨਜੀਤ ਕੌਰ

ਸਵਰਨ ਚੰਦਨ ਇਕ ਪ੍ਰਵਾਸੀ ਨਾਵਲਕਾਰ ਹੈ। ਇਸ ਨੇ ਪਰਵਾਸੀਆਂ ਖਾਸ ਕਰ ਕੇ ਬਰਤਾਨੀਆ ਵਿਚ ਵਸ ਰਹੇ ਪੰਜਾਬੀ ਲੋਕਾਂ ਦੀਆਂ ਸਮਾਜਕ ਤੇ ਸਭਿਆਚਾਰਕ ਸਮੱਸਿਆਵਾਂ ਨੂੰ ਆਪਣੀਆਂ ਗਲਪ-ਰਚਨਾਵਾਂ ਵਿਚ ਪੇਸ਼ ਕੀਤਾ ਹੈ। ਪਹਿਲੀ ਪੀੜ੍ਹੀ ਦੇ ਭਾਰਤੀ ਲੋਕ ਜੋ ਬਹੁਤ ਚਿਰ ਹੋਇਆ ਰੋਜ਼ੀ-ਰੋਟੀ ਦੀ ਤਾਲਾਸ਼ ਵਿਚ ਬਾਹਰਲੇ ਮੁਲਕਾਂ ਵਿਚ ਜਾ ਵੱਸੇ ਸਨ ਉਥੇ ਜਾ ਕੇ ਉਹਨਾਂ ਦੀ ਪੈਸੇ ਦੀ ਥੁੜ ਤਾਂ ਪੂਰੀ ਹੋ ਗਈ ਪਰ ਉਹਨਾਂ ਦੀ ਉਥੇ ਜੰਮੀ ਔਲਾਦ ਦੇ ਸਾਹਮਣੇ ਕਾਫ਼ੀ ਮਸਲੇ ਖੜੇ ਹੋ ਗਏ। ਨਵੀਂ ਜਨਮੀ ਪੀੜ੍ਹੀ ਦੇ ਮਾਂ-ਬਾਪ ਤਾਂ ਭਾਵੇਂ ਪੰਜਾਬੀ ਸਨ ਪਰ ਉਹਨਾਂ ਨੂੰ ਆਲਾ-ਦੁਆਲਾ ਤੇ ਵਿਦਿਅਕ ਤਾਲੀਮ ਪੱਛਮੀ ਸਭਿਆਚਾਰ ਦੀ ਪ੍ਰਾਪਤ ਹੋਈ। ਪਰ ਪਹਿਲੀ ਪੀੜ੍ਹੀ ਦੇ ਲੋਕ ਜੋ ਭਾਰਤੀ ਸਭਿਆਚਾਰਕ ਕਦਰਾਂ ਕੀਮਤਾਂ ਨਾਲ ਜੁੜੇ ਹੋਏ ਸਨ, ਉਹ ਬਾਹਰਲੇ ਮੁਲਕਾਂ ਵਿਚ ਜਾ ਕੇ ਵੀ ਦੇਸੀ ਢੰਗ ਦੀ ਜ਼ਿੰਦਗੀ ਬਸਰ ਕਰਦੇ ਰਹੇ। ਉਥੇ ਉਹਨਾਂ ਉਥੋਂ ਦੀ ਜੀਵਨ-ਜਾਚ ਨੂੰ ਨਹੀਂ ਕਬੂਲਿਆ ਤੇ ਉਹ ਇਹ ਵੀ ਚਾਹੁੰਦੇ ਸਨ ਕਿ ਉਹਨਾ ਦੇ ਬੱਚੇ ਉਹਨਾਂ ਮੁਤਾਬਕ ਹੀ ਜ਼ਿੰਦਗੀ ਜੀਊਣ ਪਰ ਨਵੀਂ ਪਨੀਰੀ ਨੇ ਜੋ ਪੱਛਮੀ ਸਭਿਆਚਾਰ ਵਿਚ ਹੀ ਜੰਮੀ, ਪਲੀ-ਪੋਸੀ ਤੇ ਵਡੀ ਹੋਈ ਤੇ ਉਥੋਂ ਦੀਆਂ ਹੀ ਕਦਰਾਂ-ਕੀਮਤਾਂ ਨੂੰ ਅਪਨਾਇਆ ਉਹਨਾਂ ਦਾ ਆਪਣੇ ਮਾਂ-ਬਾਪ ਦੇ ਵਿਚਾਰਾਂ ਨਾਲ ਤਨਾਉ ਪੈਦਾ ਹੋ ਗਿਆ। ਇਹਨਾਂ ਦੋਹਾਂ ਪੀੜ੍ਹੀਆਂ ਦੀ ਬੋਲੀ, ਸੋਚਾਂ, ਸਿਖਿਆ, ਵਰਤੋਂ-ਵਿਹਾਰ ਤੇ ਸਭਿਆਚਾਰਕ ਕਦਰਾਂ-ਕੀਮਤਾਂ ਵਿਚਕਾਰ ਬੜਾ ਵਡਾ ਪਾੜਾ ਪੈ ਗਿਆ। ਦੋਹਾਂ ਪੀੜ੍ਹੀਆਂ ਦੀਆਂ ਵਿਚਾਰਧਾਰਾਵਾਂ ਦੇ ਵੱਖੋ ਵੱਖਰੇ ਸਿਸਟਮਾਂ ਦੀ ਉਪਜ ਸਮਝੀਆਂ ਜਾ ਸਕਦੀਆਂ ਹਨ। ਸਵਰਨ ਚੰਦਨ ਨੇ ਵੱਖ ਵੱਖ ਸਭਿਆਚਾਰਾਂ ਵਿਚ ਪੱਲਰੀਆਂ ਦੋ ਪੀੜ੍ਹੀਆਂ ਦੇ ਟਕਰਾਉ ਤੇ ਤਨਾਉ ਨੂੰ ਇਸ ਗਲਪ-ਰਚਨਾ ਦਾ ਆਧਾਰ ਬਣਾਇਆ ਹੈ।

'ਕਦਰਾਂ-ਕੀਮਤਾਂ' ਨਾਵਲ ਦਾ ਕਥਾ-ਜਗਤ ਤੇ ਕਾਰਜ-ਖੇਤਰ ਬਰਤਾਨੀਆਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਮਹਾਂ-ਨਗਰ ਵਿਚ ਵਾਪਰਦਾ ਹੈ। ਇਸ ਨਾਵਲ ਦੀ ਮੁਖ-ਪਾਤਰ ਰਮਿੰਦਰ ਭਾਵੇਂ ਜੰਮੀ ਪੰਜਾਬ ਵਿਚ ਹੁੰਦੀ ਹੈ ਪਰ ਉਹ ਬਿਲਕੁਲ ਛੋਟੀ ਹੁੰਦੀ ਹੀ ਮਾਂ-ਬਾਪ ਨਾਲ ਇੰਗਲੈਂਡ ਆ ਜਾਂਦੀ ਹੈ। ਉਸ ਦੀ ਪੜ੍ਹਾਈ ਤੇ ਪਾਲਣਾ ਪੋਸਣਾ ਪੱਛਮੀ ਤਰਬੀਅਤ ਦੀ ਹੋਈ ਹੁੰਦੀ ਹੈ ਉਹ ਆਪਣੇ ਕਲਾਸ ਫ਼ੈਲੋ ਭਾਰਤੀ ਮੁੰਡੇ ਪਾਲ ਨੂੰ ਪਿਆਰ ਕਰਦੀ ਹੈ ਤੇ ਉਸੇ ਨੂੰ ਹੀ ਜੀਵਨ-ਸਾਥੀ ਬਣਾਉਣਾ ਚਾਹੁੰਦੀ ਹੈ। ਪਰ ਉਸ ਦਾ ਬਾਪ ਤੇ ਭਰਾ ਉਸ ਨੂੰ ਬਚਪਨ ਦੇ ਮੰਗੇਤਰ ਨੂੰ ਭਾਰਤ ਤੋਂ ਮੰਗਵਾ ਕੇ ਉਸ ਨਾਲ ਵਿਆਹ ਕਰਨਾ ਚਾਹੁੰਦੇ ਹਨ ਪੱਛਮੀ ਤਾਲੀਮ ਦੀ ਪੜ੍ਹੀ ਰਾਮਿੰਦਰ ਸੋਚਦੀ ਹੈ ਕਿ ਉਹ ਅਣਵੇਖੇ ਤੇ ਅਣਜਾਣੇ ਮੁੰਡੇ ਨਾਲ ਵਿਆਹ ਕਿਵੇਂ ਕਰ ਸਕਦੀ ਹੈ ਪਰ ਉਸ ਦਾ ਬਾਪ ਬੜਾ ਚਿਰ ਪਹਿਲੋਂ ਦੇ ਕੀਤੇ ਵਾਇਦੇ ਨੂੰ ਪੁਗਾਣਾ ਚਾਹੁੰਦਾ ਹੋਇਆ ਕਹਿੰਦਾ ਹੈ—

> ਅਸੀਂ ਵੈਅਦਾ ਕੀਤਾ ਹੋਇਐ। ਤੇ ਇਸ ਵੈਅਦੇ ਤੋਂ ਕੀਕਣ ਮੁਕਰ ਜੀਏ ? ਤੇਰਾ ਵਿਆਹ ਹੋਊ ਤਾਂ ਏਸੇ ਨਾਲ, ਨਈਂ ਤਾਂ ਤੇਰੇ ਟੋਟੇ ਕਰ ਕੇ ਸੁਟ ਦਿਆਂਗੇ। (ਪੰਨਾ 14)

ਇਤੋਂ ਰਾਮਿੰਦਰ ਦੀ ਆਪਣੀ ਮਰਜ਼ੀ ਦੇ ਮੁੰਡੇ ਨਾਲ ਵਿਆਹ ਕਰਾਉਣ ਦੀ ਇੱਛਾ ਤੇ ਮਾਂ-ਬਾਪ ਵਲੋਂ ਭਾਰਤ ਤੋਂ ਮੁੰਡਾ ਮੰਗਵਾ ਕੇ ਉਸ ਨਾਲ ਜ਼ੋਰੀ ਵਿਆਹ ਕਰਨ ਦੇ ਵਿਚਾਰ 'ਨਾਲ ਤਨਾਉ ਪੈਦਾ ਹੋ ਜਾਂਦਾ ਹੈ। ਰਾਮਿੰਦਰ ਦੇ ਇਸੇ ਮਾਨਸਿਕ ਖਿਚੋਤਾਣ ਤੋਂ ਹੀ ਨਾਵਲ ਦੀ ਸ਼ੁਰੂਆਤ ਹੁੰਦੀ ਹੈ। ਨਾਵਲਕਾਰ ਨੇ ਰਮਿੰਦਰ ਤੇ ਪਾਲ ਦੀ ਵਾਸਤਵਿਕ ਸਥਿਤੀ ਨੂੰ ਪ੍ਰਤੀਕਾਤਮਕ ਤੌਰ ਤੇ ਪੇਸ਼ ਕੀਤਾ ਹੈ। ਜਦੋਂ ਨਾਵਲ ਸ਼ੁਰੂ ਹੁੰਦਾ ਹੈ ਤਾਂ ਇੰਗਲੈਂਡ ਵਿਚ ਭਰ ਸਰਦੀਆਂ ਦੀ ਰੁੱਤ ਹੁੰਦੀ ਹੈ। ਹਰ ਪਾਸੇ ਬਰਫ਼ ਹੀ ਬਰਫ਼ ਪਈ ਹੁੰਦੀ ਹੈ। ਰਾਮਿੰਦਰ ਪਾਲ ਨਾਲ ਕਿਤੇ ਬਾਹਰ ਨੱਠ ਜਾਣਾ ਚਾਹੁੰਦੀ ਹੈ ਪਰ ਸ਼ੀਸ਼ਾ ਬਣੀ ਬਰਫ ਰਸਤੇ ਦੀ ਰੁਕਾਵਟ ਦਾ ਪ੍ਰਤੀਕ ਬਣ ਜਾਂਦੀ ਹੈ। ਇੰਗਲੈਂਡ ਦੀ ਧਰਤੀ ਉਤੇ ਬਰਫ ਦਾ ਪੈਣਾ ਭਾਰਤੀ ਪਰੰਪਰਾਵਾਂ ਤੇ ਦੇਸੀ ਸਭਿਆਚਾਰ ਨੂੰ ਬਾਹਰੋਂ ਠੋਸਣ ਦਾ ਪ੍ਰਤੀਕ ਬਣ ਜਾਂਦਾ ਹੈ। ਉਥੇ ਇੰਗਲੈਂਡ ਵਿਚ ਪੜ੍ਹ-ਪਲ ਕੇ ਵੱਡੀ ਹੋਈ ਨਵੀਂ ਪਨੀਰੀ ਦੀਆਂ ਜੜ੍ਹਾਂ ਤਾਂ ਨਵੇਂ ਮਾਹੌਲ ਵਿਚ ਲੱਗੀਆਂ ਹੁੰਦੀਆਂ ਹਨ ਉਹਨਾਂ ਨੂੰ ਮਾਂ-ਬਾਪ ਵਲੋਂ ਧਿੰਗੋਜ਼ੋਰੀ ਮੰਨਵਾਏ ਜਾ ਰਹੇ ਭਾਰਤੀ ਸੰਸਕਾਰ ਤੇ ਰਵਾਇਤਾਂ ਉਹਨਾਂ ਦੀ ਜ਼ਿੰਦਗੀ ਨੂੰ ਜਾਮ ਕਰ ਦੇਂਦੇ ਹਨ। ਉਂਜ ਵੀ ਬਰਫ਼ ਨਾਲ ਜੰਮੀ ਤੇ ਸ਼ੀਸ਼ਾ ਬਣੀ ਸੜਕ ਧਰਤੀ ਨਾਲੋਂ ਕੱਟ ਜਾਂਦੀ ਹੈ ਬਿਲਕੁਲ ਇਵੇਂ ਹੀ ਜਿਵੇਂ ਬਾਹਰ ਜਾ ਵਸੇ ਭਾਰਤੀ ਆਪਣੀ ਧਰਤੀ ਨਾਲੋਂ ਤਾਂ ਟੁੱਟੇ ਹੁੰਦੇ ਹਨ ਪਰ ਉਹ ਬਾਹਰ ਰਹਿ ਕੇ ਵੀ ਭਾਰਤੀ ਪਰੰਪਰਾਵਾਂ ਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਆਪਣੀ ਔਲਾਦ ਉਤੇ ਠੋਸਣਾ ਚਾਹੁੰਦੇ ਹਨ। ਕਿਤੇ ਕਿਤੇ ਤਾਂ ਨਵੀਂ ਪੀੜ੍ਹੀ ਚੁਪ-ਚੁਪੀਤੇ ਹੀ ਮਾਂ-ਬਾਪ ਦੀ ਮਰਜ਼ੀ ਅੱਗੇ ਸਿਰ ਝੁਕਾ ਦੇਂਦੀ ਹੈ ਤੇ ਅੰਦਰੋ ਅੰਦਰੀ ਉਹ ਆਪਣੇ ਆਪ ਨੂੰ ਤਬਾਹੀ ਦੇ ਰਸਤੇ ਉਤੇ ਪਾ ਲੈਂਦੀ ਹੈ ਤੇ ਕਿਤੇ ਕਿਤੇ ਤਾਂ ਉਹ ਉਕਾ ਵਿਦਰੋਹੀ ਹੋ ਜਾਂਦੀ ਹੈ ਤੇ ਵਿਨਾਸ਼ ਦੇ ਰਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਰ ਪੈਂਦੀ ਹੈ ਪਰ ਕਦੀ ਕਦੀ ਇਉਂ ਵੀ ਹੁੰਦਾ ਹੈ ਕਿ ਨਵੀਂ ਪੀੜ੍ਹੀ ਹੌਲੀ ਹੌਲੀ ਵਿਦਰੋਹ ਵੀ ਕਰਦੀ ਹੈ ਤੇ ਨਾਲ ਨਾਲ ਪੁਰਾਣੀ ਪੀੜ੍ਹੀ ਨੂੰ ਉਹਨਾਂ ਦੀ ਗਲਤੀ ਦਾ ਅਹਿਸਾਸ ਵੀ ਕਰਵਾ ਦੇਂਦੀ ਹੈ। ਸਵਰਨ ਚੰਦਨ ਨੇ ਇਸ ਨਾਵਲ ਦੇ ਮੁੱਖ ਪਾਤਰਾਂ ਨੂੰ ਪਹਿਲੋਂ ਬੇਬਸੀ ਵਿਚ ਮਾਂ-ਬਾਪ ਦੀ ਇੱਛਾ ਨੂੰ ਮੰਨਦਿਆਂ ਵਿਖਾਇਆ ਹੈ ਤੇ ਪਿਛੋਂ ਇਹੀ ਪਾਤਰ ਕਿਤੇ ਸਮਝੌਤਾ ਕਰਦੇ ਵਿਖਾਏ ਤੇ ਕਿਤੇ ਵਿਦਰੋਹ ਕਰਦੇ।

ਨਾਵਲ ਵਿਚਲੀ ਕਥਾ ਵਿਚ ਰਮਿੰਦਰ ਤੇ ਪਾਲ ਕਿਸੇ ਹੋਰ ਸ਼ਹਿਰ ਚਲੇ ਜਾਣ ਦੀਆਂ ਵਿਉਂਤਾਂ ਬਣਾਉਂਦੇ ਹਨ ਪਰ ਬਰਫ਼ ਨਾਲ ਸਾਰੇ ਰਸਤੇ ਬੰਦ ਹੋਣ ਦੀ ਬੇਬਸੀ ਜ਼ਾਹਿਰ ਕਰਦੇ ਹਨ ਤੇ ਉਪਰੋਂ ਰਮਿੰਦਰ ਦੇ ਭਰਾ ਦਾ ਡਰ ਤੇ ਖੌਫ ਉਹਨਾਂ ਨੂੰ ਕੋਈ ਵੀ ਵਿਦਰੋਹੀ ਕੰਮ ਨਹੀਂ ਕਰਨ ਦੇਂਦਾ। ਰਮਿੰਦਰ ਦਾ ਭਰਾ ਜ਼ੋਰੀ ਉਸ ਨੂੰ ਪਾਲ ਦੀ ਗੱਡੀ ਵਿਚੋਂ ਧੂਹ ਕੇ ਲੈ ਜਾਂਦਾ ਹੈ ਤੇ ਦੂਜੇ ਦਿਨ ਵੀ ਜ਼ੋਰੀ ਉਸ ਕੋਲੋਂ ਨੋਟਰੀ ਆਫ਼ਿਸ ਲਿਜਾ ਕੇ ਭਾਰਤ ਤੋਂ ਮੰਗੇਤਰ ਨੂੰ ਮੰਗਾਉਣ ਵਾਲੇ ਕਾਗਜ਼ਾਂ ਉਤੇ ਦਸਤਖ਼ਤ ਕਰਵਾ ਲੈ ਦਾ ਹੈ, ਇਉਂ ਰਮਿੰਦਰ ਦੇ ਵਿਆਹ ਦੇ ਸੰਦਰਭ ਵਿਚ ਉਸ ਦੇ ਮਾਂ-ਬਾਪ ਤੇ ਭਰਾ ਵਲੋਂ ਜ਼ੋਰ-ਜ਼ਬਰਦਸਤੀ ਕਰਨ ਦਾ ਮੋਟਿਫ਼ ਬਾਰ ਬਾਰ ਦੁਹਰਾਇਆ ਗਿਆ ਹੈ। ਪਾਲ ਦੀ ਕਾਰ ਵਿਚੋਂ ਰਮਿੰਦਰ ਨੂੰ ਗੁੱਤੋਂ ਫੜ ਕੇ ਧੂਹਣਾ, ਜ਼ੋਰੀ ਮੰਗੇਤਰ ਨੂੰ ਮੰਗਵਾਉਣ ਵਾਲੇ ਕਾਗਜ਼ਾਂ ਉਤੇ ਦਸਤਖ਼ਤ ਕਰਾਉਣੇ, ਫਿਰ ਜ਼ਬਰਦਸਤੀ ਭਾਰਤ ਤੋਂ ਜਸਵੰਤ ਨੂੰ ਮੰਗਵਾ ਕੇ ਸ਼ਾਦੀ ਕਰਨਾ ਤੇ ਪਿੱਛੋਂ ਮੁੰਡੇ ਵਲੋਂ ਰਮਿੰਦਰ ਨੂੰ ਥੱਪੜ ਮਾਰਨ ਤੇ ਜ਼ੋਰੀ ਦੁਬਾਰਾ ਉਸੇ ਨਾਲ ਰਾਜ਼ੀਨਾਵਾਂ ਕਰਵਾ ਕੇ ਤੋਰਨਾ ਇਤਿ ਆਦਿ ਮੋਟਿਫ ਰਚਨਾ ਵਿਚ ਜ਼ਬਰਦਸਤੀ ਕਰਨ ਦੇ ਥੀਮ ਨੂੰ ਸਿਰਜਦੇ ਹਨ।

8120

ਇਸੇ ਤਰ੍ਹਾਂ ਪਾਲ ਦੇ ਸੰਦਰਭ ਵਿਚ ਵੀ ਇਉਂ ਹੀ ਵਾਪਰਦਾ ਹੈ। ਪਾਲ ਦੀ ਮਾਂ ਜ਼ੋਰੀ ਉਸ ਕੋਲੋਂ ਖਾਮੋਸ਼ ਜਿਹੀ ਰਜ਼ਾਮੰਦੀ ਲੈ ਲੈਂਦੀ ਹੈ ਤੇ ਉਸ ਦਾ ਵਿਆਹ ਭਾਰਤ ਤੋਂ ਨਿਰਮਲ ਨਾਮ ਦੀ ਕੁੜੀ ਮੰਗਵਾ ਕੇ ਕਰਵਾ ਦੇਂਦੀ ਹੈ ਤੇ ਪਾਲ ਵਿਆਹ ਤੋਂ ਪਿੱਛੋਂ ਕਿੰਨਾ ਚਿਰ ਨਿਰਮਲ ਨੂੰ ਬੁਲਾਉਂਦਾ ਤਕ ਨਹੀਂ। ਇਉਂ ਲੇਖਕ ਇੰਗਲੈਂਡ ਵਿਚ ਪਲੇ ਤੇ ਪੜ੍ਹ ਨੌਜਵਾਨ ਮੁੰਡੇ ਤੇ ਕੁੜੀਆਂ ਦੇ ਵਿਆਹ ਦੀ ਸਮੱਸਿਆ ਨੂੰ ਸਾਡੇ ਸਾਹਮਣੇ ਪੇਸ਼ ਕਰਦਿਆਂ ਦਸਦਾ ਹੈ ਕਿ ਮਾਂ-ਬਾਪ ਵਲੋਂ ਕੀਤੇ ਵਾਅਦਿਆਂ ਨੂੰ ਬੱਚਿਆਂ ਦੀ ਮਰਜ਼ੀ ਦੇ ਖਿਲਾਫ਼ ਪੁਗਾਉਣ ਨਾਲ ਉਹਨਾਂ ਨੂੰ ਕਿੰਨਾ ਦੁੱਖ ਝਲਣਾ ਪੈਂਦਾ ਹੈ ਤੇ ਕਿੰਨੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦਾ ਹੀ ਵਰਣਨ ਇਸ ਨਾਵਲ ਵਿਚ ਹੋਇਆ ਹੈ। ਵਿਆਹ ਉਤੇ ਕੀਤੇ ਬੇਬਹਾ ਖਰਚੇ ਤੇ ਖੋਖਲੇ ਰਸਮਾਂ-ਰਿਵਾਜਾਂ ਨੂੰ ਪੁਗਾਉਣ; ਬਾਹਰਲੇ ਮੁਲਕਾਂ ਵਿਚ ਰਹਿ ਕੇ ਵੀ ਦਾਜ ਤੇ ਪੈਸੇ ਦਾ ਲਾਲਚ ਰੱਖਣਾ; ਤੇ ਪੰਜਾਬ 'ਚੋਂ ਕੁੜੀ ਨੂੰ ਬਾਹਰ ਜਾਣ ਦੀ ਚਕਾਚੌਂਧ ਤੇ ਬਦਨਾਮੀ ਨੂੰ ਛੁਪਾਣ ਲਈ ਰਿਸ਼ਤਾ ਸਵੀਕਾਰ ਕਰਨਾ ਤੇ ਮੁੰਡਿਆਂ ਨੂੰ ਆਰਥਿਕ ਥੁੜ ਕਾਰਨ ਇੰਗਲੈਂਡ ਭੇਜਣਾ; ਉਹਨਾਂ ਦਾ ਮਨੋਰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਥੇ ਜਾ ਕੇ ਗੁੜੀਆ ਨਾਲ ਵਿਆਹ ਕਰਵਾਉਣ ਤਾਂ ਕਿਤੇ ਰਹਿ ਗਈ ਨਹੀਂ ਸਗੋਂ ਪੈਸਾ ਕਮਾ ਕੇ ਭਾਰਤ ਭੇਜਣਾ ਇਤਿ ਆਦਿ ਯਥਾਰਥਕ ਵੇਰਵੇ ਮਿਲਦੇ ਹਨ ਜੋ ਪਿੱਛੋਂ ਵਿਆਹ ਦੇ ਰਿਸ਼ਤੇ ਦੀ ਟੁੱਟ-ਭੱਜ ਨੂੰ ਪ੍ਰਗਟਾਉਣ ਲਈ ਵਧੇਰੇ ਮਨੋਰਥ-ਭਰਪੂਰ ਜਾਪਦੇ ਹਨ।

ਨਾਵਲਕਾਰ ਨੇ ਵਿਆਹ ਦੇ ਮਸਲੇ ਦੇ ਆਲੇ-ਦੁਆਲੇ ਜੁੜੇ ਹੋਏ ਸਮੁੱਚੇ ਵਿਚਾਰਧਾਰਕ ਪ੍ਰਸੰਗ ਨੂੰ ਵੀ ਉਸਾਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਮਨੁੱਖੀ ਰਿਸ਼ਤੇ-ਨਾਤਿਆਂ ਨਾਲ ਜੁੜੀਆਂ ਹੋਈਆਂ ਕਦਰਾਂ-ਕੀਮਤਾਂ ਦੀ ਸੋਝੀ ਹੁੰਦੀ ਹੈ। ਇੰਗਲੈਂਡ ਵਿਚ ਗਏ ਭਾਰਤੀ-ਪੰਜਾਬੀ ਮਰਦਾਂ ਦਾ ਔਰਤਾਂ ਪ੍ਰਤੀ ਦ੍ਰਿਸ਼ਟੀਕੋਣ ਗੁਲਾਮਾਂ ਵਾਲਾ ਹੀ ਰਹਿੰਦਾ ਹੈ। ਭਾਰਤ ਤੋਂ ਗਈ ਪਹਿਲੀ ਪੀੜ੍ਹੀ ਹੋਵੇ ਤੇ ਚਾਹੇ ਦੂਜੀ ਪੀੜ੍ਹੀ ਦੇ ਨੌਜਵਾਨ ਮੁੰਡ ਉਹਨਾਂ ਲਈ ਔਰਤ ਇਕ ਜੀਉਂਦਾ ਜਾਗਦਾ ਇਨਸਾਨ ਨਹੀਂ ਸਗੋਂ ਲੀਰਾਂ ਦੀ ਬਣਾਈ ਹੋਈ ਗੁੱਡੀ ਜਿਸ ਦੀ ਆਪਣੀ ਕੋਈ ਮਰਜ਼ੀ ਨਹੀਂ ਤੇ ਨਾ ਹੀ ਕੋਈ ਜ਼ੁਬਾਨ। ਇੰਗਲੈਂਡ ਜਾ ਕੇ ਭਾਰਤੀ ਔਰਤ ਆਰਥਿਕ ਪੱਖੋਂ ਤਾਂ ਸੁਤੰਤਰ ਹੋ ਗਈ ਪਰ ਤਾਂ ਵੀ ਉਹ ਮਰਦ ਦੇ ਦੜਾ ਅਧੀਨ 'ਨੌਕਰਾਣੀ ਦੀ ਤਰ੍ਹਾਂ ਜੀਵਨ ਬਿਤਾਉਂਦੀ ਹੈ ਇਹ ਗੱਲ ਨਾਵਲ ਦੇ ਕਈ ਪਾਤਰਾਂ ਦੀ ਸਥਿਤੀ ਰਾਹੀਂ ਉੱਘੜ ਕੇ ਸਾਹਮਣੇ ਆਉਂਦੀ ਹੈ। ਰਿੰਮੀ ਦੀ ਮਾਂ, ਰਿੰਮੀ ਦੀ ਭਾਬੀ ਤੇ ਰਿੰਮੀ ਖ਼ੁਦ ਆਪ ਮਰਦ ਦੀ ਇਸੇ ਕਿਸਮ ਦੀ ਜ਼ਿਆਦਤੀ ਦਾ ਸ਼ਿਕਾਰ ਹੁੰਦੀਆਂ ਹਨ। ਰਿੰਮੀ ਦੀ ਮਾਂ ਨਾਲ ਉਸ ਦਾ ਬਾਪ ਗੁਲਾਮਾਂ ਵਾਲਾ ਸਲੂਕ ਕਰਦਾ ਹੈ ਤੇ ਰਿੰਮੀ ਦੀ ਭਾਬੀ ਨਾਲ ਉਸ ਦਾ ਭਰਾ ਪਸ਼ੂਆਂ ਤੇ ਜਾਬਰਾਂ ਵਾਲਾ ਵਰਤਾਉ ਕਰਦਾ ਹੈ ਅਤੇ ਨਾਵਲ ਦੇ ਆਰੰਭ ਵਿਚ ਰਿੰਮੀ ਖ਼ੁਦ ਵੀ ਭਰਾ ਵਲੋਂ ਹੁੰਦੀ ਜ਼ਬਰਦਸਤੀ ਦਾ ਸ਼ਿਕਾਰ ਹੁੰਦੀ ਹੈ ਤੇ ਪਿਛੋਂ ਭਾਰਤ ਤੋਂ ਗਿਆ ਜਸਵੰਤ ਵੀ ਉਸ ਨਾਲ ਨਾਬਰਾਬਰੀ ਦਾ ਵਰਤਾਉ ਕਰਦਾ ਹੈ। ਜਸਵੰਤ ਰਮਿੰਦਰ ਨੂੰ ਇਕ ਵਸਤੂ ਜਾਂ ਬੇਜਾਨ ਚੀਜ਼ ਹੀ ਸਮਝਦਾ ਹੈ, ਉਸ ਨੂੰ ਇਨਸਾਨ ਤਾਂ ਸਮਝਦਾ ਹੀ ਨਹੀਂ। ਵਿਰਸੇ ਵਿਚ ਮਿਲਿਆ ਮਾਲਕੀ ਦਾ ਸੰਕਲਪ ਹੀ ਉਸ ਨੂੰ ਚੈਨ ਨਹੀਂ ਲੈਣ ਦੇਂਦਾ। ਉਹ ਸੋਚਦਾ ਹੈ ਕਿ ਮੇਰੀ ਦਾਦੀ, ਨਾਨੀ, ਚਾਚੀ, ਭਾਬੀ ਤੇ ਮਾਂ ਨੇ ਵੀ ਆਪਣੇ ਪਤੀਆਂ ਦਾ ਕਹਿਣਾ ਨਹੀਂ ਮੋੜਿਆ ਤੇ ਰਮਿੰਦਰ ਕੀ ਚੀਜ਼ ਹੈ। ਇਕ ਤਾਂ ਉਸ ਦੀ ਕਮਾਈ ਤੇ ਪਲਦਾ ਹੈ—ਉਸ ਦੇ ਪੈਸਿਆਂ 'ਚੋਂ ਪੈਸਾ ਭਾਰਤ ਵੀ ਭੇਜਦਾ ਹੈ ਤੇ ਉਪਰੋਂ ਜ਼ੁਲਮ ਇਹ ਕੇ ਅਗੋਂ ਥਪੜ ਮਾਰਦਾ ਹੈ ਫਿਰ ਗਲਤੀ ਮਹਿਸੂਸ ਕਰ ਕੇ ਵੀ ਮੁਆਫੀ ਨਹੀਂ ਮੰਗਣਾ ਚਾਹੁੰਦਾ ਸ਼ਾਇਦ ਇਉਂ ਕਰਨ ਨਾਲ ਉਸ ਦੇ ਅੰਦਰਲੇ ਮਰਦ ਦੀ ਹਉਂ ਨੂੰ ਸਟ ਵਜਦੀ ਹੈ। ਜੇ ਜਸਵੰਤ ਨੂੰ ਇੰਗਲੈਂਡ ਵਿਚ ਰਹਿਣ ਦੀ ਲਾਚਾਰੀ ਨਾ ਹੁੰਦੀ ਤਾਂ ਉਹ ਸ਼ਾਇਦ ਆਪਣੇ ਮਨ ਅੰਦਰ ਪਛਤਾਵੇ ਦੀ ਸੋਚ ਵੀ ਨਹੀਂ ਸੀ ਲਿਆ ਸਕਦਾ।

ਪਛਮੀ ਸਭਿਆਚਾਰ ਦਾ ਪਲਿਆ ਪਾਲ ਵੀ ਨਿਰਮਲ ਨਾਲ ਵਧੀਕੀ ਕਰਦਾ ਹੈ ਉਸ ਨੂੰ ਕਿੰਨੇ ਮਹੀਨੇ ਬੁਲਾਂਦਾ ਤਕ ਨਹੀਂ ਤੇ ਪਿਛੋਂ ਉਸ ਦਾ ਪਹਿਰਾਵਾ ਤਬਦੀਲ ਕਰਵਾ ਕੇ ਉਸ ਨਾਲ ਸਮਝੌਤਾ ਕਰਦਾ ਦਰਸਾਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਿਆਂ ਨੂੰ ਆਪਣੇ ਅਧੀਨ ਰਖਣ ਦਾ ਮੋਟਿਫ ਵਖ ਵਖ ਪਾਤਰਾਂ ਦੀ ਸਥਿਤੀ ਵਿਚ ਦੁਹਰਾਇਆ ਗਿਆ ਹੈ। ਭਾਰਤੀ ਪਰੰਪਰਾਵਾਂ ਤੇ ਸੰਸਕਾਰਾਂ ਨਾਲ ਓਤਪੋਤ ਪੁਰਾਣੀ ਪੀੜ੍ਹੀ ਦੇ ਬੰਦੇ ਦੂਜਿਆਂ ਨੂੰ ਆਪਣੇ ਅਧੀਨ ਰਖਣਾ ਲੋਚਦੇ ਹਨ। ਮਾਂ-ਬਾਪ ਆਪਣੇ ਬੱਚਿਆਂ ਨੂੰ, ਜਵਾਈ ਤੇ ਨੂੰਹਾਂ ਨੂੰ ਆਪਣੇ ਥੱਲੇ ਲਗਾ ਕੇ ਰਖਣਾ ਚਾਹੁੰਦੇ ਹਨ। ਪਤੀ ਪਤਨੀ ਨੂੰ ਤੇ ਭੈਣ ਭਰਾ ਨੂੰ ਆਪਣੇ ਅਧੀਨ ਰਖਣਾ ਚਾਹੁੰਦਾ ਹੈ। ਨਾਵਲ ਵਿਚਲੇ ਪਾਤਰਾਂ ਦੇ ਸੰਦਰਭ ਵਿਚ ਵੇਖਿਆਂ ਪਤਾ ਲਗਦਾ ਹੈ ਕਿ ਰਮਿੰਦਰ ਦੀ ਮਾਂ ਘਰ ਦਾ ਪੂਰਾ ਕੰਮ ਕਰਦੀ ਹੈ ਤੇ ਬਾਹਰ ਨੌਕਰੀ ਵੀ ਕਰਦੀ ਹੈ ਪਰ ਘਰ ਵਿਚ ਉਸ ਦੀ ਕੋਈ ਕਦਰ ਨਹੀਂ ਹੁੰਦੀ ਉਸ ਨੂੰ ਹੁਕਮ ਸੁਣਾਇਆ ਜਾਂਦਾ ਹੈ ਉਸ ਦੀ ਸਲਾਹ ਨਹੀਂ ਪੁੱਛੀ ਜਾਂਦੀ ਘਰ ਵਿਚ ਉਸ ਦਾ ਦਰਜਾ 'ਦਾਸੀ ਜਾਂ ਨੌਕਰਾਣੀ' ਤੋਂ ਵਧ ਨਹੀਂ ਹੁੰਦਾ ਪਰ ਉਹ ਜਵਾਈ ਨੂੰ ਭਾਰਤ ਤੋਂ ਮੰਗਵਾਉਣ ਲਈ ਦਲੀਲ ਇਹ ਦੇਂਦੀ ਹੈ ਕਿ ਉਹ ਸਾਡੇ ਥੱਲੇ ਲਗ ਕੇ ਰਹੇਗਾ ਕਿਉਂਜੋ ਉਹ ਆਰਥਿਕ ਪੱਖੋਂ ਥੁੜਿਆ ਹੋਇਆ ਹੋਵੇਗਾ ਤੇ ਇਸੇ ਲਈ ਉਹ ਹਰ ਗੱਲ ਰਾਮਿੰਦਰ ਦੀ ਮੰਨ ਕੇ ਤੁਰੇਗਾ।

ਇਸੇ ਤਰ੍ਹਾਂ ਪਾਲ ਦੀ ਮਾਂ ਵੀ ਨੂੰਹ ਨੂੰ ਭਾਰਤ ਤੋਂ ਇਸੇ ਕਰ ਕੇ ਮੰਗਵਾਉਣਾ ਚਾਹੁੰਦੀ ਹੈ ਕਿਉਂਜੋ ਇਕ ਤਾਂ ਭਾਰਤੀ ਕੁੜੀ ਪਤੀ ਦੀ ਤੇ ਸੱਸ ਸਹੁਰੇ ਦੀ ਸੇਵਾ ਕਰੇਗੀ —ਉਹਨਾਂ ਦੇ ਕਹਿਣੇ ਵਿਚ ਰਹੇਗੀ ਤੇ ਦੂਜਾ 'ਪੇ-ਪੈਕਟ' ਉਹਨਾਂ ਦੀ ਤਲੀ ਉਤੇ ਲਿਆ ਕੇ ਧਰੇਗੀ। ਇਉਂ ਇੰਗਲੈਂਡ ਵਿਚ ਰਹਿ ਰਹੇ ਪੁਰਾਣੀ ਪੀੜ੍ਹੀ ਦੇ ਭਾਰਤੀ ਲੋਕਾਂ ਦੀਆਂ ਜਾਗੀਰਦਾਰਾਨਾਂ ਰੁਚੀਆਂ ਪ੍ਰਗਟ ਹੁੰਦੀਆਂ ਹਨ। ਉਹ ਇੰਗਲੈਂਡ ਵਰਗੇ ਪਛਮੀ ਮੁਲਕ ਵਿਚ ਰਹਿ ਕੇ ਵੀ ਉਥੋਂ ਦੇ ਪੂੰਜੀਵਾਦੀ ਸਿਸਟਮ ਨੂੰ ਗ੍ਰਹਿਣ ਨਹੀਂ ਕਰਦੇ ਸਗੋਂ ਉਹਨਾਂ ਉਤੇ ਜਾਗੀਰਦਾਰੂ ਰੁਚੀਆਂ ਹੀ ਭਾਰੂ ਹੁੰਦੀਆਂ ਹਨ।

ਨਾਵਲ ਦੀ ਟੈਕਸਟ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਮਰਦ ਨਾਲੋਂ ਔਰਤ ਵਧੇਰੇ ਸਹਿਨਸ਼ੀਲ ਹੈ। ਭਾਰਤ ਤੋਂ ਗਿਆ ਜਸਵੰਤ ਇੰਗਲੈਂਡ ਦੀਆਂ ਕਦਰਾਂ-ਕੀਮਤਾਂ ਨਾਲ ਸਮਝੌਤਾ ਨਹੀਂ ਕਰ ਸਕਦਾ ਉਹ ਵਿਰਸੇ ਵਿਚ ਮਿਲੇ ਪੰਜਾਬੀ ਸੰਸਕਾਰਾਂ ਨੂੰ ਭੁਲਾ ਨਹੀਂ ਸਕਦਾ ਤੇ ਸਿੱਟੇ ਵਜੋਂ ਉਸ ਨੂੰ ਵਾਪਸ ਭਾਰਤ ਪਰਤਨਾ ਪੈਂਦਾ ਹੈ।

ਨਿਰਮਲ ਵੀ ਭਾਰਤ ਤੋਂ ਗਈ ਹੁੰਦੀ ਹੈ ਚਾਹੇ ਉਸ ਦੇ ਮਨ ਵਿਚ ਇੰਗਲੈਂਡ ਜਾਣ ਦਾ ਚਾਅ ਸੰਭਾਲਿਆ ਨਹੀਂ ਜਾਂਦਾ। ਸ਼ਾਦੀ ਤੋਂ ਪਿਛੋਂ ਉਸ ਦਾ ਪਤੀ ਉਸ ਨੂੰ ਬੁਲਾਂਦਾ ਤਕ ਨਹੀਂ —ਘਰ ਦਾ ਸਾਰਾ ਕੰਮ ਹੌਲੀ ਹੌਲੀ ਕਰਨਾ ਸਿਖ ਜਾਂਦੀ ਹੈ —ਸੱਸ ਦੀ ਸੇਵਾ ਕਰਦੀ ਹੈ ਤੇ ਤਨਖਾਹ ਵੀ ਉਸ ਦੀ ਤਲੀ ਉਤੇ ਲਿਆ ਕੇ ਰਖਦੀ ਹੈ ਤੇ ਅਖੀਰ ਪਤੀ ਦੀਆਂ ਨਜ਼ਰਾਂ ਵਿਚ ਵੀ ਪ੍ਰਵਾਨ ਚੜ੍ਹਦੀ ਹੈ।

ਪਰ ਬਿਲਕੁਲ ਇਸ ਸਥਿਤੀ ਦੇ ਸਮਾਨਾਂਤਰ ਰਖ ਕੇ ਵੇਖੀਏ ਤਾਂ ਇਕ ਗੱਲ ਹੋਰ ਉਭਰ ਕੇ ਆਉਂਦੀ ਹੈ ਕਿ ਪਛਮੀ ਤਹਿਜ਼ੀਬ ਵਿਚ ਪਲੀ ਰਮਿੰਦਰ ਪਹਿਲੋਂ ਤਾਂ ਪਤੀ ਨਾਲ ਸਮਝੌਤਾ ਕਰਦੀ ਤੁਰੀ ਆਉਂਦੀ ਹੈ ਪਰ ਅੰਤ ਉਤੇ ਜਾ ਕੇ ਉਹ ਇਕੱਲੀ ਰਹਿਣ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫ਼ੈਸਲਾ ਕਰਦੀ ਹੈ ਤੇ ਜਸਵੰਤ ਨੂੰ ਵਾਪਸ ਭਾਰਤ ਮੁੜਨਾ ਪੈਂਦਾ ਹੈ। ਦੂਜੇ ਪਾਸੇ ਪਾਲ ਸਗੋਂ ਪਹਿਲੋਂ ਨਿਰਮਲ ਨਾਲ ਸਮਝੌਤਾ ਨਹੀਂ ਕਰ ਸਕਦਾ ਪਰ ਆਖਿਰ ਵਿਚ ਉਹ ਉਸ ਨਾਲ ਸਮਝੌਤਾ ਕਰਦਾ ਵਿਖਾਇਆ ਹੈ। ਉਸ ਦਾ ਇਹ ਸਮਝੌਤਾ ਵੀ ਉਸ ਦੇ ਉਥੋਂ ਦੇ ਵਿਚਾਰਧਾਰਕ ਪ੍ਰਸੰਗ ਦੇ ਘੇਰੇ ਵਿਚ ਆਉਂਦਾ ਹੈ। ਸਮਝੌਤਾ ਵੀ ਇਸੇ ਆਧਾਰ ਉਤੇ ਹੁੰਦਾ ਹੈ ਕਿ ਭਾਰਤ ਤੋਂ ਆਈ ਕੁੜੀ ਮਰਦ-ਪ੍ਰਧਾਨ ਕਦਰਾਂ-ਕੀਮਤਾਂ ਨੂੰ ਪ੍ਰਵਾਨ ਕਰ ਕੇ ਤੁਰਦੀ ਹੈ।

ਨਾਵਲ ਦੇ ਸ਼ੁਰੂ ਵਿਚ ਸਾਰੇ ਰਮਿੰਦਰ ਨਾਲ ਇਕ ਬੇਜਾਨ ਵਸਤੂ ਵਾਂਗ ਵਿਵਹਾਰ ਕਰਦੇ ਹਨ ਜਿਵੇਂ ਉਸ ਦੀ ਮਰਜ਼ੀ ਦਾ ਕੋਈ ਅਰਥ ਹੀ ਨਾ ਹੁੰਦਾ ਹੋਵੇ। ਪਰ ਨਾਵਲ ਦੇ ਅੰਤ ਤਕ ਪਹੁੰਚਦਿਆਂ ਰਮਿੰਦਰ ਦੀ ਸਮੁੱਚੀ ਸਥਿਤੀ ਵਿਚ ਪਰਿਵਰਤਨ ਵਾਪਰਦਾ ਹੈ। ਉਹ ਪੁਰਾਣੀ ਪੀੜ੍ਹੀ ਦੀਆਂ ਸਾਰੀਆਂ ਪਰੰਪਰਾਵਾ ਤੇ ਰਵਾਇਤਾਂ ਦੇ ਜੂਲੇ ਨੂੰ ਲਾਹ ਕੇ ਪਰ੍ਹਾਂ ਵਗਾਹ ਮਾਰਦੀ ਹੈ ਤੇ ਉਹ ਸੱਪ ਦੀ ਤਰ੍ਹਾਂ ਕੁੰਜ ਲਾਹ ਕੇ ਇਕ ਨਵੀਂ ਨਕੋਰ ਹਸਤੀ ਤੇ ਆਪਣੇ ਸਵੈ ਨੂੰ ਸਥਾਪਿਤ ਕਰਦੀ ਹੈ। ਪਿਛੋਂ ਉਸ ਦੇ ਭਰਾ ਜਾਂ ਮਾਂ-ਬਾਪ ਉਸ ਉਤੇ ਕੋਈ ਜ਼ਬਰਦਸਤੀ ਫ਼ੈਸਲਾ ਨਹੀਂ ਠੋਸ ਸਕਦੇ। ਜਿਥੇ ਪਹਿਲੋਂ ਉਹ ਘਰਦਿਆਂ ਤੋਂ ਬਾਹਰੀ ਨਹੀਂ ਸੀ ਹੋ ਸਕਦੀ, ਭਰਾ ਕੋਲੋਂ ਡਰਦੀ ਸੀ ਪਰ ਨਾਵਲ ਦੇ ਅੰਤ ਤਕ ਪਹੁੰਚਦਿਆਂ ਉਹ ਡਰ ਤੇ ਖੌਫ ਤੋਂ ਮੁਕਤ ਹੋ ਜਾਂਦੀ ਹੈ। ਉਸ ਵਿਚ ਸਮਰਥਾ ਪੈਦਾ ਹੋ ਜਾਂਦੀ ਹੈ ਕਿ ਉਹ ਗਲਤ ਨੂੰ ਗਲਤ ਤੇ ਸਹੀ ਨੂੰ ਸਹੀ ਆਖ ਸਕੇ। ਇਉਂ ਰਮਿੰਦਰ ਦੀਆਂ ਸੋਚਾਂ ਤੇ ਸਥਿਤੀ ਵਿਚ ਮੌਲਿਕ ਪਰਿਵਰਤਨ ਵਾਪਰਦਾ ਵੇਖਿਆ ਜਾ ਸਕਦਾ ਹੈ। ਨਾਵਲ ਦੇ ਹੋਰ ਪਾਤਰਾਂ ਦੀਆਂ ਸੋਚਾਂ ਵਿਚ ਵੀ ਪਰਿਵਰਤਨ ਵਾਪਰਦਾ ਵੇਖਿਆ ਜਾ ਸਕਦਾ ਹੈ। ਰਿੰਮੀ ਦਾ ਭਰਾ ਪਹਿਲਾਂ ਪਹਿਲ ਭੈਣ ਉਤੇ ਵਧੀਕੀ ਕਰਦਾ ਹੈ ਪਰ ਪਿਛੋਂ ਭੈਣ ਨੂੰ ਪਿਆਰ ਅਤੇ ਮਾਣ ਨਾਲ ਘਰ ਲੈ ਆਉਂਦਾ ਹੈ ਅਤੇ ਵਾਇਦਾ ਵੀ ਕਰਦਾ ਹੈ ਕਿ ਅਗਾਂਹ ਉਸ ਨਾਲ ਕੋਈ ਜ਼ਬਰਦਸਤੀ ਨਹੀਂ ਕੀਤੀ ਜਾਵੇਗੀ। ਪਾਲ ਉਤੇ ਵੀ ਪਛਮੀ ਤਹਿਜ਼ੀਬ ਦੀ ਪੁਠ ਚੜ੍ਹੀ ਹੋਣ ਕਰ ਕੇ ਪਹਿਲੋਂ ਤਾਂ ਪੂਰਬੀ ਸਭਿਅਤਾ ਨਾਲ ਸਮਝੌਤਾ ਨਹੀਂ ਕਰ ਸਕਦਾ ਤੇ ਉਹ ਸਥਿਤੀਆਂ ਦਾ ਵਿਦਰੋਹ ਵੀ ਨਹੀਂ ਕਰਦਾ ਪਰ ਪਿਛੋਂ ਉਹ ਨਿੰਮੀ ਦਾ ਪਹਿਰਾਵਾ ਤਬਦੀਲ ਕਰਵਾ ਕੇ ਉਸ ਨਾਲ ਸਮਝੌਤਾ ਕਰਦਿਆਂ ਦਰਸਾਇਆ ਹੈ। ਨਿੰਮੀ ਵੀ ਸਤਹੀ ਸੋਚ ਤੋਂ ਗਹਿਰੀਆਂ ਸੋਚਾਂ ਸੋਚਣ ਵਾਲੀ ਬਣ ਜਾਂਦੀ ਹੈ। ਜਸਵੰਤ ਵੀ ਪਹਿਲੋਂ ਔਰਤਾਂ ਪ੍ਰਤੀ ਗੁਲਮਾਨਾ ਰਵਈਆ ਰਖਦਾ ਹੈ ਪਰ ਅੰਤ ਉਤੇ ਭਾਰਤ ਪਰਤਣ ਸਮੇਂ ਉਸ ਦੇ ਮਨ ਵਿਚ ਪਛਤਾਵਾ ਹੁੰਦਾ ਹੈ ਕਿ ਉਸ ਨੇ ਰਿੰਮੀ ਨਾਲ ਜ਼ਿਆਦਤੀ ਕਿਉਂ ਕੀਤੀ। ਉਹ ਮਨ ਵਿਚ ਰਿੰਮੀ ਕੋਲੋਂ ਮੁਆਫ਼ੀ ਮੰਗਣ ਦੀ ਸੋਚ ਲੈ ਕੇ ਹੀ ਭਾਰਤ ਪਰਤਦਾ ਹੈ।

ਬਦੇਸ਼ ਵਿਚ ਗਏ ਮੰਗੇਤਰਾਂ ਦੀਆਂ ਸਮੱਸਿਆ ਉਤੇ ਵੀ ਇਸ ਨਾਵਲੀ ਰਚਨਾ ਵਿਚ ਗੰਭੀਰਤਾ ਪੂਰਵਕ ਵਿਚਾਰ ਕੀਤੀ ਗਈ ਹੈ। ਆਰਥਿਕ ਥੁੜ ਉਹਨਾਂ ਨੂੰ ਦੇਸਾਂ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਰਦੇਸਾਂ ਵੱਲ ਧੂੰਹ ਕੇ ਲੈ ਜਾਂਦੀ ਹੈ ਪਰ ਉਥੋਂ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਉਹ ਸਮਝੌਤਾ ਨਹੀਂ ਕਰ ਸਕਦੇ। ਕਈ ਤਾਂ ਉਥੇ ਰਹਿ ਕੇ ਬੜਾ ਦੁਖੀ ਜੀਵਨ ਬਤੀਤ ਕਰਦੇ ਹਨ ਤੇ ਕਈਆਂ ਨੂੰ ਭਾਰਤ ਵਾਪਸ ਪਰਤਣਾ ਪੈਂਦਾ ਹੈ।

ਸਮੁੱਚੇ ਤੌਰ ਤੇ ਇਹ ਰਚਨਾ ਪ੍ਰਵਾਸੀ ਜੀਵਨ ਦੇ ਵੱਖ ਵੱਖ ਪੱਖਾਂ ਤੇ ਪਾਸਾਰਾਂ ਨੂੰ ਗਲਪ-ਸਿਰਜਣ ਦਾ ਆਧਾਰ ਬਣਾਉਂਦੀ ਹੈ। ਇਸ ਵਿਚ ਦੋ ਭਿੰਨ ਭਿੰਨ ਸਮਾਜਕ ਸੰਗਠਨਾਂ ਤੇ ਉਹਨੀ ਨਾਲ ਜੁੜੀਆਂ ਹੋਈਆਂ ਵਿਚਾਰਧਾਰਾਵਾਂ ਦਾ ਤਣਾਉ ਅਤੇ ਟਕਰਾਉ ਬਹੁਤ ਉਘੜਵੇਂ ਰੂਪ ਵਿਚ ਸਾਕਾਰ ਹੁੰਦਾ ਹੈ ਜੋ ਇਸ ਨਾਵਲ ਦੀ ਗਲਪੀ ਸਾਰਥਕਤਾ ਦਾ ਮੂਲ ਧੁਰਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ ਦੇ ਨਾਵਲਾਂ ਦਾ ਭਾਸ਼ਾਈ ਸਭਿਆਚਾਰ

—ਪਰਮਜੀਤ ਸਿੰਘ ਸਿੱਧੂ

ਮਨੁੱਖ ਦੇ ਜੀਵ-ਵਿਗਿਆਨਕ ਵਜੂਦ ਦੀਆਂ ਲੋੜਾਂ ਦੀ ਪੂਰਤੀ ਦੇ ਸਿੱਟੇ ਵਜੋਂ ਸਮਾਜ ਹੋਂਦ ਵਿਚ ਆਇਆ। ਇਸ ਪ੍ਰਕਿਰਿਆ ਨੇ ਉਸ ਦੀਆਂ ਕੁਝ ਅਜਿਹੀਆਂ ਭਾਵਨਾਵਾਂ ਨੂੰ ਜਨਮ ਦਿੱਤਾ ਜੋ ਸਤਹੀ ਪੱਧਰ 'ਤੇ ਮਨੁੱਖ ਦੀਆਂ ਸਮਾਜਕ ਲੋੜਾਂ ਜਾਪਦੀਆਂ ਹਨ, ਪਰ ਇਨ੍ਹਾਂ ਦੀਆਂ ਪਰਤਾਂ ਹੇਠੋਂ ਉਨ੍ਹਾਂ ਦੇ ਜੀਵ-ਵਿਗਿਆਨਕ ਮੂਲ ਸਥਾਪਿਤ ਕੀਤੇ ਜਾ ਸਕਦੇ ਹਨ। ਸਤਹੀ ਪੱਧਰ ਦੇ ਗੁਣਾਂ ਅਨੁਸਾਰ ਤਾਂ ਮਨੁੱਖ ਦੇ ਵਜੂਦ ਨੂੰ ਵੀ ਆਰੀਆ, ਮੰਗੋਲ, ਹਬਸ਼ੀ ਆਦਿ ਨਸਲਾਂ ਵਿਚ ਵੰਡਿਆ ਜਾ ਸਕਦਾ ਹੈ, ਪਰ ਪ੍ਰਣਾਲੀਆਂ ਦੀ ਪੱਧਰ 'ਤੇ ਸਾਰੇ ਮਨੁੱਖਾ ਵਜੂਦ ਇਕੋ ਤਰ੍ਹਾਂ ਹੀ ਕਾਰਜਸ਼ੀਲ ਹੁੰਦੇ ਹਨ। ਮਨੁੱਖ ਦੇ ਜੀਵ-ਵਿਗਿਆਨਕ ਅਤੇ ਸਮਾਜਕ ਵਜੂਦ ਦੇ ਵਖਰੇਵਿਆਂ ਅਤੇ ਸਾਂਝਾਂ ਨੂੰ ਆਧਾਰ ਬਣਾ ਕੇ ਕੀਤੇ ਗਏ ਅਧਿਐਨਾਂ ਨੇ ਵੱਖੋ-ਵੱਖਰੇ ਅਨੁਸ਼ਾਸਨਾਂ ਨੂੰ ਜਨਮ ਦਿੱਤਾ। ਇਨ੍ਹਾਂ ਦੀ ਅੰਤਰ-ਅਨੁਸ਼ਾਸਨੀ ਸਮਝ ਨਾਲ ਮਨੁੱਖੀ ਵਜੂਦ ਦੀਆਂ ਜੀਵ-ਵਿਗਿਆਨਕ ਅਤੇ ਸਮਾਜਕ ਸਮੱਸਿਆਵਾਂ ਅਤੇ ਸਰੋਕਾਰਾਂ ਦਾ ਯੋਗ ਪਰਿਪੇਖ ਵਿਚ ਸਹੀ ਤੇ ਸਪੱਸ਼ਟ ਪਰਤੱਖਣ ਹੋ ਸਕਦਾ ਹੈ।

ਜੀਵ-ਵਿਗਿਆਨਕ ਵਜੂਦ ਨੂੰ 'ਕੁਦਰਤੀ' ਵਿਸ਼ੇਸ਼ਣ ਦਿੱਤਾ ਜਾ ਸਕਦਾ ਹੈ। ਮਨੁੱਖ ਦੇ ਕੁਦਰਤੀ ਵਜੂਦ ਵਿਚ ਹੋਠਾਂ ਤੋਂ ਲੈ ਕੇ ਗਲੇ ਤਕ ਦੇ ਅੰਗਾਂ ਨੂੰ ਉਚਾਰਣ-ਅੰਗ ਕਿਹਾ ਜਾਂਦਾ ਹੈ। ਦੁਨੀਆਂ ਦੇ ਸਾਰੇ ਮਨੁੱਖ (ਜਿਹੜੇ ਗੂੰਗੇ ਜਾਂ ਬੋਲੇ ਨਹੀਂ) ਇਨ੍ਹਾਂ ਉਚਾਰਣ ਅੰਗਾਂ ਨਾਲ ਸਮਾਨ ਧੁਨੀਆਂ ਉਚਾਰਦੇ ਹਨ ਪਰ ਸਾਰੀਆਂ ਭਾਸ਼ਾਵਾਂ ਇਨ੍ਹਾਂ ਅੰਗਾਂ ਦੁਆਰਾ ਉਚਰਿਤ ਸਾਰੀਆਂ ਧੁਨੀਆਂ ਦੀ ਵਰਤੋਂ ਨਹੀਂ ਕਰਦੀਆਂ। ਇਨ੍ਹਾਂ ਵਿਚੋਂ ਕੁਝ ਕੁ ਧੁਨੀਆਂ ਨੂੰ ਜੋੜ ਕੇ ਸ਼ਬਦ, ਉਚਾਰ, ਵਾਕੰਸ਼, ਉਪਵਾਕ ਅਤੇ ਵਾਕ ਸਿਰਜਣ ਦੇ ਨੇਮ ਵੀ ਹਰੇਕ ਭਾਸ਼ਾ ਦੇ ਆਪੋ-ਆਪਣੇ ਹੁੰਦੇ ਹਨ। ਇਨ੍ਹਾਂ ਭਾਸ਼ਾਈ ਇਕਾਈਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਇਕ ਹੋਰ ਪੱਧਰ ਹੈ ਜੋ ਕੁਦਰਤੀ ਪੈਦਾ ਹੋਈਆਂ ਧੁਨੀਆਂ ਨੂੰ 'ਮਨੁੱਖੀ ਭਾਵਾਂ' ਨਾਲ ਜੋੜਦਾ ਹੈ । ਭਾਸ਼ਾ ਵਿਗਿਆਨ ਵਿਚ ਇਸ ਨੂੰ 'ਅਰਥ-ਵਿਗਿਆਨ' ਦਾ ਨਾਂ ਦਿੱਤਾ ਜਾਂਦਾ ਹੈ । ਸ਼ਬਦ ਦਾ ਧੁਨੀ-ਵਿਗਿਆਨਕ ਵਜੂਦ ਇਨ੍ਹਾਂ ਭਾਵਾਂ ਨੂੰ ਹੀ ਸੰਚਾਰਿਤ ਕਰਦਾ ਹੈ। ਬਚਪਨ ਵਿਚ ਪ੍ਰਾਪਤ 'ਸ਼ਬਦ' ਨਿਸਚਿਤ 'ਭਾਵਾਂ' ਨਾਲ ਜੁੜੇ ਹੁੰਦੇ ਹਨ। ਇਹ ਮਨੁੱਖ ਦੀ ਸਮੁੱਚੀ ਸੋਚ ਦਾ ਆਧਾਰ ਬਣਦੇ ਹਨ। ਸਮਾਜ ਵਿਚ ਰਹਿ ਕੇ ਬੱਚੇ ਤੋਂ ਮਨੁੱਖ ਬਣਦਾ ਵਿਅਕਤੀ ਸ਼ਬਦਾਂ ਦੇ 'ਭਾਵਾਂ' ਨਾਲ 'ਭਾਵਨਾਵਾਂ' ਜੋੜਨੀਆਂ ਸਿੱਖ ਲੈਂਦਾ ਹੈ। ਉਸ ਲਈ ਮਾਂ, ਭੈਣ ਤੇ ਪਤਨੀ, ਨਿਸਚਿਤ 'ਭਾਵਾਂ' ਵਾਲੇ ਸ਼ਬਦ ਹੀ ਨਹੀਂ ਰਹਿੰਦੇ ਸਗੋਂ ਇਹ ਅਜਿਹਾ ਮਾਧਿਅਮ ਬਣ ਜਾਂਦੇ ਹਨ ਜਿਨ੍ਹਾਂ ਨਾਲ ਭਾਵਨਾਵਾਂ ਨੂੰ ਸੰਚਾਰਿਤ ਕੀਤਾ ਜਾ ਸਕਦਾ ਹੈ। ਜੇ ਵਿਅਕਤੀ ਇਕੋ ਸਮਾਜ ਵਿਚ ਰਹਿੰਦਾ ਰਹੇ ਤਾਂ ਉਸ ਦੀਆ 'ਭਾਵਨਾਵਾਂ' ਦੇ ਸੰਚਾਰ ਵਿਚ ਕੋਈ ਰੋਕ ਨਹੀਂ ਪੈਂਦੀ, ਪਰ ਜਦੋਂ ਸਮਾਜਕ ਚੌਗਿਰਦਾ ਹੀ ਬਦਲ ਜਾਵੇ ਤਾਂ ਭਾਵਨਾਵਾਂ ਦਾ ਮੁਕੰਮਲ ਸੰਚਾਰ ਨਹੀਂ ਹੁੰਦਾ। ਸਿੱਟੇ ਵਜੋਂ ਕੁਝ ਅਜਿਹੀਆਂ ਸਥਿਤੀਆ ਉਪਜਦੀਆਂ ਹਨ ਜੋ ਵਿਅਕਤੀ ਨੂੰ ਆਪਣੇ ਜੀਵਨ-ਮੁੱਲਾਂ ਬਾਰੇ ਨਾ ਸਿਰਫ਼ ਚਿੰਤਾਸ਼ੀਲ ਹੀ ਬਣਾ ਦਿੰਦੀਆਂ ਹਨ ਸਗੋਂ ਉਹ ਉਨ੍ਹਾਂ ਬਾਰੇ ਚਿੰਤਨਸ਼ੀਲ ਵੀ ਹੋ ਜਾਂਦਾ ਹੈ। ਸਵਰਨ ਚੰਦਨ ਦੇ ਨਾਵਲ ਮਨੁੱਖ ਦੀ ਇਸ ਕਿਸਮ ਦੀ ਮਾਨਸਿਕਤਾ ਨੂੰ ਉਜਾਗਰ ਕਰਨ ਵਾਲੀ ਸਾਮਗ੍ਰੀ ਦਾ ਸਰੋਤ ਹਨ। ਇਥੇ ਅਸੀਂ ਉਸ ਦੇ ਨਾਵਲਾਂ ਵਿਚ ਵਰਤੇ ਸ਼ਬਦਾਂ ਦੇ ਭਾਵਾਂ ਤੋਂ ਉਪਜੀਆ ਭਾਵਨਾਵਾਂ ਨੂੰ ਹੰਢਾਉਂਦੇ ਪਾਤਰਾਂ ਰਾਹੀਂ ਪਸ਼, ਸਵਰਨ ਚੰਦਨ ਦੀ ਪੰਜਾਬੀ ਜੀਵਨ-ਮੁੱਲਾਂ ਬਾਰੇ, ਚਿੰਤਾ ਤੇ ਚਿੰਤਨ ਦਾ ਵਿਸ਼ਲੇਸ਼ਣ ਕਰਨ ਦਾ ਜਤਨ ਕਰਾਂਗੇ।

ਜੱਟ-ਮੱਜ਼ੂਬੀ, ਪਤੀ-ਪਤਨੀ, ਪਤਨੀ ਦਾ ਫਰੈਂਡ/ਦੋਸਤ/ਯਾਰ, ਕਮਾਊ ਪਤਨੀ/ਧੀ, ਨੂੰਹ, ਜਵਾਈ ਪੰਜਾਬੀ ਭਾਸ਼ਾ ਦੀ ਸਭਿਆਚਾਰਕ ਸ਼ਬਦਾਵਲੀ ਦੀ ਸੂਚੀ ਵਿਚਲੇ ਸ਼ਬਦ ਹਨ। ਇਨ੍ਹਾਂ ਸ਼ਬਦਾਂ ਦੇ ਭਾਵ ਪੰਜਾਬੀ ਭਾਸ਼ਾ ਦੇ ਬੁਲਾਰਿਆਂ ਲਈ ਨਿਸ਼ਚਿਤ ਮੁੱਲਾਂ ਦੇ ਧਾਰਨੀ ਹਨ। ਸਵਰਨ ਚੰਦਨ ਇਨ੍ਹਾਂ ਸ਼ਬਦਾਂ ਨੂੰ ਆਪਣੇ ਨਾਵਲਾਂ ਦੇ ਪਾਤਰਾਂ ਦੇ ਵਤੀਰੇ ਦੇ ਵਰਣਨ ਲਈ ਵਰਤਦਾ ਹੈ। ਨਾਵਲ ਸਾਹਿਤ ਦੀ ਇਕ ਅਜਿਹੀ ਵਿਧਾ ਹੈ ਜੋ ਸਾਹਿਤ-ਸਿਰਜਕ ਨੂੰ ਵਿਰਾਟ ਕਰਮ-ਭੂਮੀ ਪ੍ਰਦਾਨ ਕਰਨ ਦੇ ਸਮਰਥ ਹੁੰਦੀ ਹੈ। ਹਰੇਕ ਸਿਰਜਕ ਆਪੋ-ਆਪਣੀ ਲੋੜ ਅਤੇ ਚੇਤਨਾ ਅਨੁਸਾਰ ਇਸ ਕਰਮ-ਭੂਮੀ ਦੀ ਵਰਤੋਂ ਕਰਦਾ ਹੈ। ਸਵਰਨ ਚੰਦਨ ਨੇ ਨਾਵਲ ਦੀ ਵਿਧਾ ਦੇ ਅੰਤਰਗਤ ਚਾਰ ਸਾਲਾਂ ਦੇ ਅਰਸੇ ਵਿਚ ਚਾਰ ਕਿਰਤਾਂ ਦੀ ਸਿਰਜਨਾ ਕੀਤੀ ਹੈ। ਉਹ ਇਨ੍ਹਾਂ ਨੂੰ 'ਨਵੇਂ ਰਿਸ਼ਤੇ' (1980), 'ਕੱਚੇ ਘਰ' (1981), 'ਕੱਖ-ਕਾਨ ਤੇ ਦਰਿਆ' (1982) ਅਤੇ ਕਦਰਾਂ-ਕੀਮਤਾਂ' (1983), ਸਿਰਲੇਖ ਦਿੰਦਾ ਹੈ। 'ਨਵੇਂ ਰਿਸ਼ਤੇ' ਵਿਚ ਉਹ ਆਪਣੀ ਕਰਮ ਭੂਮੀ ਨੂੰ ਦੋ ਭਾਗਾਂ ਵਿਚ ਵੰਡ ਲੈਂਦਾ ਹੈ। ਇਕ ਹਿੱਸੇ ਵਿਚ ਉਹ ਪਾਤਰਾਂ ਦੇ ਪੰਜਾਬ ਵਿਚਲੇ ਜੀਵਨ ਦਾ ਵਰਣਨ ਕਰਦਾ ਹੈ ਅਤੇ ਦੂਜੇ ਹਿੱਸੇ ਵਿਚ ਇੰਗਲੈਂਡ ਵਿਚਲੇ। ਉਹ ਆਪਣੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਸਾਰੀਆਂ ਕਿਰਤਾਂ ਵਿਚ ਇਸ ਵੰਡ ਨੂੰ ਕਾਇਮ ਰੱਖਦਾ ਹੈ। ਇਹ ਵੰਡ ਅਸਲ ਵਿਚ ਪ੍ਰੌਖ ਪੱਧਰ 'ਤੇ ਦੋ ਤਰ੍ਹਾਂ ਦੀਆਂ (ਪੰਜਾਬ ਤੇ ਇੰਗਲੈਂਡ ਵਿਚਲੀਆਂ) ਕਦਰਾਂ-ਕੀਮਤਾਂ ਦੇ ਟਕਰਾਅ ਨੂੰ ਉਲੀਕਣ ਦਾ ਇਕ ਜਤਨ ਹੈ।

'ਨਵੇਂ-ਰਿਸ਼ਤੇ' ਦੇ ਪ੍ਰੀਤੂ ਅਤੇ ਗੁਰਜੀਤ ਪੰਜਾਬ ਵਿਚ ਕ੍ਰਮਵਾਰ 'ਮਜ਼੍ਹਬੀ' ਅਤੇ 'ਜੱਟ' ਸਨ। ਇਥੇ ਪ੍ਰੀਤੂ-ਗੁਰਜੀਤ ਵਿਚਕਾਰ ਹਮਉਮਰ ਹੋਣ ਕਰ ਕੇ ਯਾਰੀ ਵਰਗੇ ਅਹਿਸਾਸ ਵੀ ਸਨ, ਪਰ ਮਜ਼੍ਹਬੀ-ਜੱਟ ਵਿਚਲਾ ਫਾਸਲਾ ਵੀ ਕਾਇਮ ਸੀ। ਪ੍ਰੀਤੂ ਮਜ਼੍ਹਬੀ ਕੇ ਪੁਸ਼ਤਾਂ ਤੋਂ ਗੁਰਜੀਤ ਜੱਟ ਕਿਆਂ ਦਾ ਸੀਰ ਕਮਾਉਂਦੇ ਰਹੇ ਸਨ। ਪਰ ਬਦੇਸ ਵਿਚ ਪਹੁੰਚ ਕੇ ਸਨਅਤੀ ਸਮਾਜ ਦਾ ਕਾਮਾ, ਬਣਿਆ ਪ੍ਰੀਤੂ ਜਦੋਂ ਗੁਰਜੀਤ ਨੂੰ ਇੰਗਲੈਂਡ ਮੰਗਾਉਣ ਦਾ ਬੰਦੋਬਸਤ ਕਰਦਾ ਹੈ, ਤਾਂ ਉਸ ਦੇ ਮਨ ਵਿਚ 'ਯਾਰ' ਦੇ ਆਉਣ ਦਾ ਮਲ੍ਹਾਰ ਹੈ, ਆਪਣੇ ਜੱਟ ਮਾਲਕ ਨੂੰ ਮੰਗਾਉਣ ਦੀ ਮਜਬੂਰੀ ਨਹੀਂ। ਪਰ ਇੰਗਲੈਂਡ, ਪ੍ਰੀਤੂ ਦੇ ਸਹਾਰੇ ਆਉਣ ਵਾਲਾ ਗੁਰਜੀਤ 'ਯਾਰੀ-ਵਾਲੀ' ਮਾਨਸਿਕਤਾ ਦੀ ਥਾਂ, 'ਜੱਟ-ਵਾਲੀ' ਮਾਨਸਿਕਤਾ ਲੈਕੇ ਹੀ 'ਏਅਰ-ਪੋਰਟ' ਤੇ ਉਤਰਦਾ ਹੈ। ਪ੍ਰੀਤੂ ਨੂੰ ਪਿੰਡ ਦਾ ਹਾਲ ਦੱਸਣ ਲਈ ਵੀ ਉਹ 'ਜੱਟੀ ਤੀਰ ਅਰਗੀ ਸਿੱਧੀ ਹੈ—ਤੈਨੂੰ ਬੜਾ ਯਾਦ ਕਰਦੀ ਐ—ਆਂਹਦੀ ਪ੍ਰੀਤੂ ਮਜ਼੍ਹਬੀ ਤੋਂ ਬਗੈਰ ਡੰਗਰਾਂ ਨੂੰ ਪੱਠਾ-ਦੱਥਾ ਕੌਣ ਕਰੈ'' ਉਚਾਰ ਵਰਤਦਾ ਹੈ। ਗੁਰਜੀਤ ਤੇ ਪ੍ਰੀਤੂ ਦਾ ਜੱਟ-ਮਜ਼੍ਹਬੀ ਹੋਣ ਦਾ ਟਕਰਾਅ ਦੱਬਿਆ ਰਹਿੰਦਾ ਹੈ ਕਿਉਂਕਿ ਇੰਗਲੈਂਡ ਵਿਚ ਦੋਵੇਂ ਸਨਅਤੀ ਕਾਮੇ ਹਨ ਅਤੇ ਦੋਹਾਂ ਦੀਆਂ ਸਮੱਸਿਆਵਾਂ ਸਮਾਨ ਹਨ। ਇੰਗਲੈਂਡ ਪਹੁੰਚਣ, ਆਪਣੀ ਪਤਨੀ ਗੁਰਪਾਲ ਕੌਰ ਤੇ ਧੀ ਬੰਤੀ ਨੂੰ ਬੁਲਾਉਣ, ਉਨ੍ਹਾਂ ਲਈ ਘਰ ਦਾ ਇੰਤਜ਼ਾਮ ਕਰਨ ਅਤੇ ਪਰਿਵਾਰ ਦੀ ਸਮਾਜਕ-ਸਾਂਝ ਲਈ ਗੁਰਜੀਤ, ਪ੍ਰੀਤੂ ਉਤੇ ਨਿਰਭਰ ਰਹਿੰਦਾ ਹੈ। ਜਦ ਕਿ ਪੰਜਾਬ ਵਿਚ ਦੋ ਸੌ ਬਿੱਘੇ ਦੇ ਮਾਲਕ ਗਿੰਦਰ ਸਿੰਘ ਦੀ ਤੀਜੀ ਪਤਨੀ ਕੇਸਰੋ ਦੀ ਕੁੱਖੋਂ ਪੈਦਾ ਹੋਇਆ ਗੁਰਜੀਤ, ਗਿੰਦਰ ਸਿੰਘ ਦੇ ਸੀਰੀ, ਵੀਰੂ ਮਜ਼੍ਹਬੀ ਦੇ ਪੋਤਰੇ ਪ੍ਰੀਤੂ ਦਾ ਭਾਵੇਂ ਹਮ-ਉਮਰ ਸੀ। ਪਰ ਸੀ ਤਾਂ ਜੱਟ-ਜਿਮੀਂਦਾਰ। ਪ੍ਰੀਤੂ ਤਾਂ ਪੰਜਾਬ ਵਿਚ ਵੀ ਬਰਾਬਰੀ ਦਾ ਚਾਹਵਾਨ ਸੀ। ਬਰਾਬਰੀ ਲਈ ਆਰਥਿਕ ਖੁਸ਼ਹਾਲੀ ਦੀ ਚੇਤਨਾ ਹੀ ਉਸ ਨੂੰ ਇੰਗਲੈਂਡ ਲਿਆਉਂਦੀ ਹੈ। ਗੁਰਜੀਤ ਇੰਗਲੈਂਡ ਆ ਕੇ ਪ੍ਰੀਤੂ ਦੇ ਮਜ਼੍ਹਬੀ ਅਤੇ ਆਪਣੇ ਜੱਟ ਹੋਣ ਬਾਰੇ ਮਨੋ-ਭਾਵਨਾਵਾਂ ਨੂੰ ਨਹੀਂ ਭੁੱਲਦਾ ਪਰ ਇੰਗਲੈਂਡ ਵਿਚ ਜਾ ਕੇ ਪਲੀ ਗੁਰਜੀਤ ਦੀ ਧੀ ਬੰਤੀ ਅਤੇ ਪ੍ਰੀਤੂ ਦੇ ਪੁੱਤਰ ਕਰਮੇਂ ਵਿਚਕਾਰ ਹਮ-ਉਮਰ, ਸਨਅਤੀ ਕਾਮਿਆਂ ਦੇ ਬੱਚੇ ਅਤੇ ਪਰਵਾਸੀ ਪੰਜਾਬੀਆਂ ਦੀ ਪਰਿਵਾਰਕ ਸਾਂਝ ਹੋਣ ਕਰਕੇ ਉਹ ਇਕ ਦੂਜੇ ਨੂੰ ਪਹਿਲਾਂ ਦੋਸਤ ਅਤੇ ਫਿਰ ਪਤੀ-ਪਤਨੀ ਮੰਨ ਤੇ ਬਣਾ ਲੈਂਦੇ ਹਨ। ਗੁਰਜੀਤ ਜਿਸ ਪ੍ਰੀਤੂ ਨੂੰ 'ਭਰਾ', 'ਭਰਾ ਤੋਂ ਵੱਧ'; 'ਸੋਨਾਂ', 'ਗੁਰੂ' ਵਿਸ਼ੇਸ਼ਣ ਤਾਂ ਦੇ ਸਕਦਾ ਹੈ ਪਰ ਆਪਣਾ 'ਕੁੜਮ' ਸਵੀਕਾਰ ਨਹੀਂ ਕਰ ਸਕਦਾ, ਭਾਵੇਂ ਉਸ ਦੀ ਧੀ ਪ੍ਰੀਤੂ ਦੇ ਮੁੰਡੇ ਦੀ ਪਤਨੀ ਬਣ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ 'ਨਵੇਂ-ਰਿਸ਼ਤੇ' ਵਿਚ ਦੋ ਪਰਿਵਾਰਾਂ ਦੇ ਪੰਜਾਬ ਵਿਚੋਂ ਇੰਗਲੈਂਡ ਜਾ ਕੇ ਵਸਣ ਕਰਕੇ ਬਣੇ ਸੰਬੰਧਾਂ ਦਾ ਵਰਣਨ ਉਨ੍ਹਾਂ ਦੇ ਜੱਟ ਤੇ ਮਜ਼ਬੀ ਹੋਣ ਦੇ ਪਰਿਪੇਖ ਵਿਚ ਕਰਦਾ ਹੈ। ਉਸ ਦੀ ਇਸ ਕਿਰਤ ਵਿਚ 'ਜੱਟ ਤੇ ਮਜ਼ਬੀ' ਸ਼ਬਦਾਂ ਦੇ ਭਾਵਾਂ ਤੋਂ ਉਪਜੀਆਂ ਭਾਵਨਾਵਾਂ ਦੇ ਵਰਣਨ ਲਈ ਕਈ ਸਥਿਤੀਆਂ ਦੀ ਸਿਰਜਣਾ ਕੀਤੀ ਗਈ ਹੈ। ਪਰ ਪ੍ਰੀਤੂ ਤੇ ਵੀਰੋ ਅਤੇ ਗੁਰਜੀਤ ਤੇ ਪਾਲੋ ਦੇ ਪਤੀ-ਪਤਨੀ ਸੰਬੰਧਾਂ ਨਾਲ ਢੱਕੀਆਂ ਭਾਵਨਾਵਾਂ ਦਾ ਪੰਜਾਬ ਤੇ ਇੰਗਲੈਂਡ ਦੇ ਪਰਿਪੇਖ ਵਿਚ ਟਕਰਾਅ ਨਵੇਂ ਰਿਸ਼ਤੇ ਵਿਚੋਂ ਖਾਰਜ ਹੀ ਰਹਿੰਦਾ ਹੈ। ਇਸ ਟਕਰਾਅ ਦਾ ਵਰਣਨ ਸਵਰਨ ਚੰਦਨ ਕੱਚੇ-ਘਰ' ਵਿਚ ਕਰਦਾ ਹੈ। ਇਸ ਕਿਰਤ ਦੇ ਵੀ ਦੋ ਹੀ ਭਾਗ ਬਣਦੇ ਹਨ। ਇਕ ਭਾਗ ਵਿਚ ਪਤੀ-ਪਤਨੀ ਦੇ ਸੰਬੰਧਾਂ ਦਾ ਵਰਣਨ ਪੰਜਾਬ ਦੇ ਸਮਾਜਕ ਚੌਖਟੇ ਵਿਚ ਰਹਿਕੇ ਕੀਤਾ ਗਿਆ ਹੈ ਅਤੇ ਜਦੋਂ ਇਹੋ ਪਤੀ-ਪਤਨੀ ਇੰਗਲੈਂਡ ਵਿਚ ਜਾ ਕੇ ਵੱਸਦੇ ਹਨ ਤਾਂ, ਉਨ੍ਹਾਂ ਦੇ ਸੰਬੰਧਾਂ ਵਿਚ ਆਈ ਤਬਦੀਲੀ ਦੇ ਵਰਣਨ ਨੂੰ ਦੂਜੇ ਭਾਗ ਵਿਚ ਕੇਂਦਰ-ਬਿੰਦੂ ਬਣਾਇਆ ਗਿਆ ਹੈ। 'ਨਵੇਂ-ਰਿਸ਼ਤੇ' ਵਿਚ 'ਪਤੀ-ਪਤਨੀ' ਸ਼ਬਦਾਂ ਦੇ ਭਾਵਾਂ ਤੋਂ ਉਪਜੀਆਂ ਭਾਵਨਾਵਾਂ ਦਾ, ਦੋ ਸਮਾਜਕ ਸਥਿਤੀਆਂ ਦੇ ਪਰਿਪੇਖ ਵਿਚ ਮਨਫ਼ੀ ਰਹਿ ਗਿਆ ਵਰਣਨ 'ਕੱਚੇ ਘਰ' ਵਿਚ ਬਲਦੇਵ-ਮਨਜੀਤ ਦੇ ਸੰਬੰਧਾਂ ਰਾਹੀਂ ਪੂਰਾ ਹੁੰਦਾ ਹੈ। ਇਸ ਕਿਰਤ ਦੇ 23 ਕਾਂਡ ਹਨ। ਪਹਿਲੇ ਅੱਠ ਕਾਂਡਾਂ ਵਿਚ ਬਲਦੇਵ ਦਾ ਵਿਆਹ ਤੇ ਭਾਈਚਾਰੇ ਦੀ ਖੁਸ਼ੀ, ਮਨਦੀਤ ਦੇ ਵਿਆਹ ਬਾਰੇ ਸੁਪਨੇ, ਪਤੀ-ਪਤਨੀ ਬਣਨ ਮਗਰੋਂ ਬਲਦੇਵ-ਮਨਜੀਤ ਦੀਆਂ ਆਰਥਿਕ ਤੇ ਘਰੇਲੂ ਤੰਗੀਆਂ ਦੇ ਬਾਵਜੂਦ ਸਾਂਝੇ ਪਰਿਵਾਰ ਵਿਚਲੀ ਸੰਤੁਸ਼ਟੀ, ਪਿੰਡ ਦੇ ਲੋਕਾਂ ਵਿਚ ਇਕ-ਦੂਜੇ ਪ੍ਰਤੀ ਸਨੇਹ, ਸਾਂਝੇ ਪਰਿਵਾਰ ਤੋਂ ਇਕ ਇਕਾਈ ਪਰਿਵਾਰ ਬਣਾਕੇ ਮਨਜੀਤ-ਬਲਦੇਵ ਦਾ ਸ਼ਹਿਰ ਜਾ ਕੇ ਰਹਿਣਾ, ਪਤਨੀ ਦਾ ਪਤੀ ਪ੍ਰਤੀ ਮਾਣ ਸਤਿਕਾਰ ਵਾਲੀ ਭਾਵਨਾ ਵਾਲਾ ਵਤੀਰਾ ਅਤੇ ਆਰਥਿਕ ਤੰਗੀਆਂ ਤੋਂ ਮੁਕਤ ਹੋਣ ਲਈ ਬਦੇਸ਼ ਜਾਣ ਦੀ ਯੋਜਨਾ ਦਾ ਵਰਣਨ ਕੀਤਾ ਗਿਆ ਹੈ। ਬਾਕੀ 15 ਕਾਂਡਾਂ ਵਿਚ ਬਲਦੇਵ ਦੇ ਆਪਣੇ ਮਿੱਤਰ ਸੁਖਦੇਵ ਜੰਹਲ ਦੀ ਮਦਦ ਨਾਲ ਇੰਗਲੈਂਡ ਪਹੁੰਚਣ, ਨੌਕਰੀ ਲੱਗਣ, ਮਨਜੀਤ ਤੇ ਬੱਚੇ ਨੂੰ ਮੰਗਵਾਉਣ, ਕਰਾਏਦਾਰ ਹੋਣ, ਘਰ ਬਣਾਉਣ ਦੀ ਮਜਬੂਰੀ/ਜ਼ਰੂਰਤ, ਮਨਜੀਤ ਦੇ ਨੌਕਰੀ ਲੱਗਣ, ਔਰਤਾਂ ਪ੍ਰਤੀ ਸਹਿ-ਕਾਮਿਆਂ ਦਾ ਫੁਹਸ਼ ਵਤੀਰੇ, ਦੰਪਤੀ-ਜੀਵਨ ਵਿਚ ਤ੍ਰੇੜਾਂ ਅਤੇ ਅੰਤ 'ਤੇ ਮਨਜੀਤ ਦਾ ਪ੍ਰੋ. ਕੁਲਤਾਰ ਨੂੰ ਆਪਣੇ ਘਰ ਹੀ ਰੱਖਣ ਲੱਗ ਪੈਣਾ, ਦਾ ਵਰਣਨ ਕੀਤਾ ਗਿਆ ਹੈ।

ਪੰਜਾਬੀ ਵਿਚ 'ਘਰ' ਦੇ ਭਾਵ ਇਮਾਰਤ ਨਹੀਂ, ਸਗੋਂ 'ਪਰਿਵਾਰਕ ਜੀਵਨ' ਹੈ। ਇਹ ਵਿਅਕਤੀਗਤ ਕੋਸ਼ਿਸ਼ ਦੀ ਥਾਂ, ਸਮੂਹਕ ਸੋਚ ਵਿਚੋਂ ਉਪਜਦੀ ਹੈ। ਇਸ ਦੀ ਬੁਨਿਆਦ 'ਵਿਆਹ ਨਾਲ ਬੱਝਦੀ ਹੈ। ਬਲਦੇਵ ਦੇ ਵਿਆਹ ਦਾ ਚਾਅ ਬਲਦੇਵ ਨਾਲੋਂ ਪਿੰਡ ਵਾਲਿਆਂ ਨੂੰ ਵਧੇਰੇ ਹੈ। ਸਵਰਨ ਚੰਦਨ ਕੁਝ ਸੂਖਮ ਸਥਿਤੀਆਂ ਦੇ ਵੇਰਵਿਆਂ ਨਾਲ ਬਲਦੇਵ ਅਤੇ ਮਨਜੀਤ ਦੇ 'ਵਿਆਹ' ਅਤੇ 'ਪਤੀ-ਪਤਨੀ' ਸੰਬੰਧਾਂ ਵਿਚਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਭਿਆਚਾਰਕ ਭਾਵਨਾ ਨੂੰ ਚਿਤਰਦਾ ਹੈ। ਸੁਹਾਗ ਰਾਤ, ਸਾਂਝ-ਪਰਿਵਾਰ ਵਿਚਲੀਆਂ ਬੇਫਿਕਰੀਆਂ ਤੇ ਬੰਦਸ਼ਾਂ, ਸ਼ਹਿਰ ਵਿਚ ਆਕੇ ਸਾਂਝੇ ਪਰਿਵਾਰ ਦੇ ਕਰੜੇ ਅਨੁਸ਼ਾਸਨ ਤੋਂ ਮੁਕਤ ਦੰਪਤੀ ਜੀਵਨ ਦਾ ਰੁਮਾਂਸ, ਟੀਊਸ਼ਨ ਪੜ੍ਹਾ ਕੇ ਵਧੇਰੇ ਪੈਸੇ ਕਮਾਉਣ ਦੀ ਲਾਲਸਾ, ਗਲੀ-ਮੁਹੱਲੇ ਦੇ ਲੋਕਾਂ ਵਿਚਕਾਰ ਸਾਂਝੇ ਪਰਿਵਾਰ ਵਾਲੀ ਪਰਉਪਕਾਰੀ ਭਾਵਨਾ ਦੀ ਭੁੱਖ, ਆਦਿ ਸਥਿਤੀਆਂ ਨਾਲ ਪੰਜਾਬ ਵਿਚ ਰਹਿੰਦੇ ਪਤੀ-ਪਤਨੀ ਦੇ ਸੰਬੰਧਾਂ ਦੇ ਅਰਥ ਘੋਰਿਆਂ ਨੂੰ ਉਲੀਕਿਆ ਗਿਆ ਹੈ। 'ਕੱਚੇ-ਘਰ' ਦੇ ਦੂਜੇ ਭਾਗ ਵਿਚ ਜਦੋਂ ਇੰਗਲੈਂਡ ਪਹੁੰਚ ਕੇ ਬਲਦੇਵ ਤੇ ਮਨਜੀਤ ਪਹਿਲਾਂ ਨੌਕਰੀ ਤੇ ਫਿਰ ਘਰ ਬਣਾਉਣ ਦੀ ਯੋਜਨਾ ਬਣਾਉਂਦੇ ਹਨ ਤਾਂ ਦੋਹਾਂ ਨੂੰ ਫੈਕਟਰੀਆਂ ਵਿਚ ਜਾਕੇ ਵਧੇਰੇ 'ਪੌਂਡ' ਕਮਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਇਸ ਪ੍ਰਕਿਰਿਆਂ ਦੌਰਾਨ ਮਨਜੀਤ ਕੇਵਲ ਪਤਨੀ ਨਾਂ ਰਹਿ ਕੇ ਇਕ ਸਹਿ-ਕਾਮਾਂ ਵੀ ਬਣ ਜਾਂਦੀ ਹੈ। ਉਸ ਦੀ ਆਰਥਿਕ ਸੁਤੰਤਰਤਾ, ਨਵੇਂ ਸਮਾਜਕ ਚੌਗਿਰਦੇ ਵਿਚੋਂ ਪ੍ਰਾਪਤ ਚੇਤਨਾ ਅਤੇ ਆਪਣੇ ਆਪ ਨੂੰ ਜਾਇਜ਼ ਤੇ ਤਰਕ-ਯੁਕਤ ਸਿੱਧ ਕਰਨ ਦੀ ਇੱਛਾ ਉਸ ਦੇ ਪਤਨੀ ਦੇ ਸ੍ਵੈ-ਬਿੰਬ ਵਿਚ ਤਬਦੀਲੀ ਲੈ ਆਉਂਦੀ ਹੈ। ਉਹ ਕਹਿੰਦੀ ਹੈ ਕਿ, ''ਠੀਕ ਇਆ ਇਹ ਗੱਲਾਂ ਇੰਡੀਆਂ 'ਚ -- ਔਰੈਟ ਸੀਗੀਆਂ, ਉਥੇ ਔਰਤਾਂ ਘਰੀ ਰਹਿੰਦੀਆਂ ਸਨ...ਜਦ ਕਦੇ ਬੰਦੇ ਨੇ ਝਿੜਕਤਾ ਮੂੰਹ ਬੰਦ ਕਰ ਲਿਆ...ਨਾਲੇ ਆਖਣਾ ਬਈ ਪੈਹੇ ਵੀ ਆਉਣ ਤੇ ਨਾਲੇ ਸੋਚਣਾ ਬਈ ਤੀਵੀਂ ਸੱਤਾਂ ਪਰਦਿਆਂ 'ਚ ਲੁਕੀ ਰਹੇ ਤਵੀਤ ਵਾਂਗ—ਇਹ ਕਿਵੇਂ ਹੋ ਸਕਦਾ ਏਥੇ ?'' ਸਮਾਨ ਕੰਮ ਕਰਨ ਕਰਕੇ ਬਰਾਬਰ ਦੇ ਸਨਮਾਨ ਦੇ ਹੱਕਦਾਰ ਹੋਣ ਦੀ ਭਾਵਨਾ ਮਨਜੀਤ ਅਤੇ ਬਲਦੇਵ ਵਿਚ ਟਕਰਾਅ ਪੈਦਾ ਕਰ ਦਿੰਦੀ ਹੈ। ਬਲਦੇਵ ਮਨਜੀਤ ਤੋਂ ਪੇ-ਪੇਕਟ ਅਤੇ 'ਪਤਨੀ' ਸ਼ਬਦ ਨਾਲ ਬੱਝੀ ਫਰਮਾਬਰਦਾਰੀ ਦੀ ਮੰਗ ਕਰਦਾ ਹੈ। ਜਦਕਿ ਮਨਜੀਤ ਪਤੀ ਸਮਾਨ ਕੰਮ ਕਰਨ ਮਗਰੋਂ, ਖ਼ੁਦਦਾਰੀ ਦੀ ਭਾਵਨਾ ਦੀ ਮਾਨਤਾ ਕਰਾਉਣ ਵੱਲ ਜਤਨਸ਼ੀਲ ਹੋ ਜਾਂਦੀ ਹੈ। ਸਵਰਨ ਚੰਦਨ ਨੇ ਪਤੀ-ਪਤਨੀ ਦੇ ਇੰਗਲੈਂਡ ਵਿਚਲੇ ਵਤੀਰੇ ਨੂੰ ਅਜਿਹੀਆਂ ਸੂਖ਼ਮ ਸਥਿਤੀਆਂ ਦੇ ਵੇਰਵਿਆਂ ਨਾਲ ਉਲੀਕਿਆ ਹੈ, ਜਿਨ੍ਹਾਂ ਤੋਂ ਦੋਹਾਂ ਵਿਚਕਾਰ ਪਈ ਤ੍ਰੇੜ ਦਾ ਫਾਸਲੇ ਵਿਚ ਤਬਦੀਲ ਹੋਣਾ ਇਸ ਪ੍ਰਕਿਰਿਆ ਦਾ ਸੁਭਾਵਕ ਅਤੇ ਤਰਕ-ਸੰਗਤ ਅੰਤ ਜਾਪਦਾ ਹੈ। 'ਕੱਚੇ ਘਰ' ਦਾ ਆਰੰਭ ਬਲਦੇਵ ਦੇ 'ਘਰ' ਬਣਨ ਦੇ ਵੇਰਵਿਆਂ ਨਾਲ ਹੁੰਦਾ ਹੈ ਪਰ ਅੰਤ 'ਤੇ ਉਸ 'ਘਰ' ਵਿਚ ਮਨਜੀਤ ਅਤੇ ਉਸ ਦਾ ਬੱਚਾ ਤਾਂ ਹਨ, ਪਰ ਉਸ ਦੀ ਥਾਂ, ਸਥਿਤੀਆਂ ਅਤੇ ਪਰਿਸਥਿਤੀਆਂ ਵਿਚੋਂ ਨਿਕਲਿਆ ਪਾਤਰ, ਇੰਗਲੈਂਡ ਜਾ ਕੇ ਬਣਿਆ ਮਨਜੀਤ ਦਾ ਸਹਿਕਾਮਾ ਅਤੇ ਉਸ ਦਾ ਪੰਜਾਬ ਵਿਚਲਾ (ਅਧਿਆਪਕ) ਪ੍ਰੋ. ਕੁਲਤਾਰ ਲੈ ਲੈਂਦਾ ਹੈ।

'ਕੱਚੇ-ਘਰ' ਦੇ ਬਲਦੇਵ ਅਤੇ ਮਨਜੀਤ ਦੇ ਬੱਚੇ, ਨਵਦੀਪ ਅਤੇ 'ਨਵੇਂ-ਰਿਸ਼ਤੇ' ਦੇ ਗੁਰਜੀਤ ਤੇ ਪਾਲੋ ਦੀ ਧੀ ਬੰਤੀ; ਤੇ ਪ੍ਰੀਤੂ ਤੇ ਵੀਰੋ ਦੇ ਮੁੰਡੇ ਕਰਮੇ ਨੂੰ ਸਵਰਨ ਚੰਦਨ ਆਪੋ ਆਪਣੇ ਮਾਂ-ਬਾਪ ਦੀ, ਇੰਗਲੈਂਡ ਵਿਚਲੀ ਵਿਅਕਤੀਗਤ ਅਜ਼ਾਦੀ ਦੀ ਖਿੱਚੋਤਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਾਂ ਪੰਜਾਬ ਵਿਚਲੀ ਜੱਟ-ਮਜ਼ਬੀ ਸੰਬੰਧਾਂ ਦੇ ਇੰਗਲੈਂਡ ਵਿਚ ਪੈਂਦੇ 'ਪਰਛਾਵੇਂ ਤੋਂ ਮੁਕਤ ਰੱਖਦਾ ਹੈ। ਮਾਂ-ਬਾਪ ਆਰਥਿਕ ਤੰਗੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਜਦੋਂ ਇੰਗਲੈਂਡ ਪਹੁੰਚਦੇ ਹਨ ਤਾਂ ਉਨ੍ਹਾਂ ਸਾਹਮਣੇ ਜੀਉਣ ਦਾ ਸੰਘਰਸ਼ ਵਿਰਾਟ ਰੂਪ ਧਾਰਨ ਕਰ ਲੈਂਦਾ ਹੈ। ਉਹਨਾਂ ਦਾ ਆਪਣੀ ਔਲਾਦ ਪ੍ਰਤੀ ਉਦਾਸੀਨ ਹੋ ਜਾਣਾ ਸੁਭਾਵਕ ਹੈ। ਮਾਂ-ਬਾਪ ਅਤੇ ਬੱਚਿਆਂ ਦੇ ਸੰਬੰਧਾਂ ਨਾਲ ਜੁੜੀਆਂ ਭਾਵਨਾਵਾਂ ਵਿਚਲੇ ਟਕਰਾਅ ਵਿਚੋਂ ਪੈਦਾ ਹੋਈ ਸਮੱਸਿਆ 'ਕੱਖ-ਕਾਨ ਤੇ ਦਰਿਆ' ਦਾ ਕੇਂਦਰ-ਬਿੰਦੂ ਬਣਦੀ ਹੈ। 'ਕੱਖ-ਕਾਨ ਤੇ ਦਰਿਆ' ਦੇ ਵੀ ਬਾਕੀ ਕਿਰਤਾਂ ਵਾਂਗ ਦੋ ਭਾਗ ਵੇਖੇ ਜਾ ਸਕਦੇ ਹਨ। ਇਕ ਭਾਗ ਅਮਰਜੀਤ ਦੇ ਪੰਜਾਬ ਵਿਚ ਪਿੰਡ ਵਿਚਲੇ ਅੰਬੋ ਹੋਣ ਦੇ ਜੀਵਨ ਦੇ ਵੇਰਵਿਆਂ ਨੂੰ ਉਲੀਕਦਾ ਹੈ ਅਤੇ ਦੂਜਾ ਉਸ ਦੇ ਇੰਗਲੈਂਡ ਵਿਚ ਅੰਬੋ ਤੋਂ ਐਮਾ ਬਣਨ ਦੇ ਵੇਰਵਿਆਂ ਨੂੰ। ਅੰਬੋ ਤੇ ਐਮਾ, ਦੋ ਸ਼ਬਦ, ਦੋ ਵੱਖਰੀਆਂ ਭਾਵਨਾਵਾਂ ਵਾਲੀਆਂ ਸ਼ਖਸੀਅਤਾਂ ਨੂੰ ਚਿਤਰਦੇ ਹਨ। ਅੰਬੋ 13 ਸਾਲਾਂ ਤਕ ਪੰਜਾਬ ਵਿਚ ਜੰਮੀ ਤੇ ਪਲੀ ਕੁੜੀ ਹੈ ਜਦਕਿ ਐਮਾ ਇੰਗਲੈਂਡ ਵਿਚ ਸਬ-ਨਾਰਮਲ ਸਮਝੀ ਜਾਣ ਵਾਲੀ ਲੜਕੀ ਤੋਂ ਮਾਡਲ ਅਤੇ ਫਿਰ ਬਲੂ-ਫਿਲਮਾਂ ਦੀ ਮੁਖ-ਪਾਤਰ ਵਜੋਂ ਵਿਚਰਦੀ ਹੈ। ਅੰਬੋ ਦੇ ਐਮਾ ਬਣਨ ਪਿੱਛੇ, ਸਵਰਨ ਚੰਦਨ ਉਨ੍ਹਾਂ ਸਾਰੀਆਂ ਸੂਖਮ ਸਥਿਤੀਆਂ ਨੂੰ ਉਲੀਕਦਾ ਹੈ ਜਿਨ੍ਹਾਂ ਦਾ ਸਾਹਮਣਾ ਇਸ ਕਿਸਮ ਦੇ ਪਾਤਰ ਨੂੰ ਕਰਨਾ ਪੈ ਸਕਦਾ ਹੈ। 'ਨਵੇਂ-ਰਿਸ਼ਤੇ' ਦੇ ਕਰਮਾਂ ਤੇ ਬੰਤੀ ਵੀ ਪੰਜਾਬ ਵਿਚੋਂ ਹੀ ਗਏ ਸਨ; ਪਰ ਸਵਰਨ ਚੰਦਨ ਲਈ ਉਨ੍ਹਾਂ ਦੀ ਸਮੱਸਿਆ 'ਨਵੇਂ-ਰਿਸ਼ਤੇ' ਦੇ ਬਿਰਤਾਂਤ ਲਈ ਸਾਰਥਕ ਨਹੀਂ ਸੀ। ਕਰਮੇ ਤੇ ਬੰਤੀ ਦੀਆਂ ਸਮੱਸਿਆਵਾਂ ਦਾ ਵੇਰਵਾ 'ਕੱਖ-ਕਾਨ ਤੇ ਦਰਿਆ' ਵਿਚ ਅਮਰਜੀਤ ਉਰਫ਼ ਅੰਬੋ ਦੇ ਪਾਤਰ, ਰਾਹੀਂ ਦਿੱਤਾ ਗਿਆ ਹੈ, ਇਥੇ ਅੰਬੋ ਦੇ ਪਿਉ ਦੀਆਂ ਸਮੱਸਿਆਵਾਂ ਨੂੰ ਮਹੱਤਾ ਨਹੀਂ ਦਿੱਤੀ ਗਈ।

'ਕੱਖ-ਕਾਨ ਤੇ ਦਰਿਆ' ਦਾ ਵਰਣਨ ਅਮਰਜੀਤ ਦੀ ਪੰਜਾਬ ਵਿਚ ਵਿਕਸਤ ਮਾਨਸਿਕਤਾ ਦੇ ਪ੍ਰਤੱਖਣ ਅਤੇ ਇੰਗਲੈਂਡ ਪਹੁੰਚਣ ਸਾਰ ਹੋ ਰਹੇ ਅਨੁਭਵਾਂ ਦੇ ਟਕਰਾਅ ਦੇ ਵੇਰਵਿਆਂ ਨਾਲ ਹੁੰਦਾ ਹੈ। ਇਕ ਪਾਸੇ ਪੰਜਾਬ ਵਿਚ ਪੰਜਾਹ-ਸੱਠ ਘਰਾਂ ਵਾਲੇ ਪਿੰਡ ਗੁਰਦੁਆਰੇ ਵਿਚ ਸਥਿਤ ਸਕੂਲ ਤੇ ਕਿਰਸਾਨੀ ਆਰਥਿਕਤਾ ਵਾਲਾ ਟੱਬਰ ਅਤੇ ਦੂਜੇ ਪਾਸੇ ਚੰਨ ਦੀ ਸੁੰਦਰਤਾ ਵਾਲੇ ਇੰਗਲੈਂਡ ਦਾ ਸੁਪਨਾ; ਅੰਬੋ ਦਾ ਕਦੇ ਬੱਸ 'ਤੇ ਵੀ ਨਾ ਚੜ੍ਹੇ ਹੋਣਾ ਅਤੇ ਹਵਾਈ ਜਹਾਜ਼ ਦਾ ਸਫ਼ਰ, ਅੰਮ੍ਰਿਤਸਰ ਦਾ ਟ੍ਰੈਫਿਕ ਅਤੇ ਇੰਗਲੈਂਡ ਦਾ ਟ੍ਰੈਫਿਕ ਕੰਟਰੋਲ, ਆਦਿ ਟਕਰਾਅ ਵਾਲੇ ਮਨਫ਼ੀ ਅਹਿਸਾਸ ਅੰਬੋ ਨੂੰ ਮਾਨਸਿਕ ਰਸਾਤਲ ਵਿਚ ਧੱਕ ਦਿੰਦੇ ਹਨ ਜਦੋਂ ਉਸ ਦਾ ਪਿਉ ਆਪਣੇ ਪੁੱਤਰ ਤੇ ਅੰਬੋ ਦੇ ਭਰਾ ਗੁਰਦੀਪ ਨੂੰ ਤਾਂ ਵਾਰ ਵਾਰ ਚੁੰਮਦਾ-ਚੱਟਦਾ ਹੈ, ਪਰ ਲੜਕੀਆਂ ਦੇ ਸਿਰ ਤੇ ਕੇਵਲ ਪਿਆਰ ਹੀ ਦਿੰਦਾ ਹੈ। ਪੰਜਾਬ ਵਿਚ ਚੰਗੀ ਸਮਝੀ ਜਾਂਦੀ ਵਿਦਿਆਰਥਣ ਅੰਬੋ ਜਦੋਂ ਇੰਗਲੈਂਡ ਵਿਚ ਸਕੂਲ ਪਹੁੰਚਦੀ ਹੈ ਤਾਂ ਗੋਰੇ ਸਹਿ-ਪਾਠੀ ਉਸ ਨੂੰ 'ਬਲੈਕ ਬਿੱਚ', 'ਕਲਰਡ ਟਵਿੱਟ', 'ਬਲੈਕੀ', 'ਮੈਂਟਲ ਕੇਸ' ਸੰਬੋਧਨਾ ਨਾਲ ਸੰਬੋਧਿਤ ਕਰਦੇ ਹਨ। ਇਸ ਤਰ੍ਹਾਂ ਦੇ ਵਤੀਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ ਬੰਦਲੀ ਅੰਬੋ ਦਾ ਸਕੂਲ ਵਾਲੇ ਕਰਵਾਇਆ ਸਨਾਵਿਗਿਆਨਕ ਮੁਆਇਨਾ ਵੀ ਉਸ ਨੂੰ 'ਐਜੂਕੇਸ਼ਨਲੀ ਸਬਨਾਰਮਲ ਸਟੂਡੈਂਟ' ਕਰਾਰ ਦੇ ਦਿੰਦਾ ਹੈ । ਪੜ੍ਹਾਈ ਵਿਚ ਤਸੱਲੀਬਖ਼ਸ਼ ਪ੍ਰਾਪਤੀ ਨਾ ਹੋਣ ਕਰਕੇ ਅੰਬੋ ਨੌਕਰੀ ਦੀ ਤਲਾਸ਼ ਕਰਦੀ ਹੈ । ਲੋੜੀਂਦੀ ਵਿਦਿਅਕ ਯੋਗਤਾ ਦੀ ਘਾਟ ਉਸ ਨੂੰ ਪਹਿਲਾਂ ਸਟੋਰ ਵਿਚ ਕੰਮ ਕਰਨ, ਫਿਰ ਮਾਡਲਿੰਗ, ਕਾਲਗਰਲ ਅਤੇ ਅੰਤ ਵਿਚ ਬਲੂ ਫਿਲਮਾਂ ਦੀ ਮੁੱਖ-ਪਾਤਰ ਬਣਨ ਲਈ ਮਜਬੂਰ ਕਰਦੀ ਹੈ । ਮਕਾਨ ਦੀਆਂ ਕਿਸ਼ਤਾਂ ਅਤੇ ਖ਼ਰਚੇ ਦੇ ਬਿੱਲਾਂ ਤੋਂ ਤੰਗ ਆਇਆ ਅੰਬੋ ਦਾ ਬਾਪ ਉਸ ਨੂੰ ਸੁਰੱਖਿਆ ਦੇਣ ਦੀ ਥਾਂ ਸੰਬੋਧਿਤ ਹੁੰਦਾ ਹੈ ਕਿ ' ਤੂੰ ਕਿਤੇ ਕੰਮ ਵੀ ਕਰੇਂਗੀ ਕਿ ਐਵੇਂ ਵੇਹਲੀ ਲੰਡੋਰ ਈ ਫਿਰਦੀ ਰਹੇਂਗੀ.....ਕਲ੍ਹ ਨੂੰ ਕੁੜੀ 'ਚੋ.....ਤੇਰਾ ਵਿਆਹ ਵੀ ਕਰਨਾ । ਕਿਥੋਂ ਆਊ ਏਨਾ ਪੈਹਾ ।" ਅੰਬੋ ਇੰਗਲੈਂਡ ਵਿਚਲੇ ਵਾਤਾਵਰਨ ਕਰਕੇ ਤਾਂ ਸਿਰਫ਼ ਬੰਦਲੀ ਹੀ ਸੀ ਪਰ ਪਿਉ ਦਾ ਵਤੀਰਾ ਉਸ ਨੂੰ 'ਕਮਾਊ ਧੀ' ਬਣਨ ਲਈ ਉਕਸਾਹਟ ਦਾ ਕਾਰਜ ਕਰਦਾ ਹੈ । 'ਕਮਾਊ ਧੀ' ਸ਼ਬਦਾਂ ਨਾਲ ਜੁੜੀਆਂ ਮਨਫ਼ੀ ਕੀਮਤਾਂ ਧਾਰਨ ਕਰਨ ਮਗਰੋਂ ਰੁਜ਼ਗਾਰ ਲਈ ਧੱਕੇ ਖਾਦੀ ਅੰਬੋ, ਪ੍ਰਸਿੱਧ ਕਾਲਗਰਲ ਅਤੇ ਬਲੂ-ਫਿਲਮਾਂ ਦੀ ਹੀਰੋਇਨ ਐਮਾ ਹੋ ਨਿੱਬੜਦੀ ਹੈ । ਸਵਰਨ ਚੰਦਨ ਅੰਬੋ ਤੋਂ ਐਮਾ ਬਣਨ ਦੀ ਪ੍ਰਕਿਰਿਆ ਨੂੰ, ਅੰਬੋ ਦੇ ਪੰਜਾਬ ਵਿਚਲੇ ਪਿਛੋਕੜ, ਇੰਗਲੈਂਡ ਵਿਚ ਵਿਦਿਅਕ ਪ੍ਰਣਾਲੀ ਅਤੇ ਪਰਵਾਸੀ ਬੱਚੇ, ਮਾਡਲਿੰਗ ਦਾ ਕੋਰਸ ਕਰਨ ਮਗਰੋਂ ਵੀ ਬੇਰੁਜ਼ਗਾਰ ਅੰਬੋ, ਪਿਉ ਦੀ ਧੀ ਪ੍ਰਤੀ ਉਦਾਸੀਨਤਾ ਦੀ ਮਜਬੂਰੀ, ਅੰਬੋ ਦੀ ਕੈਰਲ ਨਾਲ ਗ਼ਲਤ ਸੰਗਤ ਸਦਕਾ ਅਸ਼ਲੀਲ ਪਲੇਅ ਦੇਖਣਾਂ, ਕੈਰਲ ਦੇ ਮਿੱਤਰ ਮੁੰਡੇ ਦੇ ਦੋਸਤ ਹੱਥੋਂ ਸ਼ਰਾਬ ਵਿਚ ਬੇਹੋਸ਼ ਅੰਬੋ ਨਾਲ ਜਬਰਨ ਸੰਭੋਗ ਆਦਿ ਸੂਖ਼ਮ ਸਥਿਤੀਆਂ ਦੇ ਵਰਣਨ ਰਾਹੀਂ ਉਲੀਕਦਾ ਹੈ । ਇਸ ਤਰ੍ਹਾਂ ਅੰਬੋ ਤੋਂ ਐਮਾ ਬਣੀ ਅਮਰਜੀਤ ਸਹਿਜੇ ਹੀ ਕਾਲ-ਗਰਲ ਅਤੇ ਬਲੂ-ਫਿਲਮਾਂ ਵਿਚ ਹੀਰੋਇਨ ਬਣ ਜਾਂਦੀ ਹੈ । ਇਸ ਸਾਰੇ ਪਰਿਵਰਤਨ ਦੌਰਾਨ ਅੰਬੋ ਦੀ ਮਾਂ ਉਸ ਨਾਲ ਅੰਤਰ ਕਿਰਿਆ ਵਿਚ ਰਹਿੰਦੀ ਹੈ, ਪਰ ਇਕ ਬੇਸਹਾਰਾ, ਲਾਚਾਰ, ਮਜਬੂਰ, ਅਨਪੜ੍ਹ ਪੰਜਾਬੀ ਔਰਤ ਦੇ ਰੂਪ ਵਿਚ ਜੋ ਇੰਗਲੈਂਡ ਵਿਚ ਪਤੀ ਸੰਗ ਰਹਿ ਕੇ ਵਧੇਰੇ ਉਚਾਟ ਹੋ ਜਾਂਦੀ ਹੈ । ਆਪਣੀ ਧੀ ਅੰਬੋ ਦੀ ਅਖ਼ਬਾਰ ਵਿਚ ਛਪੀ ਫੋਟੋ ਦੇਖ ਕੇ ਕਹਿੰਦੀ ਹੈ "ਇਹ ਤੂੰ ਚੰਗਾ ਨਾਂ ਤਾਰਦੀਆਂ ਮਾਪਿਆ ਦਾ...ਜੇ ਏਹੋ ਤੇਰੀ ਮ ਡਲੀ ਆ ਤਾਂ ਸਿੱਧੀ ਹੋ ਕੇ ਘਰ ਤੁਰ ਪੈ" ਪਰ ਐਮਾ ਦਾ ਘਰ ਤਾਂ ਕਮਰਾ ਹੈ ਉਹ ਵੀ ਕਬਰ ਵਰਗਾ "ਮੈਨੂੰ ਇਉਂ ਲੱਗਦਾ ਹੈ ਜਿਵੇਂ ਇਹ ਮੰਜਾ ਨਾ ਹੋਵੇ ਸਗੋਂ ਮੇਰੀ ਕਬਰ ਹੋਵੇ । ਫੁਲਹਮ ਦਾ ਇਹ ਇਲਾਕਾ ਜਿਵੇਂ ਕਬਰ ਸਤਾਨ" । 'ਕਬਰ' ਤੋਂ ਵਾਪਸ 'ਘਰ' ਨਹੀਂ ਪਰਤਿਆ ਜਾ ਸਕਦਾ ।

'ਕੱਖ-ਕਾਨ ਤੇ ਦਰਿਆ' ਦੀ ਅੰਬੋ ਦਾ ਪਿਉ ਆਪਣੀ ਧੀ ਤੋਂ ਬੇਖ਼ਬਰ ਹੀ ਨਹੀਂ ਰਹਿੰਦਾ ਸਗੋਂ ਉਸ ਤੋਂ ਕਮਾਈ ਦੀ ਆਸ ਵੀ ਰੱਖਦਾ ਹੈ । ਜੇ ਉਸ ਨੂੰ ਆਪਣੀ ਧੀ ਅੰਬੋ ਅਤੇ 'ਨਵੇਂ ਰਿਸ਼ਤੇ' ਦੇ ਗੁਰਜੀਤ ਸਿੰਘ ਨੂੰ ਆਪਣੀ ਧੀ ਬੰਤਾ ਲਈ ਪੰਜਾਬ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਤੀ ਮੰਗਵਾਉਣੇ ਪੈਂਦੇ ਜਾ ਪ੍ਰੀਤੂ ਨੂੰ ਆਪਣੇ ਮੁੰਡੇ, ਕਰਮੇ ਲਈ, ਪਤਨੀ ਪੰਜਾਬ ਤੋਂ ਮੰਗਾਉਣੀ ਪੈਂਦੀ ਤਾਂ ਕਿਸ ਕਿਸਮ ਦੀਆਂ ਸਥਿਤੀਆਂ ਦੀ ਸੰਭਾਵਨਾ ਹੋ ਸਕਦੀ ਸੀ ? ਪਰਵਾਸੀ ਪੰਜਾਬੀਆਂ ਦੇ ਜੀਵਨ ਦੇ ਇਸ ਪਾਸਾਰ ਨੂੰ ਸਵਰਨ ਚੰਦਨ 'ਕਦਰਾਂ-ਕੀਮਤਾਂ' ਵਿਚ ਲੈਂਦਾ ਹੈ। ਇਸ ਕਿਰਤ ਦੇ ਵੀ ਦੋ ਭਾਗ ਵੇਖੇ ਜਾ ਸਕਦੇ ਹਨ। ਇਕ ਭਾਗ ਦੇ ਅੰਤਰਗਤ ਗੁਰਮੇਜ-ਰਤਨੀ ਤੇ ਉਨ੍ਹਾਂ ਦੇ ਪੰਜਾਬ ਤੋਂ ਮੰਗਾਏ ਜੁਆਈ, ਜਸਵੰਤ ਸਿੰਘ; ਅਤੇ ਗੁਰਦੇਵ ਸਿੰਘ-ਭਜਨ ਕੌਰ ਤੇ ਉਨ੍ਹਾਂ ਦੀ ਪੰਜਾਬ ਤੋਂ ਮੰਗਾਈ ਨੂੰਹ, ਨਿਰਮਲ ਦੇ ਪੰਜਾਬ ਵਿਚਲੇ ਜੀਵਨ ਨਾਲ ਸੰਬੰਧਿਤ ਵਰਵੇ ਆ ਜਾਂਦੇ ਹਨ। ਦੂਜੇ ਭਾਗ ਦੇ ਅੰਤਰਗਤ ਗੁਰਮੇਜ-ਰਤਨੀ ਤੇ ਉਨ੍ਹਾਂ ਦੀ ਇੰਗਲੈਂਡ ਵਿਚ ਜੰਮੀ ਪਲੀ ਧੀ ਰਿੰਮੀ; ਗੁਰਦੇਵ ਸਿੰਘ-ਭਜਨੀ ਤੇ ਉਨ੍ਹਾਂ ਦੇ ਇੰਗਲੈਂਡ ਵਿਚ ਜੰਮੇ-ਪਲੇ ਮੁੰਡੇ ਹਰਪਾਲ ਅਤ ਜਸਵੰਤ-ਰਿੰਮੀ-ਹਰਪਾਲ-ਨਿਰਮਲ ਦੀ ਅੰਤਰ-ਕਿਰਿਆ ਨਾਲ ਸੰਬੰਧਿਤ ਵੇਰਵੇ ਆਉਂਦੇ ਹਨ।

'ਜਵਾਈ' ਪੰਜਾਬੀ ਸ਼ਬਦ ਦਾ ਅਰਥ ਤਾਂ 'ਧੀ' ਦਾ 'ਪਤੀ' ਹੀ ਬਣਦਾ ਹੈ ਪਰ ਇਸ ਦੇ ਭਾਵ ਵਿਚ 'ਸਹੁਰੇ' ਤੇ 'ਜਵਾਈ' ਦੇ ਸੰਬੰਧ ਕਾਰਜਸ਼ੀਲ ਹਨ। 'ਜਵਾਈ' ਮਾਂ-ਬਾਪ ਲੱਭਦੇ ਹਨ, 'ਧੀ' ਆਪਣਾ 'ਪਤੀ' ਨਹੀ ਲੱਭਦੀ। ਜੇ 'ਧੀ' ਇਕ ਵਿਅਕਤੀ ਨੂੰ ਆਪਣਾ 'ਪਤੀ' ਮੰਨਣ ਦੀ ਮਾਨਤਾ, ਮਾਂ-ਬਾਪ ਰਾਹੀਂ ਸਮਾਜ ਤੋਂ ਪ੍ਰਾਪਤ ਕਰ ਲੈਂਦੀ ਹੈ ਤਾਂ ਉਹ 'ਜਵਾਈ' ਵਾਲਾ ਵਤੀਰਾ 'ਸਹੁਰਿਆਂ' ਨੂੰ ਨਸੀਬ ਨਹੀਂ ਹੁੰਦਾ। ਜਦੋਂ ਮਾਂ-ਬਾਪ, 'ਧੀ' ਲਈ 'ਪਤੀ' ਲੱਭਦੇ ਹਨ ਤਾਂ ਅਸਲ ਵਿਚ ਉਹ ਆਪਣੇ ਲਈ 'ਜਵਾਈ' ਲੱਭ ਰਹੇ ਹੁੰਦੇ ਹਨ। ਜਸਵੰਤ ਸਿੰਘ, ਗੁਰਮੇਜ ਸਿੰਘ ਤੇ ਰਤਨੀ ਲਈ 'ਜਵਾਈ' ਹੈ ਪਰ ਰਿੰਮੀ ਸ਼ੁਰੂ ਵਿਚ ਉਸ ਨੂੰ ਪਤੀ ਬਣਾ ਕੇ ਪੰਜਾਬ ਤੋਂ ਮੰਗਵਾਉਣ ਲਈ ਰਾਜ਼ੀ ਨਹੀਂ ਹੁੰਦੀ ਪਰ ਬਾਅਦ ਵਿਚ "ਅਸਾਂ ਵੈਅਦਾ ਕੀਤਾ ਹੋਇਆ ਤੇ ਏਸ ਵੈਅਦੇ ਤੋਂ ਆਸੀਂ ਕਿੱਦਾਂ ਮੁਕਰ ਜੀਏ ? ਤੇਰਾ ਵਿਆਹ ਹੋਊ ਤਾਂ ਏਸੇ ਮੁੰਡੇ ਨਾਲ, ਨਈਂ ਤਾਂ ਤੇਰੇ ਟੋਟੇ ਕਰ ਕੇ ਸੁੱਟ ਦਿਆਂਗੇ," ਪਿਉ ਤੇ ਭਰਾ ਦੇ ਇਹ ਬੋਲ, ਉਸ ਨੂੰ ਆਪਣੇ ਵਾਂਗ ਇੰਗਲੈਂਡ ਵਿਚ ਜੰਮੇ-ਪਲੇ, ਬਚਪਨ ਦੇ ਸਾਥੀ ਤੇ ਦਿਲ ਦੀ ਸਾਂਝ ਵਾਲੇ, ਹਰਪਾਲ ਸਿੰਘ ਨਾਲ ਕੀਤੇ ਵਾਅਦੇ ਭੁੱਲ ਕੇ ਜਸਵੰਤ ਸਿੰਘ ਨੂੰ ਪੰਜਾਬ ਤੋਂ ਮੰਗੇਤਰ ਦੇ ਰੂਪ ਵਿਚ ਬਲਾਉਣ ਲਈ ਕਾਨੂੰਨੀ ਸਹਿਮਤੀ ਲਈ ਰਾਜ਼ੀ ਹੋਣਾ ਪੈਂਦਾ ਹੈ। ਜਸਵੰਤ ਸਿੰਘ ਲਈ 'ਵਿਆਹ' ਜਾਂ ਰਿੰਮੀ' ਤਾਂ "ਇੰਗਲੈਂਡ ਪਹੁੰਚਣ ਦਾ ਇਕ ਵਸੀਲਾ ਸੀ -- ਇਕ ਮਾਧਿਅਮ। ਇਕ ਵਾਰ ਪਹੁੰਚ ਗਏ ਤਾਂ ਪੈਸੇ ਟਕੇ ਵਾਲੀ ਚਿੰਤਾ ਮੁੱਕ ਜਾਊ"। ਪੰਜਾਬ ਵਿਚ ਰਹਿ ਕੇ 'ਜਵਾਈ' ਵਾਲੀ ਸੋਚ ਨਾਲ ਇੰਗਲੈਂਡ ਪਹੁੰਚਿਆ ਜਸਵੰਤ ਅਸਲ ਵਿਚ 'ਘਰ ਜਵਾਈ' ਹੀ ਨਹੀਂ ਸੀ, ਸਗੋਂ ਬਦੇਸ ਵਿਚ ਆਰਥਿਕ ਤੌਰ 'ਤੇ ਸਹੁਰਿਆਂ ਅਤੇ ਰਿੰਮੀ ਉਤੇ ਮੁਕੰਮਲ ਤੌਰ 'ਤੇ ਨਿਰਭਰ ਵੀ ਸੀ। ਸਿੱਟੇ ਵਜੋਂ ਉਸ ਦੀ 'ਜਵਾਈ ਵਾਲੀ ਭਾਵਨਾ ਰਿੰਮੀ ਦੀ ਸੁਤੰਤਰ ਕੁੜੀ ਵਾਲੀ ਸੋਚ ਨਾਲ ਟਕਰਾਅ ਜਾਂਦੀ ਹੈ। ਰਿੰਮੀ ਦੀ ਇਕ ਇਕ ਗੱਲ, ਉਸ ਦਾ ਅੰਗਰੇਜੀ ਬੋਲਣਾਂ ਜਸਵੰਤ ਨੂੰ ਸ਼ਟ-ਅਪ ਕਹਿਣਾਂ, ਉਸ ਦਾ ਰਾਤ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਬੱਲੜੀ ਫਲੋਰ' ਤੋਂ ਜਸਵੰਤ ਦੇ ਮੰਗਣ 'ਤੇ ਪਾਣੀ ਨਾ ਲਿਆ ਕੇ ਦੇਣਾਂ ਤਾਂ ਜਸਵੰਤ ਦੀ 'ਜਵਾਈ' ਤੇ 'ਪਤੀ' ਵਾਲੀ 'ਹਉਂ' ਨੂੰ ਜੋੜਦੇ ਹਨ, ਪਰ ਰਿੰਮੀ ਦਾ ਪਾਲ ਨੂੰ 'ਫਰੈਂਡ' ਕਹਿਣਾ, ਪਤੀ-ਪਤਨੀ ਸੰਬੰਧਾਂ ਵਿਚਕਾਰ ਪਈ ਤ੍ਰੇੜ ਨੂੰ ਮੁਕੰਮਲ ਦੋ-ਫਾੜ ਵਜੂਦ ਵਿਚ ਬਦਲ ਦਿੰਦਾ ਹੈ। "ਅੱਛਾ ਤੂੰ 'ਫਰੈਂਡ' ਵੀ ਰੱਖਦੀ ਐਂ...ਮੈਨੂੰ ਨ੍ਹੀ ਸੀ ਪਤਾ ਤੇਰਾ ਇਕ ਖਸਮ ਹੋਰ ਵੀ ਐ.....।" ਜਸਵੰਤ ਲਈ ਫਰੈਂਡ 'ਤੇ 'ਖਸਮ' ਸਮਭਾਵੀ ਸ਼ਬਦ ਹਨ ਜਦ ਕਿ ਰਿੰਮੀ ਦੇ ਸਭਿਆਚਾਰ ਵਿਚ ਫਰੈਂਡ 'ਤੇ 'ਹਸਬੈਂਡ' ਦੋ ਵੱਖਰੇ ਭਾਵਾਂ ਵਾਲੀਆਂ ਇਕਾਈਆਂ। ਰਿੰਮੀ ਜਸਵੰਤ ਲਈ 'ਪਤਨੀ' ਹੈ, ਪਰ ਜਸਵੰਤ ਰਿੰਮੀ ਲਈ ਬਾਪ ਦਾ ਆਪਣੇ ਲਈ ਮੰਗਾਇਆ 'ਜਵਾਈ' ਵਧੇਰੇ 'ਪਤੀ' ਘੱਟ ਹੈ। ਦੋਹਾਂ ਦੇ ਸੰਕਲਪਾਂ ਤੇ ਭਾਵਾਂ ਨਾਲ ਜੁੜੀ ਭਾਵਨਾ ਜਸਵੰਤ ਨੂੰ ਵਾਪਸ ਪੰਜਾਬ ਭੇਜਣ ਲਈ ਮਜਬੂਰ ਕਰ ਦਿੰਦੀ ਹੈ।

'ਨੂੰਹ' ਸ਼ਬਦ 'ਜਵਾਈ' ਸ਼ਬਦ ਵਾਂਗ ਪੰਜਾਬੀ ਬੁਲਾਰਿਆਂ ਲਈ ਵਿਸੇਸ਼ ਸੰਬੰਧਾਂ ਵਾਲੀਆਂ ਭਾਵਨਾਵਾਂ ਨੂੰ ਉਜਾਗਰ ਕਰਦਾ ਹੈ। 'ਨੂੰਹ' ਵੀ ਸੱਸ ਸਹੁਰੇ ਦੀ ਪਸੰਦ ਹੁੰਦੀ ਹੈ, 'ਪੁੱਤਰ' ਦੀ 'ਪਤਨੀ' ਹੋਣਾ ਤਾਂ ਸਮਾਜ ਦੀ ਪਰਿਵਾਰਕ ਜੁਗਤ ਸਦਕਾ ਹੁੰਦਾ ਹੈ। 'ਪੁੱਤਰ' ਆਪਣੇ ਲਈ 'ਪਤਨੀ' ਨਹੀਂ ਲੱਭਦਾ, ਮਾਂ-ਪਿਉ ਆਪਣੇ ਲਈ ਨੂੰਹ ਲੱਭਦੇ ਹਨ। ਗੁਰਦੇਵ ਸਿੰਘ ਤੇ ਭਜਨ ਕੌਰ ਆਪਣੇ ਲਈ, ਨਿੰਮੀ ਨੂੰ ਪੰਜਾਬ ਤੋਂ ਨੂੰਹ ਬਣਾ ਕੇ ਮੰਗਵਾਉਂਦੇ ਹਨ। ਹਰਪਾਲ ਦੁਆਰਾ ਕਾਨੂੰਨੀ ਵਿਆਹ ਕਰਨ ਦੇ ਬਾਵਜੂਦ ਨਿੰਮੀ ਨੂੰ ਪਤਨੀ ਨਾਂ ਸਵੀਕਾਰ ਕਰਨਾ, ਭਜਨ ਕੌਰ ਦਾ ਨੂੰਹ ਕੋਲੋਂ ਸੇਵਾ ਕਰਵਾਉਣਾ ਅਤੇ ਨਾਲੇ ਪੇ-ਪੈਕਟ ਹੱਥ 'ਤੇ ਧਰਾਉਣਾ, ਨੂੰਹ (ਨਿੰਮੀ) ਲਈ ਅਜਿਹੀਆਂ ਸਥਿਤੀਆਂ ਨਹੀਂ ਸਿਰਜਦਾ, ਇਸ ਕਰਕੇ ਉਹ ਜਸਵੰਤ ਵਾਂਗ ਵਾਪਸ ਪੰਜਾਬ ਪਹੁੰਚ ਜਾਂਦੀ। ਵਕਤ ਗੁਜ਼ਰਨ ਮਗਰੋਂ ਨਿੰਮੀ, 'ਨੂੰਹ' ਤਾਂ ਪਹਿਲਾਂ ਹੀ ਸੀ, ਹਰਪਾਲ ਨੂੰ ਪਤਨੀ ਵਜੋਂ ਵੀ ਸਵੀਕਾਰ ਹੋ ਜਾਂਦੀ ਹੈ। 'ਜਵਾਈ' ਜਸਵੰਤ ਦੇ ਮੁਕਾਬਲੇ 'ਨੂੰਹ' ਨਿੰਮੀ ਦਾ ਅਸੁਖਾਂਵੀਆਂ ਸਥਿਤੀਆਂ ਵਿਚ ਵੀ ਆਪਣੇ ਆਪ ਨੂੰ ਨਵੇਂ ਪ੍ਰਬੰਧ ਅਨੁਸਾਰ ਢਾਲਣਾ ਸਹਿਜ ਤੇ ਸੁਭਾਵਕ ਲੱਗਦਾ ਹੈ ਕਿਉਂਕਿ 'ਨੂੰਹ' ਨਿੰਮੀ ਨਾਲ, ਪੰਜਾਬ ਤੇ ਇੰਗਲੈਂਡ ਵਿਚ ਤਕਰੀਬਨ ਸਮਾਨ ਵਤੀਰਾ ਹੀ ਹੁੰਦਾ ਹੈ।

ਸਵਰਨ ਚੰਦਨ ਜਸਵੰਤ ਦੇ 'ਜੁਆਈ' ਬਣ ਕੇ ਅਤੇ ਨਿੰਮੀ ਦੇ ਨੂੰਹ ਬਣ ਕੇ ਇੰਗਲੈਂਡ ਪਹੁੰਚਣ ਅਤੇ ਦੋਹਾਂ ਦੇ ਜੀਵਨ ਸਾਥੀਆਂ ਤੇ ਆਪਸ ਵਿਚ ਬਚਪਨ ਦੇ ਸੰਬੰਧਾਂ ਨੂੰ ਕੁਝ ਸੂਖਮ ਸਥਿਤੀਆਂ ਦੇ ਵੇਰਵਿਆਂ ਨਾਲ ਉਲੀਕਦਾ ਹੈ।

ਉਪਰੋਕਤ ਚਾਰਾਂ ਕਿਰਤਾਂ ਵਿਚ ਸਵਰਨ ਚੰਦਨ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਇਕ-ਇਕ ਪਾਸਾਰ ਨੂੰ ਲੈ ਕੇ ਲੋੜੀਂਦੀਆਂ ਸੂਖਮ ਸਥਿਤੀਆਂ ਸਿਰਜਦਾ ਹੈ। ਨਿਸਚਿਤ ਵਿਸ਼ੇ ਲਈ ਬੇਲੋੜੀਆਂ ਸਥਿਤੀਆਂ ਨੂੰ ਉਹ 'ਫਰੀਜ਼' ਕਰ ਦਿੰਦਾ ਹੈ (ਜਿਵੇਂ 'ਨਵੇਂ-ਰਿਸਤੇ' ਵਿਚ ਬੰਤੀ ਅਤੇ ਕਰਮੇਂ ਦੀਆਂ 'ਕੱਖ ਕਾਨ ਤੇ ਦਰਿਆ' ਵਿਚਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਲੀ ਅੰਬੋ ਦੀਆਂ ਸਮੱਸਿਆਵਾਂ ਵਾਲੀਆਂ ਸਥਿਤੀਆਂ) ਜਾਂ ਉਨ੍ਹਾਂ ਨੂੰ ਸਮੱਸਿਆਂ ਹੀ ਨਹੀਂ ਸਵੀਕਾਰਦਾ (ਜਿਵੇਂ 'ਕਦਰਾਂ-ਕੀਮਤਾਂ' ਵਿਚ 'ਹਰਪਾਲ ਤੇ ਨਿੰਮੀ' ਦੀ ਚੇਤਨਾ ਤੇ ਵਿਅਕਤੀਗਤ ਮਰਜ਼ੀ)। ਮਨੁੱਖੀ ਭਾਸ਼ਾਵਾਂ ਦੀਆਂ ਧੁਨੀਆਂ ਦੀ ਜੁਗਤ ਵਿਚ / ਪ / ਅਤੇ / ਬ / ਦੋ, ਦੋ-ਹੋਠੀ ਧੁਨੀਆਂ ਹਨ। / ਪ / ਤੇ / ਬ / ਦਾ ਵਿਰੋਧ ਇਕ ਦੇ ਨਾਦ-ਰਹਿਤ ਅਤੇ ਦੂਜੀ ਦੇ 'ਨਾਦੀ' ਹੋਣ ਵਿਚ ਹੈ। ਪੰਜਾਬੀ ਦੇ 'ਪਲ' ਤੇ 'ਬਲ' ਦੋ ਸ਼ਬਦ ਇਨ੍ਹਾਂ ਦੋ ਧੁਨੀਆਂ ਦੇ ਇਸ ਵਿਰੋਧ ਕਰਕੇ ਵੱਖਰੇ ਹਨ। ਪਰ ਇਨ੍ਹਾਂ ਸ਼ਬਦਾਂ ਵਿਚ / ਪ / ਦਾ ਦੋ-ਹੋਠੀ ਹੋਣ ਵਾਲਾ ਲੱਛਣ ਨਿਖੇੜੂ ਨਹੀਂ ਹੁੰਦਾ। ਜਦੋਂ ਇਹ / ਪ /, / ਤ / ਦੇ ਵਿਰੋਧ ਵਿਚ ਆਉਂਦਾ ਹੈ ਤਾਂ ਇਸ ਦਾ ਦੋ ਹੋਠੀ ਹੋਣਾ ਨਿਖੇੜੂ-ਲੱਛਣ ਬਣ ਜਾਂਦਾ ਹੈ ਅਤੇ ਨਾਦ ਰਹਿਤ ਹੋਣਾ ਨਿਖੇੜੂ ਨਹੀਂ ਰਹਿੰਦਾ ਜਿਵੇਂ 'ਪਰ' ਤੇ 'ਤਰ' ਵਿਚ। ਇਸੇ ਤਰ੍ਹਾਂ ਸਵਰਨ ਚੰਦਨ ਪਰਵਾਸੀ ਪੰਜਾਬੀਆਂ ਦੇ ਜੀਵਨ ਦੇ ਇਕ ਪਾਸਾਰ ਨੂੰ ਉਲੀਕਣ ਲਈ ਦੂਜੇ ਨੂੰ ਮਨਫ਼ੀ ਭਾਵੇਂ ਨਹੀਂ ਕਰਦਾ ਪਰ ਚਿਤਰਦਾ ਨਹੀਂ। ਚਾਰਾਂ ਕਿਰਤਾਂ ਵਿਚ ਸਵਰਨ ਚੰਦਨ ਦੇ ਨਿਭਾਉ ਦਾ ਵਰਣਨ 'ਕਲੀਡੀਓਸਕੋਪ' ਦੀਆਂ ਵੰਙਾਂ ਨਾਲ ਬਣੇ ਰੰਗ-ਬਰੰਗੇ ਆਕਾਰਾਂ ਨਾਲ ਕੀਤਾ ਜਾ ਸਕਦਾ ਹੈ। ਵੰਙਾਂ ਦੀ ਗਿਣਤੀ ਤੇ ਰੰਗ ਤਾਂ ਨਿਸਚਿਤ ਹਨ, 'ਕਲੀਡੀਓਸਕੋਪ' ਨੂੰ ਘੁੰਮਾਉਣ ਨਾਲ ਨਵੇਂ ਤੇ ਵੱਖਰੇ ਆਕਾਰ ਦਿੱਸਣ ਲੱਗ ਪੈਂਦੇ ਹਨ। ਸਵਰਨ ਚੰਦਨ ਇਨ੍ਹਾਂ ਕਿਰਤਾਂ ਦੀ ਸਿਰਜਨਾ ਵਿਚ ਜਿਸ ਕਿਸਮ ਵੀ ਤਰਕੀਬ ਵਰਤਦਾ ਹੈ, ਉਸ ਨੂੰ ਕਲੀਡੀਓਸਕੋਪਿਕ ਤਰਕੀਬ ਕਿਹਾ ਜਾ ਸਕਦਾ ਹੈ। ਉਸ ਦੀਆਂ ਕਿਰਤਾਂ ਦੀ ਕਰਮ-ਭੂਮੀ ਵਿਚ ਪਰਿਵਾਰਕ-ਸੰਬੰਧ ਇਕਾਈਆਂ ਵਜੋਂ ਵਿਚਰਦੇ ਹਨ। ਇਕੋ ਕਿਰਤ ਵਿਚ ਸਾਰੇ ਸੰਬੰਧਾਂ ਨੂੰ ਇਕੋ ਦਫ਼ਾ ਲੈਣ ਦੀ ਥਾਂ ਉਹ ਚਾਰ ਕਿਰਤਾਂ ਸਿਰਜਦਾ ਹੈ। ਇਨ੍ਹਾਂ ਵਿਚ ਇਕ ਤਰ੍ਹਾਂ ਦੇ ਸੰਬੰਧ ਉਕਰਣ ਲਈ ਇਕ ਕਿਰਤ ਦੀ ਵਰਤੋਂ ਕੀਤੀ ਗਈ ਹੈ। ਇਸ ਵਿਚ ਬਾਕੀ ਸੰਬੰਧ ਸਿਰਜਕ ਲਈ ਅਸਵੀਕਿਰਤ ਰਹਿੰਦੇ ਹਨ ਜਾਂ 'ਫਰੀਜ਼ਡ'।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਉਜੜਿਆ ਖੂਹ' : ਇਕ ਪ੍ਰਤਿਕਿਰਿਆ

— ਰਣਜੀਤ ਧੀਰ

ਕੁਝ ਸਮਾਂ ਹੋਇਆ ਇਕ ਸਾਹਿਤਕ ਸਮਾਗਮ ਵਿਚ ਬੋਲਦਿਆਂ ਸਵਰਨ ਚੰਦਨ ਨੇ ਕਿਹਾ ਸੀ ਇੰਗਲੈਂਡ ਦੇ ਲਿਖਾਰੀਆਂ ਨੂੰ ਇਥੇ ਰਹਿੰਦਿਆਂ ਹਿਮਾਲੀਆਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਪਰ 'ਉਜੜਿਆ ਖੂਹ' ਮਿਲਣ ਬਾਅਦ ਮੈਂ ਇਕੋ ਦਿਨ ਉਸਦੀਆਂ ਕਈ ਕਹਾਣੀਆਂ ਪੜ ਗਿਆ ਪਰ ਤਕਰੀਬਨ ਸੌ ਸਫੇ ਪੜਨ ਤਕ ਵੀ ਸਾਰੀਆਂ ਕਹਾਣੀਆਂ ਭਾਰਤ ਬਾਰੇ ਹੀ ਸਨ। ਲੇਖਕ ਦੀ ਵਿਉਂਤ ਦਾ 102 ਪੰਨੇ ਤੋਂ ਬਾਅਦ ਪਤਾ ਲਗਿਆ ਕਿ ਸੰਗ੍ਰਹਿ ਦੀਆਂ ਕੁਲ 20 ਕਹਾਣੀਆਂ ਵਿਚੋਂ ਪਹਿਲੀਆਂ ਦਸ ਭਾਰਤ ਅਤੇ ਪਿਛਲੀਆਂ ਦਸ ਇੰਗਲੈਂਡ ਦੇ ਮਾਹੌਲ ਬਾਰੇ ਹਨ। ਭਾਰਤ ਬਾਰੇ ਕਈ ਕਹਾਣੀਆਂ ਰਲੀਆਂ ਮਿਲੀਆਂ ਹਨ ਜਿਨਾਂ ਵਿਚ ਲੇਖਕ ਆਪ ਜਾਂ ਉਸਦਾ ਮੁਖ ਪਾਤਰ ਕਈ ਸਾਲ ਇੰਗਲੈਂਡ ਰਹਿਣ ਬਾਅਦ ਦੇਸ ਜਾਂਦਾ ਹੈ ਅਤੇ ਕਹਾਣੀ ਉਸਦੇ ਨਵੇਂ ਭਾਵਾਂ ਦਾ ਪ੍ਰਗਟਾ ਕਰਦੀ ਹੈ। ਇੰਗਲੈਂਡ ਦੇ ਮਾਹੌਲ ਸੰਬੰਧੀ ਸਵਰਨ ਚੰਦਨ ਦੀਆਂ ਕਹਾਣੀਆਂ ਅਤੇ ਇਥੋਂ ਦੇ ਬਾਕੀ ਲੇਖਕਾਂ ਦੀਆਂ ਕਹਾਣੀਆਂ ਵਿਚ ਵੱਡਾ ਫਰਕ ਇਹ ਹੈ ਕਿ ਸਵਰਨ ਚੰਦਨ ਨੇ ਨਸਲਵਾਦ ਜਾਂ ਸਿੱਧਾਂਤਕ ਤਰ੍ਹਾਂ ਦੇ ਵਿਸ਼ਿਆਂ ਤੇ ਘਟ ਲਿਖਿਆ ਹੈ। ਉਸਦੀਆਂ ਤਕਰੀਬਨ ਸਾਰੀਆਂ ਕਹਾਣੀਆਂ ਹੀ ਇਥੋਂ ਦੇ ਪੱਛਮੀ ਸਮਾਜ ਵਿਚ, ਬਦਲੇ ਹੋਏ ਹਾਲਾਤ ਅਨੁਸਾਰ, ਪੈਦਾ ਹੋਈਆਂ ਕ੍ਰੀਤੀਆਂ ਅਤੇ ਵਿਰੋਧਤਾਈਆਂ ਬਾਰੇ ਹਨ। ਇਸ ਖੇਤਰ 'ਚ ਚੰਦਨ ਦੀਆਂ ਕਹਾਣੀਆਂ ਕੇਵਲ ਬਲਦੇਵ ਹੁਰਾਂ ਦੀਆਂ ਕਹਾਣੀਆਂ ਨਾਲ ਮੇਲ ਖਾਂਦੀਆਂ ਹਨ।

"ਉਜੜਿਆ ਖੂਹ" 1947 ਦੇ ਘਲੂ ਘਾਰੇ ਵਿਚ ਮਾਪਿਆਂ ਦੇ ਲਾਡਲੇ ਸੁਰਜੇ ਦੇ ਉਜੜੇ ਹੋਏ ਜੀਵਨ ਬਾਰੇ ਹੈ। 'ਜੂਠੀ ਥਾਲੀ' ਸਾਡੇ ਸਮਾਜ ਵਿਚ ਪ੍ਰਚਲਿਤ ਲਿੰਗ ਨੈਤਕਤਾ ਸਬੰਧੀ ਹੈ ਜੇਹੜੀ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਕੇਵਲ ਔਰਤ ਤੇ ਹੀ ਲਾਗੂ ਹੁੰਦੀ ਹੈ। 'ਬਨਾਰਸੀ ਕੁਲਫੀਆਂ ਵਾਲਾ' ਇੰਗਲੈਂਡ ਤੋਂ ਭਾਰਤ ਗਏ ਵਿਅਕਤੀ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੇਠਲੀ ਸ਼ਰੇਣੀ ਦੀ ਪੁਸ਼ਤਾਂ ਤੋਂ ਤੁਰੀ ਆਉਂਦੀ ਗਰੀਬੀ ਖਿਲਾਫ ਪ੍ਰਤੀਕਰਮ ਹੈ। ਸਾਡੇ ਵਰਗੇ ਲੋਕਾਂ ਦਾ ਭਾਰਤ ਵਿਚ ਰਹਿੰਦਿਆਂ ਵੀ ਗਰੀਬੀ ਬਾਰੇ ਇਸ ਤਰ੍ਹਾਂ ਦਾ ਕੌੜਾ ਅਹਿਸਾਸ ਸੀ ਪਰ ਉਦੋਂ ਆਪਣੀ ਹਾਲਤ ਵੀ ਮਾੜੀ ਹੋਣ ਕਰਕੇ ਲੋਕ ਨਿਜੀ ਸਮਸਿਆਵਾਂ ਵਿਚ ਹੀ ਉਲਝੇ ਰਹਿੰਦੇ ਸਨ। ਪਰ ਇੰਗਲੈਂਡ ਕੁਝ ਸਾਲ ਰਹਿਕੇ ਭਾਰਤ ਜਾਣ ਉਪਰੰਤ ਲੋਕ ਗਰੀਬੀ ਦੇ ਇਸ ਮਾਰੂ ਅਹਿਸਾਸ ਨੂੰ ਹੋਰ ਸ਼ਿਦਤ ਨਾਲ ਮਹਿਸੂਸ ਕਰਦੇ ਹਨ। 'ਚਾਹ ਗੁੜ ਦੀ' ਇਹ ਦਰਸਾਉਂਦੀ ਹੈ ਕਿ ਭੁੱਖ ਦੇ ਮਾਰੇ ਗਰੀਬ ਵੀ ਕਿਵੇਂ ਆਪਣਾ ਸਹੀ ਦੁਸ਼ਮਣ ਭੁੱਲ ਕੇ ਇਕ ਦੂਜੇ ਦੀ ਜਾਨ ਦੇ ਵੈਰੀ ਹੋ ਜਾਂਦੇ ਹਨ। 'ਬਾਂਝ' ਕਹਾਣੀ ਵਿਚ ਲੇਖਕ ਨੇ ਬਹਤ ਨਿਡਰਤਾ ਨਾਲ ਪਿੰਡਾਂ 'ਚ ਔਰਤਾਂ ਨੂੰ 'ਪੁੱਤ ਬਖਸ਼ਦੇ' ਸਾਧਾਂ ਸੰਤਾਂ ਨੂੰ ਨੰਗਾ ਕੀਤਾ ਹੈ। 'ਮਸਲੇ ਦਾ ਹੱਲ' ਪੜ੍ਹਕੇ ਇਉਂ ਲੱਗਦਾ ਹੈ ਕਿ ਲਿੰਗ ਨੈਤਕਤਾ ਦਾ ਝੋਰਾ ਕੇਵਲ ਮਾਤੀ ਮੋਟੀ ਜ਼ਮੀਨ ਜਾਇਦਾਦ ਨਾਲ ਬੱਝੀ ਹੇਠਲੀ ਮਧ ਸ਼ਰੇਣੀ ਤਕ ਹੀ ਸੀਮਤ ਹੈ। ਸਮਾਜ ਦੀ ਉਤਲੀ ਜਮਾਤ ਨੂੰ ਇਸ ਦਾ ਫਿਕਰ ਨਹੀਂ ਕਿਉਂਕਿ ਕਿਸੇ ਵਰਗ ਤੇ ਮਹਤਾਜੀ ਨਾ ਹੋਣ ਕਰਕੇ ਇਹ ਜਮਾਤ ਆਪਣੀ ਨੈਤਕਤਾ ਦੀਆਂ ਹੱਦਾਂ ਆਪ ਨਿਸਚਤ ਕਰਦੀ ਹੈ ਅਤੇ ਗਰੀਬ ਲੋਕ ਆਪਣੀਆਂ ਅਤਿ-ਲਾਚਾਰ ਆਰਥਕ ਹਾਲਤਾਂ ਵਿਚ ਸ਼ਾਇਦ ਮਧ ਸ਼੍ਰੇਣੀ ਦੀ ਨੈਤਿਕਤਾ ਨਿਭਾ ਹੀ ਨਹੀਂ ਸਕਦੇ। 'ਹਿੰਦੁਸਤਾਨ ਦੀ ਧੀ ਵਲੋਂ ਇਕ ਖਤ' ਕਹਾਣੀ ਨਹੀਂ ਐਵੇਂ ਮਨ ਵਿਚ ਕਿਸੇ ਘਟਨਾ ਸਮੇਂ ਪੈਦਾ ਹੋਏ ਵਲਵਲਿਆਂ ਦਾ ਜਜ਼ਬਾਤੀ ਜਿਹਾ ਵਹਾਅ ਹੈ। "ਹੱਡੀਮਾਰ" ਇਸ ਕਹਾਣੀ ਦੀ ਸਭ ਤੋਂ ਤਕੜੀ ਕਹਾਣੀ ਹੈ। ਰਤਨੇ ਦਾ ਕਰੈਕਟਰ ਸਵਰਨ ਚੰਦਨ ਦੀ ਕਹਾਣੀ ਕਲਾ ਦੀ ਸਫਲਤਾ ਦਾ ਪ੍ਰਤੀਕ ਹੈ। "ਚਾਚੀ ਤਾਬੋ" ਬਦਲੀਆਂ ਆਰਥਿਕ ਹਾਲਤਾਂ ਜ਼ਾ ਸਮਾਜੀ ਰਿਸ਼ਤਿਆਂ ਤੇ ਅਸਰ ਦੀ ਸੂਚਕ ਹੈ। "ਸੁਲਗਦੀ ਅੱਗ' ਇੰਗਲੈਂਡ 'ਚ ਏਸ਼ੀਅਨ ਕੁੜੀਆਂ ਦੇ ਘੁਟਨ ਭਰੇ ਜੀਵਨ ਬਾਰੇ ਹੈ। ਅਸੀਂ ਆਪਣੀਆਂ ਜਵਾਨ ਹੋ ਰਹੀਆਂ ਧੀਆਂ ਨੂੰ ਇਥੋਂ ਦੇ ਮਾਹੌਲ ਵਿਚ ਘਲਦੇ ਤਾਂ ਹਾਂ, ਪਰ ਸਾਡਾ ਹੇਠਲੀ ਮੱਧ ਸ਼੍ਰੇਣੀ ਵਾਲਾ ਦ੍ਰਿਸ਼ਟੀਕੋਣ ਇਹ ਬਰਦਾਸ਼ਤ ਕਰਨ ਤੋਂ ਇਨਕਾਰੀ ਹੈ ਕਿ ਉਹ ਜਿਸ ਮਾਹੌਲ ਵਿਚ ਜੰਮ ਪਲ ਕੇ ਵਡੀਆਂ ਹੋਈਆਂ ਹਨ, ਉਸ ਵਿਚ ਥੋੜਾ-ਬਹੁਤਾ ਸ਼ਾਮਲ ਵੀ ਹੋ ਸਕਣ।

"ਗਵਾਂਢ ਮੱਥਾ" ਅਤੇ "ਨਾਈਟ ਸ਼ਿਫਟ" ਵੀ ਤਕਰੀਬਨ ਇਸੇ ਤਰ੍ਹਾਂ ਦੇ ਵਿਸ਼ੇ ਤੇ ਹਨ ਕਿ ਇੰਗਲੈਂਡ ਆਉਣ ਉਪਰੰਤ ਸਾਡੇ ਘਰੇਗੀ ਜੀਵਨ ਤੇ ਤੀਵੀਂ ਆਦਮੀ ਦੇ ਸੰਬੰਧਾਂ ਤੇ ਕੀ ਅਸਰ ਪਿਆ ਹੈ। 'ਤੀਹਾਂ ਦੀ ਜ਼ਰਬ' ਪਬ ਵਿਚ ਬੀਅਰ ਪੀਂਦੇ ਦੋ ਪੰਜਾਬੀ ਬਾਈਆਂ ਦੀ ਗੁਫਤ-ਗੂ ਜ਼ਿਆਦਾ ਹੈ ਪਰ ਕਹਾਣੀ ਘਟ। 'ਬੇਕਰੀ ਦੀ ਰਾਤ' 'ਘੜੀ ਸਾਜ', 'ਮਿਰਗੀ ਦਾ ਮਾਰਿਆ', 'ਕਰੀ ਐਂਡ ਰਾਈਸ', 'ਫਰਕ ਦੀ ਰੇਖਾ', ਅਤੇ 'ਜਦੋਂ ਸ਼ਾਮ ਉਤਰਦੀ ਹੈ' ਇੰਗਲੈਂਡ ਦੇ ਪੰਜਾਬੀ ਸਮਾਜ ਵਿਚ ਕਈ ਤਰ੍ਹਾਂ ਦੀਆਂ ਸਮਾਜੀ ਤੇ ਨੈਤਿਕ ਭੈੜਾਂ ਬਾਰੇ ਹਨ।

ਚੰਦਨ ਦੀ ਕਹਾਣੀ ਕਲਾ ਦੇ ਦੋ ਮੁੱਖ ਆਧਾਰ ਹਨ। ਵਿਸ਼ਿਆਂ ਦੀ ਚੋਣ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵਸ਼ਾਲੀ ਪਾਤਰ ਉਸਾਰੀ। ਦ੍ਰਿਸ਼ਟੀਕੋਣ ਦੇ ਪੱਖੋਂ ਲੇਖਕ ਨੇ ਲੋਕਾਂ ਦੀ ਆਮ ਸਾਧਾਰਣ ਜ਼ਿੰਦਗੀ ਦੇ ਵਿਸ਼ੇ ਚੁਣੇ ਹਨ ਜਿਸ ਕਰਕੇ ਕਹਾਣੀਆਂ ਦੇ ਵਿਚਲਾ ਵਾਤਾਵਰਣ ਵਾਸਤਵਿਕ ਲਗਦਾ ਹੈ। ਇਸੇ ਯਥਾਰਥ ਦਾ ਹੀ ਨਤੀਜਾ ਹੈ ਕਿ ਚੰਦਨ ਦੀਆਂ ਕਹਾਣੀਆਂ ਸਿੱਧਾਂਤਕ ਜਾਂ ਰਾਜਨੀਤਿਕ ਪਾਠ ਨਹੀਂ ਹਨ। ਚੰਦਨ ਨੇ ਆਪਣੇ ਪਾਤਰਾਂ ਨੂੰ ਸਿੱਧਾਂਤ ਦੇ ਸਾਂਚੇ 'ਚ ਬੰਨ੍ਹ ਕੇ ਰਾਜਨੀਤਕ ਪਰਾਪੇਗੰਡੇ ਦੇ ਹਥੌੜੇ ਨਾਲ ਕੁੱਟੇ ਨਹੀਂ ਕੀਤਾ। ਪਾਤਰ ਐਨ ਜਿਉਂਦੇ ਜਾਗਦੇ ਲਗਦੇ ਹਨ। ਚੰਦਨ ਦੀ ਸਿਆਸੀ ਵਿਚਾਰਧਾਰਾ ਦਾ ਕੁਝ ਕੁ ਪਿਛੋਕੜ ਪਤਾ ਹੋਣ ਕਾਰਣ ਮੈਨੂੰ ਇਸ ਦੀ ਹੈਰਾਨੀ ਵੀ ਹੈ ਅਤੇ ਖੁਸ਼ੀ ਵੀ ਹੈ। ਹਰ ਲੇਖਕ ਜ਼ਰੂਰ ਕਿਸੇ ਨਾ ਕਿਸੇ ਸਿਆਸੀ-ਸਮਾਜੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਇਹ ਵੀ ਕੁਦਰਤੀ ਹੈ ਕਿ ਇਸ ਦਾ ਅਸਰ ਉਸਦੀ ਰਚਨਾ ਤੇ ਹੋਵੇ ਪਰ ਨਿਰੇ ਪੁਰੇ ਸਿਆਸੀ ਪਰਾਪੇਗੰਡੇ ਦੀ ਸਾਹਿਤ ਵਿਚ ਕੋਈ ਥਾਂ ਨਹੀਂ ਬਣਦੀ। ਹਰ ਸਾਹਿਤਕਾਰ ਨੂੰ ਇਹ ਮਹਿਸੂਸ ਕਰਨਾ ਜ਼ਰੂਰੀ ਹੈ ਕਿ ਆਮ ਲੋਕ ਆਪਣੀ ਜਿੰਦਗੀ ਸਿੱਧਾਂਤ ਦੀ ਪੁਸਤਕ ਅਨੁਸਾਰ ਨਹੀਂ, ਸੁਭਾਵਕ ਜਿਉਂਦੇ ਹਨ।

ਚੰਦਨ ਦੇ ਪਾਤਰ ਪਾਠਕ ਦੇ ਮਨ ਤੇ ਡੂੰਘਾ ਪ੍ਰਭਾਵ ਛਡਦੇ ਹਨ। 'ਕਿਦਾਂ ਛਡੀਮਾਰਾ ?' ਦਾ ਛੋਟਾ ਜਿਹਾ ਵਾਕ ਅਤੇ ਇਸ ਤੋਂ ਉਪਜਿਆ ਰਤਨੇ ਦਾ ਪ੍ਰਤੀਕਰਮ ਨਾ ਕੇਵਲ ਉਸਦੇ ਕਰੈਕਟਰ ਨੂੰ ਉਘਾੜਦਾ ਹੈ ਸਗੋਂ ਮਨੁਖੀ ਫਿਤਰਤ ਦੀ ਇਕ ਕਮਜ਼ੋਰੀ ਨੂੰ ਵੀ ਪੇਸ਼ ਕਰਦਾ ਹੈ। ਸੁਰਜਾ, ਕਰਮਾ, ਝੀਰ, ਬਨਾਰਸੀ, ਵੀਰੋ ਮਜਬਣ, ਚਾਚੀ ਤਾਬੋ, ਫੋਰਮੈਨ ਸੂਬਾ ਸਿੰਘ, ਬਲਜੀਤ ਪ੍ਰੀਤੂ ਅਤੇ ਸੀਜੋ ਦੇ ਕਰੈਕਟਰ ਲੇਖਕ ਦੀ ਕਲਾ ਲਈ ਮਾਣ ਦਾ ਹੱਕ ਮੰਗ ਸਕਦੇ ਹਨ। ਪਿਛਲੇ ਕੁਝ ਕੁ ਮਹੀਨਿਆਂ 'ਚ ਮੈਨੂੰ ਸਮਾਂ ਮਿਲਣ ਕਰਕੇ ਇਥੋਂ ਦੇ ਕੁਝ ਲਿਖਾਰੀਆਂ ਦੀਆਂ ਰਚਨਾਵਾਂ ਪੜਨ ਦਾ ਮੌਕਾ ਮਿਲਿਆ ਹੈ। ਕਿਉਂਕਿ ਮੈਂ ਬਹੁਤੀ ਆਸ ਨਾਲ ਕਦੇ ਵੀ ਨਹੀਂ ਤੁਰਦਾ, ਇਸ ਲਈ ਤਕਰੀਬਨ ਹਰ ਵਾਰੀ ਮੈਨੂੰ ਖੁਸ਼ੀ ਹੀ ਹੋਈ ਹੈ। ਦਸ ਪੰਦਰਾਂ ਸਾਲਾਂ ਦੇ ਸਮੇਂ ਤੋਂ ਦੇਸੋਂ ਦੂਰ ਹੋਣ ਦੇ ਬਾਵਜੂਦ ਇਥੋਂ ਦੇ ਲੇਖਕਾਂ ਦੀ ਬੋਲੀ ਅਤੇ ਦੇਸ਼ ਦੇ ਵਿਸ਼ਿਆਂ ਬਾਰੇ ਪਕੜ ਘਟ ਨਹੀਂ ਹੋਈ। ਚੰਦਨ ਵੀ ਇਸੇ ਢਾਣੀ 'ਚ ਆਉਂਦਾ ਹੈ। ਖਾਸ ਕਰਕੇ ਇੰਗਲੈਂਡ 'ਚ ਰਹਿੰਦਿਆਂ ਸਾਡੇ ਵੇਖਦਿਆਂ ਵੇਖਦਿਆਂ ਇਥੋਂ ਦੀ ਪੰਜਾਬੀ ਹੌਲੀ ਹੌਲੀ ਵਿੰਗੇ ਟੇਢੇ ਅੰਗਰੇਜ਼ੀ ਅੱਖਰਾਂ ਨਾਲ ਬੇਸੁਆਦ ਜਿਹਾ ਮਿਲਗੋਭਾ ਬਣਦੀ ਜਾਂਦੀ ਹੈ। ਪਰ ਜਦੋਂ ਚੰਦਨ ਜਾਂ ਕਿਸੇ ਹੋਰ ਨਿਪੁੰਨ ਲੇਖਕ ਦੀ ਡਾਂਗ ਵਰਗਾ ਅਸਰ ਕਰਦੀ ਠੇਠ ਪੰਜਾਬੀ ਪੜ੍ਹਨ ਨੂੰ ਮਿਲਦੀ ਹੈ ਤਾਂ ਪਾਠਕ ਨੂੰ ਤਕੜਾ ਅਨੰਦ ਆਉਂਦਾ ਹੈ। ਹੇਠ ਲਿਖੀਆਂ ਕੁਝ ਕੁ ਉਦਾਹਰਣਾਂ ਇਥੇ ਰਹਿੰਦੇ ਹਰ ਪੰਜਾਬੀ ਦੇ ਮਨ ਵਿਚ ਕੁਝ ਕੁ ਪਲਾਂ ਲਈ ਦੂਰ ਹੋ ਗਈ ਜਿੰਦਗੀ ਦਾ ਝਾਉਲਾ ਜਿਹਾ ਪਾ ਸਕਦੀਆਂ ਹਨ।

"ਕਿਦਾਂ ਛਡੀਮਾਰਾ ?" ਜਾਂ 'ਇਹਨਾਂ ਸਾਲਾਂ ਵਿਚ ਉਹਦੇ ਕਈ ਵੇਰ ਨਹਿਰ ਕੰਢੇ ਖਲੋਤਿਆਂ ਅੰਬਾਂ ਨੂੰ ਬੂਰ ਪਿਆ ਤੇ ਕਈ ਵੇਰ ਅੰਬ ਲਗੇ ਸਨ। ਇਹਨਾਂ ਵਰਿਆਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੇਕਾਂ ਵਾਰ ਉਹਦੀ ਸੇਊ ਬੇਰੀਆਂ ਨੂੰ ਬੇਰ ਲਗੇ ਤੇ ਬੋਰੀਆਂ ਭਰ ਭਰ ਮੰਡੀ ਨੂੰ ਗਏ ਸਨ। ਕਈ ਵਾਰ ਉਹਨੇ ਖੂਹ ਨੂੰ ਜਾਂਦੇ ਪਹਿਆਂ ਤੇ ਉਚੇ ਮਲਿਆਂ ਨੂੰ ਫੁੱਲ ਪੈਂਦੇ ਵੇਖੇ ਸਨ...ਪਰ ਅਜੇ ਤਕ ਉਸਦੀ ਬੰਸੋ ਨੂੰ ਭਾਗ ਨਹੀਂ ਲੱਗਾ'।

...'ਅਰਾਈਆਂ ਵਾਲੇ ਖੂਹ ਦੇ ਭਰੇ ਹੋਏ ਚੁਬਕੇ ਵਿਚੋਂ ਮੁੰਜ ਨਾਲ ਮਲ ਮਲ ਮੂਲੀਆਂ ਧੋਂਦੀ ਵੀਰੋ ਮਜਬਣ ਨੂੰ ਵੇਖ ਕੇ ਆਧੀਆਂ ਦਾ ਛੋਟਾ ਮੁੰਡਾ ਪਾਖਰ ਉਹਦੇ ਕੋਲ...'।

ਲੇਖਕ ਦੀ ਕਹਾਣੀ ਕਲਾ ਦੇ ਅਧਾਰ ਜੇ ਉਸਦੀ ਤਕੜਾਈ ਦੇ ਕਾਰਣ ਹਨ ਤਾਂ ਉਸਦੀਆਂ ਕਹਾਣੀਆਂ ਦੀਆਂ ਊਣਤਾਈਆਂ ਵੀ ਇਨ੍ਹਾਂ ਤੱਤਾਂ ਕਰਕੇ ਹਨ। ਕਹਾਣੀਆਂ ਵਿਚ ਦ੍ਰਿਸ਼ਟੀਕੋਣ/ਸੇਧ ਦੀ ਅਣਹੋਂਦ ਕਰਕੇ ਅਤੇ ਪਾਤਰ ਉਸਾਰੀ ਅਸਾਧਾਰਣ ਤੌਰ ਤੇ ਤਕੜੀ ਹੋਣ ਕਰਕੇ, ਇਹ ਲਗਦਾ ਹੈ ਕਿ ਕਈ ਕਹਾਣੀਆਂ ਕੁਝ ਕੁ ਕਰੈਕਟਰਾਂ ਦਾ ਉਭਾਰਾ ਹਨ, ਪੂਰਣ ਕਹਾਣੀਆਂ ਨਹੀਂ। ਇਹ ਕਮਜ਼ੋਰੀ ਉਹਨਾਂ ਕਹਾਣੀਆਂ ਵਿਚ ਨਹੀਂ ਰੜਕਦੀ ਜਿਹੜੀਆਂ ਵਿਸ਼ੇ ਦੇ ਪੱਖੋਂ ਕੇਵਲ ਇਕ ਪਾਤਰ ਦੀ ਸਟੱਡੀ ਹਨ ਜਿਵੇਂ 'ਛਡੀਮਾਰ'। ਪਰ ਜਿਹੜੀਆਂ ਕਹਾਣੀ ਦੇ ਵਿਸ਼ੇ ਸਮਾਜੀ ਹਨ ਉਹ ਕਹਾਣੀਆਂ ਖਾਸ ਤੌਰ ਤੇ ਅਪੂਰਣ ਅਤੇ ਘਟਨਾਵਾਂ ਜਿਹੀਆਂ ਲੱਗਦੀਆਂ ਹਨ। ਅਵਤਾਰ ਸਾਦਿਕ ਦੀ ਆਲੋਚਨਾ ਕਰਦਿਆਂ ਮੈਂ ਲਿਖਿਆ ਸੀ ਕਿਤੇ ਸਿਰ ਤੇ ਸਿੱਧਾਂਤ ਸਵਾਰ ਹੋਣ ਕਾਰਣ ਲੇਖਕ ਆਪਣੇ ਪਾਤਰਾਂ ਨੂੰ ਕਿਤੇ ਦਾ ਕਿਤੇ ਘੜੀਸ ਕੇ ਲੈ ਜਾਂਦਾ ਹੈ ਅਤੇ ਕਹਾਣੀ ਨੂੰ ਕੁਦਰਤੀ ਤੌਰ ਨਾਲ ਨਹੀਂ ਚਲਣ ਦਿੰਦਾ। ਚੰਦਨ ਦਾ ਦੋਸ਼ ਇਸ ਤੋਂ ਉਲਟ ਹੈ। ਉਹ ਆਪਣੇ ਪਾਤਰਾਂ ਨੂੰ ਬਿਨਾਂ ਕਿਸੇ ਸੇਧ ਦੇ ਛੱਡੀ ਰਖਦਾ ਹੈ ਜਿਸ ਕਰਕੇ ਉਸਦੀਆਂ ਸਮਾਜੀ ਵਿਸ਼ਿਆਂ ਵਾਲੀਆਂ ਕਹਾਣੀਆਂ ਕਿਸੇ ਤਣ-ਪਤਣ ਨਹੀਂ ਲੱਗਦੀਆਂ। ਪਾਠਕ ਨੂੰ ਪਤਾ ਨਹੀਂ ਲਗਦਾ ਕਿ ਅਖੀਰ ਵਿਚ ਕਿਸੇ ਕਹਾਣੀ ਦਾ ਕੀ ਅਰਥ ਕੱਢੇ। ਮਿਸਾਲ ਦੇ ਤੌਰ ਤੇ 'ਜੂਠੀ ਥਾਲੀ' ਵਿਚ ਇਉਂ ਲਗਦਾ ਹੈ ਕਿ ਲੇਖਕ ਔਰਤ ਦੇ ਵਿਆਹ ਤੋਂ ਪਹਿਲਾਂ ਲਿੰਗ ਭੋਗ ਜਾਂ ਲਿੰਗਕ ਆਜ਼ਾਦੀ ਲੈਣ ਦੇ ਵਿਰੁਧ ਹੈ। ਪਰ ਦੂਜੇ ਪਾਸੇ "ਸੁਲਗਦੀ ਅੱਗ" ਵਿਚ ਉਸਦੀ ਨਾਇਕਾ ਇਹ ਕਹਿੰਦੀ ਹੈ... 'ਕਿੰਨੀਆਂ ਆਜ਼ਾਦ ਨੇ ਇਹ ਗੋਰੀਆਂ। ਅਸੀਂ ਤਾਂ ਜਿਹੀਆਂ ਜੰਮੀਆਂ ਤਿਹੀਆਂ ਨਾ ਜੰਮੀਆਂ' ਇਸੇ ਤਰ੍ਹਾਂ ਲੇਖਕ ਪ੍ਰੀਤੋ (ਗਵਾਂਢ ਮੱਥਾ) ਬਾਰੇ ਇਹ ਵੀ ਕਹਿੰਦਾ ਹੈ ਕਿ, 'ਸਾਰੀ ਰੋਡ ਜਾਣਦੀ ਹੈ ਉਸ ਦੇ ਕਾਰਿਆਂ ਨੂੰ'। ਲੇਖਕ ਦੇ ਇਸ ਵਿਚ ਦ੍ਰਿਸ਼ਟੀਕੋਣ ਬਾਰੇ ਪਾਠਕਾਂ ਨੂੰ ਪਤਾ ਨਹੀਂ ਲਗਦਾ।

'ਬੋਕਰੀ ਦੀ ਰਾਤ' ਕਹਾਣੀ ਵੀ ਇਸੇ ਕਰਕੇ ਪਾਠਕ ਨੂੰ ਗਲਤ ਪਾਸੇ ਤੋਰਦੀ ਹੈ। ਫੋਰਮੈਨ ਸੂਬਾ ਸਿੰਘ ਬਾਰੇ ਲੇਖਕ ਕਹਿੰਦਾ ਹੈ ਉਹਨੂੰ ਅੰਗਰੇਜ਼ੀ ਦਾ ਡੱਕਾ ਨਹੀਂ ਆਉਂਦਾ...ਅਜੇਹੀ ਕੇਹੜੀ ਸਿਫਤ ਵੇਖੀ ਗੋਰਿਆਂ ਨੇ ਉਹਦੇ 'ਚ ਕਿ ਉਹਨੂੰ ਫੋਰਮੈਨ ਬਣਾ ਦਿਤਾ। ਕੀ ਇਹ ਲੇਖਕ ਦੀ ਬੁਰਜ਼ੂਆ ਸੋਚ ਹੈ, ਕਿ ਹਾਲੇ ਵੀ ਉਸ ਨੂੰ ਆਪਣੀ ਪੜ੍ਹਾਈ ਦਾ ਮਾਣ ਹੈ? ਜਾਂ ਕੀ ਉਹ ਸਮਝਦਾਰੀ ਸਨਅਤੀ ਢਾਂਚੇ ਵਿਚ ਕਾਮੇ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੋਲ ਨੂੰ ਨਹੀਂ ਜਾਣਦਾ। ਪਰ ਅਸਲੀ ਗੱਲ ਇਹ ਜਾਪਦੀ ਹੈ ਕਿ ਨਿੱਜੀ ਪੱਧਰ ਤੇ ਸਰਮਾਏਦਾਰੀ ਅਤੇ ਨਸਲੀ ਵਿਤਕਰੇ ਦਾ ਸ਼ਿਕਾਰ ਹੋਣ ਕਰਕੇ ਲੇਖਕ ਉਜਰਤੀ ਕਾਮੇ ਅਤੇ ਪੜ੍ਹੇ ਲਿਖੇ ਕਾਮੇ ਦੇ ਰੋਲ ਨੂੰ ਆਪਸ 'ਚ ਵਿਰੋਧੀ ਰੰਗਾਂ ਵਿਚ ਪੇਸ਼ ਕਰਦਾ ਹੈ ਅਤੇ ਪਾਠਕਾਂ ਨੂੰ ਭੁਲੇਖਾ ਪਾਉਂਦਾ ਹੈ। ਦ੍ਰਿਸ਼ਟੀਕੋਣ ਦੀ ਊਣਤਾਈ ਕਰਕੇ ਹੀ ਲੇਖਕ 'ਘੜੀ ਸਾਜ਼', ਮਿਰਗੀ ਦਾ ਮਾਰਿਆ' ਆਦਿ ਕਹਾਣੀਆਂ ਵਿਚ ਸਾਡੇ ਲੋਕਾਂ ਦੀਆਂ ਭੈੜਾਂ ਨੂੰ ਨੰਗਾ ਤਾਂ ਕਰਦਾ ਹੈ ਪਰ ਇਸ ਦੀ ਜੜ ਤਕ ਪਹੁੰਚਣ ਦੀ ਥਾਂ ਪਾਠਕ ਦੀ ਘਿਰਣਾ ਉਕਸਾਉਂਦਾ ਹੈ। ਸਮਿਆਂ ਤੋਂ ਗ਼ਰੀਬ ਅਤੇ ਲਾਚਾਰ ਲੋਕ ਬੇਸ਼ਕ ਹੁਣ ਨਵੇਂ ਰੱਜੇ ਲੋਕਾਂ ਵਾਂਗੂ ਵਿਰੋਧਤਾਈਆਂ ਵਿਚ ਉਲਝੇ ਹੋਏ ਹਨ ਪਰ ਪੜ੍ਹੇ ਲਿਖੇ ਲੇਖਕ ਦੀ ਸੁਹਿਰਦਤਾ ਅਤੇ ਹਮਦਰਦੀ ਦੇ ਹਾਲੇ ਹੱਕਦਾਰ ਹਨ।

ਲੇਖਕ ਦੀ ਖੂਬਸੂਰਤ ਮਝੈਲੀ ਉਪ-ਭਾਖਾ ਵੀ ਕਈ ਕਹਾਣੀਆਂ ਵਿਚ ਓਪਰੀ ਲਗਦੀ ਹੈ ਜਿਵੇਂ 'ਤੀਹਾਂ ਦੀ ਜ਼ਰਬ' ਵਿਚ ਦੋਵੇਂ ਪਾਤਰ 'ਜੋਲਿਆ ਉਏ' 'ਉਏ ਕਿਹੜੇ ਚੰਨ ਚੜ ਗਿਆ' ਢੰਗ ਨਾਲ ਬੋਲਦੇ ਇਉਂ ਲਗਦੇ ਹਨ ਜਿਵੇਂ ਜਲੰਧਰੋਂ ਦਿਹਾਤੀ ਪ੍ਰੋਗਰਾਮ ਦੀ ਐਕਟਿੰਗ ਕਰਦੇ ਹੋਣ। ਚਾਚੀ ਤਾਬੋ ਕਹਾਣੀ ਮੰਤਵ ਵਿਚ ਕਮਜ਼ੋਰ ਤਾਂ ਹੈ ਹੀ, ਪਰ ਪਿਛਲ ਘਟਨਾਵਾਂ ਨੂੰ ਬਿਆਨ ਕਰਨ ਦੀ ਸ਼ੈਲੀ ਇਸਨੂੰ ਹੋਰ ਵੀ ਪਤਲਾ ਕਰਦੀ ਹੈ। ਕਈ ਥਾਵਾਂ ਤੇ ਵਿਆਕਰਣ ਅਤੇ ਵਾਕ-ਬਣਤਰ ਦੀਆਂ ਗਲਤੀਆਂ ਹਨ। ਪਰ ਲੇਖਕ ਨੇ ਵਲੈਤੀ ਪੰਜਾਬੀ ਵਿਚ ਪ੍ਰਚਲਿਤ ਅੰਗਰੇਜ਼ੀ ਸ਼ਬਦਾਂ ਨੂੰ ਕੌਮਿਆਂ ਵਿਚ ਦੇ ਕੇ ਦੇਸ ਬੈਠੇ ਪਾਠਕਾਂ ਦੀ ਮਦਦ ਕੀਤੀ ਹੈ। ਇਨ੍ਹਾਂ ਕੁਝ ਕੁ ਊਣਤਾਈਆਂ ਦੇ ਬਾਵਜੂਦ ਮੇਰਾ ਵਿਚਾਰ ਹੈ ਕਿ ਚੰਦਨ ਨੇ ਆਪਣੇ ਸਾਹਿਤਕ ਸਫਰ ਵਿਚ ਪ੍ਰਗਤੀ ਕੀਤੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਖਾਲੀ ਪਲਾਂ ਦੀ ਸਾਂਝ' ਦਾ ਮੁੱਲਾਂਕਣ

—ਜੋਗਾ ਸਿੰਘ

ਨਾਵਲ, ਕਹਾਣੀ, ਕਵਿਤਾ, ਸਫ਼ਰਨਾਮਾ ਤੇ ਆਲੋਚਨਾ ਆਦਿ ਸਾਹਿਤ-ਰੂਪਾਂ ਵਿਚ ਚੰਗੇਰਾ ਤੇ ਸਾਰਥਕ ਲਿਖਣ ਵਾਲੇ ਲੇਖਕ ਸਵਰਨ ਚੰਦਨ ਦਾ ਇਹ ਸੱਜਰਾ ਤੇ ਤੀਜਾ ਕਹਾਣੀ ਹੈ। ਇਸ ਸੰਗ੍ਰਹਿ ਵਿਚ ਉਸ ਦੀਆਂ 19 ਕਹਾਣੀਆਂ ਸ਼ਾਮਿਲ ਹਨ। ਇਹਨਾਂ ਸਾਰੀਆਂ ਹੀ ਕਹਾਣੀਆਂ ਵਿਚ ਉਸ ਦੀ ਦਵੰਦਵਾਦੀ ਵਿਗਿਆਨਕ ਸੋਚ ਅਤੇ ਵਿਚਾਰ-ਧਾਰਾ ਦੀ ਪਕਿਆਈ ਪ੍ਰਤੱਖ ਨਜ਼ਰ ਆਉਂਦੀ ਤੇ ਜ਼ਿੰਦਗੀ ਪ੍ਰਤੀ ਅਗਾਂਹਵਧੂ, ਉਸਾਰੂ ਤੇ ਆਲੋਚਨਾਤਮਕ ਰਵੱਈਆ ਵੀ।

ਲੇਖਕ ਵਰ੍ਹਿਆਂ ਤੋਂ ਇੰਗਲੈਂਡ ਵਿਚ ਪਰਵਾਸੀ-ਜੀਵਨ ਜਿਉਂ ਰਿਹਾ ਹੈ। ਇਸ ਲਈ ਇਹ ਇਕ ਤਰ੍ਹਾਂ ਜ਼ਰੂਰੀ ਬਣ ਜਾਂਦਾ ਹੈ ਕਿ ਉਹ ਜਿਸ ਆਲੇ-ਦੁਆਲੇ ਅਤੇ ਜਿਸ ਤਰ੍ਹਾਂ ਦੀਆਂ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਰਹਿ ਰਿਹਾ ਹੈ, ਉਹੋ ਮਾਹੌਲ ਤੇ ਸਮਾਜਕ ਜੀਵਨ ਉਸ ਦੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਬਣੇ। ਇਸ ਸੰਗ੍ਰਹਿ ਦੀਆਂ ਅੱਧੋਂ ਬਹੁਤੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਇੰਗਲੈਂਡ ਵਿਚ ਰਹਿ ਰਹੇ ਪੰਜਾਬੀਆਂ ਤੇ ਏਸ਼ੀਆ ਦੇ ਹੋਰ ਮੁਲਕਾਂ ਦਾ ਜਨ-ਜੀਵਨ ਹੈ। ਪਰ ਉਮਰ ਦਾ ਪਹਿਲਾ ਹਿੱਸਾ ਤੇ ਖਾਸ ਕਰਕੇ ਉਹ ਉਮਰ ਜਦੋਂ ਮਨੁੱਖ ਦੀ ਮਾਨਸਿਕਤਾ ਉੱਤੇ ਆਲਾ-ਦੁਆਲਾ ਸਹਿਵਨ ਹੀ ਡੂੰਘੇਰੀ ਛਾਪੇ ਛੱਡਦਾ ਹੈ ਪਰ ਉਸ ਦੀ ਮਾਨਸਿਕਤਾ ਇਸ ਦਾ ਵਿਸ਼ਲੇਸ਼ਣ ਕਰਨ ਦੇ ਸਮਰੱਥ ਨਹੀਂ ਹੁੰਦੀ, ਮੇਰਾ ਭਾਵ ਉਸ ਦੇ ਪੰਜਾਬ ਰਹਿੰਦਿਆਂ ਦੇ ਵੇਲੇ ਤੋਂ ਹੈ, ਵੀ ਉਸ ਦੀਆਂ 19 ਵਿਚੋਂ 8 ਕਹਾਣੀਆਂ ਦਾ ਵਥ ਬਣਿਆ ਹੈ।

ਇੰਗਲੈਂਡ ਦੇ ਪਰਵਾਸੀ-ਜੀਵਨ ਬਾਰੇ ਲਿਖੀਆਂ ਉਸ ਦੀਆਂ ਕਹਾਣੀਆਂ ਦੀ ਖੂਬੀ ਇਹ ਹੈ ਕਿ ਉਸ ਨੇ ਅੰਗਰੇਜ਼ਾਂ ਬਾਰੇ ਕਹਾਣੀਆਂ ਨਹੀਂ ਲਿਖੀਆਂ ਸਗੋਂ ਅੰਗਰੇਜ਼ੀ ਪੂੰਜੀ-ਵਾਦੀ ਰਹਿਤਲ ਤੇ ਉਥੇ ਵਸਦੇ ਪੰਜਾਬੀਆਂ ਦੀ ਰਹਿਤਲ ਵਿਚਲੇ ਤਣਾਵਾਂ ਤੇ ਟਕਰਾਵਾਂ ਨੂੰ ਆਪਣੀਆਂ ਕਹਾਣੀਆਂ ਦਾ ਵਸਤੂ ਬਣਾਇਆ ਹੈ। ਪੰਜਾਬੀਆਂ ਦੇ ਉਥੇ ਜੰਮੇ-ਪਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੱਚਿਆਂ ਦਾ ਉਥੇਂ ਦੀ 'ਫ੍ਰੀ ਸੁਸਾਇਟੀ' ਜੋ ਨਿਰਸੰਦੇਹ ਲਿੰਗ-ਖੁੱਲ ਦਾ ਸਮਾਜ ਹੈ, ਅਨੁਸਾਰ ਢਲਣਾ ਪਰ ਮਾਪਿਆਂ, ਜਿਨ੍ਹਾਂ ਦੀ ਰਹਿਤਲ ਤੇ ਮਾਨਸਿਕਤਾ ਅਜੇ ਪੰਜਾਬੀ ਹੈ, ਨੂੰ ਨਾ ਪ੍ਰਵਾਨ ਹੋਣਾ (ਫ੍ਰੀ ਸੁਸਾਇਟੀ), ਠਾਕੁਰ ਸਿੰਘ ਵਰਗਿਆਂ ਦਾ ਤੇਜੋ ਨੂੰ ਛੱਡ ਕੇ ਇੱਕ ਮੇਮ ਨਾਲ ਰਹਿ ਕੇ ਉਸ ਦੀ ਜਿਨਸੀ ਭੁੱਖ ਤੇ ਮਾਇਕ ਲੋੜ ਨੂੰ ਪੂਰਾ ਕਰਨਾ ਪਰ ਭਾਰਤੀ ਔਰਤ ਹੋਣ ਦੇ ਨਾਤੇ ਉਸ ਦੇ ਸਭ ਕੁਝ ਗਲਤ, ਤੇ ਝਾੜਾਂ ਝੰਬਾਂ ਨੂੰ ਪ੍ਰਵਾਨ ਕਰੀ ਜਾਣਾ (ਚਿਹਰੇ ਦੇ ਹਰਫ), ਏਧਰ ਜੰਮੇ, ਪਲਿਆਂ ਦਾ ਉਸ ਸੁਸਾਇਟੀ ਦੀਆਂ ਕਦਰਾਂ-ਕੀਮਤਾਂ ਅਪਨਾਉਣ ਵੱਲ ਵਧਣਾ, ਨਸਲੀ ਵਿਤਕਰਾ, ਰੱਜੇ-ਪੁੱਜੇ ਪਰ ਮੱਕਾਰ ਵਤਨੀਆਂ ਦਾ ਆਪਣੇ ਹੀ ਵਤਨੀਆਂ ਨੂੰ ਲੁੱਟਣਾ, ਧਰਮ ਦੀ ਆੜ ਥੱਲੇ ਲੁੱਟ; ਜ਼ਿਹਨੀ ਤੇ ਉਜਰਤੀ ਗੁਲਾਮੀ ਭੋਗਣਾ, ਪੁੱਤਾਂ ਦਾ ਗੋਰੀਆਂ ਨਾਲ ਘਰ ਵਸਾ ਕੇ ਅੱਡਰੇ ਵੱਸਣਾ ਤੇ ਮਾਂ-ਪਿਉ ਨੂੰ ਇਕੱਲਿਆਂ ਛੱਡ ਦੇਣਾ ਤੇ ਸਿੱਟੇ ਵਜੋਂ ਏਧਰਲੀ ਸਾਂਝ ਦਾ ਟੁੱਟਣਾ, ਉਥੇਂ ਦੀ ਲਿੰਗ-ਖੁੱਲ੍ਹ ਦਾ ਸ਼ਿਕਾਰ ਹੋ ਕੇ ਭਟਕਣਾ ਅਤੇ ਹੋਰ ਕਿੰਨੀਆਂ ਸਮੱਸਿਆਵਾਂ ਹਨ ਜੋ ਸਵਰਨ ਚੰਦਨ ਦੀਆਂ ਪਰਵਾਸੀ-ਜੀਵਨ ਨਾਲ ਸੰਬੰਧਿਤ ਕਹਾਣੀਆਂ ਦਾ ਵੱਥ ਬਣੀਆਂ ਹਨ।

ਜੇ 'ਫ੍ਰੀ ਸੁਸਾਇਟੀ' ਦੀ ਸੀਮਾਂ ਗਈ ਰਾਤ ਬਲੂ-ਫਿਲਮਾਂ ਦੇਖਦੀ ਹੈ, ਮੁੰਡਿਆਂ ਨਾਲ ਡੇਟਿੰਗ ਕਰਦੀ ਹੈ, ਡਾਕਟਰ ਕੋਲ 'ਪਿਲਜ਼' ਲੈਣ ਜਾਂਦੀ ਹੈ ਤਾਂ ਇਹ ਨਿਰਸੰਦੇਹ ਅੰਗਰੇਜ਼ੀ ਰਹਿਤਲ ਦਾ ਅਸਰ ਨੈ। ਇਸੇ ਲਈ ਉਹ ਕਹਿੰਦੀ ਹੈ, 'ਅਵਰ ਪੀਪਲ ਆਰ ਟੈਰੀਬਲੀ ਬੈਕਵਰਡ।' ਤਾਂ ਉਸ ਦੀ ਮਾਂ ਨੂੰ 'ਪਿਲਜ਼' ਦੀ ਗੱਲ ਸੁਣ ਕੇ ਦਿਲ ਦਾ ਦੌਰਾ ਪੈ ਜਾਂਦਾ ਹੈ। ਪੰਜਾਬੀ ਰਹਿਤਲ 'ਚ ਜੰਮੀ-ਪਲੀ ਮਾਂ ਧੀ ਨੂੰ 'ਪਿਲਜ਼' ਤੇ ਰਹਿਣ ਦੇਣਾ ਕਿਵੇਂ ਸਵੀਕਾਰ ਕਰ ਸਕਦੀ ਹੈ? ਸੀਮਾਂ ਦੇ ਮਾਂ-ਪਿਉ ਪੜ੍ਹੇ-ਲਿਖੇ ਤੇ ਅਗਾਂਹਵਧੂ ਹੁੰਦੇ ਹੋਏ ਵੀ ਇਸ ਤਰ੍ਹਾਂ ਦੀ ਫ੍ਰੀ-ਸੁਸਾਇਟੀ ਨੂੰ ਹਜ਼ਮ ਨਹੀਂ ਕਰ ਸਕਦੇ। ਇਸੇ ਤਰ੍ਹਾਂ 'ਅਗਲਾ ਕਦਮ' ਦੀ ਸੱਤੀ ਜੋ ਏਧਰ ਜੰਮੀ-ਨਿੰਮੀ ਹੈ ਤੇ ਉਥੇ ਜਾ ਕੇ ਅਜੇ ਹਜ਼ਮ ਨਹੀਂ ਹੋਈ ਪਰ ਉਸ ਰਹਿਤਲ ਵਿਚ ਰਚ ਜਾਣਾ ਤਾਂਘਦੀ ਜ਼ਰੂਰ ਹੈ, ਇਸੇ ਲਈ ਦੂਜੀਆਂ ਕੁੜੀਆਂ ਨੂੰ ਦੇਖ ਘੁੱਟੀ-ਘੁੱਟੀ ਤੇ ਉਦਾਸ ਰਹਿੰਦੀ ਹੈ ਤੇ ਆਪਣੀ ਰਹਿਤਲ ਬਾਰੇ ਆਖਦੀ ਹੈ-'ਨੋ ਵੂਈ ਸੈਲੀਬਰੇਟ ਅਵਰ ਡੈਥੱਸ' ਪਰ ਅਖੀਰ ਅਗਲਾ ਕਦਮ ਪੁੱਟਣ ਲੱਗਦੀ ਹੈ।

ਮਨੁੱਖੀ ਸੁਭਾਅ ਰਾਤੋ-ਰਾਤ ਨਹੀਂ ਬਦਲ ਜਾਂਦਾ। ਜੋ ਕਮੀਨਗੀ, ਧੋਖਾ-ਧੜੀ, ਲੁੱਟ-ਖਸੁੱਟ, ਫਰੇਬੀ ਸਾਡੇ ਸਮਾਜ ਦੇ ਇਕ ਵਰਗ ਦੇ ਸਮੁੱਚੇ ਚਲਣ ਦਾ ਹਿੱਸਾ ਹੈ ਉਹ 'ਵਾਦੜੀਆਂ ਸਜਾਦੜੀਆਂ' ਵਾਂਗ ਇੰਗਲੈਂਡ ਜਾ ਕੇ ਵੀ ਬਰਕਰਾਰ ਰਹਿੰਦਾ ਹੈ ਪਰ ਇਸ ਚਲਣ ਦਾ ਹਥਿਆਰ ਚਲਦਾ ਆਪਣੇ ਵਤਨੀਆਂ ਉੱਪਰ ਹੀ ਹੈ। 'ਬੇਨਕਾਬ ਚਿਹਰੇ' ਵਿਚਲੇ ਪ੍ਰੇਮ ਸਿੰਘ ਨੂਰ ਤੇ ਨਿਰਮਲ ਦੀਪਕਾ ਨਾਲ ਇੰਝ ਹੀ ਤਾਂ ਕਰਦੇ ਹਨ। ਇਸੇ ਤੱਥ ਦਾ ਇਕ ਹੋਰ ਪਹਿਲੂ ਹੈ ਧਰਮ ਦੇ ਨਾਂ 'ਤੇ ਲੁੱਟ-ਖਸੁੱਟ। ਇਹ ਅਸਾਡੇ ਦੇਸ਼ ਵਿਚ ਹੀ ਹੈ। ਧਾਮਾਂ ਦੇ ਨਾਂ 'ਤੇ ਪੈਸਾ ਇਕੱਠਾ ਕੀਤਾ ਜਾਂਦਾ ਹੈ; ਲੋਕਾਂ ਨੂੰ ਆਪਸ ਵਿਚ ਲੜਾਕੇ 'ਕੁਰਸੀ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਚਾਈ ਜਾਂਦੀ ਹੈ; ਫੌਜੀਆਂ, ਨੀਮ ਫੌਜੀਆਂ ਨੂੰ ਧਰਮ-ਸੰਕਟ ਦਿਖਾ ਕੇ ਗੋਲੀਆਂ ਅੱਗੇ ਡਾਹਿਆ ਜਾਂਦਾ ਹੈ ਤੇ ਇੰਗਲੈਂਡ ਵਿਚ ਧਰਮ ਅਸਥਾਨਾਂ ਤੇ ਸਕੂਲਾਂ, ਕਾਲਿਜਾਂ ਲਈ ਦਾਨ ਦੇ ਨਾਂ ਉਤੇ ਪੌਂਡ ਬਟੋਰੇ ਜਾਂਦੇ ਹਨ। ਇਸੇ ਲਈ ਤਾਂ 'ਮੈਨ ਆਫ ਐਕਸ਼ਨ' ਵਿਚਲਾ ਬਹਿਲ 'ਐਕਸ਼ਨ' ਵਿਚ ਆਉਂਦਾ ਹੈ।

ਜਿਥੋਂ ਤਕ ਨਸਲੀ ਵਿਤਕਰੇ ਦਾ ਸੰਬੰਧ ਹੈ ਉਹ ਤਾਂ ਹੈ ਹੀ ਜਿਸ ਨੂੰ ਚੰਦਨ 'ਲਹੂ-ਪਾਣੀ' ਵਿਚ ਬਖੂਬੀ ਨਿਭਾਉਂਦਾ ਹੈ ਪਰ ਇਕ ਹੋਰ ਤਨਾਉ ਹੈ ਜੋ ਉਥੋਂ ਦੀ ਰਹਿਤਲ ਨੇ ਪਰਵਾਸੀ ਲੋਕਾਂ ਦੇ ਆਪਣੇ ਘਰਾ ਵਿਚ ਪੈਦਾ ਕੀਤਾ ਹੈ। ਅੰਗਰੇਜ਼ੀ ਪਰਿਵਾਰ ਤਾ ਵਿਗਠਿਤ ਹੈ ਹੀ। ਉਥੇ ਰਹਿੰਦਿਆਂ ਸਾਡੇ ਪਰਿਵਾਰ ਵੀ ਵਿਗਠਿਤ ਹੋ ਰਹੇ ਹਨ। 'ਖਾਲੀ ਪਲਾਂ ਦੀ ਸਾਂਝ' ਜੋ ਇਸ ਸੰਗ੍ਰਹਿ ਦੀ ਪ੍ਰਤਿਨਿਧ ਕਹਾਣੀ ਹੈ, ਵਿਚ ਅਮਰ ਸਿੰਘ ਦਾ ਪੁੱਤਰ ਰਵੇਲ ਇਕ ਗੋਰੀ ਨਾਲ ਵਿਆਹ ਕਰਵਾ ਕੇ ਮਾਂ-ਪਿਉ ਨਾਲੋਂ ਵੱਖਰਾ ਰਹਿਣ ਲੱਗ ਜਾਂਦਾ ਹੈ। ਰਵੇਲ ਜਿਸ ਨੇ ਮਾਂ-ਪਿਉ ਦੀ ਡੰਗੋਰੀ ਬਣਨਾ ਸੀ ਤੇ ਜਿਸ ਦੇ ਮਾਂ-ਪਿਉ ਨੂੰ ਕੋਈ ਸਿੜ੍ਹੀ ਨੂੰ ਮੋਢਾ ਲਾਉਣ ਵਾਲਾ ਹੋਣਾ ਸੀ, ਨਹੀਂ ਹੁੰਦਾ। ਸਿੱਟੇ ਵਜੋਂ ਪੈਨਸ਼ਨ 'ਤੇ ਗੁਜ਼ਾਰਾ ਕਰਦੇ ਬੁੱਢਾ-ਬੁੱਢੀ 'ਖਾਲੀ-ਪਲ' ਹੰਢਾਉਣ ਲਈ ਮਜਬੂਰ ਹਨ। ਮਾਂ, ਮਾਂ ਹੋਣ ਦੇ ਨਾਤੇ ਕੁਝ ਵਧੇਰੇ ਹੀ ਉਦਾਸ ਹੈ। ਉਹ ਜਦੋਂ ਇਸ ਦਾ ਪ੍ਰਗਟਾਵਾ ਅਮਰ ਸਿੰਘ ਕੋਲ ਕਰਦੀ ਹੈ ਤਾਂ ਉਹ ਆਖਦਾ ਹੈ "ਵੇਖ ਕਮਲੀਏ ਇਹ ਇੰਗਲੈਂਡ ਆ ਇੰਗਲੈਂਡ। ਏਥੇ ਬੁਢਾਪੇ ਦੀ ਡੰਗੋਰੀ ਪੁੱਤ ਧੀਆਂ ਨੀ ਹੁੰਦੇ। ਏਥੇ ਡੰਗੋਰੀ ਹੁੰਦੇ ਆ ਹੁੰਦੇ ਆਹ ਰਾਣੀ ਦੇ ਨੋਟ" ਤਾਂ ਉਹ ਸਮੁੱਚੇ ਅੰਗਰੇਜ਼ੀ ਪੂੰਜੀਵਾਦ ਤੇ ਉਸ ਦੇ ਪੌਂਡਾਂ ਦੇ ਉਜਰਤੀ ਤੇ ਜ਼ਿਹਨੀ ਗੁਲਾਮਾਂ ਦਾ ਕ੍ਰਿਟੀਕ ਪੇਸ਼ ਕਰ ਜਾਂਦਾ ਹੈ। ਇਹ ਉਸ ਦੀਆਂ ਸਾਰੀਆਂ ਕਹਾਣੀਆਂ ਦੀ ਸਿਫਤ ਹੈ ਕਿ ਚੰਦਨ ਉਥੋਂ ਦੇ ਪਰਵਾਸੀ ਜੀਵਨ ਦਾ ਚਰਚਾ ਜਾਂ ਵਰਣਨ ਨਹੀਂ ਕਰਦਾ ਸਗੋਂ ਇਸ ਨੂੰ ਇਕ ਸਾਰਥਕ ਸੋਚ ਤੋਂ ਵਿਸ਼ਲੇਸ਼ਿਤ ਕਰਦਾ ਹੋਇਆ ਹੱਡੀਂ ਹੰਢਾਏ ਸੱਚ ਵਾਂਗ ਪੇਸ਼ ਕਰਦਾ ਹੈ। ਬਿਲਾਸ਼ੱਕ, ਇਸ ਸੱਚ ਵਿਚ ਕੁੜਿੱਤਣ ਹੈ, ਇਕ ਅਜਿਹੀ ਕੁੜਿੱਤਣ ਜੋ ਹਰ ਸੂਖਮਭਾਵੀ ਪਰਵਾਸੀ ਨੂੰ ਮਜਬੂਰਨ ਨਿਗਲਣੀ ਪੈਂਦੀ ਹੈ।

ਸਵਰਨ ਚੰਦਨ ਨੇ ਜੋ ਏਧਰਲੇ ਪੰਜਾਬ ਬਾਰੇ ਕਹਾਣੀਆਂ ਲਿਖੀਆਂ ਹਨ ਉਹ ਵੀ ਉਸ ਦੀ ਚੇਤੰਨ ਤੇ ਵਿਗਿਆਨਕ ਸੋਚ ਦੀਆਂ ਲਖਾਇਕ ਹਨ। ਇਹ ਵੀ ਉਸ ਦੇ ਹੱਡੀਂ ਰਚਿਆ ਸੱਚ ਹੈ। ਓਧਰ ਜੇ ਜਿਨਸੀ ਸੰਬੰਧਾਂ ਦੀ ਖੁੱਲ ਹੈ ਤਾਂ ਏਧਰ ਮਜਬੂਰੀ। ਚਾਹੇ ਉਹ 'ਕਣਕ ਦੀ ਬੋਰੀ' ਵਿਚਲੀ ਰੇਸ਼ਮੋ ਦੀ ਆਰਥਿਕ ਮਜਬੂਰੀ ਕਰਕੇ, ਜਾਂ 'ਉਹ ਔਰਤ' ਵਿਚਲੀ ਕਿਸੇ ਜਿਸਮਾਨੀ ਭੁੱਖ ਜਾਂ ਹੋਰ ਕਾਰਨਾਂ ਕਰਕੇ ਹੁੰਦੀ ਹੈ। ਹੈ ਇਹ ਔਰਤ ਦਾ ਮਰਦ ਹੱਥੋਂ ਸ਼ੋਸ਼ਨ ਹੀ। ਇਹ ਸ਼ੋਸ਼ਨ ਨਿਰਾ ਜਿਨਸੀ ਨਹੀਂ ਹੋਰ ਵੀ ਹਰ ਤਰ੍ਹਾਂ ਦਾ ਹੈ। 'ਸਾਬਨ-ਦਾਨੀ' ਵਿਚ ਘੱਟ ਦਾਜ ਜਾਂ ਛੋਟੇ ਘਰ ਦੀ ਹੋਣ ਕਾਰਨ ਤੇਜੋ ਆਪਣੀ ਸੱਸ ਦੇ ਸ਼ੋਸ਼ਨ ਦਾ ਸ਼ਿਕਾਰ ਹੈ। ਸੁੱਕੇ ਟੁੱਕਰ ਵਿਚ ਕਿਸੇ ਕਾਰਨ ਨੂੰਹ ਆਪਣੇ ਸਹੁਰੇ ਦੀ ਜਿਨਸੀ ਭੁੱਖ ਦਾ ਸ਼ਿਕਾਰ ਹੁੰਦੀ ਹੈ। ਇਹ ਲੁੱਟ ਔਰਤ ਦੀ ਮਰਦ ਹੱਥੋਂ ਜਾਂ ਔਰਤ ਦੀ ਔਰਤ ਹੱਥੋਂ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਸਗੋਂ ਕਾਮੇ ਦੀ ਜ਼ਮੀਦਾਰ ਜਾਂ ਕਾਰਖਾਨੇ ਦੇ ਮਾਲਕ ਹੱਥੋਂ ਵੀ ਹੋ ਰਹੀ ਹੈ। ('ਬਾਹਰਲੇ ਬੰਦੇ' ਤੇ 'ਗਰਾਈਂਡਰ') ਮੱਧ ਵਰਗੀ ਜਾਂ ਅਖੌਤੀ ਉੱਚ ਸ਼ਰੇਣੀ ਵਾਲੇ ਆਪਣੀ ਟੈਂ ਰੱਖਣ ਲਈ ਆਪਣੇ ਤੋਂ ਨੀਵੇਂ ਪ੍ਰਤੀ ਘ੍ਰਿਣਾ ਰਖਦੇ ਹਨ (ਟਕੇ ਟਕੇ ਦੇ ਬੰਦੇ) ਗਰਾਈਂਡਰ ਦਾ ਮਾਲਕ ਇਕ ਪਾਸੇ ਆਪਣੇ ਕਾਮਿਆਂ ਦੀ ਉਜਰਤ ਦੀ ਲੁੱਟ ਕਰਦਾ ਹੈ ਤੇ ਦੂਜੇ ਪਾਸੇ ਹੇਰਾ-ਫੇਰੀਆਂ ਕਰਕੇ ਪੈਸਾ ਬਣਾਉਂਦਾ ਹੈ। ਓਧਰ ਜੋ ਨਸਲੀ ਵਿਤਕਰਾ ਹੈ ਤਾਂ ਏਧਰ ਜਾਤੀ। ਉਚੀ ਜਾਤ ਵਾਲਿਆਂ ਲਈ ਚੌਧਰੀ ਚਰਾਗ, 'ਚੂਹੜਾ ਚਰਾਗ' ਹੈ ਪਰ ਚੰਦਨ ਇਸ ਅਮਨੁੱਖੀ ਵਰਤਾਰੇ ਪ੍ਰਤੀ ਸੁਚੇਤ ਹੈ।

ਉਸ ਦੀ ਇਕੱਲੀ-ਇਕੱਲੀ ਕਹਾਣੀ ਬਾਰੇ ਚਰਚਾ ਕਰਨੀ ਹੋਵੇ ਤਾਂ ਬਹੁਤ ਕੁਝ ਕਿਹਾ ਜਾ ਸਕਦਾ ਹੈ। ਉਸ ਦੀਆਂ ਕਹਾਣੀਆਂ ਦੀ ਖੂਬਸੂਰਤੀ ਹੀ ਇਹੋ ਹੈ ਕਿ ਇਕੱਲੀ ਇਕੱਲੀ ਕਹਾਣੀ ਵਿਚ ਕਥਾ-ਅੰਸ ਦੀ ਇਕ ਇਕ ਤੰਦ ਹੋਣ ਦੇ ਬਾਵਜੂਦ ਆਪਣੇ ਭਾਵ-ਸੰਸਾਰ ਵਜੋਂ ਇਹ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਹਨ। ਇਹਨਾਂ ਪਰਤਾਂ ਤੇ ਦਿਸ਼ਾਵਾਂ ਨੂੰ ਇਹੋ ਵਿਚਕਾਰਲੀ ਤੰਦ ਜੋੜੀ ਰੱਖਦੀ ਹੈ। ਇਹ ਸੰਗ੍ਰਿਹ ਇੱਕੋ ਬੈਠਕ ਵਿਚ ਪੜ੍ਹਿਆ ਜਾਣ ਵਾਲਾ ਨਹੀਂ ਪੜ੍ਹਿਆ ਜਾ ਹੀ ਨਹੀਂ ਸਕਦਾ, ਟੋਟੇ-ਟੋਟੇ, ਕਹਾਣੀ-ਕਹਾਣੀ ਕਰਕੇ ਪੜ੍ਹਿਆ ਜਾਣ ਵਾਲਾ ਹੈ ਤੇ ਪੜ੍ਹਿਆ ਜਾ ਸਕਦਾ ਹੈ। ਕਿਉਂ ਜੋ ਇਕੱਲੀ-ਇਕੱਲੀ ਕਹਾਣੀ ਪਾਠਕ ਨੂੰ ਵੱਖ ਵੱਖ ਕਿਸਮ ਦੇ ਤਣਾਵਾਂ ਵਿਚ ਪਾਉਂਦੀ ਹੈ। ਸਮੁੱਚੀਆਂ ਕਹਾਣੀਆਂ ਤੋਂ ਲੇਖਕ ਦੀ ਸਮਾਜ ਬਾਰੇ ਦਵੰਦਵਾਦੀ ਵਿਗਿਆਨਿਕ ਸੋਚ ਨਿੱਖਰ ਕੇ ਸਾਹਮਣੇ ਆਉਂਦੀ ਹੈ ਪਰ ਉਹ ਕਿਧਰੇ ਵੀ ਬਿਆਨੀਆਂ ਤਰਜ ਵਿਚ ਇਸ ਦਾ ਕੋਈ ਕਥਨ' ਨਹੀਂ ਕਰਦਾ। ਉਸ ਦੀ ਇਹ ਸੋਚ ਉਸਦੀਆਂ ਕਹਾਣੀਆਂ ਵਿਚ ਪੇਸ਼ ਵਸਤੂ ਤੋਂ ਹੀ ਅੰਗੀ ਜਾ ਸਕਦੀ ਹੈ।

ਇਕ ਇਕਹਿਰੀ ਜੁਗਤ ਵਾਲੀਆਂ ਕਹਾਣੀਆਂ ਵਿਚ ਉਸ ਦੀ ਬੋਲੀ ਵੀ ਇਕਹਿਰੀ ਜੁਗਤ ਵਾਲੀ ਸਪੱਸ਼ਟ ਤੇ ਸੰਜਮ ਵਾਲੀ ਹੈ। ਇਸੇ ਸਪੱਸ਼ਟਤਾ ਤੇ ਸੰਜਮ ਰਾਹੀਂ ਉਹ ਜ਼ਿੰਦਗੀ ਦੀਆਂ ਅਨੇਕ ਪਰਤਾਂ ਦਾ ਸੰਚਾਰ ਕਰਦਾ ਹੈ। ਕਿਧਰੇ ਕਿਧਰੇ ਕੁਝ ਇਸ ਤਰ੍ਹਾਂ ਦੇ ਕਥਨ ਕਿ 'ਅਸਾਂ ਭਾਰਤੀ ਆਦਿ ਕੁਝ ਓਪਰੇ ਤੇ ਬੇਲੋੜੇ ਜਾਪਦੇ ਹਨ। ਪਰ ਗਹੁ ਨਾਲ ਜਦੋਂ ਇਸ ਤਰ੍ਹਾਂ ਦੇ ਕਥਨਾਂ ਨੂੰ ਕਹਾਣੀ ਦੇ ਪ੍ਰਸੰਗ ਵਿਚ ਰੱਖ ਕੇ ਵੇਖੀਏ ਤਾਂ ਦਰੁਸਤ ਤੇ ਬਾਮਾਅਨੀ ਹਨ। ਹਾਂ, ਕਹਾਣੀਆਂ ਦੇ ਅੰਤ ਉੱਤੇ ਇਹਨਾਂ ਦੇ ਨਾਵਾਂ ਨੂੰ ਸਾਰਥਕ ਬਣਾਉਣ ਲਈ ਕੀਤੇ ਕਥਨ ਜ਼ਰੂਰ ਅੱਖਰਦੇ ਹਨ ਕਿਉਂ ਜੁ ਕਹਾਣੀ ਹੀ ਆਪਣੇ ਆਪ ਵਿਚ ਏਨੀ ਮੁਕੰਮਲ ਹੁੰਦੀ ਹੈ ਕਿ ਉਸ ਦੇ ਨਾਂ ਨੂੰ ਸਾਰਥਕ ਬਣਾਉਣ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਸਮੁੱਚੇ ਤੌਰ ਤੇ ਸਵਰਨ ਚੰਦਨ ਦਾ ਇਹ ਤੀਜਾ ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਦੇ ਖੇਤਰ ਵਿਚ ਇਕ ਨਿੱਗਰ ਵਾਧਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਤਰੰਜ : ਇਕ ਅਧਿਐਨ

—ਬ੍ਰਹਮ ਜਗਦੀਸ਼ ਸਿੰਘ

ਸਵਰਨ ਚੰਦਨ ਦਾ ਨਾਮ ਪਰਵਾਸੀ ਪੰਜਾਬੀ ਗਲਪਕਾਰਾਂ ਵਿਚ ਬੜਾ ਉੱਘਾ ਅਤੇ ਵਿਸ਼ੇਸ਼ ਹੈ। 'ਸ਼ਤਰੰਜ' ਵਿਚ ਉਸਦੇ, ਤਿੰਨ ਲਘੂ ਨਾਵਲ ਸੰਕਲਿਤ ਹਨ—'ਹਸਤਰੇਖਾ' 'ਸ਼ਤਰੰਜ' ਅਤੇ 'ਅਤੀਤ'। ਇਨ੍ਹਾਂ ਲਘੂ ਨਾਵਲਾਂ ਦੇ ਮਾਧਿਅਮ ਦੁਆਰਾ ਉਸਨੇ ਪੰਜਾਬੀ ਸਭਿਆਚਾਰ ਦੇ ਪਾਸਾਰ ਨੂੰ ਇਸ ਦੇ ਗਤੀਸ਼ੀਲ ਅਤੇ ਜੀਵੰਤ ਰੂਪ ਵਿਚ ਪਕੜਨ ਦੇ ਬੜੇ ਸੁਹਿਰਦ ਪ੍ਰਯਤਨ ਕੀਤੇ ਹਨ।

ਵਿਚਾਰਾਧੀਨ ਪੁਸਤਕ ਵਿਚ ਸੰਕਲਿਤ ਪਹਿਲਾ ਲਘੂ-ਨਾਵਲ 'ਹਸਤ ਰੇਖਾ' ਇਕ ਵਿਅਕਤੀ ਬੀ. ਪੀ. ਸਿੰਘ ਉਰਫ਼ ਬ੍ਰਹਮ ਪ੍ਰਕਾਸ਼ ਸਿੰਘ ਚਤਰਥ ਐਡਵੋਕੇਟ ਦੇ ਉਲਾਰਾਂ ਅਤੇ ਅੰਧ ਵਿਸ਼ਵਾਸ਼ਾਂ ਦੀ ਪੇਸ਼ਕਾਰੀ ਕਰਦਾ ਹੈ। ਬੀ. ਪੀ. ਸਿੰਘ ਦਾ ਹਸਤਰੇਖਾਵਾਂ ਵਿਚ ਅੰਨ੍ਹਾ ਵਿਸ਼ਵਾਸ਼ ਹੈ। ਉਸ ਉਤੇ ਸਦਾ ਇਹੀ ਧੁਨ ਸਵਾਰ ਰਹਿੰਦੀ ਹੈ ਕਿ ਕਦੋਂ ਉਸਦੀ ਧਨ-ਰੇਖਾ ਅੱਗੇ ਵਧੇ ਅਤੇ ਉਹ ਲੱਖਪਤੀ ਬਣ ਜਾਵੇ। ਲੱਖਪਤੀ ਬਣਨ ਦੇ ਜਾਨੂੰਨ ਵਿਚ ਉਹ ਆਪਣੀ ਕਿਸੇ ਹੋਣ ਵਾਲੀ ਬੀਵੀ ਤੋਂ ਵੀ ਲੱਖ ਡੇਢ ਲੱਖ ਰੁਪਏ ਲੈਣ ਦੀ ਆਸ ਲਗਾਈ ਬੈਠਾ ਹੈ। ਉਹ ਆਪਣੇ ਆਲੇ ਦੁਆਲੇ ਵਿਚਰਣ ਵਾਲੇ ਅਤੇ ਆਪਣੇ ਉਪਰ ਨਿਰਭਰ ਲੋਕਾਂ ਉਪਰ ਸ਼ੋਸ਼ਣ ਕਰਨੋਂ ਵੀ ਕਦੇ ਨਹੀਂ ਚੁੱਕਦਾ। ਆਖ਼ਰ ਉਹ ਇੰਗਲੈਂਡ ਚਲਾ ਜਾਂਦਾ ਹੈ। ਲੱਖਪਤੀ ਬਣਨ ਦੀ ਆਰਜ਼ੂ ਵਿਚ ਉਹ ਉਥੇ ਦਿਨ ਰਾਤ ਇਕ ਕਰ ਦਿੰਦਾ ਹੈ। ਪਰੰਤੂ ਇਥੇ ਹੀ ਇਕ ਦਿਨ ਉਹ ਹਾਰਟ ਫੇਲ੍ਹ ਹੋ ਕੇ ਮਰ ਜਾਂਦਾ ਹੈ।

'ਸ਼ਤਰੰਜ' ਇਕ ਪ੍ਰੇਮ-ਕਹਾਣੀ ਹੈ। ਹਿੰਦੂ ਮਾਂ-ਬਾਪ ਦੀ ਇਕ ਕੁੜੀ ਤ੍ਰਿਪਤਾ ਇਕ ਸਿੱਖ ਨੌਜਵਾਨ ਜਤਿੰਦਰ ਨੂੰ ਪਿਆਰ ਕਰਨ ਲਗਦੀ ਹੈ। ਦੋਵੇਂ ਪਰਿਵਾਰ ਨਿਮਨ ਮੱਧ ਸ਼੍ਰੇਣੀ ਨਾਲ ਸੰਬੰਧ ਰੱਖਦੇ ਹਨ। ਦੋਵੇਂ ਇਕ ਦੂਜੇ ਨਾਲ ਸੱਕਿਆਂ ਵਾਂਗ ਵਰਤਦੇ ਹਨ। ਪਰ ਜਦੋਂ ਵਿਆਹ ਦਾ ਸਵਾਲ ਸਾਹਮਣੇ ਆਉਂਦਾ ਹੈ ਤਾਂ ਤ੍ਰਿਪਤਾ ਦੀ ਮਾਂ ਜਤਿੰਦਰ ਦੀ ਮਾਂ ਨੂੰ ਕੋਰਾ ਜਵਾਬ ਦੇ ਦਿੰਦੀ ਹੈ। ਮਾਯੂਸ ਹੋ ਕੇ ਜਤਿੰਦਰ ਇੰਗਲੈਂਡ ਚਲਾ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤ੍ਰਿਪਤਾ ਦਾ ਵਿਆਹ ਇਕ ਹਿੰਦੂ ਪਰਿਵਾਰ ਵਿਚ ਕਰ ਦਿੱਤਾ ਜਾਂਦਾ ਹੈ। ਇੱਥੇ ਤ੍ਰਿਪਤਾ ਦਾ ਸਹੁਰਾ, ਤ੍ਰਿਪਤਾ ਨੂੰ ਆਪਣੀ ਵਾਸ਼ਨਾ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ। ਸਿੱਟੇ ਵਜੋਂ ਤ੍ਰਿਪਤਾ ਆਪਣੇ ਵਿਆਹ ਤੋਂ ਕੁਝ ਦਿਨਾਂ ਮਗਰੋਂ ਹੀ ਪੇਕੇ ਪਰਤ ਆਉਂਦੀ ਹੈ। ਜਤਿੰਦਰ ਤਿੰਨ-ਚਾਰ ਵਰ੍ਹੇ ਆਪਣੇ ਘਰ ਵਾਲਿਆਂ ਨੂੰ ਰੁਪਏ-ਪੈਸੇ ਭੇਜਕੇ ਉਨ੍ਹਾਂ ਦਾ ਆਰਥਿਕ ਪੱਧਰ ਬਹੁਤ ਉਚਾ ਕਰ ਦਿੰਦਾ ਹੈ। ਆਖ਼ਰ ਆਪਣੀ ਭੈਣ ਚੰਨੀ ਦੀ ਸ਼ਾਦੀ ਦੇ ਸਿਲਸਿਲੇ ਵਿਚ ਉਹ ਪੰਜਾਬ ਆਉਂਦਾ ਹੈ। ਆਪਣੀ ਮਾਂ ਤੋਂ ਤ੍ਰਿਪਤਾ ਦੀ ਦੁੱਖਭਰੀ ਕਹਾਣੀ ਸੁਣਕੇ ਉਹ ਤਜਵੀਜ਼ ਰੱਖਦਾ ਹੈ ਕਿ ਉਹ ਤ੍ਰਿਪਤਾ ਨਾਲ ਵਿਆਹ ਕਰ ਲਵੇਗਾ ਪਰ ਹੁਣ ਉਸਦੀ ਮਾਂ ਨਹੀਂ ਮੰਨਦੀ। ਆਖ਼ਰ ਜਤਿੰਦਰ ਆਪਣੀ ਮਾਂ ਜਾਂ ਸਮਾਜ ਦੇ ਹੱਥਾਂ ਵਿਚ ਮੋਹਰਾ ਬਣ ਕੇ ਜੀਣ ਨਾਲੋਂ ਆਪ ਸ਼ਤਰੰਜ ਖੇਲਣ ਦਾ ਫ਼ੈਸਲਾ ਕਰ ਲੈਂਦਾ ਹੈ ਅਤੇ ਤ੍ਰਿਪਤਾ ਨੂੰ ਆਪਣੀ ਪਤਨੀ ਬਣਾ ਕੇ ਘਰ ਲੈ ਆਉਂਦਾ ਹੈ।

ਤੀਸਰੇ ਅਤੇ ਅੰਤਿਮ ਲਘੂ-ਨਾਵਲ 'ਅਤੀਤ' ਵਿਚ ਇਕ ਖ਼ੂਬਸੂਰਤ ਮੁਟਿਆਰ 'ਜਸਵਿੰਦਰ' ਦੀ ਕਹਾਣੀ ਹੈ। ਜਸਵਿੰਦਰ ਦਾ ਪਿਤਾ ਇਕ ਜ਼ਿੱਦੀ ਅਤੇ ਬੇਵਕੂਫ਼ ਕਲਰਕ ਹੈ। ਉਸ ਪਾਸ ਕੋਈ ਜਾਗੀਰ ਨਹੀਂ ਸੀ ਪਰ ਕਿਉਂਕਿ ਉਸਦੀ ਪਾਲਣਾ ਜਾਗੀਰਦਾਰਾਂ ਦੇ ਘਰ ਹੋਈ ਸੀ। ਇਸ ਲਈ ਉਹ ਆਪਣੇ ਆਪ ਨੂੰ ਜਾਗੀਰਦਾਰ ਸਮਝਦਾ ਅਤੇ ਦੱਸਦਾ ਹੈ। ਜਸਵਿੰਦਰ ਉਸਦੀ ਸਭ ਤੋਂ ਵੱਡੀ ਧੀ ਹੈ। ਉਹ ਸਦਾ ਇਹੀ ਕਹਿੰਦਾ ਹੈ ਕਿ ਉਹ ਇਸਦਾ ਵਿਆਹ ਕਿਸੇ ਵੱਡੇ ਜਾਗੀਰਦਾਰ ਜਾਂ ਕਿਸੇ ਆਈ. ਏ. ਐਸ. ਅਫ਼ਸਰ ਨਾਲ ਕਰੇਗਾ। ਜਸਵਿੰਦਰ ਤੋਂ ਛੋਟੀ 'ਸਤਿਨਾਮ' ਦਾ ਵਿਆਹ ਹੋ ਜਾਂਦਾ ਹੈ, ਉਸਤੋਂ ਛੋਟੀ 'ਪ੍ਰੀਤੀ' ਕਿਸੇ ਮੁੰਡੇ ਨਾਲ ਮਨਮਰਜ਼ੀ ਦੀ ਸ਼ਾਦੀ ਕਰਵਾ ਲੈਂਦੀ ਹੈ ਪਰ ਜਸਵਿੰਦਰ ਵਿਚਾਰੀ ਤੀਹਾਂ ਤੋਂ ਟੱਪਕੇ ਵੀ ਉਂਜ ਹੀ ਕੁਆਰੀ ਬੈਠੀ ਰਹਿੰਦੀ ਹੈ। ਉਹ ਆਪਣੇ ਮਾਂ-ਬਾਪ ਅਤੇ ਇਥੋਂ ਤਕ ਕਿ ਆਪਣੇ ਆਪ ਨੂੰ ਵੀ ਨਫ਼ਰਤ ਕਰਨ ਲੱਗਦੀ ਹੈ। ਆਖ਼ਰ ਉਸਦਾ ਵਿਆਹ ਕੈਨੇਡਾ ਦੇ ਇਕ ਦੁਹਾਜੂ ਨਾਲ ਹੋ ਜਾਂਦਾ ਹੈ। ਹੁਣ ਉਹ ਪੂਰੀ ਤਰ੍ਹਾਂ ਸੰਤੁਸ਼ਟ ਅਤੇ ਸੰਤੁਲਿਤ ਹੋ ਜਾਂਦੀ ਹੈ। ਉਹ ਨਾ ਤਾਂ ਆਪਣੇ ਅਤੀਤ ਨਾਲ ਨਫ਼ਰਤ ਕਰਦੀ ਹੈ ਅਤੇ ਨਾ ਹੀ ਇਸਦੇ ਸ਼ਕ ਅਨਾਵ-ਮੋਹ ਵਿਚ ਫ਼ਸਕੇ ਆਪਣੇ ਵਰਤਮਾਨ ਨੂੰ ਧੁੰਆਂਖਣ ਦੀ ਕੁਚੇਸ਼ਟਾ ਕਰਦੀ ਹੈ। ਇਸਤਰ੍ਹਾਂ ਇਕ ਨਵੀਂ 'ਜਸਵਿੰਦਰ' ਦਾ ਜਨਮ ਹੁੰਦਾ ਹੈ।

ਸਵਰਨ ਚੰਦਨ ਦੇ ਇਨ੍ਹਾਂ ਤਿੰਨੇ ਲਘੂ-ਨਾਵਲਾਂ ਦਾ ਇਕ ਮੁਸਲਸਲ ਵਿਸ਼ੈ (recurrenttheme) ਸਵਦੇਸ਼ ਬਨਾਮ ਪਰਦੇਸ ਹੈ। ਉਸ ਦੇ ਹਰ ਨਾਵਲ ਵਿਚ ਮੁਖ-ਪਾਤਰ ਪਹਿਲਾਂ ਭਾਰਤ ਦਾ ਵਸਨੀਕ ਵਿਖਾਇਆ ਗਿਆ ਹੈ। ਭਾਰਤ ਵਿਚ ਰਹਿੰਦਿਆਂ ਉਹ ਕਾਫ਼ੀ ਰੂੜ੍ਹੀਵਾਦੀ ਜ਼ਿੰਦਗੀ ਜਿਉਂ ਰਿਹਾ ਹੁੰਦਾ ਹੈ। ਫਿਰ ਅਚਾਨਕ ਉਹ ਪਰਦੇਸ ਚਲਾ ਜਾਂਦਾ ਹੈ। ਉਥੇ ਪਹੁੰਚ ਕੇ ਨਾ ਕੇਵਲ ਉਸਦੀ ਆਰਥਿਕ ਸਥਿਤੀ ਹੀ ਸੁਧਰ ਜਾਂਦੀ ਹੈ ਬਲਕਿ ਉਹ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਲੈਸ ਹੋ ਕੇ ਮਨੁੱਖਵਾਦੀ ਕਦਰਾਂ-ਕੀਮਤਾਂ ਉਪਰ ਵੀ ਡੱਟ ਕੇ ਪਹਿਰਾ ਦੇਣ ਲੱਗਦਾ ਹੈ। 'ਹਸਤਰੇਖਾ' ਦੇ ਸੁਰਿੰਦਰ, 'ਸ਼ਤਰੰਜ' ਦੇ ਜਤਿੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ 'ਅਤੀਤ' ਦੀ ਜਸਵਿੰਦਰ ਦਾ ਕੁਝ ਇਹੋ ਜਿਹਾ ਕਾਇਆ-ਕਲਪ ਹੀ ਲੇਖਕ ਨੇ ਕੀਤਾ ਹੈ। ਅਸਲ ਵਿਚ ਅਜਿਹੇ ਕਾਇਆ ਕਲਪ ਦਾ ਸੰਬੰਧ ਲੇਖਕ ਦੇ ਆਪਣੇ ਜੀਵਨੀਪਰਕ ਵੇਰਵਿਆਂ ਨਾਲ ਜੁੜਿਆ ਹੋਇਆ ਹੈ। ਸਵਰਨ ਚੰਦਨ ਵਰਗੇ ਗੰਭੀਰ ਲੇਖਕ ਨੂੰ ਨਿੱਜੀ ਜੀਵਨ ਦੇ ਵੇਰਵਿਆਂ ਤੋਂ ਉੱਪਰ ਉੱਠ ਕੇ ਕੁਝ ਵੱਖਰਾ ਅਤੇ ਸਾਰਥਿਕ ਸਿਰਜਣ ਦੀ ਜ਼ਰੂਰਤ ਹੈ।

ਸਵਰਨ ਚੰਦਨ ਦੀ ਨਾਵਲ ਨਿਗਾਰੀ ਦਾ ਇਕ ਹੋਰ ਪਹਿਚਾਨਣਯੋਗ ਨੁਕਤਾ ਅਭਿਵਿਅਕਤੀ/ਸ਼ਿਲਪ ਪ੍ਰਤੀ ਉਸਦਾ ਰਵਾਇਤੀ ਹੋਣਾ ਹੈ। ਆਪਣੇ ਅਨੁਭਵ ਨੂੰ ਸਟੀਕ ਰੂਪ ਵਿਚ ਅਭਿਵਿਅਕਤ ਕਰਨ ਲਈ ਉਹ ਸ਼ਿਲਪ ਨਾਲ ਜੂਝਦਾ ਨਹੀਂ। ਨਾ ਉਹ ਅਭਿ-ਵਿਅਕਤੀ ਨਾਲ ਸੰਘਰਸ਼ ਕਰਕੇ ਆਪਣੇ ਨਾਵਲ ਜਗਤ ਨੂੰ ਵਿਸ਼ਿਸ਼ਟ ਸੰਸਕਾਰ ਪ੍ਰਦਾਨ ਕਰਨ ਲਈ ਯਤਨਸ਼ੀਲ ਹੁੰਦਾ ਹੈ। ਵਧੇਰੇ ਅਤੇ ਕਾਹਲੀ ਲਿਖਣ ਦੇ ਉਤਸ਼ਾਹ ਵਿਚ ਉਹ ਆਪਣੇ ਅਨੁਭਵ ਅਤੇ ਵਿਅਕਤੀਆਂ ਨੂੰ ਦੁਹਰਾਣ ਲੱਗਾ ਹੈ ਜਿਹੜਾ ਉਸ ਵਰਗੇ ਚਰਚਿਤ ਲੇਖਕ ਲਈ ਖਤਰਨਾਕ ਹੋ ਸਕਦਾ ਹੈ।

ਪਿਛਲੇ ਕੁਝ ਸਮੇਂ ਤੋਂ ਚੰਦਨ ਆਲੋਚਨਾ ਦੇ ਖੇਤਰ ਵਿਚ ਵੀ ਆਪਣਾ ਲੋਹਾ ਮਨਵਾਉਣ ਦੇ ਆਹਰ ਵਿਚ ਹੈ। ਉਹ ਕਿਸੇ ਰਚਨਾ ਦੀਆਂ ਬਰੀਕੀਆਂ ਅਤੇ ਵਿਸ਼ਿਸ਼ਟ-ਤਾਵਾਂ ਤੋਂ ਭਲੀਭਾਂਤ ਪਰਿਚਿਤ ਵੀ ਹੈ। ਪਰ ਜਦ ਉਹ ਆਪਣੇ ਗਲਪ ਜਗਤ ਦੀ ਉਸਾਰੀ ਸਮੇਂ ਵੀ ਆਪਣੀ ਆਲੋਚਨਾਤਮਕ ਪਰਿਪੱਕਤਾ ਦੇ ਚਮਤਕਾਰ ਵਿਖਾਉਣ ਲੱਗਦਾ ਹੈ ਤਾਂ ਸਥਿਤੀ ਕਾਫੀ ਉਲਝ ਜਾਂਦੀ ਹੈ। 'ਸ਼ਤਰੰਜ' ਵਿਚ ਸੰਕਲਿਤ ਆਪਣੇ ਇਨ੍ਹਾਂ ਲਘੂ-ਨਾਵਲਾਂ ਵਿਚ ਉਹ ਕਥਾ-ਪ੍ਰਬੰਧ ਨੂੰ ਉਣਦੇ ਸਮੇਂ ਬਾਰ ਬਾਰ ਆਪਣੀ ਆਲੋਚਨਾਤਮਕ ਸਮਰੱਥਾ ਦਾ ਅਨਾਵੱਸ਼ਕ ਪ੍ਰਗਟਾਵਾ ਕਰਦਾ ਰਿਹਾ ਹੈ। ਜਿਵੇਂ :

(1) ਉਹਨੂੰ ਬ੍ਰਹਮ ਪ੍ਰਕਾਸ਼ ਦੀ ਸਮਰੱਥਾ, ਉਹਦੇ ਹਿੱਤਾਂ ਤੇ ਉਹਦੀ ਸਮੁੱਚੀ ਸ਼ਖਸੀ-ਅਤ ਦਾ ਵੀ ਪਤਾ ਸੀ। ਇਕ ਦੋ ਗੱਲਾਂ ਤਾਂ ਉਹਨੇ ਕੇਵਲ ਇਹ ਦੱਸਣ ਲਈ ਕੀਤੀਆਂ ਸਨ ਕਿ ਵਕੀਲ ਸਾਹਿਬ ਕਿਤੇ ਉਹਨੂੰ ਪਹਿਲਾਂ ਵਾਲਾ ਬੱਚਾ ਜਾਂ ਅਵਿਕਸਤ ਮੁੰਡਾ ਨਾ ਸਮਝ ਲੈਨ। ਉਂਜ ਉਹ ਏਹੋ ਜਿਹੇ ਵਹਿਮੀ ਤੇ ਖੋਖਲੇ ਬੰਦੇ ਨਾਲ ਗੱਲ ਕਰਨੋਂ ਵੀ ਗੁਰੇਜ਼ ਕਰਦਾ ਸੀ। (ਪੰਨਾ 6)

(2) ਪ੍ਰੀਤਮ ਸਿੰਘ ਆਪ ਦਿਲਦਾਰ ਆਦਮੀ ਸੀ। ਮੁਟਿਆਰ ਬੀਵੀ ਦਾ ਸਾਜ਼-ਸ਼ਿੰਗਾਰ ਵੇਖ ਕੇ ਖੁਸ਼ ਹੁੰਦਾ ਔਰਤ ਤਾਂ ਬਣੀ ਹੀ ਪਿਆਰੀ ਲੱਗਣ ਲਈ ਐ-ਨਰਮੋ ਨਾਜ਼ਕ ਕੂਲੀ ਤੇ ਸੱਜੀ ਸੰਵਰੀ ਔਰਤ ਬੰਦੇ ਦੀ ਚਾਲਕ ਸ਼ਕਤੀ ਐ। ਉਹ ਅਕਸਰ ਇਉਂ ਹੀ ਸੋਚਦਾ ਸੀ। (ਪੰਨਾ 88)

(3) ਇਕ ਦਿਨ ਪਾਪਾ ਨੇ ਘਰ ਆ ਕੇ ਪੁੱਛਿਆ : ਜੱਸੀ ਕੀ ਬਣਾਇਆ ਖਾਣ ਨੂੰ ਅੱਜ ?" "ਆਪਣਾ ਸਿਰ" ਉਹ ਬੇਹੱਦ ਅਹੁਰੀ ਬੋਲੀ। ਜਾਗੀਰਦਾਰ ਰੁਚੀਆਂ ਵਾਲੇ ਪਿਉ ਨੂੰ ਆਪਣੇ 'ਅਧੀਨ ਵਸਤ' ਦੀ ਇਹ ਗੱਲ ਬਹੁਤ ਮਾੜੀ ਲੱਗੀ। ਉਹਦੇ ਅੰਦਰ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿੰਘ ਸਰਦਾਰ ਜਾਗ ਪਿਆ । (ਪੰਨਾ 156)

ਮੇਰੀ ਇਹ ਮੁਰਾਦ ਹਰਗਿਜ਼ ਨਹੀਂ ਕਿ ਵੱਖ-ਵੱਖ ਲਘੂ-ਨਾਵਲਾਂ ਨਾਲ ਸੰਬੰਧਿਤ ਉਕਤ ਪਾਤਰ ਇਹੋ ਜਿਹੇ ਆਲੋਚਨਾਤਮਕ ਲੱਛਣਾਂ ਦਾ ਪ੍ਰਗਟਾਵਾ ਨਹੀਂ ਕਰ ਸਕਦੇ। ਇਤਰਾਜ਼ ਹੈ ਤਾਂ ਸਿਰਫ਼ ਇਤਨਾ ਕਿ ਲੇਖਕ ਨੇ ਨਾਵਲ ਦੇ ਮੂਲ ਪ੍ਰਬੰਧ ਨੂੰ ਰੋਕਕੇ, ਸੁਚੇਤ ਰੂਪ ਵਿਚ ਅਤੇ ਆਪਣੇ ਵੱਲੋਂ ਉਕਤ ਜੁਮਲੇ ਮੂਲ ਪ੍ਰਬੰਧ ਨਾਲ ਜੋੜੇ ਹਨ। ਇਕੱਲੇ ਸਵਰਨ ਚੰਦਨ ਦੀ ਗੱਲ ਨਹੀਂ ਲਗਪਗ ਹਰ ਪੰਜਾਬੀ ਗਲਪਕਾਰ ਇਸ ਕਮਜ਼ੋਰੀ ਦਾ ਸ਼ਿਕਾਰ ਹੈ।

ਤਾਂ ਵੀ ਸਵਰਨ ਚੰਦਨ ਨੇ ਇੰਗਲੈਂਡ ਰਹਿੰਦਿਆਂ ਹੋਇਆਂ ਭਾਰਤੀ ਅਤੇ ਪੱਛਮੀ ਰਹਿਤਲ ਦੇ ਦਰਮਿਆਨ ਇਕ ਬੜਾ ਸਾਰਥਿਕ ਤੇ ਸੰਤੁਲਿਤ ਸੰਵਾਦ ਰਚਾਇਆ ਹੋਇਆ ਹੈ। ਨਾ ਤਾਂ ਉਸ ਨੇ ਪੱਛਮ ਦੇ ਮੁਕਾਬਲੇ ਵਿਚ ਭਾਰਤੀ ਤਹਿਜੀਬ ਨੂੰ ਛੁਟਿਆਉਣ ਦਾ ਯਤਨ ਕੀਤਾ ਹੈ ਅਤੇ ਨਾ ਹੀ ਉਸ ਨੇ ਭਾਰਤੀ ਤਹਿਜ਼ੀਬ ਦਾ ਅਨਾਵੱਸ਼ਕ ਰੂਪ ਵਿਚ ਗੁਣਗਾਨ ਹੀ ਕੀਤਾ ਹੈ। ਅਜਿਹਾ ਸੰਤੁਲਨ ਉਸ ਦੀ ਨਾਵਲ ਨਿਗਾਰੀ ਦਾ ਇਕ ਪ੍ਰਮੁੱਖ ਅਤੇ ਪ੍ਰਤਿਨਿਧ ਲੱਛਣ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਲ ਚੌਂਕ : ਨਿਕਟ ਅਧਿਐਨ

—ਦੇਵਿੰਦਰ ਚੰਦਨ

ਬਰਤਾਨਵੀ ਪੰਜਾਬੀ ਕਹਾਣੀ ਵਿਚ ਸਵਰਨ ਚੰਦਨ ਦਾ ਵਿਸ਼ੇਸ਼ ਨਾਂ ਹੈ। ਹਾਲਾਂਕਿ ਬਰਤਾਨਵੀ ਪੰਜਾਬੀ ਨਾਵਲ ਦੇ ਖੇਤਰ ਵਿਚ ਉਸਦੇ ਮੁਕਾਬਲੇ ਦਾ ਕੋਈ ਹੋਰ ਨਾਂ ਸਾਹਮਣੇ ਨਹੀਂ ਆਇਆ ਪਰੰਤੂ ਕਹਾਣੀ ਦੇ ਖੇਤਰ ਵਿਚ ਵੀ ਉਹ ਵਿਲੱਖਣ ਹਸਤਾਖਰ ਬਣਾ ਲੈਣ ਦੀ ਪ੍ਰਕਿਰਿਆ ਵਿਚ ਨਿਰੰਤਰ ਕਾਰਜਸ਼ੀਲ ਹੈ।

ਸਵਰਨ ਚੰਦਨ ਦੇ ਗਲਪ ਸਾਹਿਤ ਦੀ ਪ੍ਰਕਿਰਤੀ ਯਥਾਰਥਵਾਦੀ ਪ੍ਰਗਤੀਵਾਦੀ ਹੈ। ਉਸ ਦੇ ਸਮਕਾਲੀ ਕਈ ਕਹਾਣੀਕਾਰ ਹਨ ਜਿਨ੍ਹਾਂ ਨੇ ਆਪਣੀਆਂ ਕਹਾਣੀਆਂ ਵਿਚ ਕਲਾ ਦੀਆਂ ਅਤਿ-ਆਧੁਨਿਕ ਤਕਨੀਕਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਕਹਾਣੀਆਂ ਦੀ ਅਤਿ ਆਧੁਨਿਕ ਤਕਨੀਕ ਸੰਚਾਰ ਰਹਿਤ ਹੈ। ਆਧੁਨਿਕ ਕਲਾ ਦਾ ਤੱਤ ਕਹਾਣੀ ਦੀਆਂ ਆਂਤਰਿਕ ਤਕਨੀਕਾਂ ਵਿਚ ਹੀ ਨਹੀਂ ਪਿਆ ਹੁੰਦਾ, ਤੇ ਨਾ ਹੀ ਐਸੀਆਂ ਪ੍ਰਗਟਾਉ ਵਿਧੀਆਂ ਵਿਚ ਹੁੰਦਾ ਹੈ ਜੋ ਯਥਾਰਥਕ ਕਲਾ ਦੀ ਭਾਸ਼ਾ ਤੋਂ ਭਿੰਨ ਹੁੰਦੀਆਂ ਹਨ ਸਗੋਂ ਆਧੁਨਿਕ ਕਲਾ ਰਚਨਾ ਦੇ ਵਿਸ਼ੇਸ਼ ਸਮਾਜਕ, ਸੁਹਜਾਤਮਕ ਮੁਹਾਵਰਿਆਂ ਅਤੇ ਉਸਦੀ ਵਿਚਾਰਧਾਰਾ ਦੇ ਆਪਸੀ ਸੰਜੋਗ ਵਿਚੋਂ ਜਨਮ ਲੈਂਦੀ ਹੈ।

ਅਤਿ-ਆਧੁਨਿਕ ਰਚਨਾ ਦੀ ਬਣਤਰ ਵਿਚਲੇ ਪਾਤਰ ਵਿਅਕਤੀਗਤ ਹੁੰਦੇ ਹਨ ਜਿਨ੍ਹਾਂ ਦਾ ਵਡੇਰੇ ਪੱਧਰ ਦੇ ਲੋਕਾਂ ਨਾਲੋਂ ਸੰਬੰਧ ਟੁੱਟਿਆ ਹੁੰਦਾ ਹੈ। ਅਜ ਕਲ੍ਹ ਦੇ ਸਾਹਿਤ ਵਿਚ ਇਹੋ ਜਿਹੇ ਤੱਤਾਂ ਦੀ ਵਰਤੋਂ ਅਤਿ ਦੀ ਪੱਧਰ ਤੇ ਹੁੰਦੀ ਹੈ। ਕਈ ਵਾਰ ਇਹ ਵਿਅਕਤੀਵਾਦ, ਅਤਾਰਕਿਕ, ਅਮਾਨਵੀ, ਊਲ ਜਲੂਲ ਅਤੇ ਪ੍ਰਗਤੀਵਾਦੀ ਵਿਚਾਰਾਂ ਦੀ ਨਿਖੇਧੀ ਕਰਨ ਵਾਲਾ ਹੋ ਨਿਬੜਦਾ ਹੈ। ਅਤਿ-ਆਧੁਨਿਕਤਾਵਾਦ ਦੀ ਵਿਚਾਰਧਾਰਾ ਨੇ ਕਲਾਕਾਰਾਂ ਉਪਰ ਵਿਨਾਸ਼ਕ ਅਸਰ ਪਾਇਆ ਹੈ ਜਿਸ ਨਾਲ ਸਭਿਆਚਾਰ, ਵਿਗਿਆਨ ਅਤੇ ਤਰਕ ਵਰਗੇ ਸ਼ਬਦਾਂ ਦਾ ਕਤਲ ਵੀ ਹੋਇਆ ਹੈ ਅਤੇ ਇਨ੍ਹਾਂ ਦੀ ਥਾਂ ਚਲੰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਹੇ ਸੁਪਨ ਜਗਤ ਨੇ ਲੈ ਲਈ ਹੈ। ਪਾਠਕਾਂ ਸਾਹਵੇਂ ਇਹ ਜਿਹੇ ਊਲ ਜਲੂਲ ਸੁਪਨੇ ਰੱਖ ਕੇ ਉਨ੍ਹਾਂ ਨੇ ਮਨੁੱਖੀ ਵਿਸ਼ਵਾਸ ਅਤੇ ਉਨ੍ਹਾਂ ਦੀ ਤਰਕਸ਼ਕਤੀ ਨੂੰ ਵੀ ਮਾਰਿਆ ਹੈ। ਇਸ ਤਰ੍ਹਾਂ ਅਤਿ-ਆਧੁਨਿਕਵਾਦ ਆਪਣੀ ਪ੍ਰਕ੍ਰਿਤੀ ਵਿਚ ਗ਼ੈਰ-ਸਮਾਜਕ ਹੋ ਨਿਬੜਿਆ ਹੈ।

ਸਵਰਨ ਚੰਦਨ ਦੀਆਂ ਕਹਾਣੀਆਂ ਇਹੋ ਜਿਹੇ ਦਿਸ਼ਾ-ਹੀਨ ਅਤਿ ਆਧੁਨਿਕਵਾਦ ਤੋਂ ਆਪਣੇ ਆਪ ਨੂੰ ਦੂਰ ਰਖਦੀਆਂ ਹਨ। ਉਸ ਨੇ ਵੀ ਆਪਣੀਆਂ ਕਹਾਣੀਆਂ ਵਿਚ ਆਧੁਨਿਕ ਤਕਨੀਕ-ਵਿਧੀਆਂ ਦੀ ਵਰਤੋਂ ਕੀਤੀ ਹੈ। ਬਹੁਤੀ ਥਾਂ ਕਹਾਣੀ ਵਿਚਲੀ ਗਲਪੀ ਮੈਂ ਉੱਤਮ ਪੁਰਖ ਵਿਚ ਹੀ ਬੋਲਦੀ ਹੈ। ਪਰੰਤੂ ਸਵਰਨ ਚੰਦਨ ਦੀ ਕਹਾਣੀ ਕਲਾ ਦੀ ਸਮਾਜਕ ਸਾਰਥਕਤਾ ਦੀ ਦ੍ਰਿਸ਼ਟੀ ਤੋਂ ਵਿਲੱਖਣ ਦੇਣ ਹੈ। ਉਸਨੇ ਯਥਾਰਥਵਾਦ ਦੇ ਸੰਕਲਪ ਨੂੰ ਵਡੇਰੇ ਅਰਥਾਂ ਵਿਚ ਲਿਆ ਹੈ। ਉਸਦੀਆਂ ਕਹਾਣੀਆਂ ਵਿਚਲਾ ਯਥਾਰਥਵਾਦ ਸਿਰਫ਼ ਯਥਾਰਥ ਦੀ ਪੁਨਰ-ਪੇਸ਼ਕਾਰੀ ਹੀ ਨਹੀਂ ਸਗੋਂ ਉਸਨੇ ਇਸਨੂੰ ਵਿਸ਼ੇਸ਼ ਇਤਿਹਾਸਕ ਦਿਸ਼ਾ ਅਤੇ ਇਸਦੀਆਂ ਸਿਰਜਣਾਤਮਕ ਵਿਧੀਆਂ ਦੇ ਅਰਥਾਂ ਵਿਚ ਲਿਆ ਹੈ।

ਸਵਰਨ ਚੰਦਨ ਦੀਆਂ 'ਲਾਲ ਚੌਂਕ' ਦੀਆਂ ਸਾਰੀਆਂ ਕਹਾਣੀਆਂ ਨੂੰ ਕਿਸੀ ਇਕ ਵਿਸ਼ੇਸ਼ ਸ਼ੈਲੀ ਉਪਰ ਘਟਾਇਆ ਨਹੀਂ ਜਾ ਸਕਦਾ। ਵੱਖ ਵੱਖ ਵਿਧੀਆਂ ਰਾਹੀਂ ਵੱਖ ਵੱਖ ਕਹਾਣੀਆਂ ਵਿਚ ਵੱਖ ਵੱਖ ਸਮਾਜਕ ਸਾਰਥਿਕਤਾ ਨੂੰ ਉਸਨੇ ਚਿਤਰਣ ਦੀ ਕੋਸ਼ਿਸ਼ ਕੀਤੀ ਹੈ।

ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ 'ਲਾਲ ਚੌਂਕ' ਸਵਰਨ ਚੰਦਨ ਦੀਆਂ ਪ੍ਰਤੀਕਾਤਮਕ ਕਹਾਣੀਆਂ ਵਿਚੋਂ ਹੈ। 'ਲਾਲ ਚੌਂਕ' ਉਸ ਚਿਹਨ ਵਲ ਸੰਕੇਤ ਕਰਦਾ ਹੈ ਜਿਸਦੇ ਚਿਹਨਿਕ ਅਤੇ ਚਿਹਨਤ ਦੇ ਸੰਜੋਗ ਵਿਚੋਂ ਇਨਕਲਾਬ ਦਾ ਤਸੱਵਰ ਉਘੜਦਾ ਹੈ। ਲਾਲ ਰੰਗ ਕ੍ਰਾਂਤੀ ਦਾ ਪ੍ਰਤੀਕ ਹੈ। ਐਸੀ ਕ੍ਰਾਂਤੀ ਜਿਸ ਤੋਂ ਬਾਅਦ ਦੁਨੀਆਂ ਦੇ ਭੂਰੇ ਰੰਗ ਇਕੋ ਰੰਗ ਵਿਚ ਬਦਲ ਸਕਦੇ ਹਨ। ਸਵਰਨ ਚੰਦਨ ਨੇ ਆਪਣੀ ਇਸ ਕਹਾਣੀ ਵਿਚ ਭੂਰੇ ਰੰਗਾਂ ਦੀ ਥਾਂ ਕਾਲੇ ਅਤੇ ਚਿੱਟੇ ਰੰਗਾਂ ਦੀ ਕਲਪਨਾ ਕੀਤੀ ਹੈ। ਚਿੱਟਾ ਰੰਗ ਲੁੱਟ ਕਰਨ ਵਾਲਿਆਂ ਅਤੇ ਕਾਲਾ ਰੰਗ ਲੁੱਟੇ ਜਾਣ ਵਾਲਿਆਂ ਦਾ ਪ੍ਰਤੀਕ ਹੈ। ਇਹ ਦੋਵੇਂ ਰੰਗ ਇਕ ਦੂਜੇ ਦੇ ਵਿਰੋਧ ਵਿਚੋਂ ਹੀ ਆਪਣੀ ਹੋਂਦ ਦਾ ਅਹਿਸਾਸ ਕਰਾਉਂਦੇ ਹਨ। ਕਿਸੇ ਕੈਨਵਸ ਉਪਰ ਬਣੀ ਹੋਈ ਚਿੱਟੇ ਅਤੇ ਕਾਲੇ ਰੰਗ ਦੀ ਤਸਵੀਰ ਆਪਣੀ ਦਿੱਖ ਵਿਚ ਬੜੀ ਖ਼ੂਬਸਰਤ ਹੋ ਸਕਦੀ ਹੈ ਪਰੰਤੂ ਸਵਰਨ ਚੰਦਨ ਦੀ ਇਸ ਕਹਾਣੀ ਵਿਚਲੇ ਕਾਲੇ ਅਤੇ ਚਿੱਟੇ ਰੰਗਾਂ ਵਿਚਲੇ ਅਰਥ-ਸੰਚਾਰ ਦਾ ਰੂਪ ਬੜਾ ਦਰਦਨਾਕ ਹੈ। ਏਸੇ ਕਰਕੇ ਹੀ ਉਹ ਕਾਲੇ ਚਿੱਟੇ ਰੰਗਾਂ ਦਾ ਭੇਦ ਮਿਟਾ ਕੇ ਲਾਲ ਰੰਗ ਦਾ ਤਸੱਵੁਰ ਉਲੀਕਦਾ ਹੈ। ਲਾਲ ਰੰਗ ਭਵਿੱਖ ਮੁਖੀ ਪ੍ਰਗਤੀਵਾਦੀ ਸੰਭਾਵਨਾਵਾਂ ਵਲ ਵੀ ਸੰਕੇਤ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਲਾਲ ਚੌਂਕ' ਐਸਾ ਪ੍ਰਤੀਕ ਹੈ ਜਿਸਨੂੰ ਇਸ ਕਹਾਣੀ ਵਿਚ ਅਜਨਬੀਕ੍ਰਿਤ ਰੂਪ ਵਿਚ ਸਿਰਜਿਆ ਗਿਆ ਹੈ। ਕਿਸੇ ਵੀ ਦੁਨੀਆਂ ਕਿਸੇ ਵੀ ਸ਼ਹਿਰ, ਕਿਸੇ ਵੀ ਮੁਹੱਲੇ ਵਿਚ ਮਿਲਣ ਵਾਲੇ ਚੌਂਕ ਨੂੰ ਸਵਰਨ ਚੰਦਨ ਨੇ ਲਾਲ ਚੌਂਕ ਕਹਿ ਕੇ ਰਚਨਾ ਵਿਚ ਸੁਹਜਾਤਮਕ ਅਰਥ ਭਰ ਦਿਤੇ ਹਨ। ਚੌਂਕ ਦਾ ਪ੍ਰਤੱਖਣ ਸਾਧਾਰਣ ਤੋਂ ਅਜਨਬੀ ਹੋ ਗਿਆ ਹੈ। ਪਾਠਕ ਦੇ ਜ਼ਿਹਨ ਅੰਦਰ ਦੁਨੀਆ ਦੇ ਹਰ ਚੌਂਕ ਦਾ ਰੰਗ ਲਾਲ ਹੋ ਕੇ ਵਧੇਰੇ ਵੇਖਣ ਯੋਗ ਹੋ ਜਾਂਦਾ ਹੈ। ਪਾਠਕ ਨੂੰ ਜਾਪਦਾ ਹੈ ਉਹ ਚੌਂਕ ਵਿਚੋਂ ਹੀ ਨਹੀਂ ਗੁਜ਼ਰ ਰਿਹਾ, ਚੌਂਕ ਵਿਚੋਂ ਉਠਦੇ ਲਾਲ ਰੰਗ ਨੂੰ ਵੀ ਵੇਖ ਰਿਹਾ ਹੈ। ਇਹੀ ਅਜਨਬੀ ਰੂਪ ਦੀ ਸਿਰਜਣਾ ਹੈ ਜਿਸਦਾ ਸੁਹਜਾਤਮਕ ਦ੍ਰਿਸ਼ਟੀ ਤੋਂ ਸਾਰਥਕ ਮੁੱਲ ਤਾਂ ਹੈ ਹੀ ਪਰੰਤੂ ਅਰਥ-ਦ੍ਰਿਸ਼ਟੀ ਤੋਂ ਇਸਦੇ ਅਰਥਾਂ ਦੀਆਂ ਭਵਿੱਖ ਮੁਖੀ ਸੰਭਾਵਨਾਵਾਂ ਦਾ ਵੀ ਮੁੱਲ ਕੋਈ ਘੱਟ ਨਹੀਂ। ਇਸ ਕਹਾਣੀ ਵਿਚ ਸਿਸਟਮ ਅੰਦਰ ਨਜ਼ਾਇਜ਼ ਪਿਸ ਰਹੇ ਲੋਕਾਂ ਅੰਦਰ ਦੀ ਸ਼ਕਤੀ ਦੇ ਬਾਹਰ ਆ ਜਾਣ ਦੇ ਸੰਕੇਤ ਵੀ ਹਨ।

'ਮੇਰੀ ਸਲੀਬ' ਵੀ ਸਿਸਟਮ ਦੀਆਂ ਵਧੀਕੀਆਂ ਅੰਦਰ ਪਿਸ ਰਹੇ ਇਨਸਾਨ ਦੀ ਕਹਾਣੀ ਹੈ। ਇਸਨੂੰ ਸਵਰਨ ਚੰਦਨ ਨੇ ਵਿਰੋਧ-ਜੁਗਤ ਰਾਹੀਂ ਸਿਰਜਿਆ ਹੈ। ਇਕ ਪਾਸੇ ਲੰਦਨ ਵਿਚ ਹੋ ਰਹੀ ਰਾਇਲ ਵੈਡਿੰਗ ਦਾ ਚਰਚਾ ਹੈ, ਦੂਜੇ ਪਾਸੇ ਇਕ ਕਲਰਕ ਪਾਤਰ ਜੋ ਚੇਤੰਨ ਅਤੇ ਸਿਸਟਮ ਪ੍ਰਤੀ ਸੁਚੇਤ ਹੈ। ਸਿਸਟਮ ਦਾ ਦਿੱਖ ਵਾਲਾ ਵਿਹਾਰ ਅਤੇ ਕਲਰਕ ਦੇ ਮਨ ਅੰਦਰ ਪਈ ਉਸ ਦਿੱਖ ਦੇ ਬਾਹਰਲੇ ਤੱਤ ਪ੍ਰਤੀ ਚੇਤਨਾ ਇਕ ਦੂਜੇ ਦੇ ਵਿਰੋਧੀ ਪਰ ਸੰਬਾਦੀ ਰਿਸ਼ਤੇ ਵਿਚ ਬੱਝੇ ਹੋਏ ਹਨ। ਇਹ ਸਮਾਜ ਵਿਚਲੇ ਵਿਰੋਧ ਹਨ ਅਤੇ ਇਨ੍ਹਾਂ ਵਿਰੋਧਾਂ ਨੂੰ ਸਮਝ ਲੈਣ ਨਾਲ ਹੀ ਇਨਸਾਨ ਅੰਦਰ ਮਾਯੂਸੀ, ਉਦਾਸੀ ਅਤੇ ਲਾਚਾਰੀ ਪੈਦਾ ਹੁੰਦੀ ਹੈ। ਪਰੰਤੂ ਲੇਖਕ ਨੇ ਇਸ ਕਹਾਣੀ ਵਿਚਲੇ ਪਾਤਰ ਨੂੰ ਮਾਯੂਸੀ, ਉਦਾਸੀ ਅਤੇ ਲਾਚਾਰੀ ਦਾ ਵਾਹਨ ਹੀ ਨਹੀਂ ਰਹਿਣ ਦਿਤਾ ਸਗੋਂ ਸਿਸਟਮ ਉਪਰ ਵਿਅੰਗ ਵੀ ਕੀਤਾ ਹੈ। ਵਿਅੰਗ ਦੀ ਵਿਧੀ ਅਰਥਾਂ ਨੂੰ ਤਿੱਖਿਆਂ ਕਰਦੀ ਹੈ ਇਸ ਕਹਾਣੀ ਦੀ ਬਣਤਰ ਏਸੇ ਕਰਕੇ ਸੰਘਣੀ ਹੈ ਅਤੇ ਬਣਤਰ ਕਸਵੀਂ ਹੈ। ਕਸਵੀਂ ਬਣਤਰ ਰਾਹੀਂ ਹੀ ਇਹ ਕਹਾਣੀ ਤੇਜ਼ ਚਾਲੇ ਅੱਗੇ ਤੁਰਦੀ ਹੈ ਅਤੇ ਅੰਤਿਮ-ਬਿੰਦੂ ਤੇ ਪੁੱਜਦੀ ਹੈ। 'ਮੇਰੀ ਸਲੀਬ' ਸਿਰਫ ਪਾਤਰ ਦੀ ਸਲੀਬ ਨਹੀਂ ਸਗੋਂ ਉਹੋ ਜਿਹੇ ਕਈ ਹੋਰ ਲੋਕਾਂ ਦੀ ਸਲੀਬ ਬਣ ਜਾਂਦੀ ਹੈ। ਨਿੱਜ ਦੀ ਸਮੱਸਿਆ ਪਰ ਦੀ ਸਮੱਸਿਆ ਵੀ ਬਣ ਜਾਂਦੀ ਹੈ ਇਸੇ ਕਰਕੇ ਇਸ ਕਹਾਣੀ ਦੀ ਸਾਰਥਕਤਾ ਵਡੇਰੀ ਹੋ ਜਾਂਦੀ ਹੈ।

ਇਸ ਕਹਾਣੀ-ਸੰਗ੍ਰਹਿ ਦੀ ਤੀਸਰੀ ਕਹਾਣੀ 'ਕਲ੍ਹ ਫੀ ਸੂਰਜ ਚੜ੍ਹੇਗਾ' ਦੀ ਤਕਨੀਕ ਬਾਕੀ ਕਹਾਣੀਆਂ ਨਾਲੋਂ ਵੱਖਰੀ ਹੈ। ਇਸ ਕਹਾਣੀ ਦਾ ਇਕ ਪਾਤਰ ਹਰਪਾਲ ਸਾਰੀ ਸਥਿਤੀ ਨੂੰ ਵਿੱਥ ਤੇ ਰਹਿ ਕੇ ਆਪਣੀ ਸੋਚ ਮੁਤਾਬਿਕ ਪ੍ਰਤੱਖਦਾ ਅਤੇ ਅਰਥ ਦੇਂਦਾ ਹੈ। ਵਿਅੰਗ ਇਸ ਕਹਾਣੀ ਵਿਚ ਵੀ ਹੈ। ਇਹ ਕਹਾਣੀ ਉਨ੍ਹਾਂ ਲੋਕਾਂ ਉਪਰ ਵੀ ਵਿਅੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਦੀ ਹੈ ਜਿਹੜੇ ਵਲੈਤ ਆ ਕੇ ਪੈਸੇ ਦੇ ਜ਼ੋਰ ਨਾਲ ਆਪਣੀ ਧੀ ਦੀ ਉਮਰ ਦੀਆਂ ਕੁੜੀਆਂ ਨਾਲ ਵਿਆਹ ਕਰਾਉਂਦੇ ਰਾਜਿਆਂ ਮਹਾਰਾਜਿਆਂ ਦੇ ਕੰਵਰ ਹੋਣ ਦਾ ਭੁਲੇਖਾ ਪਾਉਣ ਵਾਲੀ ਜ਼ਿੰਦਗੀ ਜੀਊਂਦੇ ਅਤੇ ਪੈਸੇ ਖ਼ਾਤਿਰ ਆਪਣੀਆਂ ਬੀਵੀਆਂ ਦੇ ਜਿਸਮਾਂ ਦਾ ਵਪਾਰ ਕਰਦੇ ਹਨ। ਇਨ੍ਹਾਂ ਲੋਕਾਂ ਦੀ ਦਿਖਾਵੇ ਵਾਲੀ ਮਹਿਫਿਲ ਵਿਚ ਖ਼ਾਮੋਸ਼ ਬੈਠਾ ਤੇ ਸੋਚ ਰਿਹਾ ਹਰਪਾਲ ਕਦੇ ਮਹਿਫਿਲ ਨੂੰ ਨੀਝ ਲਾ ਵੇਖਦਾ ਤੇ ਕਦੇ ਘਰੋਂ ਬਾਹਰ ਉਸ ਪਾਰਕ ਵੱਲ ਝਾਕਦਾ ਹੈ ਜਿਥੇ ਐਤਵਾਰ ਵਾਲੇ ਦਿਨ ਮੇਲਾ ਲੱਗਾ ਹੋਇਆ ਹੈ। ਮੇਲੇ ਦਾ ਦਿਨ ਉਹ ਹੈ ਜਦੋਂ ਅਸਮਾਨ ਵਿਚ ਸੂਰਜ ਨਿਕਲਿਆ ਹੋਇਆ ਹੈ। ਇੰਗਲੈਂਡ ਦੀ ਬਰਫੀਲੀ ਜੰਮੀ ਹੋਈ ਧਰਤੀ ਤੇ ਵੀ ਕਦੇ ਕਦੇ ਸੂਰਜ ਚੜ੍ਹਦਾ ਹੈ, ਇਸ ਖ਼ਿਆਲ ਨੂੰ ਇਸ ਕਹਾਣੀ ਵਿਚਲਾ ਪਾਤਰ ਹਰਪਾਲ ਆਪਣੇ ਅਰਥ ਦੇਂਦਾ ਹੈ। ਘਰ ਵਿਚ ਚਲ ਰਹੀ ਮਹਿਫਿਲ ਦੀ ਰੌਸ਼ਨੀ ਵਿਚ ਵੀ ਉਸਨੂੰ ਮਨੁੱਖ ਦੀ ਚੇਤਨਾ ਹਨੇਰੇ ਵਿਚ ਡੁੱਬੀ ਹੋਈ ਜਾਪਦੀ ਹੈ। ਬੱਚਿਆਂ ਦਾ ਮੇਲਾ ਸਹਿਜ ਜ਼ਿੰਦਗੀ ਦਾ ਪ੍ਰਤੀਕ ਹੈ ਜਿਸ ਦਾ ਸੂਰਜ ਕਦੇ ਨਾ ਡੁੱਬਣ ਦੀ ਕਲਪਨਾ ਹਰਪਾਲ ਕਰਦਾ ਹੈ। ਇਸ ਕਹਾਣੀ ਵਿਚ ਹਰਪਾਲ ਦੀ ਹਮਦਰਦੀ ਉਨ੍ਹਾਂ ਆਮ ਲੋਕਾਂ ਨਾਲ ਜਾਪਦੀ ਹੈ ਜਿਹੜੇ ਵਕਤ ਦੇ ਹਾਕਮਾਂ ਦੇ ਜ਼ੁਲਮ ਦਾ ਸ਼ਿਕਾਰ ਹਨ। ਇਹੋ ਜਿਹੀ ਹਮਦਰਦੀ ਉਸਦੀਆਂ ਪਹਿਲੀਆਂ ਦੋ ਕਹਾਣੀਆਂ ਵਿਚ ਵੀ ਮਿਲਦੀ ਹੈ। ਇਸ ਕਹਾਣੀ ਵਿਚਲਾ ਪਾਤਰ ਹਰਪਾਲ ਆਪਣੇ ਜ਼ਿਹਨ ਵਿਚ ਹੀ ਜਿਹੜੇ ਵਾਕ ਉਚਾਰਦਾ ਹੈ ਉਸ ਵਿਚ ਕਈ ਖੱਪੇ ਛੱਡ ਦੇਂਦਾ ਹੈ ਜਿਸ ਨਾਲ ਕਹਾਣੀ ਸਿੱਧਾ ਕਹਿਣ ਦੀ ਥਾਂ ਬੜਾ ਕੁਝ ਅਣਕਿਹਾ ਛੱਡ ਦੇਂਦੀ ਹੈ। ਅਣਕਹੇ ਦੀ ਵਿਧੀ ਰਾਹੀਂ ਜੋ ਖ਼ਾਮੋਸ਼ ਰੱਖਿਆ ਗਿਆ ਹੈ, ਉਸਦਾ ਬੋਲ ਬੜਾ ਸ਼ਕਤੀ-ਸ਼ਾਲੀ ਅਤੇ ਤਿੱਖਾ ਹੈ। ਇਸ ਕਹਾਣੀ ਦੀ ਖ਼ਾਮੋਸ਼ੀ ਵਿਚ ਪਏ ਹੋਏ ਤਿੱਖੇ ਬੋਲਾਂ ਦੀ ਸੰਭਾਵਨਾ ਕਹਾਣੀ ਦਾ ਪ੍ਰਭਾਵ ਬੱਝਵਾਂ ਪਾਉਂਦੀ ਹੈ। ਅਰਥ ਅਤੇ ਵਿਧੀ ਇਸ ਕਹਾਣੀ ਵਿਚ ਅਨਿੱਖੜ ਰੂਪ ਵਿਚ ਪੇਸ਼ ਹਨ ਇਸ ਕਰਕੇ ਕਹਾਣੀ ਦੀ ਸਾਹਿਤਿਕਤਾ ਵੀ ਬਰਕਰਾਰ ਰਹਿੰਦੀ ਹੈ।

ਇਸ ਕਹਾਣੀ-ਸੰਗ੍ਰਹਿ ਦੀ ਚੌਥੀ ਕਹਾਣੀ 'ਡਰਿਆ ਹੋਇਆ ਆਦਮੀ' ਐਸੇ ਇਨਸਾਨ ਦੀ ਕਹਾਣੀ ਹੈ ਜੋ ਵਕਤ ਦੇ ਇਤਿਹਾਸ ਵਿਚ ਵਾਪਰ ਰਹੇ ਹਾਦਸਿਆਂ ਪਿੱਛੇ ਕੰਮ ਕਰ ਰਹੀ ਰਾਜਨੀਤੀ ਦੀ ਚੱਕੀ ਦੇ ਪੁੜਾਂ ਵਿਚਕਾਰ ਫਸ ਕੇ ਤ੍ਰਿਸ਼ੰਕੂ ਵਾਲੀ ਸਥਿਤੀ ਤੇ ਪਹੁੰਚ ਜਾਂਦਾ ਹੈ। ਇਹ ਕਹਾਣੀ ਪੜ੍ਹਦਿਆਂ ਹੀ ਸੇਖੋਂ ਦੀ 'ਪ੍ਰੇਮੀ ਦੇ ਨਿਆਣੇ' ਕਹਾਣੀ ਯਾਦ ਆਉਂਦੀ ਹੈ। ਸੇਖੋਂ ਦੀ ਕਹਾਣੀ ਅਤੇ ਸਵਰਨ ਚੰਦਨ ਦੀ ਕਹਾਣੀ ਵਿਚਲੇ ਪਾਤਰਾਂ ਅੰਦਰ ਪੈਦਾ ਹੋਣ ਵਾਲੇ ਡਰ ਦੀਆਂ ਸੂਰਤਾਂ ਭਾਵੇਂ ਵੱਖਰੀਆਂ ਵੱਖਰੀਆਂ ਹਨ ਪਰ ਦੋਹਾਂ ਦੇ ਡਰ ਪੈਦਾ ਹੋਣ ਪਿੱਛੇ ਕਾਰਨ ਮਨੋਵਿਗਿਆਨਿਕ ਹਨ। ਵਕਤ ਦੀ ਰਾਜਨੀਤੀ ਅੰਦਰ ਆਮ ਇਨਸਾਨ ਦੀ ਜੋ ਦਸ਼ਾ ਹੁੰਦੀ ਹੈ ਉਸਨੂੰ ਕਹਾਣੀਕਾਰ ਨੇ ਕਲਾਤਮਕ ਪੱਧਰ ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੇਸ਼ਕਾਰੀ ਦੇ ਪੱਖ ਤੋਂ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਹਾਣੀ ਮਹੱਤਵਪੂਰਨ ਮੰਨੀ ਜਾ ਸਕਦੀ ਹੈ ।

ਪੰਜਵੀਂ ਕਹਾਣੀ 'ਇਕ ਨਵਾਂ ਪ੍ਰਸ਼ਨ ਚਿੰਨ੍ਹ' ਹੈ ਜਿਸਦੀ ਵਿਸ਼ੇਸ਼ਤਾ ਨਿੱਜ ਤੋਂ ਤੁਰ ਕੇ ਪਰ ਤਕ ਪਹੁੰਚਣ ਦੀ ਹੈ। ਪਿਉ-ਪੁੱਤਰ ਇਸ ਕਹਾਣੀ ਦੇ ਮੁੱਖ ਪਾਤਰ ਹਨ। ਪਿਉ ਇੰਗਲੈਂਡ ਵਿਚ ਵਸੀ ਹੋਈ ਉਸ ਪੀੜ੍ਹੀ ਨਾਲ ਸੰਬੰਧਿਤ ਹੈ ਜੋ ਦੋ ਸਭਿਆਤਾਵਾਂ ਦੇ ਵਿਚਕਾਰ ਲਟਕੀ ਹੋਈ ਹੈ। ਪੁੱਤਰ ਉਸ ਪੀੜ੍ਹੀ ਨਾਲ ਸੰਬੰਧਿਤ ਹੈ ਜੋ ਇੰਗਲੈਂਡ ਵਿਚ ਹੀ ਜੰਮੀ ਅਤੇ ਪਲੀ ਹੈ। ਸਤਹ ਦੀ ਪੱਧਰ ਤੇ ਜਾਪਦਾ ਹੈ ਜਿਵੇਂ ਇਸ ਪੀੜ੍ਹੀ ਲਈ ਜ਼ਿੰਦਗੀ ਜੀਊਣਾ ਅਸਾਨ ਹੈ ਪਰੰਤੂ ਵਾਸਤਵ ਵਿਚ ਇਸ ਪੀੜ੍ਹੀ ਦਾ ਦੁੱਖ ਬਹੁਤ ਵੱਡਾ ਹੈ। ਇਹ ਪੀੜ੍ਹੀ ਬ੍ਰਿਟਿਸ਼ ਨਾਗਰਿਕ ਹੋਣ ਦੇ ਬਾਵਜੂਦ ਅੰਗਰੇਜ਼ੀ ਕਲਚਰ ਵਿਚ ਘੁਲ ਮਿਲ ਨਹੀਂ ਸਕਦੀ। ਇਹ ਆਪਣੇ ਤੋਂ ਪਹਿਲਾਂ ਦੀ ਪੰਜਾਬੀ ਪੀੜ੍ਹੀ ਵਾਂਗ ਹਰ ਜ਼ਿਆਦਤੀ ਬਰਦਾਸ਼ਤ ਕਰ ਸਕਣ ਦੀ ਆਦੀ ਵੀ ਨਹੀਂ। ਇਸ ਪੀੜ੍ਹੀ ਨਾਲ ਹੋਣ ਵਾਲੇ ਨਸਲੀ ਵਿਤਕਰੇ ਦੇ ਸਿੱਟੇ ਕਿੰਨੇ ਕੁ ਭਿਆਨਕ ਨਿਕਲ ਸਕਦੇ ਹਨ. ਉਨ੍ਹਾਂ ਬਾਰੇ ਸੋਚਣ ਲਈ ਇਹ ਕਹਾਣੀ ਮਜਬੂਰ ਕਰਦੀ ਹੈ। ਇਸ ਕਹਾਣੀ ਵਿਚ ਪਿਉ-ਪੁੱਤਰ ਵਿਚਲਾ ਸੰਵਾਦ ਵੀ ਸਿਰਜਿਆ ਗਿਆ ਹੈ। ਕਹਾਣੀ ਦੇ ਦੋਵੇਂ ਪਾਤਰ ਸਥਿਤੀਆਂ ਭੋਗਣ ਵਾਲੇ ਹੀ ਨਹੀਂ ਉਨ੍ਹਾਂ ਨੂੰ ਸਮਝਣ ਵਾਲੇ ਵੀ ਹਨ। ਇਸੇ ਲਈ ਦੋਹਾਂ ਵਿਚਕਾਰ ਸੰਵਾਦ ਹੈ। ਇਹ ਸੰਵਾਦ ਦੋ ਧਿਰਾਂ ਵਿਚਕਾਰ ਨਹੀਂ ਬਲਕਿ ਦੋਹਾਂ ਧਿਰਾਂ ਦੀਆਂ ਆਪੋ ਆਪਣੀਆਂ ਮਜਬੂਰੀ ਵਸ ਭੋਗੀਆਂ ਜਾ ਰਹੀਆਂ ਸਥਿਤੀਆਂ ਦਾ ਪੂੰਜੀਵਾਦੀ ਨਸਾਖਵਾਦੀ ਵਿਤਕਰੇ ਉਪਰ ਟਿਕੀ ਹੋਈ ਸ਼ਕਤੀਵਾਦੀ ਧਿਰ ਨਾਲ ਹੈ। ਇਹ ਕਹਾਣੀ ਵਰਤਮਾਨ ਸਥਿਤੀ ਦਾ ਨਵੇਂ ਸਿਰਿਉਂ ਵਿਸ਼ਲੇਸ਼ਣ ਕਰਨ ਵਲ ਸੰਕੇਤ ਵੀ ਕਰਦੀ ਹੈ। ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰਦੀ ਹੈ ਜਿਨ੍ਹਾਂ ਦਾ ਉੱਤਰ ਫੌਰੀ ਨਹੀਂ ਲੱਭਿਆ ਜਾ ਸਕਦਾ ਜਿਨ੍ਹਾਂ ਬਾਰੇ ਸੋਚਿਆ ਜ਼ਰੂਰ ਜਾ ਸਕਦਾ ਹੈ। ਇਹ ਪਾਠਕ ਦੇ ਮਨ ਵਿਚ ਸੁਆਲਾਂ ਪ੍ਰਤੀ ਸੋਚ ਜਗਾਉਣ ਵਾਲੀ ਕਹਾਣੀ ਹੈ। ਇਹ ਕਹਾਣੀ ਪਾਠਕ ਨੂੰ ਚੇਤੰਨ ਕਰਦੀ ਹੈ ਕਿਉਂਕਿ ਇਹ ਸਮਾਜਕ ਸਿਸਟਮ ਵਿਚ ਦੁਬਿਧਾ ਗ੍ਰਸਤ ਲੋਕਾਂ ਦੀ ਦੁਬਿਧਾ ਦੇ ਕਾਰਨਾਂ ਪਾਠਕ ਦਾ ਧਿਆਨ ਦਿਵਾਉਂਦੀ ਹੈ। ਦਿੱਖ ਪਿੱਛੇ ਲੁਕੇ ਹੋਏ ਅਮੂਰਤ ਤੱਤ ਵਲ ਸੰਕੇਤ ਵਲ ਵੀ ਕਰਦੀ ਹੈ।

ਛੇਵੀਂ ਕਹਾਣੀ 'ਇਕ ਸ਼ਹਿਰ ਦੀ ਦਾਸਤਾਨ' ਵਿਚ ਵੀ ਸਵਰਨ ਚੰਦਨ ਨੇ ਲਾਲ ਚੌਂਕ ਵਾਂਗ ਅਜਨਬੀਕ੍ਰਿਤ ਰੂਪ ਦੀ ਸਿਰਜਣਾ ਕੀਤੀ ਹੈ। ਭਾਰਤ ਦੇ ਸ਼ਹਿਰਾਂ ਦਾ ਉਹ ਯਥਾਰਥ ਜਿਸ ਨੂੰ ਇਕ ਸਾਧਾਰਨ ਮਨੁੱਖ ਰੋਜ਼ ਦੇਖਦਾ ਅਤੇ ਪਹਿਚਾਣਦਾ ਹੈ ਉਸਦਾ ਲੇਖਕ ਨੇ ਦੀਦਾਰ ਕਰਾਇਆ ਹੈ। ਜੋ ਗੰਦਗੀ ਵੇਖਣ ਨੂੰ ਨਜ਼ਰ ਆਉਂਦੀ ਹੈ ਉਸਦਾ ਕਾਰਨ ਉਹ ਸਮੁੱਚਾ ਸਿਸਟਮ ਹੈ ਜੋ ਲੋਕਾਂ ਸਾਹਮਣੇ ਨਹੀਂ ਆਉਂਦਾ। ਜ਼ਿੰਮੇਵਾਰੀ ਸਿਸਟਮ ਦੀ ਬਣਦੀ ਹੈ ਪਰੰਤੂ ਜ਼ਿੰਮੇਵਾਰ ਉਹ ਠਹਿਰਾਏ ਜਾਂਦੇ ਹਨ ਜੋ ਸਿਸਟਮ ਦੀਆਂ ਚਾਲਾਂ ਦੇ ਮੋਹਰੇ ਬਣੇ ਹੋਏ ਹਨ। ਐਸੇ ਮੁਹਰੇ ਜੋ ਹੋ ਰਹੀਆਂ ਵਧੀਕੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਰੇ ਚੇਤੰਨ ਨਹੀਂ । ਸਿਮਾਲ ਦੇ ਤੌਰ ਤੇ ਜਮਾਂਦਾਰਨੀਆਂ ਸਿਸਟਮ ਦਾ ਮੁਹਰਾ ਤਾਂ ਹਨ ਹੀ ਪਰ ਲੋਕਾਂ ਦੀਆ ਗਾਲ੍ਹਾਂ ਦੇ ਮੁਹਰੇ ਵੀ ਬਣਦੀਆਂ ਹਨ । ਸ਼ਹਿਰ ਵਿਚ ਫੈਲੇ ਹੋਏ ਦਿਸਦੇ ਗੰਦ ਨੂੰ ਲੋਕਾਂ ਦੇ ਜ਼ਿਹਨ ਵਿਚ ਫੈਲੇ ਹੋਏ ਅਦਿਸਦੇ ਗੰਦ ਦੇ ਰੂਪ ਵਿਚ ਸਿਰਜਿਆ ਹੈ । ਗੰਦੀਆਂ ਸੜਕਾਂ, ਗੰਦੇ ਕਪੜਿਆਂ ਦੀ ਸਫਾਈ ਤਾਂ ਫੇਰ ਹੋ ਸਕਦੀ ਹੈ ਮਨਾਂ ਵਿਚਲੀ ਮੈਲ ਕਿਵੇਂ ਧੁਪੇ ? ਇਹ ਪ੍ਰਸ਼ਨ ਪਾਠਕ ਦੇ ਮਨ ਵਿਚ ਪੈਦਾ ਹੁੰਦਾ ਹੈ। ਕਹਾਣੀ ਦਾ ਸਾਰਾ ਦ੍ਰਿਸ਼-ਵਰਣਨ ਕਰਕੇ ਬਾਅਦ ਵਿਚ ਅਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਕਰਾਰ ਦੇਣ ਵਾਲੀ ਗੱਲ ਬੜੀ ਵਿਅੰਗਾਤਮਕ ਹੈ। ਇਸ ਨਾਲ ਕਹਾਣੀ ਵਿਚਲਾ ਸਥਿਤੀ ਵਰਣਨ ਹੋਰ ਅਜਨਬੀਕ੍ਰਿਤ ਹੋ ਜਾਂਦਾ ਹੈ। ਜਿੱਥੇ ਸਮੁੱਚੇ ਸ਼ਹਿਰ ਦੀ ਤਸਵੀਰ ਦ੍ਰਿਸ਼ ਵਾਂਗ ਪੇਸ਼ ਹੁੰਦੀ ਹੈ, ਉਥੇ ਪਾਠਕ ਨੂੰ ਦ੍ਰਿਸ਼ ਅਤੇ ਦ੍ਰਿਸ਼ ਪਿੱਛੇ ਲੁਕੇ ਹੋਏ ਗੰਦੇ ਸਿਸਟਮ ਬਾਰੇ ਸੋਚਣ ਲਈ ਇਹ ਕਹਾਣੀ ਮਜਬੂਰ ਕਰਦੀ ਹੈ ।

ਇਸ ਸੰਗ੍ਰਹਿ ਦੀ ਸਤਵੀਂ ਕਹਾਣੀ 'ਪਰਵਾਨਗੀ' ਹੈ । ਜਿਹੜੀ ਬੁਣਤਰ ਦੇ ਪੱਖੋਂ ਬਾਕੀ ਕਹਾਣੀਆਂ ਨਾਲੋਂ ਅੱਡਰੀ ਪਹਿਚਾਣੀ ਜਾ ਸਕਦੀ ਹੈ । ਇਹ ਕਹਾਣੀ ਔਰਤ-ਪਾਤਰ ਮਿਸਿਜ਼ ਢਿਲੋਂ ਦੇ ਮਾਨਸਿਕ ਤਨਾਉ ਦੇ ਆਲੇ ਦੁਆਲੇ ਘੁੰਮਦੀ ਹੈ। ਇਹ ਤਣਾਉ ਮਾਂ ਦੀ ਮਮਤਾ ਅਤੇ ਸਭਿਆਚਾਰਕ ਰੂੜ੍ਹੀਆਂ ਦੇ ਦਬਾਉ ਵਿਚੋਂ ਪੈਦਾ ਹੋਈ ਜ਼ਾਤ ਪਾਤ ਦੀ ਭਾਵਨਾ ਵਿਚਕਾਰ ਹੈ। ਮਾਂ ਦੀ ਮਮਤਾ ਦਾ ਸਿੱਧਾ ਸੰਬੰਧ ਉਸਦੇ ਜ਼ਾਤੀ ਅਹਿਸਾਸ ਨਾਲ ਹੈ ਅਤੇ ਜ਼ਾਤ ਪਾਤ ਦੀ ਭਾਵਨਾ ਦਾ ਸੰਬੰਧ ਸਭਿਆਚਾਰ ਦੀ ਮਜਬੂਰੀ ਹੇਠ ਜ਼ਿਹਨ ਅੰਦਰ ਪੈਦਾ ਹੋਏ ਦਮਨ ਨਾਲ। ਸਭਿਆਚਾਰ ਵਲੋਂ ਮਿਲੇ ਜ਼ਾਤ ਪਾਤ ਦੇ ਵਖਰੇਵਿਆਂ ਨੇ ਉਸਦੀ ਮਮਤਾ ਦੀ ਭਾਵਨਾ ਦਾ ਵਕਤੀ ਤੌਰ ਤੇ ਦਮਨ ਕੀਤਾ ਹੋਇਆ ਹੈ। 'ਭਾਵਨਾ' ਅਤੇ 'ਦਮਨ' ਦਾ ਤਨਾਉ ਭੋਗ ਰਹੀ ਮਿਸਿਜ਼ ਢਿਲੋਂ ਆਪਣੇ ਨੀਵੀਂ ਜ਼ਾਤ ਦੇ ਜਵਾਈ ਨੂੰ ਬਰਾਬਰੀ ਦਾ ਰੁਤਬਾ ਦੇਣ ਤੋਂ ਝਿਜਕਦੀ ਹੈ। ਜਿਸ ਦੀ ਮਾਂ ਦੀ ਮਮਤਾ ਨੇ ਉਸਨੂੰ ਪਤੀ ਦੀ ਮੌਤ ਤੋਂ ਬਾਅਦ ਵੀ ਮਾਂ ਬਣੇ ਰਹਿਣ ਦੇ ਫੈਸਲੇ ਵਲ ਪ੍ਰੇਰਿਆ ਸੀ, ਉਸੇ ਮਮਤਾ ਦਾ ਉਹ ਕਿਧਰੇ ਦਮਨ ਹੋਇਆ ਮਹਿਸੂਸ ਕਰਦੀ ਹੈ। ਮਿਸਿਜ਼ ਢਿਲੋਂ ਦੀ ਸਥਿਤੀ ਬੜੀ ਜਟਿਲ ਹੈ। ਉਹ ਜ਼ਾਤ ਪਾਤ ਨੂੰ ਮੰਨਦੀ ਹੋਈ ਵੀ ਨਾਈਆਂ ਦੇ ਮੁੰਡੇ ਨੂੰ ਆਪਣਾ ਜਵਾਈ ਬਣਾਉਣ ਲਈ ਮਜਬੂਰ ਹੋ ਜਾਂਦੀ ਹੈ! ਇਹ ਮਜਬੂਰੀ ਬਰਤਾਨਵੀ ਪੰਜਾਬੀ ਹਾਲਾਤ 'ਚੋਂ ਪੈਦਾ ਹੋਈ ਹੈ ਕਿਉਂਕਿ ਇੰਗਲੈਂਡ ਵਿਚ ਮੁੰਡੇ ਏਨੀ ਆਸਾਨੀ ਨਾਲ ਨਹੀਂ ਮਿਲਦੇ ਤੇ ਧੀ ਜਵਾਨ ਹੋ ਰਹੀ ਹੈ। ਵਰਤਮਾਨ ਪ੍ਰਾਪਤ ਸਥਿਤੀ ਨੇ ਮਿਸਿਜ਼ ਢਿਲੋਂ ਨੂੰ ਜੋ ਫੈਸਲਾ ਕਰਨ ਤੇ ਮਜਬੂਰ ਕੀਤਾ ਹੈ, ਉਹ ਉਸਨੂੰ ਅੰਦਰੋਂ ਪ੍ਰਵਾਨ ਨਹੀਂ। ਪਰ ਜਦੋਂ ਉਸਦੀ ਮਮਤਾ ਫੇਰ ਜਾਗਦੀ ਹੈ ਤੇ ਉਸਦੀ ਮਾਨਸਿਕਤਾ ਚੇਤਨਾ ਵਿਚ ਬਦਲਦੀ ਹੈ ਤਾਂ ਉਸਨੂੰ ਮਨੁੱਖ ਅਤੇ ਕਲਚਰ ਵਿਚ ਵਿਆਪੇ ਦਵੰਧ ਦੀ ਸਮਝ ਪੈਂਦੀ ਹੈ ਤਾਂ ਉਸਦੇ ਅੰਦਰ ਦੀ ਮਾਂ ਅਤੇ ਉਸ ਵਿਚ ਪੈਦਾ ਹੋਈ ਚੇਤਨਾ ਅਖ਼ੀਰ ਮਨੁੱਖਤਾ ਦਾ ਸਾਥ ਦੇਣ ਲਈ ਤਿਆਰ ਹੋ ਜਾਂਦੀ ਹੈ। ਇਉਂ ਕਹਾਣੀ ਆਪਣੇ ਸਮੁੱਚੇ ਪ੍ਰਭਾਵ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਨੁੱਖੀ ਕਦਰਾਂ ਕੀਮਤਾਂ ਦਾ ਪੱਖ ਪੂਰਦੀ ਹੀ ਨਜ਼ਰ ਆਉਂਦੀ ਹੈ।

ਇਸ ਸੰਗ੍ਰਹਿ ਦੀ ਅੱਠਵੀਂ ਕਹਾਣੀ 'ਮੁਸਕਰਾਹਟ' ਵਿਚ ਲੇਖਕ ਨੇ ਸਸਪੈਂਸ ਦੀ ਵਿਧੀ ਦੀ ਵਰਤੋਂ ਕੀਤੀ ਹੈ। ਇਹ ਕਹਾਣੀ ਸਸਪੈਂਸ ਤੋਂ ਸ਼ੁਰੂ ਹੁੰਦੀ ਹੈ। ਹੌਲੀ ਹੌਲੀ ਇਹ ਸਸਪੈਂਸ ਵਧਦਾ ਹੈ ਪਰੰਤੂ ਸਿਖਰ ਤੇ ਪਹੁੰਚਣ ਤੋਂ ਪਹਿਲਾਂ ਹੀ ਖੁੱਲ੍ਹ ਜਾਂਦਾ ਹੈ ਜਿਸ ਨਾਲ ਕਹਾਣੀ ਦਾ ਰੂਪ ਹੀ ਬਦਲ ਜਾਂਦਾ ਹੈ।

ਸਵਰਨ ਚੰਦਨ ਦੀਆਂ ਹੋਰ ਕਹਾਣੀਆਂ ਵਾਂਗ ਇਸ ਕਹਾਣੀ ਵਿਚ ਵੀ ਵਿਅੰਗ ਕਾਰਜਸ਼ੀਲ ਹੈ। ਇਹ ਕਹਾਣੀ ਤੀਜੀ ਦੁਨੀਆਂ ਦੇ ਉਨ੍ਹਾਂ ਬੁੱਢੇ ਲੋਕਾਂ ਤੇ ਬੜਾ ਜ਼ਬਰਦਸਤ ਵਿਅੰਗ ਹੈ ਜਿਹੜੇ ਜਵਾਨ ਕੁੜੀਆਂ ਦੀ ਮੁਸਕਰਾਹਟ ਦੇ ਜਬਰੀ ਮਾਲਕ ਬਣ ਜਾਂਦੇ ਹਨ। ਇਸ ਕਹਾਣੀ ਵਿਚ ਦਿਖਾਇਆ ਗਿਆ ਹੈ ਇਹ ਆਦਮੀ ਪੈਸੇ ਦੇ ਬਲ ਤੇ ਜਾਂ ਕਿਸੇ ਹੋਰ ਤਰੀਕੇ ਨਾਲ ਚਾਰ ਚਾਰ ਵਿਆਹ ਕਰਾਉਂਦੇ ਹਨ। ਇਹੋ ਜਿਹੇ ਪਾਤਰਾਂ ਨੂੰ ਕਹਾਣੀਕਾਰ ਨੇ ਆਪ ਪਾਤਰ ਬਣ ਕੇ ਉਨ੍ਹਾਂ ਨਾਲ ਗੱਲਬਾਤ ਕਰਕੇ ਵੇਖਣ, ਪ੍ਰਤੱਖਣ ਸਮਝਣ ਅਤੇ ਸਿਰਜਣ ਦਾ ਯਤਨ ਕੀਤਾ ਹੈ। ਅਖੀਰ ਵਿਚ ਕਹਾਣੀਕਾਰ ਇਹ ਸੰਕੇਤ ਕਰਦਾ ਹੈ ਕਿ ਕਾਸ਼ ਕਦੇ ਲੋਕੀਂ ਮਿਲ ਕੇ ਕੁੜੀਆਂ ਦੀ ਗੁਆਚੀ ਮੁਸਕਰਾਹਟ ਵਾਪਸ ਲਿਆ ਸਕਣ। ਇਸ ਕਹਾਣੀ ਵਿਚ ਲੇਖਕ ਦੱਸਣਾ ਚਾਹੁੰਦਾ ਹੈ ਕਿ ਸਮੁੱਚੇ ਭ੍ਰਿਸ਼ਟਾਚਾਰਕ ਕਾਰ ਵਿਹਾਰ ਪਿੱਛੇ ਕੱਲੇ-ਕਾਰੇ ਵਿਅਕਤੀ ਦਾ ਹੱਥ ਨਹੀਂ, ਇਹ ਸਰਮਾਏਦਾਰੀ ਨਿਜ਼ਾਮ ਦਾ ਸਿਸਟਮ ਹੈ ਜੋ ਸਭ ਕਰਵਾ ਰਿਹਾ ਹੈ। ਸਿਸਟਮ ਨੂੰ ਬਦਲਣਾ ਵੀ ਕੱਲੇ-ਕਾਰੇ ਵਿਅਕਤੀ ਦਾ ਕੰਮ ਨਹੀਂ, ਇਸਨੂੰ ਜੱਥੇਬੰਦੀ ਰਾਹੀਂ ਬਦਲਿਆ ਜਾ ਸਕਦਾ ਹੈ। ਸਿਸਟਮ ਦੀਆਂ ਬੋਦੀਆਂ ਕੀਮਤਾਂ ਨੂੰ ਬਦਲਣ ਦੀ ਰੀਝ ਸਵਰਨ ਚੰਦਨ ਦੀ ਸਮੁੱਚੀ ਸਾਹਿਤ-ਰਚਨਾ ਦਾ ਪ੍ਰਯੋਜਨ ਹੈ। ਉਹ 'ਕਲਾ ਕਲਾ ਲਈ' ਜਾਂ 'ਕਲਾ ਨਿਜ ਲਈ' ਵਿਚ ਵਿਸ਼ਵਾਸ ਨਹੀਂ ਕਰਦਾ ਉਹ ਕਲਾ ਨੂੰ ਜ਼ਿੰਦਗੀ ਦਾ ਅਟੁੱਟ ਹਿੱਸਾ ਮੰਨ ਕੇ 'ਕਲਾ ਜ਼ਿੰਦਗੀ ਲਈ' ਦੇ ਵਿਚਾਰ ਦੀ ਹਮਾਇਤ ਕਰਦਾ ਹੈ ਅਤੇ ਇਸੇ ਦ੍ਰਿਸ਼ਟੀਕੋਣ ਤੋਂ ਉਹ ਆਪਣੀਆਂ ਕਹਾਣੀਆਂ ਦੀ ਸਿਰਜਣਾ ਕਰਦਾ ਹੈ।

'ਰਾਣੀ ਸੋਚ ਰਹੀ ਸੀ' ਇਸ ਕਹਾਣੀ-ਸੰਗ੍ਰਹਿ ਦੀ ਨੌਂਵੀ ਕਹਾਣੀ ਹੈ। ਕਲਾ ਦੀ ਦ੍ਰਿਸ਼ਟੀ ਤੋਂ ਇਸ ਕਹਾਣੀ ਵਿਚ ਕੁਝ ਕਮਜ਼ੋਰੀਆਂ ਰਹਿ ਗਈਆਂ ਹਨ। ਰਾਣੀ ਦੀ ਸੋਚ ਬਿਆਨ ਦੀ ਪੱਧਤ ਤੇ ਪੇਸ਼ ਕੀਤੀ ਗਈ ਹੈ ਲੇਖਕ ਦੀ ਸੋਚ ਰਾਣੀ ਦੀ ਸੋਚ ਉਪਰ ਥੋਪੀ ਹੋਈ ਜਾਪਦੀ ਹੈ। ਪਰੰਤੂ ਜਿਹੜੀ ਸੋਚ ਇਸ ਕਹਾਣੀ ਵਿਚ ਪੇਸ਼ ਕੀਤੀ ਗਈ ਹੈ ਉਸਦੀਆਂ ਜੜ੍ਹਾਂ ਬਰਤਾਨਵੀ ਪੰਜਾਬੀ ਸਮਾਜ ਵਿਚ ਪਈਆਂ ਹੋਈਆਂ ਹਨ। ਆਧੁਨਿਕ ਮਾਹੌਲ ਵਿਚ ਪੈਦਾ ਹੋਈ ਭਾਰਤੀ ਮਾਂ-ਪਿਓ ਦੀ ਕੁੜੀ ਏਨੀ ਚੇਤੰਨ ਹੋ ਗਈ ਹੈ ਕਿ ਕੋਈ ਮੁੰਡਾ ਹੀ ਪਸੰਦ ਨਹੀਂ ਕਰ ਸਕਦੀ। ਇਹ ਅੱਜ ਦੀ ਔਰਤ ਦੀ ਚੇਤਨਾ ਦਾ ਬਹੁਤ ਵੱਡਾ ਉਲਾਰ ਹੈ ਪਰ ਸੱਚ ਹੈ ਅਤੇ ਇਸ ਸੱਚ ਨੂੰ ਸਵਰਨ ਚੰਦਨ ਨੇ ਆਪਣੀ ਕਹਾਣੀ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਸੰਗ੍ਰਹਿ ਦੀ ਦਸਵੀਂ ਕਹਾਣੀ 'ਕੈਪਟਨ ਦੀ ਬੀਵੀ' ਨਾਟਕੀ ਅੰਦਾਜ਼ ਵਿਚ ਲਿਖੀ ਹੋਈ ਹੈ। ਕਹਾਣੀ ਦੀ ਸਮੁੱਚੀ ਪ੍ਰਕਿਰਿਆ ਵਿਚ ਲੇਖਕ ਭਾਰਤੀ ਸਮਾਜਕ ਸਿਸਟਮ ਦੀਆਂ ਬੁਰਾਈਆਂ ਦਾ ਪਰਦਾ ਫਾਸ਼ ਕਰਦਾ ਐਸੀ ਸਥਿਤੀ ਤੇ ਪਹੁੰਚਦਾ ਹੈ ਜਿਥੇ ਦੋਸ਼ ਸਿਸਟਮ ਦਾ ਏਨਾ ਨਹੀਂ ਜਿੰਨਾ ਸਿਸਟਮ ਵਿਚ ਕੰਮ ਕਰਨ ਵਾਲੇ ਕੁਝ ਅੰਸ਼ਾਂ ਜਾਂ ਤੱਤਾਂ ਦਾ ਹੈ। ਮਿਸਾਲ ਦੇ ਤੌਰ ਤੇ ਕੈਪਟਨ ਦੀ ਬੀਵੀ ਜਹਾਜ਼ ਲੇਟ ਹੋਣ ਲਈ ਜ਼ਿੰਮੇਵਾਰ ਠਹਿਰਾਈ ਗਈ ਹੈ। ਅਸਲ ਵਿਚ ਜ਼ਿੰਮੇਵਾਰ ਉਹ ਕੈਪਟਨ ਹੈ ਜਿਹੜਾ ਦੇਸ਼ ਪ੍ਰਤੀ, ਸਮਾਜ ਪ੍ਰਤੀ ਆਪਣੇ ਫਰਜ਼ ਨੂੰ ਭੁੱਲ ਕੇ ਆਪਣੀ ਬੀਵੀ ਦੀ ਖ਼ਾਤਿਰ ਜਹਾਜ਼ ਦੀਆਂ ਸਮੁੱਚੀਆਂ ਸਵਾਰੀਆਂ ਦਾ ਨੁਕਸਾਨ ਕਰਦਾ ਹੈ। ਇਨ੍ਹਾਂ ਸਵਾਰੀਆਂ ਵਿਚੋਂ ਸਭ ਤੋਂ ਵੱਧ ਨੁਕਸਾਨ ਗਲਪੀ ਮੈਂ ਦਾ ਹੁੰਦਾ ਹੈ ਜਿਹੜਾ ਵਕਤ ਸਿਰ ਸਨਮਾਨ ਫੰਕਸ਼ਨ ਉਪਰ ਪਹੁੰਚ ਨਹੀਂ ਸਕਿਆ। ਵਿਅੰਗ ਇਸ ਕਹਾਣੀ ਵਿਚ ਵੀ ਥਾਂ ਪਰ ਥਾਂ ਕਾਰਜਸ਼ੀਲ ਹੈ। ਕਹਾਣੀ ਵਿਚੋਂ ਅਸਿੱਧੇ ਰੂਪ ਵਿਚ ਇਹ ਸੰਕੇਤ ਮਿਲਦਾ ਹੈ ਕਿ ਸਿਸਟਮ ਉੱਨੀ ਦੇਰ ਕੰਮ ਨਹੀਂ ਕਰ ਸਕਦਾ ਜਿੰਨੀ ਦੇਰ ਤਕ ਉਸਦੇ ਅੰਗ ਸਕ੍ਰਿਅ ਅਤੇ ਜ਼ਿੰਮੇਵਾਰ ਨਾ ਹੋਣ।

'ਆਪਣੇ ਰੂ-ਬ-ਰੂ' ਯਾਰਵੀਂ ਕਹਾਣੀ ਹੈ ਜਿਸ ਵਿਚ ਮੱਧ-ਸ੍ਰੇਣੀ ਦੇ ਇਨਸਾਨ ਦੀ ਸੋਚ ਨੂੰ ਉੱਤਮ-ਪੁਰਖ ਵਿਚ ਪੇਸ਼ ਕੀਤਾ ਹੈ। ਇਹ ਇਨਸਾਨ ਅਜੀਬ ਜਿਹੀ ਦੁਬਿਧਾ ਵਿਚ ਘਿਰਿਆ ਹੋਇਆ ਹੈ। ਆਪਣੇ ਤੋਂ ਵੱਡਿਆਂ ਨਾਲ ਨਾਤਾ ਨਹੀਂ ਜੋੜ ਸਕਦਾ ਅਤੇ ਆਪਣੇ ਤੋਂ ਛੋਟੇ ਵਿਅਕਤੀਆਂ ਨਾਲ ਖੁਲ੍ਹੇ ਰੂਪ ਵਿਚ ਸੰਬੰਧ ਕਾਇਮ ਕਰਨ ਤੋਂ ਝਿਜਕਦਾ ਹੈ। ਇਸ ਝਿਜਕ ਦਾ ਅਹਿਸਾਸ ਉਸਨੂੰ ਜ਼ਿੰਦਗੀ ਵਿਚ ਕੁਝ ਕਰਨ ਨਹੀਂ ਦੇਂਦਾ। ਮੱਧ ਸ੍ਰੇਣੀ ਦਾ ਇਨਸਾਨ ਸਮਾਜਕ ਮਜਬੂਰੀਆਂ ਵਸ ਕਿਵੇਂ ਆਪਣੀਆਂ ਖ਼ਾਹਿਸ਼ਾਂ ਦਾ ਦਮਨ ਕਰਦਾ ਹੈ, ਉਸਦੀ ਪੇਸ਼ਕਾਰੀ ਹੈ ਇਹ ਕਹਾਣੀ। ਕਹਾਣੀ ਦੀ ਅਖ਼ੀਰਲੀ ਲਾਈਨ ਵਿਚ ਲੇਖਕ ਨੇ ਖ਼ਾਮੋਸ਼ੀ ਦੀ ਪੱਧਰ ਤੇ ਓਹਲਾ ਸਿਰਜਿਆ ਹੈ। ਇਹ ਓਹਲਾ ਪਾਠਕ ਅੰਦਰ ਕਈ ਤਰ੍ਹਾਂ ਦੇ ਪ੍ਰਸ਼ਨ ਅਤੇ ਸ਼ੰਕਾਵਾਂ ਪੈਦਾ ਕਰਦਾ ਹੈ। ਇਸ ਕਹਾਣੀ ਵਿਚਲਾ ਪਾਤਰ ਚਮਨ ਲਾਲ ਮੱਧ ਸ੍ਰੇਣੀ ਦਾ ਪ੍ਰਤੀਨਿਧ ਪਾਤਰ ਬਣ ਕੇ ਪੇਸ਼ ਹੋਇਆ ਹੈ। ਇਸ ਕਹਾਣੀ ਵਿਚ ਓਹਲੇ ਦੀ ਵਰਤੋਂ ਕਹਾਣੀ ਦੀਆਂ ਅਰਥ-ਸੰਭਾਵਨਾਵਾਂ ਨੂੰ ਵੀ ਤਿੱਖਿਆਂ ਕਰਦੀ ਹੈ।

ਇਸ ਕਹਾਣੀ-ਸੰਗ੍ਰਿਹ ਦੀ ਬਾਰ੍ਹਵੀਂ ਕਹਾਣੀ 'ਪੈਮ ਟੱਕਰ' ਅੰਗਰੇਜ਼ ਔਰਤ ਪਾਤਰ ਦੀ ਮਾਨਸਿਕਤਾ ਦੀ ਖ਼ੂਬਸੂਰਤ ਪੇਸ਼ਕਾਰੀ ਕਰਦੀ ਹੈ। ਪੈਮ ਟੱਕਰ ਕਹਾਣੀ ਦੀ ਮੁੱਖ ਪਾਤਰ ਹੈ ਜਿਸਦੇ ਆਲੇ ਦੁਆਲੇ ਸਮੁੱਚੀ ਕਹਾਣੀ ਦੀ ਉਸਾਰੀ ਹੋਈ ਹੈ। ਪੱਛਮੀ ਸਭਿਅਤਾ ਵਿਚ ਸਾਹ ਲੈ ਰਹੀ ਇਹ ਪੱਛਮੀ ਔਰਤ ਆਪਣੀ ਜ਼ਿੰਦਗੀ ਦੀ ਇਕੱਲ ਨੂੰ ਬਿੱਲੀਆਂ ਪਾਲ ਕੇ ਪੂਰਾ ਕਰਦੀ ਹੈ। ਪਤੀ ਅਤੇ ਪੁੱਤਰ ਦੇ ਹੁੰਦਿਆਂ ਵੀ ਉਹ ਇਸ ਦੁਨੀਆਂ ਵਿਚ ਇਕੱਲੀ ਹੈ। 'ਇਕੱਲ' ਪੱਛਮੀ ਮੁਲਕਾਂ ਦੇ ਉਦਯੋਗੀਕ੍ਰਿਤ ਸਮਾਜ ਦੀ ਦੇਣ ਹੈ। ਇਹੋ ਜਿਹੇ ਸਮਾਜ ਵਿਚ ਇਕੱਲ ਭੋਗ ਰਹੀਆਂ ਔਰਤਾਂ ਦੀ ਪੇਸ਼ਕਾਰੀ 'ਪੈਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੱਕਰ' ਦੇ ਚਰਿੱਤਰ ਰਾਹੀਂ ਪੇਸ਼ ਕੀਤੀ ਗਈ ਹੈ। ਇਸ ਕਹਾਣੀ ਵਿਚ ਵੀ ਲੇਖਕ ਗਲਪੀ-ਮੈਂ ਦੇ ਰੂਪ ਵਿਚ ਇਕ ਵਿੱਥ ਤੇ ਰਹਿ ਕੇ 'ਪੈਮ ਟੱਕਰ' ਦੇ ਜੀਵਨ ਨੂੰ ਪੜ੍ਹਨ ਅਤੇ ਸਮਝਣ ਦਾ ਯਤਨ ਕਰਦਾ ਹੈ। ਗਲਪੀ-ਮੈਂ ਅਤੇ ਔਰਤ-ਪਾਤਰ ਸਾਰੀ ਕਹਾਣੀ ਵਿਚ ਵਿੱਥ ਤੇ ਰਹਿ ਕੇ ਵਿਚਰਦੇ ਹਨ।

ਇਸ ਕਹਾਣੀ-ਸੰਗ੍ਰਹਿ ਦੀ ਤੇਰ੍ਹਵੀਂ ਕਹਾਣੀ 'ਰਜ਼ੀਆ ਸੁਲਤਾਨ' ਲੇਖਕ ਦੀ ਜੀਵਨ-ਘਟਨਾ ਨਾਲ ਸੰਬੰਧਿਤ ਕਹਾਣੀ ਹੈ। ਕਸ਼ਮੀਰ ਦੀ ਸੈਰ ਵੇਲੇ ਲੇਖਕ ਇਕ ਸ਼ਿਕਾਰਾ, ਜਿਸਦਾ ਨਾਂ ਰਜ਼ੀਆ ਸੁਲਤਾਨ ਹੈ, ਅਤੇ ਉਸਨੂੰ ਚਲਾਉਣ ਵਾਲੇ ਯੂਸਫ ਵਿਚੋਂ ਰਜ਼ੀਆ ਸੁਲਤਾਨ ਅਤੇ ਉਸਦੇ ਗ਼ੁਲਾਮ ਆਸ਼ਕ ਯਾਕੂਤ ਦੇ ਆਪਸੀ ਰਿਸ਼ਤੇ ਨੂੰ ਪਛਾਨਣ ਦੀ ਕੋਸ਼ਿਸ਼ ਕਰਦਾ ਹੈ। ਉਸਦਾ ਕਹਿਣਾ ਹੈ ਯਾਕੂਤ ਤੋਂ ਯੂਸਫ ਤਕ ਦਾ ਸਫ਼ਰ ਗ਼ੁਲਾਮ ਤੋਂ ਗ਼ੁਲਾਮ ਤਕ ਦਾ ਸਫ਼ਰ ਹੈ ਅਤੇ ਰਜ਼ੀਆ ਸੁਲਤਾਨ ਅਜੇ ਵੀ ਚਲਾਕ ਹੈ। ਇਸ ਸਾਰੀ ਕਹਾਣੀ ਵਿਚੋਂ ਲੇਖਕ ਦੀ ਗਰੀਬਾਂ ਪ੍ਰਤੀ ਹਮਦਰਦੀ ਜ਼ਾਹਿਰ ਹੁੰਦੀ ਹੈ। ਆਮ ਮਿਹਨਤੀ ਭੋਲੇ ਭਾਲੇ ਅਤੇ ਮਜ਼ਲੂਮ ਲੋਕ ਸਵਰਨ ਚੰਦਨ ਦੀਆਂ ਹੋਰ ਕਹਾਣੀਆਂ ਦੇ ਪਾਤਰ ਵੀ ਬਣਦੇ ਹਨ।

ਇਸ ਸੰਗ੍ਰਹਿ ਦੀ ਚੌਧਵੀਂ ਅਤੇ ਆਖ਼ਰੀ ਕਹਾਣੀ 'ਕਹਾਣੀ ਨਹੀਂ ਬਣੀ' ਇਕ ਖ਼ਾਸ ਅੰਦਾਜ਼ ਵਿਚ ਲਿਖੀ ਹੋਈ ਕਹਾਣੀ ਹੈ। ਕਹਾਣੀ ਉੱਤਮ ਪੁਰਖ ਵਿਚ ਲਿਖੀ ਗਈ ਹੈ ਲੇਕਿਨ ਐਸੀ ਸ਼ਖਸੀਅਤ ਨੂੰ ਪੇਸ਼ ਕਰਦੀ ਹੈ ਜਿਸਦੇ ਦਿੱਖ ਅਤੇ ਤੱਤ ਵਿਚ ਅਨੇਕਾਂ ਵਿਰੋਧ ਹਨ। ਪੋਚੀ ਪਾਚੀ ਸ਼ਖਸੀਅਤ ਦੇ ਦਿੱਸਣ ਵਾਲੇ ਰੂਪ ਦੇ ਅੰਦਰ ਗੁਨਾਹਾਂ ਦੀਆਂ ਕਈ ਪਰਤਾਂ ਛੁਪੀਆਂ ਹੋਈਆਂ ਹਨ। ਇਨ੍ਹਾਂ ਪਰਤਾਂ ਵਲ ਲੇਖਕ ਦਾ ਧਿਆਨ ਤਾਂ ਜਾਂਦਾ ਹੈ ਪਰ ਆਮ ਸਾਧਾਰਣ ਮਨੁੱਖ ਉਸਨੂੰ ਸਮਝ ਨਹੀਂ ਸਕਦਾ। ਇਸੇ ਕਰਕੇ ਸਮਾਜ ਵਿਚ ਅਤਿਆਚਾਰ, ਹੇਰਾਫੇਰੀ, ਬੇਈਮਾਨੀ ਕਾਇਮ ਹੈ। ਜਿਸ ਦਿਨ ਲੋਕਾਂ ਨੂੰ ਇਹ ਪਰਤਾਂ ਨਜ਼ਰ ਆ ਜਾਣਗੀਆਂ ਉਸ ਦਿਨ ਗੱਲ ਬਣ ਜਾਏਗੀ। ਇਹ ਕਹਾਣੀ ਵੀ ਸਾਡੇ ਸਮਾਜ ਵਿਚ ਭ੍ਰਿਸ਼ਟਾਚਾਰ ਛੁਪਾਈ ਰੱਖਣ ਵਾਲੇ ਹਰੀਸ਼ ਚੰਦਰ ਵਰਗੇ ਲੋਕਾਂ ਉਪਰ ਵਿਅੰਗ ਹੈ ਜੋ ਕਹਾਣੀ ਨਹੀਂ ਬਣਨ ਦੇਂਦੇ। ਕਹਾਣੀ ਦੇ ਅਖ਼ੀਰ ਵਿਚ ਸੁਆਲ ਉਠਾਇਆ ਗਿਆ ਹੈ ਕਿ ਕਹਾਣੀ ਕਦੋਂ ਬਣੇਗੀ ਅਰਥਾਤ ਸਿਹਤਮੰਦ ਸਮਾਜ ਕਦੋਂ ਬਣੇਗਾ ?

ਇਸ ਕਹਾਣੀ-ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਪੜ੍ਹ ਕੇ ਪਤਾ ਲੱਗਦਾ ਹੈ ਕਿ ਸਵਰਨ ਚੰਦਨ ਨੇ ਇਨ੍ਹਾਂ ਕਹਾਣੀਆਂ ਵਿਚ ਤਕਨੀਕ ਪੱਖੋਂ ਵਿਕਾਸ ਕੀਤਾ ਹੈ। ਜਿਥੇ 'ਪੁੰਨ ਦਾ ਸਾਕ' ਅਤੇ 'ਉਜੜਿਆ ਖੂਹ' ਵਿਚ ਉਹ ਰਿਸ਼ਤਿਆਂ ਨੂੰ ਭਾਵੁਕ ਪੱਧਰ ਤੇ ਸਮਝਦਾ ਸੀ ਉਥੇ 'ਖ਼ਾਲੀ ਪਲਾਂ ਦੀ ਸਾਂਝ' ਵਿਚ ਉਸਦੀ ਬੌਧਿਕ ਸੋਚ ਵੀ ਦਖ਼ਲ ਦੇਂਦੀ ਹੈ ਅਤੇ 'ਲਾਲ ਚੌਂਕ' ਤਕ ਪੁਜਦਿਆਂ ਉਸਦੀ ਬੌਧਿਕ ਸੋਚ ਕਹਾਣੀ ਦੇ ਸੁਹਜ ਨੂੰ ਵੀ ਨਾਲ ਲੈ ਕੇ ਤੁਰਦੀ ਹੈ। ਸਾਰੀਆਂ ਕਹਾਣੀਆਂ ਵਿਚ ਵਿਅੰਗ ਦੀ ਵਿਧੀ ਕਾਰਜਸ਼ੀਲ ਹੈ ਲੇਕਿਨ ਇਹ ਵਿਅੰਗ ਲੇਖਕ ਵਲੋਂ ਘੱਟ ਅਤੇ ਪਾਤਰਾਂ ਦੀ ਵਾਰਤਾਲਾਪ ਰਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਧੇਰੇ ਉਘੜਦਾ ਹੈ। ਕਿਧਰੇ ਇਹ ਵਿਅੰਗ ਖ਼ਾਮੋਸ਼ੀ ਦੀ ਪੱਧਰ ਉਪਰ ਵੀ ਵਿਚਰਦਾ ਹੈ। ਇਨ੍ਹਾਂ ਕਹਾਣੀਆਂ ਦੀ ਤਕਨੀਕ ਵਿਚ ਇਕ ਨਵੀਂ ਗੱਲ ਇਹ ਹੈ ਕਿ ਲੇਖਕ ਨੇ ਆਪਣੇ ਆਪ ਨੂੰ ਕਹਾਣੀ ਤੋਂ ਬਾਹਰ ਰੱਖ ਕੇ ਚਰਿਤਰਾਂ ਦੀ ਸਿਰਜਣਾ ਨਹੀਂ ਕੀਤੀ ਸਗੋਂ ਆਪਣੇ ਆਪ ਨੂੰ ਕਹਾਣੀ ਦਾ ਪਾਤਰ ਬਣਾ ਕੇ ਪਰੰਤੂ ਦੂਜੇ ਪਾਤਰਾਂ ਨਾਲੋਂ ਵਿੱਥ ਤੇ ਰਹਿ ਕੇ ਉਨ੍ਹਾਂ ਦੀਆਂ ਹਰਕਤਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਇਉਂ ਕਹਾਣੀ ਵਿਚ ਪਾਤਰ ਦੇ ਰੂਪ ਵਿਚ ਸਮੂਲੀਅਤ ਵੀ ਹੈ ਅਤੇ ਬਾਕੀ ਪਾਤਰਾਂ ਨਾਲੋਂ ਵਿੱਥ ਵੀ। ਇਸ ਤਰ੍ਹਾਂ ਉਹ ਪਾਤਰਾਂ ਬਾਰੇ ਰਾਇ, ਨਿਰਣਾ, ਜਾਂ ਵਿਚਾਰ ਵਸਤੂਮੂਲਕ ਦ੍ਰਿਸ਼ਟੀ ਤੋਂ ਦੇ ਸਕਿਆ ਹੈ। ਇਨ੍ਹਾਂ ਕਹਾਣੀਆਂ ਵਿਚ ਸਮਾਜਕ ਸਿਸਟਮ ਵਿਚਲੀਆਂ ਵਧੀਕੀਆਂ ਨੂੰ ਉਘਾੜਿਆ ਗਿਆ ਹੈ।

ਇਨ੍ਹਾਂ ਕਹਾਣੀਆਂ ਨੂੰ 'ਬਰਤਾਨਵੀ ਪੰਜਾਬੀ ਕਹਾਣੀ' ਨਾਂ ਦੇ ਸਿਰਲੇਖ ਹੇਠ ਰਖਿਆ ਜਾ ਸਕਦਾ ਹੈ ਕਿਉਂਕਿ ਕੁਲ ਮਿਲਾ ਕੇ ਇਹ ਬਰਤਾਨੀਆਂ ਵਿਚ ਵਸੇ ਹੋਏ ਪੰਜਾਬੀ ਲੋਕਾਂ ਦੀ ਮਾਨਸਿਕਤਾ ਨੂੰ ਪੇਸ਼ ਕਰਦੀਆਂ ਹਨ। ਜਿਥੇ ਪਾਤਰ ਨਿਰੋਲ ਭਾਰਤੀ ਹਨ ਉਥੇ ਵੀ ਲੇਖਕ ਆਪਣੇ ਆਪ ਨੂੰ ਬਰਤਾਨਵੀ ਪੰਜਾਬੀ ਪਾਤਰ ਦੇ ਰੂਪ ਵਿਚ ਪੇਸ਼ ਕਰਕੇ ਉਸੇ ਅੱਖ ਨਾਲ ਸਥਿਤੀ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਬਰਤਾਨੀਆ ਦਾ ਨਿਵਾਸੀ ਹੋਣ ਕਰਕੇ ਪਰੰਤੂ ਭਾਰਤ ਤੋਂ 24-25 ਸਾਲ ਪਹਿਲਾਂ ਚਲੇ ਜਾਣ ਕਰਕੇ ਉਹ ਬਰਤਾਨਵੀ ਸਮਾਜ ਅਤੇ ਭਾਰਤੀ ਸਮਾਜ ਦਾ ਤੁਲਨਾਤਮਕ ਅਧਿਐਨ ਵੀ ਪੇਸ਼ ਕਰ ਸਕਿਆ ਹੈ। ਕਹਾਣੀ ਵਿਚਲਾ ਵਾਤਾਵਰਣ ਭਾਵੇਂ ਨਿਰੋਲ ਭਾਰਤੀ ਹੈ ਪਰ ਉਹ ਕਹਾਣੀ ਦੇ ਸਮੁੱਚੇ ਪ੍ਰਭਾਵ ਵਿਚ ਇਸ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦਾ ਹੈ। ਉਸ ਲਈ 'ਲਾਲ ਚੌਂਕ' ਕੇਵਲ ਸ੍ਰੀ ਨਗਰ ਵਾਲਾ 'ਲਾਲ ਚੌਂਕ' ਨਹੀਂ ਦੁਨੀਆਂ ਦੇ ਕਿਸੇ ਮੁਲਕ ਦਾ ਕੋਈ ਵੀ ਲਾਲ ਚੌਂਕ ਹੋ ਸਕਦਾ ਹੈ। ਉਹ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣਾ ਚਾਹੁੰਦਾ ਹੈ। ਇਸ ਕਰਕੇ ਉਸਦੀਆਂ ਕਹਾਣੀਆਂ ਦਾ ਅੰਤਿਮ ਉਦੇਸ਼ ਸੱਚੇ ਸੁੱਚੇ ਇਨਸਾਨ ਦੀ ਇਨਸਾਨੀਅਤ ਨੂੰ ਬਚਾਈ ਰੱਖਣ ਦਾ ਤਰਲਾ ਹੈ। ਸਵਰਨ ਚੰਦਨ ਸਮਾਜ ਪ੍ਰਤੀ ਪ੍ਰਤੀਬੱਧ ਲੇਖਕ ਹੈ ਇਸੇ ਕਰਕੇ ਉਸਦੀਆਂ ਕਹਾਣੀਆਂ ਦੀ ਸਮਾਜਕ ਸਾਰਥਕਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਤਿਭਾਸ਼ਾਲੀ-ਪ੍ਰਗਤੀਵਾਦੀ ਕਹਾਣੀਕਾਰ—ਸਵਰਨ ਚੰਦਨ (ਲਾਲ ਚੌਂਕ ਦੇ ਆਧਾਰ ਉੱਤੇ)

—ਅਜੀਤ ਸਿੰਘ

ਅਜੋਕੇ ਸਮੇਂ ਵਿਚ ਕਿਸੇ ਵਿਚਾਰਧਾਰਾ, ਸਿੱਧਾਂਤ ਜਾਂ ਵਾਦ ਪ੍ਰਤੀ ਵਚਨ-ਬੱਧ ਹੋਕੇ ਸਾਹਿਤ ਸਿਰਜਣ ਵੱਲ ਰੁਚਿਤ ਹੋਣਾ ਬੜਾ ਨਿਰਾਰਥਕ ਤੇ ਸੰਦਰਭੋਂ-ਬਾਹਰਾ ਕਰਮ ਸਮਝਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਵੀ ਅਜਿਹੀ ਸਥਿਤੀ ਪਿਛਲੇ ਕੋਈ 15 ਕੁ ਸਾਲਾਂ ਤੋਂ ਬਣੀ ਹੋਈ ਹੈ। ਇਸ ਦੇ ਬਾਵਜੂਦ ਮੈਂ ਸਵਰਨ ਚੰਦਨ ਦੇ ਕਹਾਣੀ-ਸੰਗ੍ਰਹਿ 'ਲਾਲ ਚੌਂਕ' ਦੇ ਅਧਿਐਨ ਦੇ ਆਧਾਰ ਉੱਤੇ ਉਸ ਨੂੰ ਪ੍ਰਤਿਭਾਸ਼ਾਲੀ ਪ੍ਰਗਤੀਵਾਦੀ ਕਹਾਣੀਕਾਰ ਮੰਨ ਕੇ ਇਹ ਲੇਖ ਲਿਖਣ ਲੱਗਾ ਹਾਂ।

ਜਿਵੇਂ ਕਿ ਆਮ ਵਿੱਦਿਤ ਹੈ ਕਿ ਪ੍ਰਗਤੀਵਾਦੀ ਸਾਹਿਤ ਮਾਰਕਸੀ ਵਿਚਾਰਧਾਰਾ ਨੂੰ ਸਨਮੁੱਖ ਰੱਖਕੇ ਜੀਵਨ-ਯਥਾਰਥ ਦੀ ਕਲਾਤਮਕ ਪੇਸ਼ਕਾਰੀ ਦੀ ਮੰਗ ਕਰਦਾ ਹੈ। ਸਾਡੇ ਕੁਝ ਪ੍ਰਗਤੀਵਾਦੀ ਰਚਨਕਾਰਾਂ ਨੇ ਰੂਸੀ ਤੇ ਚੀਨੀ ਨਜ਼ਾਮ ਨੂੰ ਆਦਰਸ਼ ਮੰਨਕੇ ਅਜਿਹਾ ਸਮਾਜ ਤੇ ਨਜ਼ਾਮ ਲਿਆਉਣ ਦੀ ਪ੍ਰੇਰਨਾ ਦਿੰਦਾ ਸਾਹਿਤ ਰਚਿਆ ਹੈ। ਹੁਣ ਜਦੋਂ ਰੂਸ ਦਾ ਸਮਾਜਵਾਦੀ ਨਜ਼ਾਮ ਖੇਰੂੰ ਖੇਰੂੰ ਹੋ ਗਿਆ ਹੈ, ਲੈਨਿਨ ਤੇ ਮਾਰਕਸ ਨੂੰ ਉਥੇ ਛੰਡਿਆ ਤੇ ਭੰਡਿਆ ਜਾ ਰਿਹਾ ਹੈ, ਪ੍ਰਗਤੀਵਾਦ ਦੀ ਗੱਲ ਕਰਨਾ ਹੋਰ ਵੀ ਵਿਅਰਥ ਤੇ ਘਾਤਿਕ ਜਿਹਾ ਮਹਿਸੂਸ ਹੁੰਦਾ ਹੈ, ਤਾਂ ਵੀ ਜਦੋਂ ਮੈਂ ਸਵਰਨ ਚੰਦਨ ਨੂੰ ਪ੍ਰਗਤੀਵਾਦੀ ਕਹਾਣੀਕਾਰ ਆਖਦਾ ਹੈ ਤਾਂ ਮੈਨੂੰ ਸੰਤੁਸ਼ਟੀ ਹੁੰਦੀ ਹੈ।

ਸੋਵੀਅਤ-ਦੇਸ ਦਾ ਇਹ ਹਾਲ ਕਿਵੇਂ ਤੇ ਕਿਉਂ ਹੋਇਆ, ਇਹ ਵਧੇਰੇ ਕਰਕੇ ਰਾਜਨੀਤਕ ਮਸਲਾ ਹੈ, ਜਿਸ ਵਿਚ ਮੈਂ ਏਥੇ ਜਾਣਾ ਨਹੀਂ ਚਾਹੁੰਦਾ। ਪਰ ਉਥੋਂ ਦੀਆਂ ਪਰਿਸਥਿਤੀਆਂ ਤੋਂ ਇਹ ਨਤੀਜਾ ਕੱਢ ਲੈਣਾ ਕਿ ਸੰਸਾਰ ਵਿਚੋਂ ਪ੍ਰਗਤੀਵਾਦੀ ਭਾਵਨਾ ਜਾਂ ਪ੍ਰਗਤੀਵਾਦ ਸਾਹਿਤ ਅਸਲੋਂ ਨੇਸਤੋ-ਨਾਬੂਦ ਹੋ ਜਾਵੇਗਾ, ਇਹ ਮੈਂ ਮੰਨਣ ਨੂੰ ਤਿਆਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਹੀਂ। ਉਸ ਦਾ ਕਾਰਨ ਇਹ ਹੈ ਕਿ ਮਾਰਕਸ ਨੇ ਮਨੁੱਖੀ ਜੀਵਨ ਦੇ ਵਿਕਾਸ ਤੇ ਵਿਕਾਸ-ਵਿਧੀ, ਮਨੁੱਖ ਤੇ ਸਮਾਜ ਦੇ ਪ੍ਰਸਪਰ ਸਬੰਧਾਂ ਨੂੰ ਸਮਝਣ ਲਈ ਜਿਹੜੀਆਂ ਕੁਝ ਬੁਨਿਆਤੀ ਗੱਲਾਂ ਵੱਲ ਲੋਕਾਂ ਨੂੰ ਵਧੇਰੇ ਸੁਚੇਤ ਕੀਤਾ ਸੀ, ਉਹ ਹੁਣ ਵੀ ਮੌਜੂਦ ਹਨ। ਮੈਂ ਸਮਝਦਾਂ, ਮਾਰਕਸ ਨੇ ਇਹਨਾਂ ਤੱਥਾਂ ਨੂੰ ਵਧੇਰੇ ਵਿੱਗਿਆਨਕ, ਵਿਕਾਸ-ਵਿਰੋਧੀ ਤੇ ਦਵੰਦਾਤਮਕ ਵਿਧੀ ਨਾਲ ਲੋਕਾਂ ਅੱਗੇ ਲਿਆਂਦਾ। ਸੰਸਾਰ ਦਾ ਕਲਾਸਕੀ ਸਾਹਿਤ ਉੱਗੇ-ਮਾੜੇ, ਉੱਚੇ-ਨੀਵੇਂ, ਪਾਪੀ-ਪਾਵਨ, ਗ਼ਰੀਬ-ਅਮੀਰ, ਝੂਠੇ-ਸੱਚੇ ਦੇ ਵਿਰੋਧ ਤੇ ਟਕਰਾ ਨਾਲ ਭਰਿਆ ਹੋਇਆ ਹੈ। ਕਿਸੇ ਨਾ ਕਿਸੇ ਰੂਪ ਵਿਚ ਇਹ ਵਿਰੋਧ ਗੁਰਮਤਿ ਸਾਹਿਤ ਵਿਚ ਵੀ ਦੇਖਿਆ ਜਾ ਸਕਦਾ ਹੈ। ਮਾਰਕਸ ਨੇ ਅਜਿਹੇ ਵਿਰੋਧਾਂ ਦੇ ਕਾਰਨਾਂ ਤੇ ਅਜਿਹੀ ਪਰਿਸਥਿਤੀਆਂ, ਜਿਹੜੀਆਂ ਅਜਿਹੇ ਟਕਰਾ ਨੂੰ ਪੈਦਾ ਕਰਦੀਆਂ ਹਨ, ਤੋਂ ਮੁਕਤ ਹੋਣ ਲਈ ਜੇ ਆਰਥਿਕ ਆਧਾਰ ਲੱਭ ਕੇ ਕਿਸੇ ਸ੍ਰੇਣੀ-ਰਹਿਤ ਸਮਾਜ ਵੀ ਸਿਰਜਣਾ ਉੱਤੇ ਬਲ ਦਿੱਤਾ ਹੈ ਤਾਂ ਕੋਈ ਮਾੜਾ ਨਹੀਂ ਕੀਤਾ। ਤੇ ਫੇਰ ਮਜ਼ੇ ਦੀ ਗੱਲ ਇਹ ਹੈ ਕਿ ਮਾਰਕਸ ਅਜਿਹੀ ਪ੍ਰਸਤਾਵਨਾ ਕਰਦਾ ਹੋਇਆ ਸਾਹਿਤ ਵਿਚੋਂ ਸੂਖਮ, ਕਲਾ ਜਾਂ ਅੰਤਰਮੁਖੀ ਤੱਤ ਤਿਆਗਣਾ ਜ਼ਰੂਰੀ ਨਹੀਂ ਸਮਝਦਾ। ਸਵਰਨ ਚੰਦਨ ਦੀਆਂ ਇਹਨਾਂ ਕਹਾਣੀਆਂ ਬਾਰੇ ਚਰਚਾ ਕਰਨ ਲਈ ਏਨੀ ਲੰਬੀ ਭੂਮਿਕਾ ਦੀ ਗੱਲ ਕਰਨੀ ਇਸ ਲਈ ਜ਼ਰੂਰੀ ਸੀ ਤਾਂ ਜੋ ਉਸ ਦੀਆਂ ਕਹਾਣੀਆਂ ਵਿਚਲੇ ਪ੍ਰਗਤੀਵਾਦੀ ਤੱਤ ਨੂੰ ਇਕਦਮ ਨਿਕਾਰਨ ਦੀ ਥਾਂ ਉਸ ਨੂੰ ਜਾਣਿਆ-ਪਛਾਣਿਆ, ਸਮਝਿਆ ਤੇ ਪੜਤਾਲਿਆ ਜਾਵੇ।

ਇਸ ਕਹਾਣੀ-ਸੰਗ੍ਰਹਿ ਦੀ ਕਹਾਣੀ "ਕਹਾਣੀ ਨਹੀਂ ਬਣੀ" ਦਾ 'ਮੈਂ' (ਜਿਹੜਾ ਸਬਬ ਨਾਲ ਆਪ ਕਹਾਣੀ ਲੇਖਕ ਹੈ) ਆਖਦਾ ਹੈ : ਬ੍ਰਹਮ ਗਿਆਨੀ ਤੇ ਮੇਰੇ 'ਚ ਸਿਰਫ ਇਕ ਫ਼ਰਕ ਹੈ—ਉਹ ਅੱਖਾਂ ਬੰਦ ਕਰਕੇ ਦੇਖਦਾ ਤੇ ਸੋਚਦਾ ਹੈ ਤੇ ਮੈਂ ਅੱਖਾਂ ਖੋਹਲ ਕੇ, ਦਰਅਸਲ ਅੱਖਾਂ ਬੰਦ ਕੀਤਿਆਂ ਮੈਨੂੰ ਡਰ ਆਉਣ ਲਗਦਾ ਹੈ ਤੇ ਮੈਂ ਘਬਰਾ ਜਾਂਦਾ ਹਾਂ। ਤੇ ਅੱਖਾਂ ਖੋਹਲ ਕੇ ਮੈਂ ਉਸ ਸਭ ਕੁਝ ਨਾਲ ਮੁਕਾਬਲਾ ਕਰਨ ਲਈ ਤਿਆਰ ਹੋ ਰਿਹਾ ਹੁੰਦਾ ਹਾਂ ਜਿਸਤੋਂ ਬ੍ਰਹਮ ਗਿਆਨੀ ਨੂੰ ਡਰ ਆਉਂਦਾ ਤੇ ਉਹ ਘਬਰਾ ਜਾਂਦਾ ਹੈ।" (ਪੰਨਾ 212), ਪਹਿਲੀ ਗੱਲ ਤਾਂ ਮੈਂ ਸਵਰਨ ਚੰਦਨ ਦੀਆਂ ਕਹਾਣੀਆਂ ਬਾਰੇ ਏਹੀ ਆਖਣੀ ਹੈ ਕਿ ਉਹ ਵਾਸਤਵ ਤੇ ਯਥਾਰਥ ਨੂੰ ਅੱਖਾਂ ਖੋਲ੍ਹ ਕੇ ਵੇਖਦਾ ਹੈ, ਇਸ ਬਾਰੇ ਅੱਖਾਂ ਬੰਦ ਕਰਕੇ ਸੋਚ-ਵਿਚਾਰ ਕਰਦਾ ਹੈ ਤੇ ਮੁੜ ਅੱਖਾ ਖੋਲ੍ਹ ਕੇ ਲਿਖਦਾ ਹੈ। ਸਬੂਤ ਲਈ ਸਭ ਤੋਂ ਪਹਿਲਾਂ ਮੈਂ ਟਾਈਟਲ-ਕਹਾਣੀ 'ਲਾਲ ਚੌਂਕ' ਦੀ ਗੱਲ ਕਰਨੀ ਚਾਹਾਂਗਾ।

'ਲਾਲ ਚੌਂਕ' ਕਹਾਣੀ ਜੀਵਨ ਦੇ ਬਹੁ-ਪੱਖੀ ਤੇ ਬਹੁ-ਪਰਤੀ ਯਥਾਰਥ ਦੀ ਕਹਾਣੀ ਹੈ। ਭਾਵੇਂ ਇਸ ਦੀ ਕੇਂਦਰੀ ਘਟਨਾ ਬੜੀ ਸੰਖੇਪ ਹੈ ਅਰਥਾਤ ਇਹ ਸ੍ਰੀ ਨਗਰ ਦੇ ਟੈਕਸੀ ਡਰਾਈਵਰ ਅਯੂਬ ਦੁਆਲੇ ਘੁੰਮਦੀ ਹੈ ਜਿਸ ਨੂੰ ਕਹਾਣੀ ਵਿਚਲਾ 'ਮੈਂ' ਮਿਹਨਤ ਦਾ ਪੂਰਾ ਮੁੱਲ ਨਹੀਂ ਦਿੰਦਾ ਤੇ ਉਹ ਉਸ ਦੇ ਗਲ ਵਿਚ ਅੰਗੂਠਾ ਦੇਕੇ ਆਪਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਜ਼ਦੂਰੀ ਦੇ ਪੈਸੇ ਜ਼ਬਰਦਸਤੀ ਲੈ ਲੈਂਦਾ ਹੈ, ਪਰ ਕਹਾਣੀਕਾਰ ਅਯੂਬ ਦੀ ਗੱਲ ਕਰਦਾ ਜਾਂ ਉਸ ਤਕ ਪਹੁੰਚਦਾ-ਪਹੁੰਚਦਾ ਪੂਰੇ ਪ੍ਰਬੰਧ ਤੇ ਸਮਾਜ ਵਿਚਲੇ ਸੋਸ਼ਣ ਨੂੰ ਕੁਝ ਇਸ ਤਰ੍ਹਾਂ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਸਾਨੂੰ ਕੁਝ ਵੀ ਫਜ਼ੂਲ ਤੇ ਫਾਲਤੂ ਨਹੀਂ ਮਹਿਸੂਸ ਹੁੰਦਾ। ਕਹਾਣੀ ਦੇ ਅਜਿਹੇ ਅੰਤ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਕਿਸੇ ਨਜ਼ਾਮ ਵਿਚ ਪ੍ਰਚਲਿਤ ਸੋਸ਼ਣ ਨੂੰ ਕਿਸੇ ਇਨਕਲਾਬੀ ਕਰਮ ਰਾਹੀਂ ਹੀ ਦੂਰ ਕੀਤਾ ਜਾ ਸਕਦਾ ਹੈ। ਇਸ ਕਹਾਣੀ ਵਿਚ ਕੁਝ ਇਕ ਗੱਲਾਂ ਕਹਾਵਤੀ ਕਿਸਮ ਦੀਆਂ ਆ ਗਈਆਂ ਹਨ ਜਿਵੇਂ :

—"ਉਂਜ ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਇਹ ਵਿਖਾਵਾਕਾਰੀ ਤੇ ਨਾਅਰੇਬਾਜ਼ ਲੋਕ ਿ ਹੁ ਵਖਾਲੀ ਦੇਂਦੇ ਹਨ, ਬਈ ਲੜਨਾ ਹੈ ਤਾਂ ਡੱਟ ਕੇ ਲੜੋ, ਹੇਠਲੀ-ਉਤੇ ਕਰ ਦਿਉ। ਇਹ ਕੀ ਹੋਇਆ ਕਿ ਚਾਰ ਨਾਅਰੇ ਮਾਰੇ ਤੇ ਘਰ ਨੂੰ ਤੁਰ ਗਏ। ਏਦਾਂ ਵੀ ਕੁਝ ਬਣਿਆ ਹੈ ਕਿਸੇ ਦਾ ? (23)

—ਰੂਹ ਭਰਨੀ ਢਿੱਡ ਭਰਨ ਨਾਲੋਂ ਵੱਡੀ ਗੱਲ ਹੈ, ਪਰ ਇਹਨਾਂ ਬੇਰੁਜ਼ਗਾਰਾਂ ਨੂੰ ਕੋਈ ਕਿਵੇਂ ਸਮਝਾਵੇ ? (25)

—ਤੇ ਇਹ ਤਾਂ ਮੈਨੂੰ ਬਹੁਤ—ਬਾਅਦ ਵਿਚ ਪਤਾ ਲੱਗਾ ਕਿ—ਰੋਟੀ ਤੇ ਦਸ ਰੁਪਏ ਮਹੀਨਾ ਹਰੀ (ਨੌਕਰ) ਨੂੰ ਦੇਣ ਨਾਲ—ਸਾਡੇ ਰੁਤਬੇ ਵਿਚ ਬੜਾ ਫ਼ਰਕ ਪੈ ਗਿਆ ਸੀ। (30)

—ਬਕਵਾਸ ਬੰਦ ਕਰ—ਸ਼ਰਾਫਤ ਦਾ ਮਜ਼ਾਕ ਨਾ ਉਡਾ। ਮਿਹਨਤ ਕਰਣ ਵਾਲਾ ਇਨਸਾਨ ਇਹ ਚਗਲੀਆਂ ਹੋਈਆਂ ਗੱਲਾਂ ਹੋਰ ਨਹੀਂ ਸੁਣ ਸਕਦਾ, ਪੈਸੇ ਕੱਢ ? (35)

ਕਹਾਣੀ ਦੇ ਸਿਰਲੇਖ ਨਾਲ ਲਾਲ ਚੌਂਕ ਵਿਚ ਸ੍ਰੀ ਨਗਰ ਦਾ ਲਾਲ ਚੌਂਕ ਨਾਂ ਸ਼ਾਮਲ ਹੈ ਹੀ ਪਰ ਇਸ ਤੋਂ ਬਿਨਾਂ ਕਹਾਣੀਕਾਰ ਲਾਲ ਸ਼ਬਦ ਨੂੰ ਸਮਾਜਵਾਦੀ ਬਿੰਬ ਦੇ ਰੂਪ ਵਿਚ ਵੀ ਵਰਤਦਾ ਹੈ। ਇਹੀ ਕਾਰਨ ਹੈ ਜਿੱਥੇ ਵੀ ਉਸ ਨੂੰ ਸੋਸ਼ਣ ਦਿਖਾਈ ਦਿੰਦਾ ਹੈ, ਉੱਥੇ ਹੀ ਉਸ ਨੂੰ ਲਾਲ ਚੌਂਕ ਦੀ ਹੋਂਦ ਦਾ ਆਭਾਸ ਹੁੰਦਾ ਹੈ। ਲਾਲ ਝੰਡਾ, ਲਾਲ ਸਲਾਮ, ਲਾਲ ਹਨੇਰੀ, ਇਹ ਸਭ ਪ੍ਰਗਤੀਵਾਦੀ ਲੇਖਕਾਂ ਵਲੋਂ ਵਰਤੀ ਜਾਂਦੀ ਬਿੰਬਾਵਲੀ ਦੇ ਸ਼ਬਦ ਹਨ, ਇਸ ਕਹਾਣੀ ਵਿਚ ਵਰਤੇ ਗਏ ਇਹ ਸ਼ਬਦ 'ਲਾਊਡ' ਜ਼ਰੂਰ ਲਗਦੇ ਹਨ ਪਰ ਇਹ ਅਖੱਰਦੇ ਜਾਂ ਚੁਭਵੇਂ ਮਹਿਸੂਸ ਨਹੀਂ ਹੁੰਦੇ।

ਇਸ ਸੰਗ੍ਰਹਿ ਦੀਆਂ ਬਹੁਤੀਆ ਕਹਾਣੀਆਂ ਜਾਂ ਤਾਂ ਦੇਸੋਂ-ਬਾਹਰ ਰਹਿੰਦੇ ਪ੍ਰਵਾਸੀਆਂ ਦੀਆਂ ਕਹਾਣੀਆਂ ਹਨ ਜਾਂ ਫਿਰ ਦੇਸ ਪਰਤ ਆਏ ਲੋਕਾਂ ਦੀਆਂ। ਇਹਨਾਂ ਵਿਚੋਂ ਬਹੁਤੀਆਂ ਆਰਥਿਕ ਔਕੜਾਂ, ਆਰਥਿਕ ਮੰਦਹਾਲੀ ਜਾਂ ਆਰਥਿਕ ਸੋਸ਼ਣ ਬਾਰੇ ਹਨ। ਇਸ ਦੇ ਅਰਥ ਨਹੀਂ ਕਿ ਉਹ ਆਪਣੇ ਆਪ ਨੂੰ ਦੁਹਰਾਉਂਦਾ ਹੈ ਜਾਂ ਆਪਣੀ ਗੱਲ ਨੂੰ ਇਕ ਸੂਤਰ ਵਾਂਗ ਪੇਸ਼ ਕਰਦਾ ਹੈ। ਸਵਰਨ ਚੰਦਨ ਨੂੰ ਕਹਾਣੀ ਕਹਿਣ ਦੀ ਜਾਚ ਆਉਂਦੀ ਹੈ। ਏਸੇ ਲਈ ਉਸਦੀਆਂ ਕਹਾਣੀਆਂ ਵਿਚਲਾ ਵਸਤੂ, ਕਹਾਣੀਆਂ ਵਿਚਲਾ ਸੰਕਲਪ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਮੇਰੀ ਸਲੀਬ' ਕਹਾਣੀ ਵਿਚਲੀ ਸਲੀਬ ਹੈ ਤਾਂ ਆਰਥਿਕ ਤੰਗੀ-ਤੁਰਸ਼ੀ ਦੀ ਸਲੀਬ ਹੀ ਪਰ ਇਸ ਵਿਚ ਪਾਠਕ ਦੀ ਜਗਿਆਸਾ ਆਦਿ ਤੋਂ ਅੰਤ ਤਕ ਇਸ ਸਲੀਬ ਨੂੰ ਜਾਨਣ-ਪਛਾਨਣ ਦੀ ਬਣੀ ਰਹਿੰਦੀ ਹੈ। ਦੂਜੀ ਗੱਲ ਸਵਰਨ ਚੰਦਨ ਦੀ ਸੋਚ ਤੇ ਪਹੁੰਚ ਦੀ ਇਹ ਹੈ ਕਿ ਕਿਧਰੇ ਵੀ ਉਹ ਸਮੱਸਿਆ ਨੂੰ ਕੇਵਲ 'ਜ਼ਾਤ' ਜਾਂ 'ਵਿਅਕਤੀ ਵਿਸ਼ੇਸ਼' ਨਾਲ ਜੋੜ ਕੇ ਚੁੱਪ ਨਹੀਂ ਕਰ ਜਾਂਦਾ। ਇਸ ਕਹਾਣੀ ਵਿਚ ਗੱਲ ਤਾਂ ਸਿਰਫ਼ ਏਨੀ ਕੁ ਹੈ ਕਿ "ਮੈਂ" ਸੱਤਰ ਪੌਂਡ ਦਾ ਬਿਜਲੀ ਦਾ ਬਿੱਲ ਦੇਣੋਂ ਅਸਮਰਥ ਹੈ ਤੇ ਉਹ ਮਾਨਸਿਕ ਪਖੋਂ ਸਲੀਬ ਤੇ ਟੰਗਿਆ ਰਹਿੰਦਾ ਹੈ ਪਰ ਪੇਸ਼ਕਾਰੀ ਕੁਝ ਇਸ ਤਰ੍ਹਾਂ ਕੀਤੀ ਗਈ ਹੈ ਜਿਵੇਂ "ਮੈਂ" ਹੀ ਇਸ ਸਲੀਬ ਤੇ ਨਹੀਂ ਟੰਗਿਆ ਹੋਇਆ ਸਗੋਂ ਇਸ ਸੰਸਾਰ ਦੇ ਕਰੋੜਾਂ ਲੋਕ ਅਜਿਹੇ ਸੰਤਾਪ ਨੂੰ ਭੋਗ ਰਹੇ ਹਨ। ਕਹਾਣੀਕਾਰ "ਮੈਂ" ਦੀ ਮਜਬੂਰੀ ਦੀ ਗੱਲ ਵੀ ਕਰੀ ਜਾ ਰਿਹਾ ਹੈ ਤਾਂ ਇੰਗਲੈਂਡ ਦੀ ਉਸ ਸਮਾਜਕ ਵਿਵਸਥਾ ਬਾਰੇ ਵੀ ਦੱਸ ਰਿਹਾ ਹੈ ਜਿੱਥੇ ਇਕ ਪਾਸੇ ਰੱਜੇ-ਪੁੱਜੇ ਲੋਕ ਹਨ, ਪੂੰਜੀ-ਪਤੀ ਹਨ, ਵਪਾਰੀ ਹਨ, ਪ੍ਰਿੰਸ ਐਂਡਰਿਊ ਦੇ ਵਿਆਹ ਉੱਤੇ ਕੀਤੇ ਜਾ ਰਹੇ ਸ਼ਾਹੀ-ਖਰਚ ਦਾ ਵੇਰਵਾ ਹੈ ਤੇ ਦੂਜੇ ਪਾਸੇ ਕਾਮੇ ਹਨ, ਮਜ਼ਦੂਰ ਹਨ, ਪੋਸਟਮੈਨ ਹਨ ਜਾਂ ਛੋਟੇ ਮੋਟੇ ਲੇਖਕ ਹਨ। ਅਜਿਹੇ ਉੱਚੇ-ਨੀਂਵੇ ਤੇ ਸ਼ੋਸ਼ਣ-ਲੱਦੇ ਸਮਾਜ ਵਿਚ ਸਦਾਚਾਰਕ ਤੇ ਮਨੁੱਖੀ ਕੀਮਤਾਂ ਵਿਚ ਨਿਘਾਰ ਆ ਜਾਣਾ ਇਕ ਸੁਭਾਵਕ ਕਰਮ ਹੈ। 'ਕਲ੍ਹ ਵੀ ਸੂਰਜ ਚੜ੍ਹੇਗਾ' ਏਸੇ ਵਿਸ਼ੇ ਨੂੰ ਮੁੱਖ ਰਖਕੇ ਲਿਖੀ ਗਈ ਹੈ। ਪੈਸੇ ਪਿੱਛੇ ਕਮੀਨਗੀ ਕਰਦਾ ਇਸ ਕਹਾਣੀ ਦਾ ਨਾਇਕ ਖੁਦ ਆਪਣੀ ਬੀਵੀ ਨੂੰ ਆਪਣੇ ਦੋਸਤ ਢਿਲੋਂ ਨੂੰ ਪੇਸ਼ ਕਰਦਾ ਹੈ। ਇਸ ਕਹਾਣੀ ਦਾ ਅੰਤ ਸੰਕੇਤਕ ਵੀ ਹੈ ਤੇ ਆਸ਼ਾਵਾਦੀ ਵੀ ਪਰ ਇਹ ਨਾਅਰੇ ਦਾ ਰੂਪ ਧਾਰਨ ਕਰਨ ਕਰਕੇ ਕੁਝ ਅੱਖਰਦਾ ਹੈ। 'ਇਕ ਸ਼ਹਿਰ ਦੀ ਦਾਸਤਾਨ' ਦਸਾਂ ਸਾਲਾਂ ਪਿਛੋਂ ਓਧਰੋਂ ਏਧਰ ਆਏ ਇਕ ਅਜਿਹੇ ਸੁਚੇਤ ਤੇ ਸੂਖਮ ਵਿਅਕਤੀ ਦੀ ਕਹਾਣੀ ਹੈ ਜਿਸਦਾ ਮਨ ਏਧਰਲੀ ਗੰਦਗੀ, ਏਧਰਲੀ ਗਰੀਬੀ, ਏਧਰਲੀ ਲਾਪਰਵਾਹੀ ਤੇ ਧੱਕੇਸ਼ਾਹੀ, ਏਧਰਲੀ ਊਚ-ਨੀਚ ਜਾਂ ਆਪਣੀ ਧੀਆਂ ਤੋਂ ਪੇਸ਼ਾ ਕਰਵਾ ਰਹੇ ਏਧਰਲੇ ਕੁਝ ਲੋਕਾਂ ਨੂੰ ਵੇਖ ਪੀੜਿਤ ਹੋ ਜਾਂਦਾ ਹੈ। ਇਸ ਕਹਾਣੀ ਵਿਚ ਵਿਅੰਗ ਦੀ ਸਿਖਰ ਉਦੋਂ ਆਉਂਦੀ ਹੈ ਜਦੋਂ ਕੁਝ ਲੋਕ ਏਨੀਆਂ ਗੰਦਗੀਆਂ ਨਾਲ ਭਰੇ ਇਕ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਕਰਦੇ ਹਨ। ਇਹਨਾਂ ਲੋਕਾਂ ਨੂੰ ਸਿਗਰਟ ਤੇ ਤਮਾਕੂ ਦੀ ਬਦਬੂ ਤਾਂ ਆਉਂਦੀ ਹੈ ਪਰ ਸ਼ਹਿਰ ਜਾਂ ਸਮਾਜ ਵਿਚ ਜੋ ਵੀ ਮਾੜਾ ਤੇ ਗੰਦਾ ਵਾਪਰ ਰਿਹਾ ਹੈ, ਓਧਰ ਧਿਆਨ ਹੀ ਨਹੀਂ ਜਾਂਦਾ। ਮੈਂ ਸਮਝਦਾਂ, ਸਾਡੇ ਦੇਸ਼ ਦੇ ਸਿਆਸੀ ਤੇ ਧਾਰਮਿਕ ਲੋਕਾਂ ਦੇ ਅਡੰਬਰ ਤੇ ਦੰਭ ਦੀ ਇਹ ਕਹਾਣੀ ਬੜਾ ਯਥਾਰਥਕ ਚਿਤਰ ਪੇਸ਼ ਕਰਦੀ ਹੈ। ਜੇ ਇਸ ਕਹਾਣੀ ਵਿਚਲੀ ਇਕ ਸੁਰਤਾ ਤੇ ਕਲਾਤਮਕਤਾ ਕੁਝ ਕਮਜ਼ੋਰ ਦਿਖਾਈ ਦਿੰਦੀ ਹੈ ਤਾਂ ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਅੱਡ-ਅੱਡ ਘਟਨਾਵਾਂ ਨੂੰ ਜੋੜਕੇ, ਸੁਚੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਤਨ ਨਾਲ ਅੰਤ ਤੀਕ ਪੁੱਜਿਆ ਗਿਆ ਹੈ।

ਉਂਜ ਤੇ ਸਵਰਨ ਚੰਦਨ ਦੀ ਹਰ ਕਹਾਣੀ ਵਿਚ ਕੋਈ ਨਾ ਕੋਈ ਆਰਥਿਕਤਾ ਨਾਲ ਜੁੜੀ ਛੁਹ ਜ਼ਰੂਰ ਹੁੰਦੀ ਹੈ ਪਰ ਨਿਰੋਲ ਆਰਥਿਕ ਸੋਸ਼ਣ ਨੂੰ ਮੁੱਖ ਰੱਖਕੇ ਲਿਖੀ ਉਸਦੀ ਇਕ ਹੋਰ ਕਹਾਣੀ 'ਰਜ਼ੀਆ ਸੁਲਤਾਨ' ਹੈ। ਕਿਸੇ ਇਕ ਦਾ ਚਾਨਣ ਜਦੋਂ ਬਹੁਤਿਆਂ ਲਈ ਹਨੇਰਾ ਹੋ ਨਿਬੜਦਾ ਹੈ ਤਾਂ ਅਜਿਹੀਆਂ ਕਹਾਣੀਆਂ ਦਾ ਲਿਖਿਆ ਜਾਣਾ ਬੜਾ ਸੁਭਾਵਕ ਕਰਮ ਹੋ ਜਾਂਦਾ ਹੈ। ਕਹਾਣੀਕਾਰ ਇਕ ਬੁਨਿਆਦੀ ਤੱਥ ਨੂੰ ਪਾਠਕਾਂ ਸਾਹਮਣੇ ਲਿਆਉਂਦਾ ਹੈ ਕਿ ਜਿੰਨਾ ਚਿਰ ਲੁੱਟ-ਖਸੁੱਟ ਤੇ ਖੜੀ ਕੋਈ ਸਮਾਜਕ ਵਿਵਸਥਾ ਅਸਲੋਂ ਬਦਲ ਨਹੀਂ ਜਾਂਦੀ ਓਨਾ ਚਿਰ ਰਜ਼ੀਆ ਦਾ ਗੁਲਾਮ ਆਸ਼ਕ ਯਾਕੂਤ ਤੇ ਕਸ਼ਮੀਰ ਵਿਚ ਸ਼ਿਕਾਰਾ ਚਲਾਉਣ ਵਾਲਾ ਯੂਸਫ਼ ਲਾਚਾਰ ਤੇ ਮਜ਼ਲੂਮ ਹੀ ਰਹਿਣਗੇ। ਸੋ ਮੁੱਖ ਗੱਲ ਸਮਾਜੀ ਸਿਸਟਮ ਦੀ ਹੈ।

ਇਸ ਸੰਗ੍ਰਹਿ ਦੀਆਂ 14 ਕਹਾਣੀਆਂ ਵਿਚੋਂ ਬਹੁਤੀਆਂ ਪਰਵਾਸੀਆਂ ਦੀਆਂ ਹਨ। ਸਵਰਨ ਚੰਦਨ ਬਹੁਤ ਸਮੇਂ ਲਈ ਇੰਗਲੈਂਡ ਰਿਹਾ ਹੈ ਤੇ ਉਸ ਨੇ ਓਧਰ ਰਹਿ ਰਹੇ ਏਧਰਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਬੜੀ ਗਹਿਰਾਈ ਤੇ ਗੰਭੀਰਤਾ ਨਾਲ ਦੇਖਿਆ ਤੇ ਮਹਿਸੂਸ ਕੀਤਾ ਹੈ। ਇਹਨਾਂ ਸਮੱਸਿਆਵਾਂ ਨੂੰ ਲੇਖਕ ਨੇ ਵੱਖ ਵੱਖ ਰੂਪਾਂ ਵਿਚ ਪੇਸ਼ ਕੀਤਾ ਹੈ। ਇਕ ਤਾਂ ਓਧਰਲੇ ਸਭਿਆਚਾਰ ਨਾਲ ਇਕ ਸੁਰ ਹੋਣ ਦੀ ਸਮੱਸਿਆ ਹੈ। ਦੂਜੇ, ਨਸਲੀ ਵਿਤਕਰੇ ਕਾਰਨ ਹੋ ਰਿਹਾ ਦੂਰ ਵਿਵਹਾਰ। ਤੀਜੇ, ਓਧਰ ਰਹਿ ਰਹੇ ਲੋਕਾਂ ਦੇ ਆਪਣੇ ਬੱਚਿਆਂ ਨਾਲ ਟਕਰਾਉ, ਇਸਦੇ ਕਾਰਨ ਤੇ ਇਸ ਟਕਰਾਓ ਦਾ ਸਮਾਧਾਨ। ਇਹਨਾਂ ਕਹਾਣੀਆਂ ਵਿਚ ਕੁਝ ਅਜਿਹੇ ਪਾਤਰ ਵੀ ਹਨ ਜਿਹੜੇ ਮਜਬੂਰੀ-ਵੱਸ ਰਹਿ ਓਧਰ ਰਹੇ ਹਨ ਪਰ ਏਧਰ ਆਉਣ ਲਈ ਤਰਸ ਰਹੇ ਹਨ। "ਇਕ ਨਵਾਂ ਪ੍ਰਸ਼ਨ-ਚਿੰਨ੍ਹ" ਕਹਾਣੀ ਅਜਿਹੀਆਂ ਸਮੱਸਿਆਵਾਂ ਨੂੰ ਮੁੱਖ ਰੱਖਕੇ ਲਿਖੀ ਗਈ ਹੈ। ਕਹਾਣੀਕਾਰ ਦਾ ਮੱਤ ਹੈ ਕਿ ਓਧਰ ਜੰਮ-ਪਲ ਕੇ ਵੀ ਏਧਰਲੇ ਲੋਕਾਂ ਦੇ ਮੁੰਡੇ-ਕੁੜੀਆਂ ਅੰਗਰੇਜ਼ੀ ਸਭਿਆਚਾਰ ਨਾਲ ਸਾਂਝ ਨਹੀਂ ਪਾ ਸਕਦੇ. ਓਪਰੇ ਦੇ ਓਪਰੇ ਰਹਿਣਗੇ। ਏਹੀ ਕਾਰਨ ਹੈ ਕਿ ਓਧਰ ਜੰਮੇ-ਪਲੇ ਅਸ਼ੋਕ ਦੇ ਪਿਓ ਨੂੰ ਜਿਹੜੀ ਖੁਸ਼ੀ ਤੇ ਸੰਤੁਸ਼ਟੀ ਦੁਕਾਨਦਾਰ ਸਰਦਾਰ ਮੁਹੰਮਦ ਨੂੰ ਮਿਲਕੇ ਹੁੰਦੀ ਹੈ, ਉਹ ਅੰਗਰੇਜ਼ ਲੋਕਾਂ ਨੂੰ ਮਿਲਕੇ ਨਹੀਂ ਹੁੰਦੀ। ਸਰਦਾਰ ਮੁਹੰਮਦ ਮੁਸਲਮਾਨ ਹੈ ਤਾਂ ਕੀ, ਪੰਜਾਬੀ ਤਾਂ ਹੈ ਨਾ। ਕਲਚਰ ਦੀ ਸਾਂਝ ਦੇ ਅਭਾਵ ਕਾਰਨ ਪਏ ਹੋਏ ਪਾੜੇ ਨੂੰ ਮੇਟਿਆ ਜਾ ਸਕਦਾ ਹੈ ਕਿ ਨਹੀਂ? ਇਹ ਕਹਾਣੀ ਪ੍ਰਸ਼ਨ-ਚਿੰਨ੍ਹ ਦਾ ਸਾਕਾਰ ਰੂਪ ਧਾਰਨ ਕਰਕੇ ਸਾਡੇ ਸਾਹਮਣੇ ਆ ਖਲੋਂਦੀ ਹੈ। ਸੱਚ ਮੁੱਚ ਇਹ ਬੜੀ ਯਥਾਰਥਕ ਤੇ ਸਾਰਥਕ ਸਮੱਸਿਆ ਹੈ।

ਲਗ ਭਗ ਹਰ ਕਹਾਣੀ ਵਿਚ ਸਵਰਨ ਚੰਦਨ ਔਰਤ ਦੀ ਦੁਰਦਸ਼ਾ ਬਾਰੇ ਕੋਈ ਟਿੱਪਣੀ ਦਿੰਦਾ ਹੈ ਪਰ ਕੁਝ ਕਹਾਣੀਆਂ ਔਰਤ ਉਤੇ ਹੁੰਦੇ ਜਬਰ ਨੂੰ ਮੁੱਖ ਰੱਖਕੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸਨੂੰ ਕ੍ਰੇਂਦਰੀ ਵਿਸਾ ਬਣਾ ਕੇ ਲਿਖੀਆਂ ਗਈਆਂ ਹਨ। ਅਜਿਹੀਆਂ ਦੋ ਕਹਾਣੀਆਂ ਹਨ—'ਮੁਸਕਰਾਹਟ' ਅਤੇ 'ਰਾਣੀ ਸੋਚ ਰਹੀ ਸੀ'। ਦੋਨੋਂ ਕਹਾਣੀਆਂ ਦੀਆਂ ਘਟਨਾਵਾਂ ਓਧਰ ਵਾਪਰਦੀਆਂ ਹਨ। ਓਧਰ ਰਹਿ ਰਿਹਾ ਜਰਨੈਲ ਸਿੰਘ ਉਰਫ਼ ਜੈਰੀ ਔਰਤ ਨੂੰ ਇਕ ਖਰੀਦਣ-ਵੇਚਣ ਵਾਲੀ ਵਸਤ ਸਮਝਦਾ ਹੈ ਸਿਤਮ ਦੀ ਗੱਲ ਇਹ ਹੈ ਕਿ ਅਜਿਹੀ ਸੋਚ ਉਸਦੀ ਸੁਭਾਵਕ ਸੋਚ ਹੈ। ਉਹ ਭੇਡ-ਬੱਕਰੀ ਵਾਂਗ ਔਰਤ ਨੂੰ ਖਰੀਦਣ ਤੇ ਫੇਰ ਉਸ ਨੂੰ ਵਰਤਣ ਵਿਚ ਕੁਝ ਵੀ ਮਾੜਾ ਮਹਿਸੂਸ ਨਹੀਂ ਕਰਦਾ। ਨਿਰਸੰਦੇਹ ਇਹ ਵੀ ਸਮਾਜਕ ਵਿਵਸਥਾ ਦਾ ਦੋਸ਼ ਹੈ ਜਿੱਥੇ ਅਨਜੋੜ ਹੁੰਦੇ ਹਨ, ਅਤਿਆਚਾਰ ਵਾਪਰਦੇ ਹਨ ਤੇ ਜੈਰੀ ਵਰਗੇ ਬੁੱਢਿਆਂ ਨਾਲ ਮਜਬੂਰਨ ਜਵਾਨ ਤੇ ਸੁੰਦਰ ਕੁੜੀਆਂ ਨਰੜ ਦਿੱਤੀਆਂ ਜਾਂਦੀਆਂ ਹਨ। ਇਸ ਕਹਾਣੀ ਵਿਚ ਜੈਰੀ ਦੀ ਜਵਾਨ ਬੀਵੀ ਇਹੋ ਦੁੱਖ ਤੇ ਸੰਤਾਪ ਹੰਢਾਉਂਦੀ ਹੈ। ਪਰ 'ਰਾਣੀ ਸੋਚ ਰਹੀ ਸੀ' ਵਿਚਲੀ ਰਾਣੀ ਕਿਸੇ ਵੀ ਅਨਜੋੜ ਜਾਂ ਕਿਸੇ ਵੀ ਜਬਰ ਜਾਂ ਜਬਰਦਸਤੀ ਵਿਰੁੱਧ ਵਿਦਰੋਹ ਕਰਦੀ ਹੈ। 'ਰਾਣੀ', 'ਜੈਰੀ' ਦੀ ਬੀਵੀ ਵਾਂਗ ਸਮਝੌਤਾ ਕਰਨ ਨੂੰ ਤਿਆਰ ਨਹੀਂ। ਇਸ ਕਹਾਣੀ ਵਿਚ ਕਹਾਣੀਕਾਰ ਓਧਰ ਰਹਿ ਰਹੇ ਮੁੰਡੇ-ਕੁੜੀਆਂ ਦੇ ਵਿਆਹ ਦੀ ਸਮੱਸਿਆ ਨੂੰ ਵੀ ਸ਼ਾਮਲ ਕਰਦਾ ਹੈ। ਓਧਰ ਰਹਿ ਰਹੇ ਲੋਕ ਤੇ ਉਹਨਾਂ ਦੇ ਮੁੰਡੇ ਆਪ ਤਾਂ ਆਜ਼ਾਦੀ ਮਾਨਣਾ ਮਾੜਾ ਨਹੀਂ ਸਮਝਦੇ ਪਰ ਇਹ ਆਜ਼ਾਦੀ ਉਹ ਆਪਣੀਆਂ ਕੁੜੀਆਂ ਨੂੰ ਦੇਣ ਲਈ ਤਿਆਰ ਨਹੀਂ, ਰਾਣੀ ਅਜਿਹੀ ਸਥਿਤੀ ਤੇ ਸੋਚ ਨੂੰ ਵੰਗਾਰਦੀ ਹੈ। ਭਾਰਤੀ ਨਾਰੀ ਦਾ ਦੁੱਖ ਤੇ ਦੁਖਾਂਤ ਇਹ ਹੈ ਕਿ ਉਸ ਨੂੰ ਲੋੜ ਅਨੁਸਾਰ ਕੱਟ-ਤਰਾਸ਼ ਕੇ ਛੋਟਾ ਕੀਤਾ ਜਾ ਸਕਦਾ ਹੈ। 'ਰਾਣੀ' ਔਰਤ ਪ੍ਰਤੀ ਅਜਿਹੇ ਵਿਵਹਾਰ ਵਿਰੁਧ ਵਿਦਰੋਹ ਕਰਦੀ ਹੈ। ਉਹ ਜਿਸ ਨੂੰ ਪਿਆਰ ਕਰਦੀ ਸੀ, ਉਹ ਉਸਦੇ ਮਾਪਿਆਂ ਨੂੰ ਮਨਜ਼ੂਰ ਨਹੀਂ ਸੀ। ਜਿਹੜੇ ਮਰਦ ਉਸ ਨੂੰ ਵੇਖਣ ਆਉਂਦੇ ਹਨ, ਉਹ ਉਸ ਨੂੰ ਮਨਜ਼ੂਰ ਨਹੀਂ ਸਨ। ਰਾਣੀ ਆਪਣੀ ਮਰਜ਼ੀ ਵਰਤਣ ਦਾ ਹੱਕ ਉਸੇ ਤਰ੍ਹਾਂ ਹੈ ਜਤਾਉਂਦੀ ਹੈ ਜਿਵੇਂ ਕੋਈ ਮੁੰਡਾ ਜਾਂ ਮਰਦ। ਮੁਕਦੀ ਗੱਲ ਇਹ ਕਿ ਉਹ ਆਪਣੇ ਆਪ ਨੂੰ ਕੱਟ-ਤਰਾਸ਼ ਕੇ ਛੋਟਾ ਕਰਨ ਲਈ ਤਿਆਰ ਨਹੀਂ ਹੁੰਦੀ। ਮਨ-ਮਰਜ਼ੀ ਦੇ ਪ੍ਰੇਮੀ ਤੇ ਹਾਣੀ ਨੂੰ ਪ੍ਰਾਪਤ ਨਾ ਕਰਨ ਦੀ ਮਜਬੂਰੀ ਕਾਰਨ ਜਿੱਥੇ ਉਹ ਸੰਤਾਪ ਹੰਢਾਉਂਦੀ ਹੈ, ਉਥੇ ਉਸਦੇ ਮਾਪੇ ਵੀ ਦੁਖੀ ਹੁੰਦੇ ਹਨ। ਕਹਾਣੀ ਦੇ ਅਖੀਰ ਉੱਤੇ ਇਕ ਕਾਲਜ-ਅਧਿਆਪਕ ਨੂੰ ਅਸਵੀਕਾਰ ਕਰਕੇ ਰਾਣੀ ਸਚਮੁੱਚ ਹੀ ਇਕ "ਰਵਾਇਤੀ ਕੁੜੀ ਜਾਂ ਔਰਤ ਨੂੰ ਬਹੁਤ ਪਿੱਛੇ ਛੱਡ ਜਾਂਦੀ ਹੈ।"

ਜੇ ਕਹਾਣੀ ਕਹਿਣ, ਕਹਾਣੀ ਨੂੰ ਸੁਣਾਉਣ ਤੇ ਮਟਕਾਉਣ ਦਾ ਹੁਨਰ ਵੇਖਣਾ ਹੋਵੇ ਤਾਂ ਸਵਰਨ ਚੰਦਨ ਦੀ ਕਹਾਣੀ 'ਪਰਵਾਨਗੀ' ਪੜ੍ਹੀ ਜਾ ਸਕਦੀ ਹੈ। ਇਸ ਕਹਾਣੀ ਦੀਆਂ ਵੀ ਕਈ ਪਰਤਾਂ ਹਨ। ਮੁੱਖ ਗੱਲ ਮਿਸਿਜ਼ ਢਿਲੋਂ ਦੀ ਮਾਨਸਿਕ ਉਲਝਣ, ਦੁਚਿਤੀ, ਦੁਬਿਧਾ ਅਤੇ ਸ੍ਵੈ-ਖਿਚੋਤਾਣ ਨੂੰ ਸਾਕਾਰ ਕਰਦੀ ਹੈ। ਜਦੋਂ ਪਾਠਕ ਇਸ ਦੁਚਿੱਤੀ ਜਾਂ ਉਲਝਣ ਦੇ ਪਿਛੋਕਤ ਵਿਚ ਜਾਂਦਾ ਹੈ ਤਾਂ ਬੜੀ ਗੁੰਝਲਦਾਰ ਸਥਿਤੀ ਅਤੇ ਪਰਿਸਥਿਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚੋਂ ਨਿਕਲਣਾ ਪੈਂਦਾ ਹੈ। ਜ਼ਾਹਰਨ ਤਾਂ ਏਨੀ ਕੁ ਗੱਲ ਹੈ ਕਿ ਉਹ ਭਰੀ ਮਹਿਫ਼ਲ ਵਿਚ ਸ਼ਰਾਬੀ ਹੋਏ ਆਪਣੇ ਦਾਮਾਦ ਨੂੰ ਉਸ ਦੇ ਬਾਰ ਬਾਰ ਕਹਿਣ ਉੱਤੇ ਪੱਪੀ ਦੇਣ ਦੀ ਪਰਵਾਨਗੀ ਦੇਵੇ ਕਿ ਨਾ ? ਅੰਤ ਉੱਤੇ ਉਹ ਪਰਵਾਨਗੀ ਦੇ ਦਿੰਦੀ ਹੈ। ਪਰ ਕਹਾਣੀ ਦੀ ਜਟਿਲਤਾ ਤੇ ਖ਼ੂਬਸੂਰਤੀ ਮਿਸਿਜ਼ ਢਿਲੋਂ ਦੀ ਇਸ ਪਰਵਾਨਗੀ ਤਕ ਪਹੁੰਚਣ ਦੀ ਪ੍ਰਕਿਆ ਵਿਚ ਛੁਪੀ ਹੋਈ ਹੈ। ਰੌਲਾ ਏਨਾ ਹੀ ਨਹੀਂ ਕਿ ਉਹ ਔਰਤ ਹੈ ਤੇ ਉਹ ਮਰਦ ਹੈ ਤੇ ਓਧਰਲੇ ਮਾਹੌਲ ਵਿਚ ਵੀ ਉਸ ਨੂੰ ਅਜਿਹੀ ਗੱਲ ਮੰਨਣੀ ਸ਼ਰਮਸਾਰੀ ਲਗਦੀ ਹੈ। ਰੌਲੇ ਕਈ ਹਨ। ਉਸ ਦਾ ਦਾਮਾਦ ਏਧਰੋਂ ਗਿਆ ਨਾਈਆਂ ਦਾ ਮੁੰਡਾ ਹੈ ਤੇ ਉਹ ਜੱਟਾਂ ਦੀ ਧੀ ਹੈ। ਜ਼ਾਤ-ਪਾਤ ਦਾ ਇਹ ਵਿਤਕਰਾ ਭਾਵੇਂ ਵਿਆਹ ਵੇਲੇ ਵੀ ਮੌਜੂਦ ਸੀ ਪਰ ਸਥਿਤੀ ਵੱਸ ਉਸ ਨੂੰ ਇਹ ਸ਼ਾਦੀ ਮੰਨਣੀ ਪਈ ਸੀ। ਉਸ ਦੇ ਸ਼ਰਾਬੀ ਦਾਮਾਦ ਦੀ ਇਸ ਮੰਗ ਨੇ ਉਹ ਵਿਤਕਰਾ ਫੇਰ ਅੱਗੇ ਲਿਆ ਖੜਾ ਕੀਤਾ ਸੀ। ਦੂਜਾ ਰੌਲਾ, ਉਸਦੀ ਜਜ਼ਬਾਤੀ ਤੇ ਭਾਵੁਕ ਸੋਚ ਦਾ ਸੀ। ਉਹ ਵਿਧਵਾ ਸੀ ਪਰ ਸੀ ਹੁਣ ਵੀ ਬਹੁਤ ਸੁੰਦਰ ਤੇ ਜਿਸਮ ਜਵਾਨ ਔਰਤਾਂ ਵਰਗਾ। ਉਹ ਮਹਿਸੂਸ ਕਰ ਰਹੀ ਸੀ ਕਿ ਉਸ ਦਾ ਦਾਮਾਦ ਉਸ ਦੇ ਮਰ ਚੁੱਕੇ ਮਹਿਬੂਬ ਸਾਥੀ ਦੀ ਥਾਂ ਮੱਲਣ ਦੀ ਕੋਸ਼ਿਸ਼ ਕਰ ਰਿਹਾ ਸੀ।" ਇਸ ਮਾਨਸਿਕ ਖਿੱਚੋਤਾਣ ਵਿਚੋਂ ਉਹ ਉਦੋਂ ਹੀ ਨਿਕਲਦੀ ਹੈ ਜਦੋਂ ਉਹ 'ਮਾਂ' ਬਣਕੇ ਸੋਚਦੀ ਹੈ।

ਸਵਰਨ ਚੰਦਨ ਦੀ ਕਹਾਣੀ 'ਡਰਿਆ ਹੋਇਆ ਆਦਮੀ' ਇਸ ਸੰਗ੍ਰਹਿ ਦੀ ਬੜੀ ਅਹਿਮ ਕਹਾਣੀ ਹੈ। ਇਕ ਪਾਸੇ ਤਾਂ ਇਹ ਇਕ ਡਰੇ ਹੋਏ ਬੰਦੇ ਦੀ ਉੱਖੜੀ ਹੋਈ ਮਨੋ ਸਥਿਤੀ ਦਾ ਯਥਾਰਥਕ ਚਿੱਤਰ ਪੇਸ਼ ਕਰਦੀ ਹੈ, ਦੂਜੇ ਪਾਸੇ ਸੰਨ 84 ਦੀਆਂ ਪੰਜਾਬ ਦੀਆਂ ਵਿਗੜੀਆਂ ਹੋਈਆਂ ਪਰਿਸਥਿਤੀਆਂ ਕਾਰਨ ਭੈ-ਭੀਤ ਕਰਨ ਵਾਲੇ ਮਾਹੌਲ ਨੂੰ ਉਲੀਕਦੀ ਹੈ। ਅਜਿਹੀ ਸਥਿਤੀ ਦਾ ਸ਼ਿਕਾਰ ਅਜਿਹਾ ਬੰਦਾ ਅਜੀਤ ਸਿੰਘ ਹੈ ਜਿਹੜਾ ਉਧਰੋਂ ਆਇਆ ਹੈ ਤੇ ਪੰਜਾਬ ਆਪਣੇ ਸਬੰਧੀਆਂ ਨੂੰ ਮਿਲਣ ਜਾ ਰਿਹਾ ਹੈ। ਇਹ ਬੜੇ ਵਿਅੰਗਾਤਮਕ ਸੁਰ ਵਾਲੀ ਕਹਾਣੀ ਹੈ ਤ ਇਸਦੀ ਸ਼ੈਲੀ ਵੀ ਵਿਅੰਗ-ਭਰਪੂਰ ਹੈ। ਦਿੱਲੀ ਤੋਂ ਰੇਲ-ਗੱਡੀ ਵਿਚ ਸਫ਼ਰ ਕਰ ਰਹੇ ਇਸ ਬੰਦੇ ਦੀ ਦੁਬਿਧਾ ਤੇ ਦੁਖਾਂਤ ਇਹ ਹੈ ਕਿ ਸਿੱਖ ਹੁੰਦਿਆਂ ਹੋਇਆਂ ਉਹ ਹਰਿਆਣੇ ਵਿਚ ਆਪਣੇ ਆਪ ਨੂੰ ਸਿੱਖੀ ਦੀ ਪਛਾਣ ਤੋਂ ਬਚਾਉਂਦਾ ਹੈ ਤੇ ਅੰਬਾਲੇ ਤੋਂ ਅਮ੍ਰਿਤਸਰ ਤਕ ਉਹ ਸਿੱਖ ਹੋਣ ਦੀ ਪਛਾਣ ਦੂਜੀਆਂ ਸਿੱਖ ਸਵਾਰੀਆਂ ਤਕ ਹਰ ਹੀਲੇ ਪਹੁੰਚਾਉਣਾ ਚਾਹੁੰਦਾ ਹੈ। ਏਸੇ ਕਾਰਵਾਈ ਵਿਚ ਉਸ ਨੂੰ ਸੰਨ 47 ਦਾ ਖ਼ੂਨ-ਖਰਾਬਾ ਵੀ ਯਾਦ ਆਉਂਦਾ ਹੈ ਤੇ ਉਸ ਵੇਲੇ ਦਾ ਇਕੋ ਥਾਂ ਤੋਂ ਭਰਿਆ ਹਿੰਦੂ-ਪਾਣੀ ਤੇ ਮੁਸਲਮਾਨ-ਪਾਣੀ ਵੀ। ਉਹ ਮਹਿਸੂਸ ਕਰਦਾ ਹੈ ਜਿਵੇਂ ਪੰਜਾਬੀ ਨੇ ਸਿੱਖੀ ਧਾਰਨ ਕਰ ਲਈ ਹੋਵੇ, ਹਿੰਦੀ ਨੇ ਹਿੰਦੂ ਧਰਮ। ਇਸ ਵਿਸ਼ੇ ਉੱਤੇ ਕਈ ਕਹਾਣੀਆਂ ਮੈਂ ਪੜ੍ਹੀਆਂ ਹਨ ਪਰ ਜਿਥੋਂ ਤੀਕ ਪੇਸ਼ਕਾਰੀ ਦਾ ਸਬੰਧ ਹੈ ਸਵਰਨ ਹੀ ਇਹ ਕਹਾਣੀ ਕਈਆਂ ਨੂੰ ਮਾਤ ਪਾਉਂਦੀ ਹੈ। ਜਦੋਂ ਨਾਲ ਸਫ਼ਰ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੀ ਇਕ ਸਰਦਾਰ-ਸਵਾਰੀ ਹਿੰਦੂ-ਸਿੱਖ ਦੇ ਸਵਾਲ ਨੂੰ ਰਾਜਨੀਤੀ ਦਾ ਖੜਾ ਕੀਤਾ ਸਵਾਲ ਆਖਦੀ ਹੈ ਤਾਂ ਕਹਾਣੀਕਾਰ ਇਕ ਮਹੱਤਵਪੂਰਨ ਯਥਾਰਥ ਨੂੰ ਉਸ ਰਾਹੀਂ ਪ੍ਰਗਟਾਉਂਦਾ ਪ੍ਰਤੀਤ ਹੁੰਦਾ ਹੈ।

'ਕੈਪਟਨ ਦੀ ਬੀਵੀ' ਮੁਕਾਬਲਤਨ ਕਮਜ਼ੋਰ ਕਹਾਣੀ ਹੈ। ਮੈਂ ਸਮਝਦਾ ਹਾਂ ਇਸ ਕਹਾਣੀ ਦਾ ਵਸਤੂ ਤੇ ਵਿਸ਼ਾ ਦੋਨੋਂ ਕਮਜ਼ੋਰ ਹਨ ਭਾਵੇਂ ਇਹ ਵੀ ਯਥਾਰਥਕ ਪੇਸ਼ਕਾਰੀ ਦਾ ਇਕ ਨਮੂਨਾ ਹੈ। ਜਹਾਜ਼ ਦੇ ਕੈਪਟਨ ਦੀ ਬੀਵੀ ਦੀ 'ਸ਼ੌਪਿੰਗ' ਕਾਰਨ ਜਹਾਜ਼ 'ਲੇਟ' ਹੋ ਜਾਂਦਾ ਹੈ —ਆਪਣੇ ਆਪ ਵਿਚ ਇਹ ਕੋਈ ਘੱਟ ਮਹੱਤਵਪੂਰਨ ਘਟਨਾ ਨਹੀਂ ਪਰ ਦੂਜੀਆਂ ਕਹਾਣੀਆਂ ਦੇ ਟਾਕਰੇ ਉਤੇ ਇਸ ਦਾ ਵਿਸ਼ਾ ਫਿਰ ਵੀ ਏਨਾ ਪ੍ਰਭਾਵਸ਼ਾਲੀ ਨਹੀਂ। ਅਸਲ ਵਿਚ ਖੀਰ ਖਾਣ ਪਿਛੋਂ, ਮੱਕੀ ਦੇ ਦਾਣੇ ਚੱਬਣ ਨੂੰ ਚਿੱਤ ਹੀ ਨਹੀਂ ਕਰਦਾ।

ਸਵਰਨ ਚੰਦਨ ਦੀਆਂ ਕਹਾਣੀਆਂ ਪੜ੍ਹਨ ਪਿਛੋਂ ਇਕ ਹੋਰ ਗੱਲ ਵੱਲ ਸਾਡਾ ਧਿਆਨ ਖਿੱਚਿਆ ਜਾਂਦਾ ਹੈ। ਉਹ ਹੈ ਵਿਅੰਗ ਦੀ ਸੰਯੋਗ ਤੇ ਸਾਰਥਕ ਵਰਤੋਂ। ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਵਿਅੰਗ ਲਈ ਬੜੀ ਸੂਖਮ ਤੇ ਤਿੱਖੀ ਬੁੱਧੀ, ਗਹਿਰ-ਗੰਭੀਰ ਦ੍ਰਿਸ਼ਟੀ ਤੇ ਸਥਿਤੀ ਅਨੁਸਾਰ ਲੋੜੀਂਦੀ ਸ਼ਬਦਾਵਲੀ ਤੇ ਸ਼ੈਲੀ ਦੀ ਜ਼ਰੂਰਤ ਹੁੰਦੀ ਹੈ। ਅਜੋਕੇ ਸਾਹਿਤ ਦੀ ਸੁਰ ਹੀ ਵਿਅੰਗਮਈ ਹੈ ਪਰਤਾਂ ਵੀ ਵਿਅੰਗ ਦੇ ਪ੍ਰਯੋਗ ਲਈ ਕਲ਼ਾ ਚਾਹੀਦੀ ਹੈ ਤੇ ਇਸ ਨੂੰ ਵਰਤਣ ਦੀ ਜਾਚ ਆਉਣੀ ਚਾਹੀਦੀ ਹੈ। ਨਿਰਸੰਦੇਹ ਸਵਰਨ ਚੰਦਨ ਕੋਲ ਇਹ ਸਮਰੱਥਾ ਤੇ ਕੁਸ਼ਲਤਾ ਹੈ। ਉਸ ਦੀਆਂ ਕਹਾਣੀਆਂ ਵਿਚ ਪੇਸ਼ ਵਿਅੰਗ ਦੀ ਰੂਪ-ਰੇਖਾ ਉਤੇ ਵੱਖਰਾ ਲੇਖ ਲਿਖਿਆ ਜਾ ਸਕਦਾ ਸਕਦਾ ਹੈ। ਕਹਾਣੀਆਂ ਵਿਚ ਵਰਤਿਆ ਉਲਟਾ ਵਿਅੰਗ ਵਿਸ਼ੇ ਦਾ ਪ੍ਰਭਾਵ ਨੂੰ ਉਭਾਰਦਾ-ਉਘਾੜਦਾ ਹੈ ਤੇ ਕਹਾਣੀਆਂ ਵਿਚ ਪੇਸ਼ ਸਮੱਸਿਆਵਾਂ ਹੋਰ ਮਹੱਤਵਪੂਰਨ ਬਣਾਉਂਦਾ ਹੈ। ਏਸ ਤਰ੍ਹਾਂ ਦੇ ਵਿਅੰਗ ਦੀਆਂ ਉਦਾਹਰਣਾਂ ਇਹਨਾਂ ਕਹਾਣੀਆਂ ਵਿਚ ਥਾਂ ਥਾਂ ਲੱਭੀਆਂ ਜਾ ਸਕਦੀਆਂ ਹਨ। ਉਸ ਦੀ ਕਹਾਣੀ 'ਕਹਾਣੀ ਨਹੀਂ ਬਣੀ' ਇਸ ਪੱਖੋਂ ਬੜੀ ਵਧੀਆ ਕਹਾਣੀ ਹੈ। ਇਸ ਦਾ ਵਸਤੂ, ਇਸ ਦਾ ਵਿਸ਼ਾ ਤੇ ਇਸ ਦੀ ਪੇਸ਼ਕਾਰੀ ਬੜੇ ਸੂਖਮ ਵਿਅੰਗ ਦੀ ਪੇਸ਼ਕਾਰੀ ਦਾ ਉਤਮ ਨਮੂਨਾ ਹੈ। ਇਸ ਤੋਂ ਵੱਡਾ ਕੀ ਵਿਅੰਗ ਹੋ ਸਕਦਾ ਹੈ ਕਿ ਇਸ ਕਹਾਣੀ ਦੇ ਨਾਇਕ ਹਰੀਸ਼ ਚੰਦਰ ਨੂੰ ਜਿਉਂਦੇ-ਜੀ ਸਭ ਬੁਰਾ ਤੇ ਭੈੜਾ ਆਖਦੇ ਸਨ ਉਸ ਦਾ ਕਿਰਦਾਰ ਸੀ ਹੀ ਭੈੜਾ। ਤੇ ਜਦੋਂ ਏਹੋ ਹਰੀਸ਼ ਇੰਗਲੈਂਡ ਵਿਚ ਮਰ ਜਾਂਦਾ ਹੈ ਤਾਂ ਉਸ ਦੇ ਸਾਕ-ਸਬੰਧੀ ਉਸ ਦੀ ਦੌਲਤ ਨੂੰ ਹਥਿਆਉਣ ਲਈ ਉਸ ਦੀਆਂ ਵਡਿਆਈਆਂ ਕਰਦੇ ਨਹੀਂ ਥੱਕਦੇ। ਭਾਵੇਂ ਇਹ ਜੀਵਨ ਦਾ ਆਮ ਯਥਾਰਥ ਹੈ ਪਰ ਜਿਸ ਤਰ੍ਹਾਂ ਕਹਾਣੀਕਾਰ ਨੇ ਪੇਸ਼ ਕੀਤਾ ਹੈ, ਜਿਸ ਵਿਅੰਗਮਈ ਅੰਦਾਜ਼ ਵਿਚ ਇਸ ਨੂੰ ਸਾਡੇ ਸਾਹਮਣੇ ਲਿਆਂਦਾ ਹੈ, ਇਹ ਸ਼ਲਾਘਾਯੋਗ ਹੈ।

ਪੰਜਾਬੀ ਵਿਚ ਪ੍ਰਗਤੀਵਾਦੀ ਭਾਵਨਾ ਨੂੰ ਮੁੱਖ ਰੱਖ ਕੇ ਲਿਖਣ ਵਾਲੇ ਬਹੁਤ ਘੱਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤਕਾਰ ਹਨ। ਸਵਰਨ ਚੰਦਨ ਉਹਨਾਂ ਵਿਚੋਂ ਇਕ ਹੈ। ਉਸ ਨੂੰ ਜੀਵਨ ਦੇ ਡਾਇਲੈਕਟਸ ਦੀ ਪੂਰੀ-ਪੂਰੀ ਸੂਝ ਹੈ। ਉਸ ਦੀਆਂ ਕਹਾਣੀਆਂ ਤੋਂ ਪਤਾ ਲੱਗਦਾ ਹੈ ਕਿ ਉਹ ਉਸਾਰੂ, ਸਿਹਤਮੰਦ ਤੇ ਮਨੁੱਖ-ਹਿੱਤੂ ਕੀਮਤਾਂ ਨੂੰ ਮੁੱਖ ਰੱਖ ਕੇ ਕਹਾਣੀਆਂ ਰਚਦਾ ਹੈ, ਅਜਿਹਾ ਸਾਹਿਤ ਨਿਸਚੇ ਹੀ ਉਤਸ਼ਾਹ ਤੇ ਪ੍ਰੇਰਨਾ ਦਿੰਦਾ ਹੈ। ਆਖ਼ਰ ਜੋ ਵੀ ਲਿਖਿਆ ਗਿਆ ਹੈ, ਲਿਖਿਆ ਜਾ ਰਿਹਾ ਹੈ, ਉਹ ਮਨੁੱਖ ਦੇ ਕਲਿਆਣ ਉਸ ਦੇ ਹਿੱਤਾਂ ਤੇ ਉਸ ਦੀ ਖੁਸ਼ਹਾਲੀ ਲਈ ਲਿਖਿਆ ਜਾ ਰਿਹਾ ਹੈ। ਜਿਹੜਾ ਸਾਹਿਤ ਇਸ ਮਨੋਰਥ ਤੋਂ ਭੱਜਦਾ ਹੈ, ਉਹ ਸੁਹਜ ਦਿੰਦਾ ਹੋਇਆ ਵੀ ਥੋੜ-ਚਿਰਾ ਰਹਿ ਕੇ ਮਰ-ਮੁੱਕ ਜਾਵੇਗਾ, ਇਹ ਮੇਰਾ ਨਿਸਚਾ ਹੈ, ਇਸ ਦਾ ਦੂਜਾ ਪੱਖ ਵੀ ਵਿਚਾਰਨ-ਯੋਗ ਹੈ। ਨਿਰੇ ਸਿੱਧਾਂਤ, ਨਿਰਾ ਪਰਚਾਰ, ਸਾਹਿਤ ਨਹੀਂ ਹੁੰਦਾ। ਜੇ ਗੁਰਬਾਣੀ ਸਾਡਾ ਅਮਰ ਸਾਹਿਤ ਹੈ ਤਾਂ ਇਸ ਲਈ ਕਿ ਉਸ ਵਿਚਲੇ ਸੰਕਲਪ ਤੇ ਵਿਚਾਰ ਵੀ ਅਮਰ ਹਨ ਤੇ ਉਸ ਵਿਚਲੀ ਸਾਹਿਤਕ ਤੇ ਕਲਾਤਮਕ ਪੇਸ਼ਕਾਰੀ ਵੀ ਅਮਰ ਹੈ। ਸਵਰਨ ਚੰਦਨ ਸਾਹਿਤ ਦੀ ਇਸ ਲੋੜ ਤੋਂ ਪੂਰੀ ਤਰ੍ਹਾਂ ਜਾਣੂ ਜਾਪਦਾ ਹੈ। ਉਸ ਦੀਆਂ ਕਹਾਣੀਆਂ ਲੋੜੀਂਦੀ ਸੇਧ ਵੀ ਦਿੰਦੀਆਂ ਹਨ ਤੇ ਲੋੜੀਂਦਾ ਸਾਹਿਤ-ਸੁਆਦ ਵੀ। ਮੈਨੂੰ ਪ੍ਰਤਿਭਾਸ਼ਾਲੀ ਪ੍ਰਗਤੀਵਾਦੀ ਕਹਾਣੀਕਾਰ ਸਵਰਨ ਚੰਦਨ ਤੋਂ ਬੜੀਆਂ ਆਸ਼ਾਵਾਂ ਹਨ, ਇਹ ਮੈਂ ਰਵਾਇਤਨ ਨਹੀਂ ਆਖ ਰਿਹਾ, ਪੂਰੇ ਵਿਸ਼ਵਾਸ ਤੇ ਸੁਹਿਰਦਤਾ ਨਾਲ ਆਖ ਰਿਹਾ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ ਦੀ ਕਹਾਣੀ—'ਲਾਲ ਚੌਂਕ'

—ਰਾਮ ਸਰੂਪ ਅਣਖੀ

'ਲਾਲ ਚੌਂਕ' ਖਾੜਕੂ ਸੋਚ ਦੀ ਕਹਾਣੀ ਹੈ। ਮੈਨੂੰ ਇਹ ਚੰਗੀ ਲੱਗੀ।
ਸਵਰਨ ਮੈਨੂੰ ਚੰਗਾ ਲਗਦਾ ਹੈ। ...'ਸਵਰਨ' ਸ਼ਬਦ ਨਾਲ ਉਂਜ ਵੀ ਮੋਹ ਹੈ ਮੈਨੂੰ।
ਸਵਰਨ ਚੰਦਨ ਦੀ ਸਿਰਜਣਾ, ਸ੍ਰੀ ਨਗਰ ਦੇ ਲਾਲ ਚੌਂਕ ਦਾ ਟੈਕਸੀ ਡਰਾਈਵਰ ਅਯੂਬ!

'ਲਾਲ ਚੌਂਕ' ਕਹਾਣੀ ਵਿਚ ਟੱਕਰ ਪੇਸ਼ ਕੀਤੀ ਗਈ ਹੈ। ਇਕ ਉਹ ਲੋਕ ਨੇ, ਜਿਹੜੇ ਆਪਣਾ ਹੱਕ ਮੰਗਦੇ ਵੀ ਨੇ, ਆਪਣਾ ਹੱਕ ਜਾਣਦੇ ਨੇ, ਪਰ ਹੱਕ ਨਾ ਮਿਲਣ 'ਤੇ ਸਬਰ ਕਰਕੇ ਚੁੱਪ ਰਹਿ ਜਾਂਦੇ ਨੇ—ਜਿਵੇਂ ਅਮ੍ਰਿਤਸਰ ਦੇ ਪੁਤਲੀਘਰ ਵਾਲੇ ਦੋ ਮਜ਼ਦੂਰ। ਦੂਜੇ ਉਹ ਲੋਕ ਵੀ ਨੇ, ਜਿਹੜੇ ਆਪਣਾ ਹੱਕ ਆਪਣੀ ਹਿੱਕ ਦੇ ਜ਼ੋਰ ਨਾਲ, ਗਰਦਨ 'ਤੇ ਗੋਡਾ ਰੱਖ ਕੇ ਲੈਣ ਜਾਣਦੇ ਨੇ, ਜਿਵੇਂ ਅਯੂਬ।

ਅੰਮ੍ਰਿਤਾ ਪ੍ਰੀਤਮ ਨੇ ਕਦੇ ਆਖਿਆ ਸੀ—ਹੱਕ ਜਿਹਨਾਂ ਦੇ ਆਪਣੇ, ਆਪੇ ਲੈਣਗੇ ਖੋਹ।

ਅਸਲ ਵਿਚ ਇਹ ਕਹਾਣੀ ਦੋ ਲੇਖਕੀ-ਨਜ਼ਰੀਏ ਨੂੰ ਪੇਸ਼ ਕਰਦੀ ਹੈ। ਇਕ ਨਜ਼ਰੀਆ ਉਹ ਜਿਸ ਵਿਚ ਲੇਖਕ ਸਥਿਤੀ ਦਾ ਯਥਾਰਥ ਚਿੱਤਰਣ ਕਰਕੇ ਪਾਠਕ ਦੇ ਮਨ ਵਿਚ ਵਿਦਰੋਹ ਦੀ ਭਾਵਨਾ ਪੈਦਾ ਕਰਦਾ ਹੈ, ਜਿਵੇਂ ਕਿ ਪੁਤਲੀਘਰ ਦੇ ਮਜ਼ਦੂਰਾਂ ਦੀ ਸਥਿਤੀ ਤੇ ਲੇਖਕ ਦੇ ਪਿਤਾ ਵਿਰੁੱਧ ਗਿਲਾਨੀ ਦਾ ਅਹਿਸਾਸ। ਦੂਜਾ ਨਜ਼ਰੀਆ ਹੈ, ਸ੍ਰੀ ਨਗਰ ਦੇ ਲਾਲ ਚੌਂਕ ਵਾਲੇ ਟੈਕਸੀ ਡਰਾਈਵਰ ਅਯੂਬ ਦਾ ਵਰਤਾਰਾ। ਅਯੂਬ ਦਾ ਕਿਰਦਾਰ ਪੁਤਲੀਘਰ ਵਾਲੇ ਮਜ਼ਦੂਰਾਂ ਦੇ ਕਿਰਦਾਰ ਨੂੰ ਨੈਗੇਟ ਕਰਦਾ ਹੈ। ਸਵਰਨ ਚੰਦਨ ਨੇ ਅਯੂਬ ਦਾ ਕਿਰਦਾਰ ਹੀ ਤਾਂ ਪੇਸ਼ ਕਰਨਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੇ ਵੱਡੇ ਭਰਾ ਦਾ ਵਿਆਹ ਹੈ। ਵਿਆਹ ਤੋਂ ਪਹਿਲਾਂ ਘਰ ਨੂੰ ਰੰਗ-ਰੋਗਨ ਕੀਤਾ ਜਾਣਾ ਹੈ। ਦੋ ਮਜ਼ਦੂਰਾਂ ਦੀ ਲੋੜ ਹੈ। ਲੇਖਕ ਪੁਤਲੀਘਰ ਪਹੁੰਚਦਾ ਹੈ। ਪੁਤਲੀਘਰ ਚੌਂਕ ਵਿਚ ਪੰਜਾਹ ਕੁ ਮਜ਼ਦੂਰ ਕੰਮ ਮਿਲਣ ਦੀ ਉਡੀਕ ਵਿਚ ਖੜੇ ਹਨ। ਉਹ ਦੋ ਰੁਪਏ ਦਿਹਾੜੀ ਕਰਕੇ ਦੋ ਮਜ਼ਦੂਰਾਂ ਨੂੰ ਘਰ ਲੈ ਜਾਂਦਾ ਹੈ। ਉਹ ਸਵੇਰ ਤੋਂ ਸ਼ਾਮ ਤਕ ਸਾਰਾ ਦਿਨ ਕੰਮ ਕਰਦੇ ਹਨ। ਬੱਸ ਦੁਪਹਿਰ ਵੇਲੇ ਅੱਧਾ ਘੰਟਾ ਕੰਮ ਦੀ ਛੁੱਟੀ ਕੀਤੀ। ਅੰਬ ਦੇ ਆਚਾਰ ਨਾਲ ਘਰੋਂ ਲਿਆਦੀਆਂ ਸੁੱਕੀਆਂ ਰੋਟੀਆਂ ਖਾਧੀਆਂ ਤੇ ਪਾਣੀ ਪੀ ਲਿਆ। ਹਨੇਰੇ ਹੋਏ ਪਿਤਾ ਜੀ ਜਦੋਂ ਪੈਸੇ ਦੇਣ ਲਗਦੇ ਹਨ ਤਾਂ ਨੁਕਸ ਕਢਦੇ ਹਨ ਕਿ ਉਹਨਾ ਨੂੰ ਚੰਗੀ ਤਰ੍ਹਾਂ ਕਲੀ ਕਰਨੀ ਨਹੀਂ ਆਈ। ਸਗੋਂ ਕੰਧਾਂ ਖਰਾਬ ਕਰ ਦਿੱਤੀਆਂ। ਪਿਤਾ ਜੀ ਡੇਢ-ਡੇਢ ਰੁਪਿਆ ਦੇਣਾ ਚਾਹੁੰਦੇ ਹਨ। ਮਜ਼ਦੂਰ "ਸਰਦਾਰ ਜੀ ਸਰਦਾਰ ਜੀ" ਕਰ ਰਹੇ ਹਾਂ। ਪਰ ਪਿਤਾ ਜੀ ਪਲਸ ਦਾ ਡਰਾਵਾ ਦੇ ਕੇ ਉਨ੍ਹਾਂ ਹੱਥ ਡੇਢ-ਡੇਢ ਰੁਪਈਆ ਫੜਾਉਂਦੇ ਹਨ ਤੇ ਘਰੋਂ ਭਜਾ ਦਿੰਦੇ ਹਨ। ਚੁਸਤ ਤੇ ਬੇਈਮਾਨ ਬੁੱਢਾ ਮਜ਼ਦੂਰਾਂ ਦਾ ਸੋਸ਼ਣ ਕਰਦਾ ਹੈ। ਮਜ਼ਦੂਰ-ਤਬਕਾ ਭੋਗ ਰਿਹਾ ਹੈ। ਤਥਾ-ਕਥਿਤ ਸਾਊ ਲੋਕ ਸ਼ਰਮ-ਵਿਹੂਣੇ ਕੰਮ ਕਰਕੇ ਜਿੱਤ ਮਹਿਸੂਸ ਕਰਦੇ ਹਨ ਤੇ ਸਮਝ ਰਹੇ ਹਨ ਕਿ ਉਹਨਾਂ ਨੇ ਆਪਣੇ-ਆਪ ਨੂੰ ਬਚਾ ਲਿਆ। ਸੱਚ ਦਾ ਨਿਤਾਰਾ ਕਰਨ ਵਾਲਾ ਕਾਨੂੰਨ ਕਿਧਰੇ ਨਹੀਂ ਰਹਿ ਗਿਆ। ਗਰੀਬ ਤਬਕਾ ਏਸੇ ਤਰ੍ਹਾਂ ਪਿਸਦਾ ਰਹੇਗਾ। ਕੀ ਏਸੇ ਤਰ੍ਹਾਂ ਪਿਸਦਾ ਰਹੇਗਾ ? ਕਹਾਣੀ ਇਕ ਬਲਦਾ ਪ੍ਰਸ਼ਨ ਛੱਡ ਜਾਂਦੀ ਹੈ ਪਾਠਕ ਦੇ ਦਿਮਾਗ ਵਿਚ।

ਏਸੇ ਪਰਤ ਦੀ ਇਕ ਹੋਰ ਕਹਾਣੀ—ਇਕ ਪਹਾੜੀ ਮੁੰਡਾ ਹਰੀ। ਉਹਨੂੰ 'ਮੁੰਡੂ' ਨਾਉਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਰਸੋਈ ਦੇ ਕੰਮ ਲਈ ਘਰ ਵਿਚ ਮਾਂ ਹੈ, ਭੈਣਾਂ ਹਨ, ਪਰ ਮੁੰਡੂ ਕਰਕੇ ਘਰ ਦੀ ਸ਼ਾਨ ਹੈ।

ਇਕ ਦਿਨ ਗਜ਼ਬ ਹੋ ਜਾਂਦਾ ਹੈ...ਪਿਤਾ ਗੁਸਲਖਾਨੇ ਵਿਚ ਜਾਣ ਸਮੇਂ ਰੁਪਏ-ਰੁਪਏ ਦੇ ਪੰਜ ਨੋਟ ਜੇਬ ਵਿਚੋਂ ਕੱਢ ਕੇ ਅੰਦਰਲੇ ਕਮਰੇ ਵਿਚ ਰੇਡੀਓ ਲਾਗੇ ਰੱਖ ਜਾਂਦੇ ਹਨ। ਮੰਮੀ ਨੇ ਉਹਨਾਂ ਵਿਚੋਂ ਇਕ ਨੋਟ ਚੁੱਕ ਕੇ ਕਾਲਜ ਜਾਂਦੀ ਭੈਣ ਨੂੰ ਦੇ ਦਿੱਤਾ। ਤੇ ਮੰਮੀ ਆਪ ਗੁਰਦੁਆਰੇ ਮੱਥਾ ਟੇਕਣ ਚਲੀ ਜਾਂਦੀ ਹੈ। ਪਿਤਾ ਚਾਰ ਨੋਟ ਦੇਖਕੇ ਤੂਫਾਨ ਖੜ੍ਹਾ ਕਰ ਦਿੰਦਾ ਹੈ। ਹਰੀ ਨੂੰ ਝਾੜ ਪੈਂਦੀ ਹੈ—"ਹਰਾਮਜ਼ਾਦੇ, ਜਲਦੀ ਦੱਸ, ਕਿੱਥੇ ਛੁਪਾਇਆ ਈ ਇਕ ਰੁਪਿਆ, ਨਹੀਂ ਤਾਂ ਪੁਲਸ ਦੇ ਹਵਾਲੇ ਕਰ ਦਿਆਂਗਾ ਈ।" ਹਰੀ ਰੋ ਰਿਹਾ ਹੈ। ਘਿੱਗੀ ਬੱਝ ਗਈ। ਉਹਦੇ ਕੰਨ ਅੱਗ ਵਾਂਗ ਲਾਲ ਹਨ। ਤੇੜ ਦੀ ਨਿੱਕਰ ਪਾਟ ਗਈ ਹੈ। ਮੂੰਹ ਵਿਚੋਂ ਲਹੂ ਵਗ ਰਿਹਾ ਹੈ। ਜ਼ਾਲਮ ਪਿਤਾ ਉਹਨੂੰ ਲੱਤਾਂ ਮਾਰ-ਮਾਰ ਕੁੱਟੀ ਜਾ ਰਿਹਾ ਹੈ।

ਹਰੀ ਉਸ ਘਰ ਵਿਚ ਨੌਕਰ ਨਹੀਂ ਰਹਿੰਦਾ। ਉਹਦਾ ਹਿਸਾਬ ਕਰ ਦਿੱਤਾ ਜਾਂਦਾ ਹੈ। ਪਰ ਸੱਠ ਰੁਪਿਆਂ ਦੀ ਥਾਂ ਤੀਹ ਹੀ ਦਿੱਤੇ ਜਾਂਦੇ ਹਨ। ਤੀਹ ਰੁਪਏ ਕੱਪੜਿਆਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੱਟ ਲਏ ਜਾਂਦੇ ਹਨ ਜਿਹੜੇ ਉਹਨੇ ਉਹਨਾਂ ਦੇ ਘਰ ਦੇ ਘਿਸ-ਪੁਰਾਣੇ ਸਮਝਕੇ ਸੁੱਟੇ ਹੋਏ ਹੁਣ ਆਪਣੇ ਗਲ—ਤੇੜ ਪਾ ਰੱਖੇ ਹਨ।

ਇਕ ਪਰਤ ਦੂਜੀ ਸੋਚ ਦੀ...

ਸ੍ਰੀ ਨਗਰ ਦਾ ਲਾਲ ਚੌਂਕ। ਨੇੜੇ ਹੀ ਇਕ ਹੋਟਲ ਜਿੱਥੇ ਲੇਖਕ ਠਹਿਰਿਆ ਹੋਇਆ ਹੈ। ਉਹ ਗੁਲਮਰਗ ਤੇ ਪਹਿਲਗਾਮ ਜਾਣਾ ਚਾਹੁੰਦਾ ਹੈ। ਇਕ ਦਿਨ ਪਹਿਲਗਾਮ ਤੇ ਇਕ ਦਿਨ ਗੁਲਮਰਗ। ਲੇਖਕ ਟੈਕਸੀ ਕਰ ਲੈਂਦਾ ਹੈ। ਅਯੂਬ ਉੱਚਾ, ਲੰਮਾ ਤੇ ਇਕਹਿਰੇ ਸਰੀਰ ਦਾ ਭਲਾ ਮਾਣਸ ਜਿਹਾ ਬੰਦਾ ਹੈ। ਨਿੱਤ ਦੇ ਸਾਢੇ ਤਿੰਨ ਸੌ ਦਾ ਸੌਦਾ ਹੋ ਜਾਂਦਾ ਹੈ। ਪਹਿਲਾਂ ਉਹ ਪਹਿਲਗਾਮ ਜਾਂਦੇ ਹਨ। ਟੈਕਸੀ ਸ਼ਾਮ ਅੱਠ ਵਜੇ ਲੇਖਕ ਨੂੰ ਉਹਦੇ ਹੋਟਲ ਛੱਡ ਜਾਂਦੀ ਹੈ। ਸਾਢੇ ਤਿੰਨ ਸੌ ਅਦਾ ਹੋ ਜਾਂਦਾ ਹੈ। ਅਗਲੇ ਦਿਨ ਸਵੇਰੇ ਨਿਸ਼ਚਤ ਸਮੇਂ 'ਤੇ ਅੱਠ ਵਜੇ ਅਜੂਬ ਟੈਕਸੀ ਲੈ ਕੇ ਆਉਂਦਾ ਹੈ। ਗੁਲਮਰਗ ਬਹੁਤੀ ਦੂਰ ਨਹੀਂ ਸੀ। ਘੁੰਮ-ਫਿਰ ਕੇ ਉਹ ਹੋਟਲ ਪਹੁੰਚਦੇ ਹਨ—ਸ਼ਾਮ ਸੱਤ ਵਜੇ। ਲੇਖਕ ਉਹਨੂੰ ਤਿੰਨ ਸੌ ਦੇਣ ਦੀ ਗੱਲ ਕਰਦਾ ਹੈ।

ਅਯੂਬ ਦਸਦਾ ਹੈ—"ਨਹੀਂ ਸਾਹਬ, ਅਸੀਂ ਗੁਲਮਰਗ ਦੇ ਏਥੋਂ ਸਾਢੇ ਤਿੰਨ ਸੌ ਲੈਨੇ ਆਂ ਤੇ ਪਹਿਲਗਾਮ ਦੇ ਚਾਰ ਸੌ। ਪਰ ਤੁਹਾਡੇ ਕੋਲੋਂ ਦੋਹਾਂ ਦੇ ਇਕੋ ਜਿਹੇ ਲਾਏ ਨੇ।"

ਲੇਖਕ ਬਜ਼ਿੱਦ ਹੈ—

"ਨਹੀਂ, ਮੈਂ ਰਾਤੀਂ ਪਤਾ ਕੀਤਾ ਆਪ। ਤੂੰ ਗਲਤ ਲਾਏ ਨੇ ਪੈਸੇ...ਅੱਜ ਦਾ ਤਿੰਨ ਸੌ ਹੋਰ ਦਿਆਂਗਾ—ਬੱਸ।"

ਲੇਖਕ ਦੀ ਜ਼ਿਆਦਤੀ—

"ਆਹ ਲੈ ਤਿੰਨ ਸੌ ਤੇ ਦਫਾ ਹੋ ਏਥੋਂ।"

ਕਮੀਜ਼ ਦੇ ਬਟਨ ਟੁੱਟ ਗਏ ਤੇ ਟਾਈ ਖੁੱਲ੍ਹ ਕੇ ਗਲ 'ਚ ਪੈ ਗਈ। ਆਨੇ ਅੱਖਾਂ ਵਿਚ ਫਰਫਰਾ ਰਹੇ ਹਨ। ਅਯੂਬ ਦੀ ਦਾਬ ਵਧਦੀ ਜਾ ਰਹੀ ਹੈ।

"ਮੇਰੀ ਸਰ ਜ਼ਮੀਨ 'ਤੇ ਮੈਨੂੰ ਹੀ ਗਾਲੀ ਦੇ ਰਿਹਾਂ..."

ਸਾਢੇ ਤਿੰਨ ਸੌ ਹੀ ਦੇਣੇ ਪੈਂਦੇ ਹਨ।

ਅਜੂਬ ਦੀ ਟੈਕਸੀ ਦੀਆਂ ਲਾਲ ਬੱਤੀਆਂ ਲਾਲ ਚੌਂਕ ਦੀਆਂ ਬੱਤੀਆਂ ਦੀ ਰੌਸ਼ਨੀ ਵਿਚ ਅਭੇਦ ਹੋ ਜਾਂਦੀਆਂ ਹਨ।

ਲਾਲ ਚੌਂਕ ਚੋਂ ਉੱਠਣ ਵਾਲੀ ਏਸੇ ਹਨੇਰੀ ਦੀ ਤਰਜਮਾਨੀ ਕਰਦਾ ਹੈ ਸਵਰਨ ਚੰਦਨ।

ਸਾਡੇ ਬਰਨਾਲੇ—ਬਠਿੰਡੇ ਦੇ ਇਲਾਕੇ ਵਿਚ ਗੱਲ ਮਸ਼ਹੂਰ ਹੈ—"ਨੇਰੀ ਜਦੋਂ ਉਠਦੀ ਐ ਕਲਿਆਣਾਂ ਦੇ ਟਿੱਬਿਆਂ ਤੋਂ ਉਠਦੀ ਐ।"

ਪਰ ਸਵਰਨ ਚੰਦਨ ਦੀ ਹਨੇਰੀ ਲਾਲ ਚੌਂਕ ਵਿਚੋਂ ਉੱਠੀ। ਇਹ ਚੌਂਕ ਪ੍ਰਤੀਕ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸੇ ਵੀ ਮੁਲਕ, ਕਿਸੇ ਵੀ ਸ਼ਹਿਰ ਦੀ ਸਾਂਝੀ ਥਾਂ ਦਾ—ਸੱਥ ਦਾ।

ਸਵਰਨ ਚੰਦਨ ਦਾ ਨਾਉਂ ਪਰਵਾਸੀ, ਲੇਖਕਾਂ ਦੀ ਮੁਢਲੀ ਕਤਾਰ ਵਿਚ ਆਉਂਦਾ ਹੈ। ਉਹਨੇ ਪ੍ਰਚਲਿਤ ਭੂ-ਹੇਰਵੇ ਦਾ ਘਿਸਿਆ-ਪਿਟਿਆ ਵਿਸ਼ਾ ਲੈ ਕੇ ਰਚਨਾਵਾਂ ਨਹੀਂ ਲਿਖੀਆਂ, ਪਰਵਾਸੀ ਜੀਵਨ ਨੂੰ ਹੀ ਪੇਸ਼ ਕੀਤਾ ਤੇ ਉਹਨਾਂ ਲੋਕਾਂ ਦੀਆਂ ਸਮੱਸਿਆਵਾਂ ਨੂੰ, ਉਹਨਾਂ ਦੇ ਛੋਟੇ-ਵੱਡੇ ਸੰਘਰਸ਼ ਨੂੰ। ਸਵਰਨ ਚੰਦਨ ਦਾ ਨਾਉਂ ਉਹਨਾਂ ਦਿਨਾਂ ਵਿਚ ਉੱਭਰ ਕੇ ਸਾਹਮਣੇ ਆਇਆ ਜਦੋਂ ਉਹਦੇ ਪਹਿਲੇ ਤਿੰਨ ਨਾਵਲ ਪ੍ਰਕਾਸ਼ਿਤ ਹੋਏ—'ਨਵੇਂ ਰਿਸ਼ਤੇ', 'ਕੱਚੇ ਘਰ' ਤੇ 'ਕੱਖ ਕਾਨ ਤੇ ਦਰਿਆ'। ਉਹਦੀਆਂ ਕਹਾਣੀਆਂ ਵੀ ਓਨੀਆਂ ਹੀ ਚਰਚਿਤ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮਾਈ ਭਾਗੋ" ਕਹਾਣੀ ਦੇ ਆਰ-ਪਾਰ

-- ਜੋਗਿੰਦਰ ਸਿੰਘ ਰਾਹੀ

"ਮਾਈ ਭਾਗੋ" ਸਵਰਨ ਚੰਦਨ ਦੇ 1991 ਵਿਚ ਛਪੇ ਕਹਾਣੀ ਸੰਗ੍ਰਹਿ **ਕੁਆਰ ਗੰਦਲ** ਦੀ ਪਹਿਲੀ ਕਹਾਣੀ ਹੈ।

ਸਵਰਨ ਚੰਦਨ ਪੰਜਾਬੀ ਗਲਪ ਦੀ ਦੁਨੀਆਂ ਵਿਚ ਪ੍ਰਵਾਸੀ ਲੇਖਕ ਦੇ ਤੌਰ ਉੱਤੇ ਜਾਣਿਆ ਜਾਂਦਾ ਹੈ। ਹੁਣ ਉਹ ਪ੍ਰਵਾਸੀ ਨਹੀਂ ਰਿਹਾ। ਇਸ ਦੇਸ਼ ਵਿਚ ਵਾਪਸ ਆ ਕੇ ਦਿੱਲੀ ਵਿਖੇ ਵਸ ਗਿਆ ਹੋਇਆ ਹੈ। ਕੁਝ ਲੇਖਕ ਜਿਨ੍ਹਾਂ ਸਾਰੀ ਜਿੰਦਗੀ ਇਸ ਮੁਲਕ ਵਿਚ ਗੁਜ਼ਾਰੀ ਉਹ ਰਿਟਾਇਰ ਹੋਣ ਪਿਛੋਂ ਰੋਟੀ ਲਈ ਆਪਣੇ ਬੱਚਿਆਂ ਕੋਲ ਬਾਹਰ ਦੇ ਦੇਸ਼ਾਂ ਵਿਚ ਚਲੇ ਗਏ ਤੇ ਪ੍ਰਵਾਸੀ ਲੇਖਕ ਅਖਵਾਉਣ ਲੱਗ ਪਏ। ਕੌਣ ਪ੍ਰਵਾਸੀ ਲੇਖਕ ਹੈ ਤੇ ਕੌਣ ਨਹੀਂ, ਪੰਜਾਬੀ ਆਲੋਚਨਾ ਤੇ ਵਿਦਵਤਾ ਦੀ ਦੁਨੀਆਂ ਵਿਚ ਇਹ ਮਸਲਾ ਗਿਆਨ ਨਾਲੋਂ ਸਿਆਸੀ ਰਸੂਖ਼ ਵਧਾਉਣ ਦਾ ਜ਼ਰੀਆ ਵਧੇਰੇ ਬਣ ਗਿਆ ਹੈ। ਪਰ ਸਵਰਨ ਚੰਦਨ ਸਾਡੀ ਜ਼ੁਬਾਨ ਦਾ ਇਕ ਐਸਾ ਗਲਪਕਾਰ ਹੈ ਜਿਸਨੇ ਆਪਣੀ ਜ਼ਿੰਦਗੀ ਦਾ ਬਹੁਤ ਵੱਡਾ ਸਮਾਂ ਪ੍ਰਵਾਸ ਵਿਚ ਬਿਤਾਇਆ। ਉਸਦੇ ਜਿੰਨੇ ਵੀ ਨਾਵਲ ਛਪੇ ਹਨ ਉਹ ਪ੍ਰਵਾਸ ਵਿਚ ਰਹਿੰਦੇ ਪੰਜਾਬੀਆਂ ਦੇ ਮਸਲੇ ਬਾਰੇ ਹਨ। **ਕੁਆਰ ਗੰਦਲ** ਦੀਆਂ ਕੁਝ ਕਹਾਣੀਆਂ ਵੀ ਇਸ ਮਸਲੇ ਬਾਰੇ ਹਨ।

ਇਸ ਮਸਲੇ ਦਾ ਚਿਤਰਣ ਉਹ ਆਪਣੇ ਨਾਵਲਾਂ ਵਿਚ ਕਿਵੇਂ ਕਰਦਾ ਹੈ, ਇਸ ਬਾਰੇ ਆਲੋਚਕਾਂ ਦੁਆਰਾ ਹੁਣ ਤਕ ਕਾਫ਼ੀ ਵਿਚਾਰ ਹੋ ਚੁੱਕੀ ਹੈ। ਮੈਂ ਖੁਦ ਜੇ ਇਸ ਬਾਰੇ ਗੱਲ ਅੱਗੇ ਤੋਰਨੀ ਹੋਵੇ ਤਾਂ ਇਹ ਵੀ ਮੁਮਕਿਨ ਹੈ। ਪਰੰਤੂ, ਇਸ ਲੇਖ ਵਿਚ ਮੈਂ ਆਪਣਾ ਧਿਆਨ ਉਸਦੀ ਇਕ ਕਹਾਣੀ ਉੱਤੇ ਜੋੜਨਾ ਚਾਹੁੰਦਾ ਹਾਂ। ਇਹ ਕਹਾਣੀ "ਮਾਈ ਭਾਗੋ" ਹੈ। ਇਸ ਕਹਾਣੀ ਦਾ ਸਵਰਨ ਚੰਦਨ ਦੀ ਪ੍ਰਵਾਸੀ ਚੇਤਨਾ ਨਾਲ ਖ਼ਾਸ ਤਅੱਲੁਕ ਨਹੀਂ। ਪਰ ਜੇ ਅਸੀਂ ਇਹ ਸਮਝੀਏ ਕਿ ਇਹ ਸਵਰਨ ਚੰਦਨ ਦੇ ਪ੍ਰਵਾਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਹੋਣ ਦੇ ਨਤੀਜਿਆਂ ਤੋਂ ਬਿਲਕੁਲ ਮੁਕਤ ਹੈ ਤਾਂ ਇਹ ਗੱਲ ਵੀ ਨਹੀਂ। ਇਸ ਕਹਾਣੀ ਨੂੰ ਉਚੇਚੇ ਵਿਚਾਰ ਲਈ ਚੁਣਨ ਦੀ ਮੇਰੀ ਇਕ ਵਜ੍ਹਾ ਤਾਂ ਇਹ ਹੈ। ਦੂਜੀ ਵਜ੍ਹਾ ਇਹ ਹੈ ਕਿ ਜਦੋਂ ਸਵਰਨ ਚੰਦਨ ਇੰਗਲਿਸਤਾਨ ਤੋਂ ਵਾਪਸ ਆਪਣੇ ਮੁਲਕ ਵਿਚ ਪੱਕੀ ਰਿਹਾਇਸ਼ ਲਈ ਪਰਤਿਆ ਤਾਂ ਇਕ ਮੁਲਾਕਾਤ ਦੇ ਦੌਰਾਨ ਉਸਨੇ ਮੈਨੂੰ ਇਸ ਕਹਾਣੀ ਵੱਲ ਖ਼ਾਸ ਧਿਆਨ ਦੇਣ ਦਾ ਸੁਝਾਅ ਦਿੱਤਾ।

ਚੰਦਨ ਦੇ ਸੁਝਾਅ ਦਾ ਮਤਲਬ ਸ਼ਾਇਦ ਇਹ ਸੀ ਕਿ ਇਹ ਕਹਾਣੀ ਸਾਡੇ ਅੱਜ ਦੇ ਪੰਜਾਬ ਦੇ ਇਕ ਨਿਹਾਇਤ ਹੀ ਗਰਮ ਮਸਲੇ ਬਾਰੇ ਹੈ ਜਿਸਨੂੰ ਕੁਝ ਲੋਕ ਦਹਿਸ਼ਤਗਰਦੀ ਅਤੇ ਕੁਝ ਲੋਕ ਜੁਝਾਰਵਾਦ ਦਾ ਮਸਲਾ ਕਹਿੰਦੇ ਹਨ। ਨਵੀਂ ਪੀੜ੍ਹੀ ਦੇ ਨੌਜਵਾਨ ਇਸ ਲਹਿਰ ਵਿਚ ਕਿਵੇਂ ਜਾਂ ਕਿਉਂ ਪੈਂਦੇ ਜਾਂ ਉਲਝਦੇ ਹਨ, ਕਹਾਣੀ ਇਸ ਅਮਲ ਦੇ ਇਤਿਹਾਸਕ ਤੇ ਮਨੋਵਿਗਿਆਨਕ ਤਰਕ ਦੇ ਵਿਸ਼ੇ ਨਾਲ ਸੰਬੰਧਿਤ ਹੈ।

ਇਹ ਇਕ ਮਹੱਤਵਪੂਰਨ ਵਿਸ਼ੇ ਹੈ। ਕਹਾਣੀਕਾਰ ਦਾ ਇਸਨੂੰ ਲੈਣਾ ਉਸਦੀ ਬਤੌਰ ਇਕ ਰਚਨਾਤਮਕ ਲੇਖਕ ਦੇ ਸੰਜੀਦਗੀ ਦਾ ਪ੍ਰਮਾਣ ਹੈ। ਲੇਕਿਨ ਆਲੋਚਨਾ ਦੇ ਨਜ਼ਰੀਏ ਤੋਂ ਵੇਖਣ ਵਾਲੀ ਗੱਲ ਇਹ ਹੈ ਕਿ ਕਹਾਣੀ ਵਿਚ ਮਸਲੇ ਦੇ ਕਿਹੜੇ ਪਹਿਲੂਆਂ ਨੂੰ ਸਾਹਮਣੇ ਲਿਆਂਦਾ ਗਿਆ ਹੈ ਤੇ ਕਿਹੜੀਆਂ ਜੁਗਤਾਂ ਰਾਹੀਂ ਇਹ ਕਾਰਜ ਨਿਭਾਇਆ ਗਿਆ ਹੈ। ਪਹਿਲਾ ਮਸਲਾ ਦ੍ਰਿਸ਼ਟੀਕੋਣ ਦਾ ਹੈ ਤੇ ਦੂਜਾ ਕਹਾਣੀ ਕਲਾ ਦਾ।

ਅਸੀਂ ਦੋਵਾਂ ਮਸਲਿਆਂ ਨਾਲ ਕਹਾਣੀ ਦੀਆਂ ਜੁਗਤਾਂ ਦੇ ਸੰਦਰਭ ਵਿਚ ਨਿਪਟਣ ਦੀ ਕੋਸ਼ਿਸ਼ ਕਰਾਂਗੇ, ਕਿਉਂਕਿ ਜੁਗਤਾਂ ਵਿਚ ਨਜ਼ਰੀਆ ਵੀ ਤੇ ਕਲਾ ਵੀ ਸ਼ਾਮਿਲ ਹੁੰਦੇ ਹਨ। ਕਹਾਣੀ ਇਕ ਸਫ਼ਰ ਦੀ ਸ਼ਕਲ ਵਿਚ ਉਸਰਦੀ ਹੈ। ਇਹ ਕੋਈ ਨਵੀਂ ਗੱਲ ਨਹੀਂ। ਦੁਨੀਆਂ ਭਰ ਵਿਚ ਅੱਜ ਤਕ ਸਭ ਕਹਾਣੀਆਂ ਕਿਸੇ ਇਕ ਜਾਂ ਦੂਜੀ ਕਿਸਮ ਦੇ ਸਫ਼ਰ ਦਾ ਬਿਆਨ ਹੀ ਰਹੀਆਂ ਹਨ: ਮਾਸੂਮੀਅਤ ਤੋਂ ਗਿਆਨ/ਅਨੁਭਵ ਤਕ ਦਾ ਸਫ਼ਰ; ਦੁੱਖ ਤੋਂ ਸੁੱਖ ਤਕ ਦਾ ਸਫ਼ਰ; ਸੁੱਖ ਤੋਂ ਦੁੱਖ ਤਕ ਦਾ ਸਫ਼ਰ; ਘਰ ਤੋਂ ਪ੍ਰਵਾਸ/ਬਨਵਾਸ ਅਤੇ ਪ੍ਰਵਾਸ/ਬਨਵਾਸ ਤੋਂ ਮੁੜ ਘਰ ਪਰਤਣ ਤਕ ਦਾ ਸਫ਼ਰ; ਦੁਨਿਆਵੀਅਤ ਤੋਂ ਰੂਹਾਨੀਅਤ ਤਕ ਦਾ ਸਫ਼ਰ; ਰੂਹਾਨੀਅਤ ਤੋਂ ਦੁਨਿਆਵੀਅਤ ਤਕ ਦਾ ਸਫ਼ਰ ਅਤੇ ਦੁਬਿਧਾਵਾਂ ਦਾ ਸਫ਼ਰ। ਇਹਨਾਂ ਸਫ਼ਰਾਂ ਦੀਆਂ ਹੋਰ ਵੀ ਕਈ ਵੰਨਗੀਆਂ ਹੋ ਸਕਦੀਆਂ ਹਨ। ਬਦਲਦੇ ਤਾਰੀਖ਼ੀ ਹਾਲਾਤ ਵਿਚ ਇਹਨਾਂ ਸਾਰੇ ਸਫ਼ਰਾਂ ਦਾ ਬਿਆਨ ਕਹਾਣੀਆਂ ਵਿਚ ਦ੍ਰਿਸ਼ਟੀ, ਦ੍ਰਿਸ਼ਟੀਕੋਣ ਅਤੇ ਜੁਗਤਾਂ ਦੇ ਲਿਹਾਜ਼ ਨਾਲ ਤਰ੍ਹਾਂ ਤਰ੍ਹਾਂ ਦੀਆਂ ਸ਼ਕਲਾਂ ਹਾਸਿਲ ਕਰਦਾ ਰਿਹਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਜਦੋਂ ਚੰਦਨ ਪੰਜਾਬ ਦੇ ਸਮਕਾਲੀਨ ਮਸਲੇ ਨੂੰ "ਮਾਈ ਭਾਗੋ" ਕਹਾਣੀ ਵਿਚ ਲੈਂਦਾ ਹੈ ਤਾਂ ਇਸਨੂੰ ਕਿਵੇਂ ਵੇਖਦਾ ਅਤੇ ਚਿਤਰਦਾ ਹੈ। ਇਸ ਵਿਚ ਉਸਦਾ ਜ਼ਿੰਦਗੀ ਨੂੰ ਸਮਝਣ ਦਾ ਨਜ਼ਰੀਆ ਵੀ ਸ਼ਾਮਿਲ ਹੈ ਅਤੇ ਉਸਦੀ ਕਲਾ ਦਾ ਮਸਲਾ ਵੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਵੇਂ ਅਸਾਂ ਪਹਿਲਾਂ ਕਿਹਾ ਹੈ, ਚੰਦਨ ਇਸ ਕਹਾਣੀ ਨੂੰ ਇਕ ਸਫ਼ਰ ਦੇ ਰੂਪ ਵਿਚ ਉਸਾਰਦਾ ਹੈ। ਇਹ ਸਫ਼ਰ ਉਸਦੇ ਇਸ ਕਹਾਣੀ ਦੇ ਮੁੱਖ ਪਾਤਰ ਹਰਪ੍ਰੀਤ ਦਾ ਹੈ ਜੋ ਵਿਭਿੰਨ ਪਰਿਸਥਿਤੀਆਂ ਵਿਚੋਂ ਦੀ ਗੁਜ਼ਰਦਾ ਹੋਇਆ ਤੈਅ ਕਰਦਾ ਹੈ। ਉਸਦੇ ਇਸ ਸਫ਼ਰ ਦੀਆਂ ਇਕ ਤੋਂ ਜ਼ਿਆਦਾ ਤਹਿਆ ਹਨ। ਪਹਿਲੀ ਤਹਿ ਇਹ ਹੈ ਕਿ ਉਹ ਅਮ੍ਰਿਤਸਰ ਵਿਚ ਲਾਹੌਰੀ ਗੇਟ ਦੇ ਅੰਦਰ ਆਪਣੇ ਘਰ ਤੋਂ ਇਸਲਾਮਾਬਾਦ, ਰੇਲਵੇ ਫਾਟਕ ਫਿਰ ਪੁਤਲੀਘਰ ਤੋਂ ਖਾਲਸਾ ਕਾਲਜ ਨੂੰ ਜਾਂਦਾ ਹੋਇਆ ਵਾਪਸ ਰੇਲਵੇ ਸਟੇਸ਼ਨ ਵੱਲ ਨੂੰ ਪਰਤਦਾ ਹੋਇਆ ਕੰਪਨੀ ਬਾਗ ਤੇ ਉਸਦੇ ਸਾਹਮਣੇ ਠੰਢੀ ਖੂਹੀ ਤਕ ਪਹੁੰਚਦਾ ਹੈ ਤੇ ਫਿਰ ਵਾਪਸ ਆਪਣੇ ਘਰ ਪਿੰਡੋਂ ਮਜਬੂਰ ਹੋ ਕੇ ਸ਼ਹਿਰ ਆ ਵੱਸੀ ਆਪਣੀ ਬੇਸਹਾਰਾ ਮਾਂ ਕੋਲ। ਫਿਰ ਉਹ ਰਾਜਸੀ ਹਾਲਾਤ ਤੋਂ ਸੁਰੱਖਿਆ ਦੀ ਤਲਾਸ਼ ਵਿਚ ਚੰਡੀਗੜ੍ਹ ਆਪਣੀ ਮਾਸੀ ਕੋਲ ਚਲਿਆ ਜਾਂਦਾ ਹੈ ਤੇ ਉਥੋਂ ਦਰਬਾਰ ਸਾਹਿਬ ਉਤੇ ਹੋਏ ਸਰਕਾਰੀ ਹਮਲੇ ਦਾ ਨਤੀਜਾ ਇਕ ਕੁੜੀ ਦੀ ਚੁਣੌਤੀ ਦਾ ਸਿੱਟਾ ਵਾਪਸ ਅਮ੍ਰਿਤਸਰ "ਬਾਬਿਆਂ" ਦੀ ਸ਼ਰਨ ਵਿਚ ਪਹੁੰਚ ਜਾਂਦਾ ਹੈ, ਖੱਟੀ ਪਗੜੀ ਬੰਨ੍ਹ ਕੇ। ਕਹਾਣੀ ਉਸਦੇ ਪਟਿਆਲਾ ਸ਼ਾਹੀ ਪੱਗ ਸੁਆਰਨ ਤੋਂ ਸ਼ੁਰੂ ਹੋਈ ਸੀ ਤੇ ਉਸਦੀ ਸੋਚ ਦਾ ਸਫ਼ਰ ਤਹਿ ਕਰਦੀ ਹੋਈ ਖੱਟੀ ਪੱਗ ਅਰਥਾਤ ਕੇਸਰੀ ਪੱਗ ਗ੍ਰਹਿਣ ਕਰਨ ਤਕ ਪੁੱਜ ਜਾਂਦੀ ਹੈ। ਇਸ ਸਫ਼ਰ ਦੀ ਅਗਲੀ ਤਹਿ ਇਹ ਹੈ ਕਿ ਉਹ ਕੱਟੀ ਹੋਈ ਦਾੜ੍ਹੀ ਦੀ ਹਾਲਤ ਤੋਂ ਦਾੜ੍ਹੀ ਰੱਖਣ ਦੀ ਹਾਲਤ ਤਕ ਪੁੱਜ ਜਾਂਦਾ ਹੈ। ਕਹਾਣੀ ਜਦੋਂ ਮੁੱਖ ਪਾਤਰ ਦੇ ਸ਼ੀਸ਼ੇ ਸਾਹਮਣੇ ਖਲੋ ਕੇ ਦਾੜ੍ਹੀ ਨੂੰ ਕੈਂਚੀ ਨਾਲ ਸੁਆਰਨ ਤੋਂ ਸ਼ੁਰੂ ਹੁੰਦੀ ਹੈ ਤਾਂ ਉਸ ਹਾਲਤ ਵਿਚ ਦਾੜ੍ਹੀ ਦੇ ਖੱਬੇ ਪਾਸੇ ਵੱਲ ਵਧੇ ਕੁਝ ਵਾਲਾਂ ਨੂੰ ਕੱਟਣ ਦਾ ਜ਼ਿਕਰ ਹੈ। ਖੱਬਾ ਪਾਸਾ ਸਾਡੀ ਹੁਣ ਤਕ ਦੀ ਸਾਹਿਤਿਕ ਚਿੰਤਨਧਾਰਾ ਵਿਚ ਕੌਮਨਿਸਟ ਲਹਿਰ ਦਾ ਪ੍ਰਤੀਕ ਬਣ ਚੁੱਕਿਆ ਹੋਇਆ ਹੈ। ਪਰ ਕਹਾਣੀ ਵਿਚੋਂ ਇਹ ਸੰਕੇਤ ਲੱਭਣਾ ਮੁਸ਼ਕਲ ਹੈ ਕਿ ਜਦੋਂ ਹਰਪ੍ਰੀਤ ਸ਼ੀਸ਼ੇ ਸਾਹਮਣੇ ਖਲੋ ਕੇ ਆਪਣੀ ਦਾੜ੍ਹੀ ਦੇ ਖੱਬੇ ਪਾਸੇ ਦੇ ਵਾਧੂ ਵਾਲ ਕੱਟਦਾ ਹੈ ਤਾਂ ਇਹ ਕੀ ਸਿਰਫ਼ ਕਹਾਣੀਕਾਰ ਦੀ ਯਥਾਰਥਵਾਦੀ ਚਿਤਰਣ ਦੀ ਰੁਚੀ ਦਾ ਸੰਕੇਤ ਹੈ ਜਾਂ ਇਸ ਵਿਚ ਖੱਬੇਪੱਖੀ ਚਿੰਤਨ ਨੂੰ ਸੱਟ ਵੱਜਣ ਦਾ ਵੀ ਕੋਈ ਸੰਕੇਤ ਲਕਿਆ ਹੋਇਆ ਹੈ? ਕਹਾਣੀ ਦਾੜ੍ਹੀ-ਕੱਟਣ ਤੋਂ ਦਾੜ੍ਹੀ-ਰੱਖਣ ਦੇ ਸਮਕਾਲੀਨ ਸਿੱਖ ਵਿਹਾਰ ਵੱਲ ਮੁੜਦੀ ਹੋਈ ਮੁੱਕਦੀ ਹੈ। ਕਹਾਣੀ ਦਾ ਮੁੱਖ ਪਾਤਰ ਜਦੋਂ ਸ਼ੁਰੂ ਵਿਚ ਘਰੋਂ ਦਾੜ੍ਹੀ ਕੱਟ ਕੇ ਖਾਲਸਾ ਕਾਲਿਜ ਵੱਲ ਆਪਣੇ ਮਿੱਤਰਾਂ ਨੂੰ ਮਿਲਣ ਜਾਂਦਾ ਹੈ ਤਾਂ ਰਸਤੇ ਵਿਚ ਕੋਈ ਦਾੜ੍ਹੀ ਵਾਲਾ ਸਿੰਘ ਉਸਨੂੰ ਲੰਘਦਾ-ਲੰਘਦਾ ਵਿਅੰਗ ਭਰਿਆ ਮਿਹਣਾ ਦੇਂਦਾ ਹੈ ਕਿ ਭੇਡਾਂ ਮੁੰਨੀਆਂ ਜਾਂਦੀਆਂ ਨੇ ਸ਼ੇਰ-ਬਘੇਲੇ ਨਹੀਂ। ਮੁੱਖ ਪਾਤਰ ਦਾ ਖੱਟੀ ਪਗੜੀ ਬੰਨ੍ਹ ਕੇ "ਬਾਬਿਆਂ" ਦੀ ਖ਼ਿਦਮਤ ਵੱਲ ਪਰਤਣਾ ਇਸ ਉਲ੍ਹਾਮੇ ਤੋਂ ਮੁਕਤ ਹੋਣ ਦੀ ਮਾਨਸਿਕ ਪ੍ਰਵਿਰਤੀ ਦਾ ਸੂਚਕ ਜਾਪਦਾ ਹੈ।

ਮੁੱਖ ਪਾਤਰ ਦੇ "ਬਾਬਿਆਂ" ਦੀ ਸ਼ਰਨ ਵੱਲ ਪਰਤਣ ਦੀ ਇਹ ਘਟਨਾ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕੱਲੀ-ਇਕਹਿਰੀ ਘਟਨਾ ਨਹੀਂ ਦਰਸਾਈ ਗਈ। ਉਸਦਾ ਇਉਂ "ਬਾਬਿਆਂ' ਦੀ ਸ਼ਰਨ ਵੱਲ ਜਾਣਾ ਉਸਦੀ ਸੋਚ ਵਿਚ ਵਾਪਰ ਰਹੀਆਂ ਕੁਝ ਘਟਨਾਵਾਂ ਦੇ ਸਫ਼ਰ ਦੀ ਸਿਖ਼ਰ ਹੈ। ਕਹਾਣੀ ਦਾ ਧੁਰਾ ਇਸ ਸਿਖ਼ਰ ਨੂੰ ਉਸਾਰਨ ਦੇ ਅਮਲ ਨਾਲ ਸੰਬੰਧਿਤ ਹੈ।

ਇਸ ਸਿਖ਼ਰ ਦੇ ਉਸਾਰ ਵਿਚ ਕਹਾਣੀਕਾਰ ਦਾ ਨਜ਼ਰੀਆ ਕੀ ਬਣਦਾ ਹੈ? ਇਹ ਗੱਲ ਅਸੀਂ ਆਪਣੀ ਵਿਚਾਰ ਵਿਚ ਜ਼ਰਾ ਮੁਲਤਵੀ ਕਰਨਾ ਚਾਹਾਂਗੇ। ਸਾਨੂੰ ਪਹਿਲਾਂ ਇਹ ਵੇਖਣਾ ਜ਼ਿਆਦਾ ਅਹਿਮ ਲੱਗਦਾ ਹੈ ਕਿ ਮੁੱਖ-ਪਾਤਰ ਦੀ ਸੋਚ ਸਫ਼ਰ ਕਰਦੀ ਹੋਈ ਜਿਸ ਪੜਾਅ ਉੱਤੇ ਪੁੱਜੀ ਉਹ ਕਿਵੇਂ ਪੁੱਜੀ ਅਤੇ ਕਹਾਣੀਕਾਰ ਨੇ ਇਸ ਸਫ਼ਰ ਦੇ ਬਿਆਨ ਨੂੰ ਅਜੋਕੇ ਪੰਜਾਬ ਦੇ ਮਸਲਿਆਂ ਨੂੰ ਧਿਆਨ ਵਿਚ ਲਿਆਉਣ ਲਈ ਕਿਵੇਂ ਵਰਤਿਆ ਹੈ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਕਹਾਣੀ ਮੁੱਖ ਪਾਤਰ ਦੇ ਇਕ ਸਵੇਰ ਘਰ ਤੋਂ ਚਲਣ ਨਾਲ ਸ਼ੁਰੂ ਹੁੰਦੀ ਹੈ ਤੇ ਉਸ ਪਾਤਰ ਦੀ ਜ਼ਿੰਦਗੀ ਦੇ ਕਈ ਪੜਾਵਾਂ ਵਿਚੋਂ ਦੀ ਲੰਘਦੀ ਹੋਈ ਉਸਦੇ 'ਬਾਬਿਆਂ' ਦੀ ਸ਼ਰਨ ਵਿਚ ਜਾਣ ਦੇ ਸੰਕੇਤ ਨਾਲ ਮੁੱਕ ਜਾਂਦੀ ਹੈ।

ਮੁੱਖ ਪਾਤਰ ਦਾ ਘਰ ਅਮ੍ਰਿਤਸਰ ਸ਼ਹਿਰ ਦੇ ਲਾਹੌਰੀ ਗੇਟ ਦੇ ਅੰਦਰ ਦਰਸਾਇਆ ਗਿਆ ਹੈ ਜਿਥੇ ਉਹ ਆਪਣੀ ਇਕੱਲੀ ਮਾਂ ਕੋਲ ਇਕੱਲਾ ਰਹਿੰਦਾ ਹੈ। ਉਸਦਾ ਪਿਉ ਜੱਟ ਕਿਰਸਾਣੀ ਵਿਚੋਂ ਹੋਣ ਦੇ ਬਾਵਜੂਦ ਦਿੱਲੀ ਵਿਚ ਟੈਕਸੀ ਵਾਹੁੰਦਾ ਹੈ ਤੇ ਕਦੇ-ਕਦੇ ਆਪਣੀ ਪਤਨੀ ਅਤੇ ਪੁੱਤਰ ਨੂੰ ਮਿਲਣ ਲਈ ਅਮ੍ਰਿਤਸਰ ਆਉਂਦਾ ਜਾਂਦਾ ਰਹਿੰਦਾ ਹੈ। ਪਿੰਡ ਛੱਡਕੇ ਸ਼ਹਿਰ ਉਹ ਇਸ ਲਈ ਆਇਆ ਕਿ ਜ਼ਮੀਨ ਦੇ ਸ਼ਰੀਕਾਂ ਕਰਕੇ ਉਹਨਾਂ ਲਈ ਇਕੱਲਿਆਂ ਪਿੰਡ ਰਹਿਣਾ ਨਾਮੁਮਕਿਨ ਬਣ ਗਿਆ ਸੀ। ਪਰ ਉਹਨਾਂ ਦੇ ਜੀਵਨ ਦੀ ਇਹ ਸਥਿਤੀ ਕਹਾਣੀ ਦੇ ਸ਼ੁਰੂ ਵਿਚ ਨਹੀਂ ਕਾਫੀ ਬਾਅਦ ਵਿਚ ਜਾ ਕੇ ਉਘੜਦੀ ਹੈ। ਸ਼ੁਰੂ ਵਿਚ ਮੁੱਖ-ਪਾਤਰ ਹਰਪ੍ਰੀਤ ਦੇ ਸ਼ੀਸ਼ੇ ਸਾਹਮਣੇ ਖਲੋ ਕੇ ਤੇ ਕੈਂਚੀ ਨਾਲ ਆਪਣੀ ਦਾੜ੍ਹੀ ਦੇ ਖੱਬੇ ਪਾਸੇ ਦੇ ਵਾਧੂ ਵਾਲ ਕੱਟ ਕੇ ਸਵੇਰੇ-ਸਵੇਰੇ ਘਰੋਂ ਤੁਰਨ ਤੇ ਖਾਲਸਾ ਕਾਲਿਜ ਜਾ ਕੇ ਦੋਸਤਾਂ ਨੂੰ ਮਿਲਣ ਦੀ ਕਾਮਨਾ ਅਤੇ ਘਟਨਾ ਦਾ ਜ਼ਿਕਰ ਹੈ। ਲਾਹੌਰੀ ਗੇਟ ਤੋਂ ਚਲ ਕੇ ਉਹ ਇਸਲਾਮਾਬਾਦ ਦੇ ਰੇਲਵੇ ਫਾਟਕ ਅਤੇ ਪੁਤਲੀਘਰ ਵਿਚੋਂ ਦੀ ਗੁਜ਼ਰਦਾ ਹੋਇਆ ਖਾਲਸਾ ਕਾਲਿਜ ਪੁੱਜਦਾ ਹੈ। ਇਉਂ ਮਹਿਸੂਸ ਹੋਣ ਲਗਦਾ ਹੈ ਜਿਵੇਂ ਦਾੜ੍ਹੀ ਦੇ ਖੱਬੇ ਪਾਸੇ ਦੇ ਵਾਲ ਕੱਟਣਾ, ਲਾਹੌਰੀ ਗੇਟ, ਇਸਲਾਮਾਬਾਦ ਦਾ ਰੇਲਵੇ ਫਾਟਕ, ਪੁਤਲੀਘਰ ਅਤੇ ਖਾਲਸਾ ਕਾਲਿਜ ਸਾਰੇ ਅਜੋਕੇ ਪੰਜਾਬ ਦੇ ਮਸਲੇ ਅਤੇ ਮਾਨਸਿਕਤਾ ਦੇ ਚਿਹਨ ਹੋਣ। ਕਹਾਣੀ ਵਿਚ ਅੱਗੇ ਜਾ ਕੇ ਮੁੱਖ ਪਾਤਰ ਦੇ ਇਕ ਦੋਸਤ ਹਰਪਾਲ ਦਾ ਜ਼ਿਕਰ ਆਉਂਦਾ ਹੈ ਜੋ ਨਕਸਲਵਾਦੀ ਕ੍ਰਾਂਤੀਕਾਰੀਆਂ ਵਾਲੀਆਂ ਗੱਲਾਂ ਕਰਦਾ ਹੁੰਦਾ ਸੀ ਪਰ ਫਿਰ ਪੰਜਾਬ ਦੇ ਜੁਝਾਰਵਾਦੀਆਂ ਦੀ ਢਾਣੀ ਵਿਚ ਜਾ ਮਿਲਿਆ ਸੀ। ਇੰਝ ਸ਼ੁਰੂ ਵਿਚ ਕਹਾਣੀ ਇਕ ਚਿਹਨਾਤਮਕ ਡੂੰਘਾਈ ਦਾ ਪ੍ਰਭਾਵ

CC-0. In Public Domain. Gurukul Kangri Collection, Haridwar

ਦੇਂਦੀ ਹੈ। Digitized by Arya Samaj Foundation Chennai and eGangotri

ਪਰੰਤੂ, ਜਿਵੇਂ ਹੀ ਇਹ ਇਸਤੋਂ ਅੱਗੇ ਤੁਰਦੀ ਹੈ ਇਸਦੀ ਮੁੱਢਲੀ ਚਿਹਨਾਤਮਕਤਾ ਦਾ ਪ੍ਰਭਾਵ ਕਾਇਮ ਨਹੀਂ ਰਹਿੰਦਾ। ਲਾਹੌਰੀ ਗੇਟ, ਇਸਲਾਮਾਬਾਦ, ਪੁਤਲੀਘਰ ਜਾਂ, ਖਾਲਸਾ ਕਾਲਿਜ ਚਿਹਨਾਤਮਕ ਹੋਂਦਾਂ ਨਹੀਂ ਰਹਿੰਦੇ। ਅੱਗੋਂ ਕਹਾਣੀ ਨਿਰੋਲ ਯਥਾਰਥ-ਵਾਦੀ ਸ਼ੈਲੀ ਵਿਚ ਤੁਰਦੀ ਹੈ। ਖਾਲਸਾ ਕਾਲਿਜ ਤਕ ਪੁੱਜੇ ਮੁੱਖ-ਪਾਤਰ ਨੂੰ ਜਦੋਂ ਕੋਈ ਦੋਸਤ ਨਹੀਂ ਮਿਲਦਾ ਤੇ ਪੁਲਿਸ/ਸੀ. ਆਰ. ਪੀ. ਐੱਫ ਦਾ ਵਿਦਿਆਰਥੀਆਂ ਨਾਲ ਤਸਾਦਮ ਬਣ ਰਿਹਾ ਦਿਸਦਾ ਹੈ ਤਾਂ ਉਹ ਵਾਪਸ ਪੁਤਲੀਘਰ ਵੱਲ ਨੂੰ ਪਰਤ ਪੈਂਦਾ ਹੈ ਤੇ ਉਥੋਂ ਅੱਗੇ ਰੇਲਵੇ ਸਟੇਸ਼ਨ ਵਾਲੀ ਸੜਕ ਤੋਂ ਦੀ ਹੁੰਦਾ ਹੋਇਆ ਕੰਪਨੀਬਾਗ, ਲਾਰੰਸ ਰੋਡ ਤੇ ਠੰਢੀ ਖੂਹੀ ਆਦਿ ਤਕ ਪਹੁੰਚ ਜਾਂਦਾ ਹੈ। ਇਸ ਸਫ਼ਰ ਦੌਰਾਨ ਉਸਨੂੰ ਯਾਦਾਂ ਦੇ ਸਫਰ ਵਿਚੋਂ ਵੀ ਲੰਘਦਾ ਦਿਖਾਇਆ ਗਿਆ ਹੈ। ਇਹ ਦਿਨ ਫਰਵਰੀ 1984 ਦੇ ਸਨ, ਔਪਰੇਸ਼ਨ ਬਲਿਊ ਸਟਾਰ ਤੋਂ ਚੰਦ ਮਹੀਨੇ ਪਹਿਲਾਂ ਦੇ। ਇਹਨਾਂ ਦਿਨਾਂ ਵਿਚ ਯਾਦਾਂ ਦੇ ਸਫ਼ਰ ਵਿਚੋਂ ਦੀ ਲੰਘਦਿਆਂ ਹੋਇਆ ਉਸਨੂੰ ਕਈ ਦੋਸਤਾਂ-ਮਿੱਤਰਾਂ ਦਾ ਖਿਆਲ ਆਉਂਦਾ ਹੈ ਜਿਨ੍ਹਾਂ ਨਾਲ ਉਹ ਇਸ ਇਲਾਕੇ ਵਿਚ ਮਟਰਗਸ਼ਤੀ ਕਰਿਆ ਕਰਦਾ ਸੀ ਤੇ ਕੁੜੀਆਂ ਨੂੰ ਤੰਗ ਕਰਨ ਵਾਲੀਆ ਸ਼ਰਾਰਤਾਂ ਵੀ। ਕਈ ਦੋਸਤਾਂ ਦਾ ਉਸਨੂੰ ਪਤਾ ਨਹੀਂ ਕਿ ਉਹ ਕਿਧਰ ਗਏ ਸਨ ਪਰ ਕੁਝ ਦੋਸਤਾਂ ਦੀ ਜੋ ਹੋਣੀ ਬਣੀ ਉਸਦਾ ਉਸਨੂੰ ਕੁਝ ਅਨੁਭਵ ਜਾਂ ਪਤਾ ਹੈ। ਕਹਾਣੀਕਾਰ ਉਸਦੇ ਇਹਨਾਂ ਦੋਸਤਾਂ ਦੀ ਹੋਣੀ ਦੇ ਅਨੁਭਵ ਜਾਂ ਪਤੇ ਨੂੰ ਚਿਤਰਦਾ ਹੋਇਆ ਤਤਕਾਲੀਨ ਪੰਜਾਬ ਦੇ ਸਿੱਖ ਨੌਜਵਾਨਾਂ ਦੀ ਮਾਨਸਿਕਤਾ ਦੇ ਹਾਲਾਤ ਨੂੰ ਉਘਾੜਦਾ ਹੈ। ਉਸਦੀਆਂ ਇਹਨਾਂ ਯਾਦਾਂ ਦਾ ਇਕ ਮਾਨਸਿਕ ਪਿਛੋਕੜ ਇਹ ਦਰਸਾਇਆ ਗਿਆ ਹੈ ਕਿ ਉਹ ਜਦੋਂ ਘਰੋਂ ਤੁਰ ਕੇ ਇਸਲਾਮਾਬਾਦ ਦੇ ਫਾਟਕ ਉਤੇ ਪੁੱਜਿਆ ਤਾਂ ਉਥੇ ਸੀ. ਆਰ. ਪੀ. ਐੱਫ ਨੇ ਇਕ ਮਝੈਲ ਸਿੱਖ ਨੌਜਵਾਨ ਨੂੰ ਗਾਹਲਾਂ ਕੱਢੀਆਂ ਸਨ ਤੇ ਫਿਚ ਕੁੱਟ ਕੇ ਜੀਪ ਵਿਚ ਸੁੱਟ ਲਿਆ ਸੀ। ਹੁਣ ਉਸਨੂੰ ਜਿਨ੍ਹਾਂ ਦੋਸਤਾਂ ਦੀ ਯਾਦ ਆਉਂਦੀ ਹੈ ਉਹ ਸਾਰੇ ਹੀ ਕਿਸੇ ਇਕ ਜਾਂ ਦੂਜੇ ਕਾਰਨ ਕਰਕੇ ਰਾਜਸੱਤਾ ਦੀ ਕਰੋਪੀ ਦਾ ਸ਼ਿਕਾਰ ਹੋ ਗਏ ਸਨ। ਅਜਿਹੇ ਦੋਸਤਾਂ ਵਿਚੋਂ ਉਸਨੂੰ ਸੱਤਾਂ ਦੀ ਸਥਿਤੀ ਯਾਦ ਆਉਂਦੀ ਹੈ : ਜਗੀਰਾ ਬਹੁਤ ਚੰਗੇ ਨੰਬਰਾਂ ਵਿਚ ਬੀ. ਏ. ਕਰਨ ਦੇ ਬਾਵਜੂਦ ਨੌਕਰੀ ਨਾ ਮਿਲਣ ਦਾ ਸਿੱਟਾ ਮਾਪਿਆਂ ਦੀ ਮਾਯੂਸੀ ਤੇ ਫਿਰ ਪੁਲਿਸ ਦੇ ਅਨਿਆਈ ਅਤਿਆਚਾਰ ਦਾ ਨਤੀਜਾ ਪਤਾ ਨਹੀਂ ਕਿਧਰ ਖੁਰਦ-ਬੁਰਦ ਹੋ ਗਿਆ ਸੀ; ਗੁਰਨਾਮ ਵੀ ਪੁਲਿਸ ਦੇ ਅਤਿਆਚਾਰ ਅਤੇ ਹੇਰਾ-ਫੇਰੀਆਂ ਦਾ ਨਤੀਜਾ ਬੇ ਜਾਅ ਫੜ ਲਿਆ ਗਿਆ ਸੀ ਤੇ ਅੰਤ ਜੇਲ੍ਹ ਤੋੜ ਕੇ ਬਾਰਡਰ ਤੋਂ ਪਾਰ ਭੱਜ ਗਿਆ ਦੱਸ ਦਿੱਤਾ ਗਿਆ; ਉਸਦੀ ਸੱਜੀ ਲੱਤ ਤੇ ਖੱਬੀ ਬਾਂਹ ਦੋਵੇਂ ਹੀ ਕੱਟੀਆਂ ਹੋਈਆਂ ਮਿਲਣ ਦੀ ਖ਼ਬਰ ਮਿਲੀ ਜਿਸਦਾ ਪਤਾ ਨਹੀਂ ਸੀ ਕਿ ਇਹ ਕਿਵੇਂ ਹੋਇਆ; ਹਰਦੇਵ ਕੋਲ ਉਸਦੇ ਕੁਝ ਯਾਰ ਉਸਦੇ ਖੇਤਾਂ ਦੀ ਬੰਬੀ ਉਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਤ ਰਹਿਣ ਲਈ ਆ ਗਏ ਜਿਨ੍ਹਾਂ ਪਿਛੇ ਪੁਲਿਸ ਲੱਗੀ ਹੋਈ ਸੀ, ਉਹ ਪੁਲਿਸ ਦੀ ਹਿਰਾਸਤ ਵਿਚੋਂ ਭੱਜਿਆ "ਬਾਬਿਆਂ" ਦੀ ਸ਼ਰਨ ਵਿਚ ਚਲਾ ਗਿਆ; ਅਵਤਾਰ ਨੂੰ ਹਿੰਦੂ ਸਮਝ ਕੇ ਕਤਲ ਕਰ ਦਿੱਤਾ ਗਿਆ ਕਿਉਂਕਿ ਉਸਦੇ ਵਾਲ ਕੱਟੇ ਹੋਏ ਸਨ; ਸਤਨਾਮ "ਬਾਬਿਆਂ" ਦੀ ਸ਼ਰਨ ਵਿਚ ਚਲਾ ਗਿਆ ਕਿਉਂਕਿ ਉਸਦੀ ਭੈਣ ਦੇ ਸਹੁਰੇ ਉਸਨੂੰ ਦਾਜ ਘੱਟ ਲਿਆਉਣ ਕਰਕੇ ਤੰਗ ਕਰਦੇ ਸਨ; ਪ੍ਰਿਤਪਾਲ ਰਿਵਾਇਤੀ ਅਕਾਲੀਆਂ ਦੀ ਸਿਆਸਤ ਤੋਂ ਮਾਯੂਸ ਹੋ ਕੇ "ਬਾਬਿਆਂ" ਦੀ ਸ਼ਰਨ ਵਿਚ ਚਲਾ ਗਿਆ; ਹਰਪਾਲ ਨਕਸਲਵਾਦੀ ਜੁਝਾਰਤਾ ਤੋਂ ਸਿੱਖ ਜੁਝਾਰਤਾ ਵੱਲ ਮੁੜ ਗਿਆ ਸੀ; ਕੁਲਬੀਰ ਖੱਤਰੀਆਂ ਵਾਲੀ ਚਤੁਰ ਸੋਚ ਦਾ ਸਿੱਟਾ ਬੰਬਈ ਫ਼ਿਲਮਸਾਜ਼ੀ ਨਾਲ ਸੰਬੰਧਿਤ ਕਿਸੇ ਰਿਸ਼ਤੇਦਾਰ ਕੋਲ ਤੁਰ ਗਿਆ ਸੀ।

ਦੋਸਤਾਂ ਦੀਆਂ ਇਹਨਾਂ ਯਾਦਾਂ ਦੇ ਦੌਰਾਨ ਹਰਪ੍ਰੀਤ ਨੂੰ ਇਹ ਵੀ ਖਿਆਲ ਆਉਂਦਾ ਹੈ ਕਿ ਕਿਵੇਂ ਉਹ ਕਦੇ ਸਾਰੇ ਲਾਰੰਸ ਰੋਡ ਅਤੇ ਕੰਪਨੀ ਬਾਗ ਦੀ ਚਹਿਲ ਕਦਮੀ ਕਰਦੇ ਹੋਏ ਕੁੜੀਆਂ ਨਾਲ ਛੇੜਖਾਨੀ ਕਰਦੇ ਹੁੰਦੇ ਸਨ। ਅਮ੍ਰਿਤਸਰ ਤੋਂ ਚੰਡੀਗੜ ਪਹੁੰਚਣ ਤੋਂ ਬਾਅਦ ਵੀ ਉਸ ਵਿਚ ਕੁੜੀਆਂ ਦਾ ਪਿੱਛਾ ਕਰਨ ਦੀ ਪੁਰਾਣੀ ਰੁਚੀ ਚਲਦੀ ਰਹਿੰਦੀ ਹੈ। ਪਰੰਤੂ ਜਦੋਂ ਇਕ ਕੁੜੀ ਉਸਨੂੰ ਲਾਹਨਤ ਪਾਉਂਦੀ ਹੈ ਕਿ 'ਉਧਰ ਪੰਥ 'ਤੇ ਭੀੜ ਬਣੀ ਹੋਈ ਐ .. ਦਰਬਾਰ ਸਾਹਿਬ ਢਹਿ ਢੇਰੀ ਕਰ ਦਿੱਤਾ ਗਿਐ.. ਤੇ ਤੈਨੂੰ ਇਹ ਕਰਤੂਤਾਂ ਕਰਦਿਆਂ ਸ਼ਰਮ ਨਹੀਂ ਆਉਂਦੀ ?—' ਤਾਂ ਉਹ ਉਸਦੇ "ਸ਼ਬਦਾਂ ਦੀ ਸ਼ਕਤੀ" ਵਿਚ ਲੁਕੀ ਚੁਣੌਤੀ ਦਾ ਸਿੱਟਾ ਕੇਸਰੀ ਪੱਗ ਬੰਨ੍ਹ ਕੇ ਵਾਪਸ ਅਮ੍ਰਿਤਸਰ ਵੱਲ ਤੁਰ ਪੈਂਦਾ ਹੈ। ਇਹ ਹਾਲਤ ਕੁੜੀਆਂ ਦੀ ਪੈਰਵੀ ਤੋਂ ਧਰਮ ਦੀ ਸ਼ਰਨ ਵਿਚ ਜਾਣ ਦੇ ਸਫ਼ਰ ਦੀ ਲਖਾਇਕ ਹੈ। ਨਾਲ ਹੀ ਇਹ ਆਪੇ ਦੇ ਮੋਹ ਤੋਂ ਆਪੇ ਤੋਂ ਬਾਹਰੇ ਉਦੇਸ਼ ਵੱਲ ਪਰਤਣ ਦੀ ਲਖਾਇਕ ਵੀ ਹੈ। ਸ਼ੁਰੂ ਵਿਚ ਹਰਪ੍ਰੀਤ ਸ਼ੀਸ਼ੇ ਵਿਚ ਆਪਣੀ ਪਟਿਆਲਾ-ਸ਼ਾਹੀ ਪੱਗ ਤੇ ਕੱਟੀ ਸੁਆਰੀ ਦਾੜ੍ਹੀ ਵੇਖ ਕੇ ਨਸ਼ਿਆ ਜਾਂਦਾ ਹੈ ਪਰ ਅੰਤ ਵਿਚ ਉਹ ਇਸ ਅਵਸਥਾ ਤੋਂ ਬਹੁਤ ਦੂਰ ਨਿਕਲ ਜਾਂਦਾ ਹੈ। ਉਸਦੀ ਜ਼ਿੰਦਗੀ ਆਪੇ ਦੇ ਮੋਹ ਤੋਂ ਧਰਮ ਦੇ ਮੋਹ ਵੱਲ ਮੋੜ ਕੱਟ ਜਾਂਦੀ ਹੈ। ਇੰਝ ਹਰਪ੍ਰੀਤ ਕਈ ਸਫ਼ਰਾਂ ਵਿਚੋਂ ਦੀ ਗੁਜ਼ਰਦਾ ਹੈ; ਸਮੇਂ ਦਾ ਸਫ਼ਰ, ਭੂਗੋਲਿਕ ਸਫ਼ਰ, ਖਿਆਲਾਂ ਦਾ ਸਫ਼ਰ, ਜਜ਼ਬਾਤ ਦਾ ਸਫ਼ਰ, ਕਿਰਦਾਰ ਦਾ ਸਫ਼ਰ ਅਤੇ ਯਾਦਾਂ ਦਾ ਸਫ਼ਰ। ਇਹ ਸਾਰੇ ਸਫ਼ਰ ਇਤਿਹਾਸਕ ਅਤੇ ਮਨੋਵਿਗਿਆਨਕ ਪਰਿਸਥਿਤੀਆਂ ਨਾਲ ਜੁੜੇ ਹੋਏ ਸਫ਼ਰ ਦਿਖਾਏ ਗਏ ਹਨ। ਪ੍ਰੇਮ ਪ੍ਰਕਾਸ਼ ਨੇ ਆਪਣੀ ਇਕ ਕਹਾਣੀ "ਡੈੱਡ ਲਾਈਨ" ਵਿਚ ਕਿਹਾ ਹੈ ਕਿ ਸੱਚ ਉਹ ਹੈ ਜੋ ਪਰਿਸਥਿਤੀਆਂ ਸਾਨੂੰ ਦਿੰਦੀਆਂ ਹਨ। ਇਸ ਕਹਾਣੀ ਵਿਚ ਵੀ ਪਿਛਲੇ ਇਕ ਦਹਾਕੇ ਵਿਚ ਉਭਰੀ ਸਿੱਖ ਜੁਝਾਰਤਾ ਦੇ ਸਫ਼ਰ ਨੂੰ ਪਰਿਸਥਿਤੀਆਂ ਦਾ ਪਰਿਣਾਮ ਦਰਸਾਇਆ ਗਿਆ ਹੈ।

ਅਸਾਂ ਉਪਰ ਕਹਾਣੀ ਦੇ ਮੁੱਖ ਪਾਤਰ ਹਰਪ੍ਰੀਤ ਦੇ ਸੰਦਰਭ ਵਿਚ ਕੁਝ ਸਫ਼ਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਜ਼ਿਕਰ ਕੀਤਾ ਕੀਤਾ ਹੈ। ਇਹਨਾਂ ਸਫ਼ਰਾਂ ਵਿਚ ਇਕ ਹੋਰ ਸਫ਼ਰ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ : ਉਹ ਸਫ਼ਰ ਹੈ ਸੰਦੇਹ ਤੋਂ ਨਿਸ਼ਚੇ ਤਕ ਦਾ ਸਫ਼ਰ। ਹਰਪ੍ਰੀਤ ਕਦੇ ਬਾਣੀ, ਸਿੱਖ ਇਤਿਹਾਸ ਅੱਸੀਵਿਆਂ ਦੇ ਮੁੱਢਲੇ ਦੀ ਸਿੱਖ ਸਥਿਤੀ ਅਤੇ ਉਸ ਸਮੇਂ ਦੀਆਂ ਵਿਰੋਧੀ ਸਿਆਸੀ ਧਿਰਾਂ ਦੇ ਠੀਕ ਜਾਂ ਗ਼ਲਤ ਹੋਣ ਬਾਰੇ ਕਈ ਕਿਸਮ ਦੇ ਸੰਦੇਹਾਂ ਵਿਚ ਗ੍ਰਿਫ਼ਤਾਰ ਸੀ ਪਰ ਅੰਤ ਉਹ ਇਹਨਾਂ ਸੰਦੇਹਾਂ ਤੋਂ ਮੁਕਤ ਹੋ ਕੇ ਨਿਸ਼ਚੇ ਦੀ ਦੁਨੀਆਂ ਵਿਚ ਉਤਰ ਜਾਂਦਾ ਹੈ। ਕੁਝ ਆਪਣੇ ਪੁਰਾਣੇ ਦੋਸਤਾਂ ਦੀਆਂ ਹਾਲਾਤਾਂ ਦੀ ਸਿਮ੍ਰਤੀ ਕਰਕੇ ਤੇ ਕੁਝ ਇਕ ਕੁੜੀ ਵੱਲੋਂ ਦਿੱਤੀ ਗਈ ਚੁਣੌਤੀ ਦੇ ਮਨੋਵਿਗਿਆਨਕ ਪ੍ਰਭਾਵ ਕਰਕੇ ਉਸਦੀ ਜ਼ਿੰਦਗੀ ਦਾ ਇਹ ਮੋੜ ਕੱਟਣਾ ਪਰਿਸਥਿਤੀਆਂ ਦਾ ਇਕ ਸੁਭਾਵਿਕ ਪਰਿਣਾਮ ਦਰਸਾਇਆ ਗਿਆ ਹੈ।

ਪਰੰਤੂ, ਕਹਾਣੀ ਇਸ ਪਰਿਣਾਮ ਨੂੰ ਸੁਭਾਵਿਕਤਾ ਦੇ ਬਾਵਜੂਦ ਨਿਆਂਪੂਰਵਕ ਦਰਸਾਉਂਦੀ ਨਹੀਂ ਜਾਪਦੀ। ਇਹ ਮੁੱਖ ਪਾਤਰ ਦੇ ਸੰਦੇਹ ਤੋਂ ਇਕ ਖ਼ਾਸ ਨਿਸ਼ਚੇ ਦੀ ਹਾਲਤ ਵੱਲ ਪਰਤਣ ਦੀ ਘਟਨਾ ਨਾਲ ਮੁੱਕਦੀ ਹੈ ਪਰ ਨਾਲ ਹੀ ਇਕ ਨਵਾਂ ਸੰਦੇਹ ਖੜਾ ਕਰ ਜਾਂਦੀ ਹੈ। ਜਿਹੜੀ ਕੁੜੀ ਦੀ ਚੁਣੌਤੀ ਦਾ ਸਿੱਟਾ ਮੁੱਖ ਪਾਤਰ ਹਰਪ੍ਰੀਤ ਸਿੱਖ ਜੁਝਾਰਵਾਦ ਦੀ ਦਿਸ਼ਾ ਵਿਚ ਮੁੜਦਾ ਹੈ ਉਸ ਕੁੜੀ ਨੂੰ ਉਸਦੇ ਅਜਿਹੇ ਮੋੜ ਤੋਂ ਬਾਅਦ ਖਿਆਲ ਆਉਂਦਾ ਹੈ ਕਿ ਜਿਵੇਂ ਉਹ ਖਾਹਮਖਾਹ ਮਾਈ ਭਾਗੋ ਬਣ ਗਈ ਹੋਵੇ, ਜਦੋਂ ਕਿ ਉਸਨੂੰ ਇੰਝ ਬਣਨ ਦੀ ਲੋੜ ਨਹੀਂ ਸੀ। ਮਾਈ ਭਾਗੋ ਸਿੱਖ ਇਤਿਹਾਸ ਦਾ ਇਕ ਪ੍ਰਸਿੱਧ ਆਰਕੀਟਾਈਪ ਹੈ। ਗੁਰੂ ਗੋਬਿੰਦ ਸਿੰਘ ਨੂੰ ਬੇਦਾਵਾ ਲਿਖ ਕੇ ਦੇਣ ਵਾਲੇ ਸਿੱਖਾਂ ਨੂੰ ਮੁੜ ਗੁਰੂ ਗੋਬਿੰਦ ਸਿੰਘ ਦੀ ਸ਼ਰਨ ਵਿਚ ਜਿਸ ਚੁਣੌਤੀ ਨੇ ਲਿਆਂਦਾ ਉਹ ਮਾਈ ਭਾਗੋ ਦੀ ਹੀ ਸੀ। ਇਸ ਕਹਾਣੀ ਵਿਚ ਵੀ ਜਿਹੜੀ ਕੁੜੀ ਦੀ ਚੁਣੌਤੀ ਮੁੱਖ ਪਾਤਰ ਹਰਪ੍ਰੀਤ ਨੂੰ ਸਿੱਖ ਜੁਝਾਰਤਾ ਦੇ ਰਾਹ ਤੋਰਦੀ ਹੈ ਉਸਨੂੰ ਲੱਗਦਾ ਹੈ ਜਿਵੇਂ ਉਹ ਮਾਈ ਭਾਗੋ ਬਣ ਗਈ ਹੋਵੇ ਪਰ ਨਾਲ ਹੀ ਪਛਤਾਉਂਦੀ ਹੈ ਕਿ ਨਾ ਕਿਤੇ ਗੁਰੂ ਸੀ ਤੇ ਨਾ ਮਹਾਂ ਸਿੰਘ, ਫੇਰ ਉਹ ਮਾਈ ਭਾਗੋ ਕਿਉਂ ਬਣ ਗਈ। ਕਹਾਣੀ ਉਸਦੇ ਇਸ ਪਛਤਾਵੇ ਦੀ ਸੁਰ ਉਤੇ ਮੁੱਕ ਜਾਂਦੀ ਹੈ। ਕਹਾਣੀਕਾਰ ਨੇ ਇਸ ਸੁਰ ਰਾਹੀਂ ਇਕ ਪਾਸੇ ਸਿੱਖ ਜੁਝਾਰਤਾ ਦੀ ਸੁਭਾਵਿਕਤਾ ਦਰਸਾਈ ਹੈ ਤੇ ਦੂਜੇ ਪਾਸੇ ਇਸਦੀ ਇਤਿਹਾਸਕ ਸਾਰਥਿਕਤਾ ਬਾਰੇ ਸੰਦੇਹ ਖੜਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਹ ਵਿਰੋਭਾਭਾਸ ਆਧੁਨਿਕ ਕਹਾਣੀ ਦੀ ਖ਼ਾਸੀਅਤ ਹੈ ਤੇ ਇਸ ਲਿਹਾਜ਼ ਨਾਲ ਮਾਈ ਭਾਗੋ ਨੂੰ ਇਕ ਆਧੁਨਿਕ ਗੁਣਾਂ ਵਾਲੀ ਕਹਾਣੀ ਮੰਨਿਆਂ ਜਾ ਸਕਦਾ ਹੈ।

ਪਰੰਤੂ ਦੋ ਗੱਲਾਂ ਕਰਕੇ ਮੇਰੇ ਲਈ ਇਸ ਕਹਾਣੀ ਨੂੰ ਆਧੁਨਿਕ ਸੂਝ ਵਾਲੀ ਕਹਾਣੀ ਮੰਨਣਾ ਜ਼ਰਾ ਮੁਸ਼ਕਿਲ ਹੈ। ਸਵਰਨ ਚੰਦਨ ਸੰਨ ਚੌਰਾਸੀ ਤੋਂ ਕਾਫ਼ੀ ਦੇਰ ਬਾਅਦ ਇੰਗਲਿਸਤਾਨ ਤੋਂ ਵਾਪਸ ਆਪਣੇ ਦੇਸ਼ ਪਹੁੰਚਿਆ। ਜਦੋਂ ਉਹ ਵਾਪਸ ਦੇਸ਼ ਪਹੁੰਚਿਆ ਤਾਂ ਉਸ ਸਮੇਂ ਤਕ ਜੋ ਸੀ. ਆਰ. ਪੀ. ਐੱਫ ਅਤੇ ਪੁਲਿਸ ਦੇ ਰੋਲ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਸ਼ਾਸਕੀ ਹਾਲਾਤ ਬਣ ਚੁੱਕੇ ਸਨ ਉਹ ਉਹਨਾਂ ਨੂੰ ਅਚੇਤ ਹੀ ਸੰਨ ਚੌਰਾਸੀ ਦੇ ਸ਼ੁਰੂ ਦੇ ਮਹੀਨਿਆਂ ਤੇ ਲਾਗੂ ਕਰ ਜਾਂਦਾ ਹੈ। ਇਹ ਇਤਿਹਾਸਕ ਤੌਰ ਉਤੇ ਅਸੰਗਤ ਹੈ। ਜਿਹੜੀ ਕੁੜੀ ਦੀ ਚੁਣੌਤੀ ਨਾਲ ਕਹਾਣੀ ਦਾ ਮੁੱਖ ਪਾਤਰ ਹਰਪ੍ਰੀਤ ਸਿੱਖ ਜੁਝਾਰਤਾ ਵੱਲ ਪਰਤਿਆ ਉਹ ਆਪਣੇ ਬਾਪ ਨੂੰ 'ਪਿਤਾ ਸ਼੍ਰੀ' ਕਹਿੰਦੀ ਹੈ। 'ਪਿਤਾ ਸ਼੍ਰੀ' ਦਾ ਸੰਬੋਧਨ ਚੌਰਾਸੀ ਤੋਂ ਕਾਫੀ ਵਰ੍ਹੇ ਬਾਅਦ ਉਸ ਸਮੇਂ ਪ੍ਰਚਲਿਤ ਹੋਇਆ ਜਦੋਂ ਦੂਰਦਰਸ਼ਨ ਤੋਂ ਮਹਾਂਭਾਰਤ ਦਾ ਸੀਰੀਅਲ ਚਲਿਆ। ਇਸ ਸੰਬੋਧਨ ਨੂੰ ਚੌਰਾਸੀ ਦੇ ਮੁੱਢਲੇ ਮਹੀਨਿਆਂ ਵਿਚ ਲੈ ਜਾਣਾ ਵੀ ਇਤਿਹਾਸਕ ਅਸੰਗਤੀ ਹੈ। ਤੀਸਰੇ, ਕਹਾਣੀਕਾਰ ਜਦੋਂ ਪੁਲਿਸ ਜਾਂ ਸੀ ਆਰ. ਪੀ. ਐੱਫ ਦੇ ਪਬਲਿਕ ਰੋਲ ਦਾ ਵਰਣਨ ਜਾਂ ਬਿਆਨ ਕਰਦਾ ਹੈ ਤਾਂ ਉਹ ਇਕ ਪ੍ਰਕਾਰ ਦੀ ਭਾਸ਼ਣੀ ਸ਼ੈਲੀ ਵਿਚ ਇਸਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਨ ਵਿਚ ਪੈ ਜਾਂਦਾ ਹੈ ਜਿਥੇ ਕਿ ਕਲਾ ਵਿਚ ਲੋੜ ਤੱਥ ਦੇ ਬਿਆਨ ਰਾਹੀਂ ਪਾਠਕ ਨੂੰ ਖੁਦ ਸੱਚ ਦਰਿਆਫ਼ਤ ਕਰਨ ਦੇ ਯੋਗ ਬਣਾਉਣ ਦੀ ਹੁੰਦੀ ਹੈ। ਚੰਦਨ ਦੀ ਗਲਪ-ਸ਼ੈਲੀ ਇਸ ਕਹਾਣੀ ਵਿਚ ਇਸ ਪਹਿਲੂ ਤੋਂ ਨਾਨਕ ਸਿੰਘ ਵਾਲੀਆਂ ਰੂੜ੍ਹੀਆਂ ਦੀ ਸ਼ਿਕਾਰ ਦਿਸਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਆਪਣੀ ਧਰਤੀ' ਦਾ ਮੁਲਾਂਕਣ

—ਹਰਿਭਜਨ ਸਿੰਘ ਭਾਟੀਆ

ਆਪਣੀ ਧਰਤੀ, ਜਿਸ ਨੂੰ ਲੇਖਕ ਨੇ ਉਪ-ਸਿਰਲੇਖ 'ਮੇਰੀ ਭਾਰਤ ਫੇਰੀ' ਦਿੱਤਾ ਹੈ. ਸਫ਼ਰਨਾਮਾ ਹੈ। ਸਵਰਨ ਚੰਦਨ ਦੀ ਇਹ ਰਚਨਾ 1980 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਰਚਨਾ ਤੋਂ ਪੂਰਵ ਉਸਦੇ ਦੋ ਕਹਾਣੀ-ਸੰਗ੍ਰਹਿ **ਉਜੜਿਆ ਖੂਹ ਤੇ ਪੁੰਨ ਦਾ ਸਾਕ** ਅਤੇ ਇਕ ਕਾਵਿ ਸੰਗ੍ਰਹਿ **ਦੂਸਰਾ ਪੜਾਅ** ਪ੍ਰਕਾਸ਼ਿਤ ਹੋ ਚੁੱਕੇ ਸਨ। ਇਸ ਰਚਨਾ ਦੇ ਛਪਣ ਤੋਂ ਪਹਿਲਾਂ ਉਸਨੇ ਜੋ ਰਚਨਾ ਕੀਤੀ ਉਹ ਵਧੇਰੇ ਕਰਕੇ ਜਜ਼ਬਾਤੀ ਧਰਾਤਲ ਉੱਪਰ ਵਿਚਰਣ ਵਾਲੀ ਇਕਹਰੇ ਸੁਭਾਅ ਦੀ ਰਚਨਾ ਸੀ। ਜ਼ਿੰਦਗੀ ਦੀ ਜਟਿਲਤਾ ਇਨ੍ਹਾਂ ਰਚਨਾਵਾਂ ਦੇ ਇਕਹਰੇ ਪਿੰਡੇ ਵਿਚ ਨਹੀਂ ਸੀ ਸਮਾਉਂਦੀ। **ਆਪਣੀ ਧਰਤੀ** ਦੇ ਛਪਣ ਨਾਲ ਉਹ ਪਹਿਲੀ ਵਾਰ ਇਕ ਗੰਭੀਰ ਤੇ ਗੌਲਣਯੋਗ ਲੇਖਕ ਵਜੋਂ ਜਾਣਿਆ ਜਾਣ ਲੱਗਾ। ਤੱਥ ਤੇ ਗਲਪ ਦੇ ਮਿਸ਼ਰਣ ਉਪਰ ਆਧਾਰਿਤ ਇਸ ਰਚਨਾ ਨੂੰ ਲੇਖਕ ਖ਼ੁਦ 'ਨਾਵਲ ਦੀ ਰੀਹਰਸਲ' ਦਾ ਨਾਂ ਦੇਂਦਾ ਹੈ। ਇਸ ਰਚਨਾ ਵਿਚ ਉਸਦੀ ਅਗਲੇਰੀ ਨਾਵਲ-ਰਚਨਾ ਵਿਚ ਉਠਾਏ ਜਾਣ ਵਾਲੇ ਮਸਲੇ ਬੀਜ ਰੂਪ ਵਿਚ ਵਿਦਮਾਨ ਹਨ ਅਤੇ ਉਹ ਗਲਪੀ ਵਿਧੀ ਵੀ ਆਪਣੇ ਮੁੱਢਲੇ ਰੂਪ ਵਿਚ ਮਿਲਦੀ ਹੈ ਜਿਹੜੀ ਉਸਦੀ ਅਗਲੇਰੀ ਨਾਵਲ-ਰਚਨਾ ਵਿਚ ਵਿਕਾਸ ਦੇ ਮਰਹਲੇ ਤਹਿ ਕਰਦੀ ਹੈ। ਇਸ ਰਚਨਾ ਵਿਚ ਉਹ ਸਾਰੇ ਸੰਸਕਾਰ ਮੌਜੂਦ ਹਨ ਜਿਹੜੇ ਉਸਦੀਂ ਨਾਵਲ-ਰਚਨਾ ਵਿਚ ਹੌਲੀ ਹੌਲੀ ਸਥਾਈ ਰੂਪ ਗ੍ਰਹਿਣ ਕਰਦੇ ਦਿਖਾਈ ਦੇਂਦੇ ਹਨ। ਇੰਜ ਇਸ ਰਚਨਾ ਨੂੰ ਉਸਦੀ ਗੰਭੀਰ ਸਾਹਿਤ ਰਚਨਾ ਦੇ ਪ੍ਰਥਮ-ਬਿੰਦੂ ਵਜੋਂ ਗ੍ਰਹਿਣ ਕਰਨ ਨਾਲ ਹੀ ਇਸਦੀ ਸਾਰਥਕਤਾ ਅਤੇ ਸੀਮਾ ਨੂੰ ਪਛਾਣਿਆਂ ਜਾ ਸਕਦਾ ਹੈ।

ਆਪਣੀ ਧਰਤੀ ਵਿਚ ਦਰਜ ਯਾਤਰਾ-ਵੇਰਵਿਆਂ ਦਾ ਸੰਬੰਧ ਸਵਰਨ ਚੰਦਨ ਅਤੇ ਉਸਦੇ ਪਰਿਵਾਰ ਵਲੋਂ 1976 ਦੀਆਂ ਕ੍ਰਿਸਮੱਸ ਦੀਆਂ ਛੁੱਟੀਆਂ ਵਿਚ ਇੱਕੀ ਦਿਨਾਂ ਲਈ ਲਾਈ ਭਾਰਤ ਫੇਰੀ ਨਾਲ ਹੈ। ਲੇਖਕ ਡਾਇਰੀ ਦੀ ਵਿਧਾ ਵਾਂਗ ਤਿੱਥਾਂ, ਵਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਸਮੇਂ ਦਾ ਜ਼ਿਕਰ ਕਰਦਾ ਹੈ ਪਰੰਤੂ ਮੁਕੰਮਲ ਰੂਪ ਵਿਚ ਇਸ ਨੂੰ ਡਾਇਰੀ ਦੇ ਪੈਟਰਨ ਵਿਚ ਨਹੀਂ ਢਾਲਦਾ। ਸਗੋਂ ਡਾਇਰੀ ਦੀਆਂ ਰੀਤੀਆਂ ਇਸ ਰਚਨਾ ਵਿਚ ਸਫ਼ਰਨਾਮੇ ਦੀ ਵਿਧਾ ਦੇ ਅਧੀਨ ਵਿਚਰਦੀਆਂ ਹਨ। ਡਾਇਰੀ ਦੇ ਨਾਲ ਨਾਲ ਸ੍ਵੈ ਜੀਵਨੀ ਦੀ ਵਿਧਾ ਦੀਆਂ ਰੀਤੀਆਂ ਦੀ ਵਰਤੋਂ ਕਰਦਾ ਹੋਇਆ ਲੇਖਕ ਆਪਣੇ ਅਤੀਤ ਤੇ ਵਰਤਮਾਨ ਦੇ ਵੇਰਵਿਆਂ ਨੂੰ ਖੋਲ੍ਹਦਾ ਹੈ। ਗਲਪੀ ਵਿਧੀ ਨਾਲ ਉਹ ਆਪਣੀ ਮਨੋ ਸਥਿਤੀ ਨੂੰ ਉਸਦੇ ਵੇਗ ਤੇ ਵਹਾਅ ਵਿਚ ਪਕੜਨ ਦਾ ਯਤਨ ਕਰਦਾ ਹੈ। ਸੰਬਾਦੀ ਜੁਗਤ ਨਾਲ ਉਹ ਦੋ ਧਿਰਾਂ ਦੀ ਵਾਰਤਾਲਾਪ ਨੂੰ ਕਈ ਥਾਂ ਸਾਕਾਰ ਕਰਦਾ ਹੈ ਅਤ ਵਿਅੰਗ ਦੀ ਜੁਗਤ ਉਸਦੀ ਸਮੁੱਚੀ ਸਥਿਤੀ ਬਾਰੇ ਆਲੋਚਨਾਤਮਕ ਦ੍ਰਿਸ਼ਟੀ ਨੂੰ ਸਾਮ੍ਹਣੇ ਲੈ ਆਉਂਦੀ ਹੈ। ਇੰਜ ਵਿਧਾਗਤ ਕੋਣ ਤੋਂ ਬਹੁਤ ਸਾਰੀਆਂ ਵਿਧਾਵਾਂ ਦੀਆਂ ਰੀਤੀਆਂ ਮਿਸ਼ਰਤ ਰੂਪ ਵਿਚ ਇਸ ਰਚਨਾ ਵਿਚੋਂ ਪਛਾਣੀਆਂ ਜਾ ਸਕਦੀਆਂ ਹਨ।

ਆਪਣੀ ਧਰਤੀ ਰਚਨਾ ਦੀ ਅੰਦਰਲੀ ਗਵਾਹੀ ਤੋਂ ਪਤਾ ਲੱਗਦਾ ਹੈ ਕਿ ਲੇਖਕ 1964 ਈ. ਵਿਚ ਭਾਰਤ ਤੋਂ ਇੰਗਲੈਂਡ ਵਿਚ ਜਾ ਵਸਿਆ ਸੀ। ਉਦੋਂ ਉਸਦੀ ਉਮਰ ਤੇਈ ਸਾਲ ਸੀ। ਬਾਰਾਂ ਸਾਲ ਉਸ ਨੇ ਇੰਗਲੈਂਡ ਦੀ ਧਰਤੀ ਉੱਪਰ ਗੁਜ਼ਾਰੇ ਅਤੇ ਉਥੋਂ ਦੇ ਸਮਾਜ-ਸਭਿਆਚਾਰ, ਭੂਗੋਲਿਕ ਸਥਿਤੀ, ਮੁੱਲ ਪ੍ਰਬੰਧ ਅਤੇ ਸਿਸਟਮ ਨੂੰ ਜਾਨਣ ਦਾ ਉੱਦਮ ਕੀਤਾ। ਇੰਜ **ਆਪਣੀ ਧਰਤੀ** ਉੱਪਰ ਗੁਜ਼ਾਰੇ ਤੇਈ ਸਾਲ, ਪਿੱਛੋਂ ਇੰਗਲੈਂਡ ਦੀ ਧਰਤੀ ਉੱਪਰ ਬਿਤਾਏ ਬਾਰਾਂ ਸਾਲ ਅਤੇ ਯਾਤਰਾ ਕਰਨ ਪਿੱਛੋਂ ਪੁਸਤਕ ਛਪਣ ਤਕ ਚਾਰ ਸਾਲ ਦਾ ਵਕਫ਼ਾ ਇਸ ਗੱਲ ਦਾ ਜ਼ਾਮਨ ਹੈ ਕਿ ਲੇਖਕ ਵਸਤਾਂ ਤੇ ਵਰਤਾਰਿਆਂ ਤੋਂ ਪ੍ਰਾਪਤ ਜਾਣਕਾਰੀ ਤੇ ਅਨੁਭਵ ਨੂੰ ਇਕ ਫਾਸਲੇ ਤੋਂ ਵੇਖਦਾ ਹੈ। ਇਸ ਰਚਨਾ ਦੀ ਵਿਲੱਖਣਤਾ ਇਹ ਹੈ ਕਿ ਲੇਖਕ ਸਫ਼ਰਨਾਮਾ ਉਸ ਧਰਤੀ ਬਾਰੇ ਲਿਖ ਰਿਹਾ ਹੈ ਜਿਸ ਉੱਪਰ ਉਹ ਲੰਮਾ ਸਮਾਂ ਵਿਚਰਿਆ ਵੀ ਹੈ ਅਤੇ ਜਿਸਦੇ ਗੁਣਾਂ-ਔਗੁਣਾਂ ਨੂੰ ਉਸਨੇ ਇਕ ਦੂਰੀ ਤੋਂ ਵੇਖਿਆ-ਘੋਖਿਆ ਵੀ ਹੈ। ਪੰਜਾਬੀ ਸਫ਼ਰਨਾਮੇ ਦੀ ਇਤਿਹਾਸ-ਰੇਖਾ ਵਿਚ ਇਹ ਪਹਿਲਾ ਨਵੇਕਲਾ ਤਜਰਬਾ ਕਿਹਾ ਜਾ ਸਕਦਾ ਹੈ। ਪੰਜਾਬੀ ਸਫ਼ਰਨਾਮਾ ਲੇਖਕਾਂ ਉੱਪਰ ਅਕਸਰ ਇਹ ਉਚਿਤ ਇਲਜ਼ਾਮ ਲੱਗਦਾ ਹੈ ਕਿ ਉਹ ,ਕਿਸੇ ਭੂ-ਖੰਡ ਉਪਰ ਥੋੜ੍ਹਾ ਸਮਾਂ ਵਿਚਰਣ ਤੋਂ ਬਾਅਦ ਆਪਣੇ ਜ਼ਾਤੀ ਪ੍ਰਭਾਵਾਂ ਤੇ ਅਨੁਭਵ ਨੂੰ ਤਤਫਟ ਪੇਸ਼ ਕਰਨ ਦੀ ਕਾਹਲ ਦਾ ਸ਼ਿਕਾਰ ਹੋ ਜਾਂਦੇ ਹਨ। ਫਲਸਰੂਪ ਉਨ੍ਹਾਂ ਦੀ ਰਚਨਾ ਉਨ੍ਹਾਂ ਦੇ ਜ਼ਾਤੀ ਤਜਰਬਿਆਂ, ਭੂਗੋਲਿਕ ਸਥਿਤੀ ਦੀ ਪੋਤਲੀ ਜੇਹੀ ਵਾਕਫ਼ੀ, ਕੁਝ ਆਮ-ਫ਼ਹਿਮ ਜਾਣਕਾਰੀ (ਜਾਂ ਕਈ ਵਾਰ ਗ਼ਲਤ ਜਾਣਕਾਰੀ) ਤੋਂ ਅਗਾਂਹ ਨਹੀਂ ਸਰਕਦੀ। ਖਾਸ ਤੌਰ 'ਤੇ ਦੋ ਸਭਿਆਚਾਰਾਂ ਦੇ ਮੁੱਲ-ਪ੍ਰਬੰਧਾਂ ਦੇ ਤੁਲਨਾਤਮਕ ਅਧਿਐਨ ਤੇ ਉਥੋਂ ਦੇ ਸਿਸਟਮ ਨੂੰ ਖੋਲ੍ਹਣ ਅਤੇ ਉਸ ਸਬੰਧੀ ਮੁੱਲ-ਅਧਾਰਿਤ ਟਿੱਪਣੀਆਂ ਪ੍ਰਸਤੁਤ ਕਰਨ ਸਮੇਂ ਇਹ ਆਤਮਭਾਵੀ ਅਤੇ ਆਪਹੁਦਰੀ ਹੋ ਜਾਂਦੀ ਹੈ। ਹਥਲੀ ਰਚਨਾ ਉੱਪਰ ਅਜੇਹਾ ਇਲਜ਼ਾਮ ਧਰਣਾ ਸੰਭਵ ਨਹੀਂ ਕਿਉਂਕਿ ਲੇਖਕ "ਆਪਣੀ ਧਰਤੀ" ਬਾਰੇ ਵੀ ਵਾਕਫ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਖਦਾ ਹੈ, ਇੰਗਲੈਂਡ ਦੀ ਧਰਤੀ ਉੱਪਰ ਵੀ ਉਸ ਲੰਮਾ ਅਰਸਾ ਇਕ ਚੇਤੰਨ ਵਿਅਕਤੀ ਦੀ ਹੈਸੀਅਤ ਵਿਚ ਗੁਜ਼ਾਰਿਆ ਹੈ। ਸੋ ਪੰਜਾਬੀ ਸਫ਼ਰਨਾਮੇ ਦੀ ਇਤਿਹਾਸ-ਰੇਖਾ ਵਿਚ ਇਹ ਰਚਨਾ ਅਸਲੋਂ ਵੱਖਰੀ ਪ੍ਰਕਿਰਤੀ ਦੀ ਧਾਰਣੀ ਹੋ ਨਿਬੜਦੀ ਹੈ।

ਆਪਣੀ ਧਰਤੀ ਸਫ਼ਰਨਾਮੇ ਦੀ ਵਿਧਾ ਦੇ ਅੰਤਰਗਤ ਕੀਤਾ ਗਿਆ ਇਕ ਵਿਲੱਖਣ ਤਜਰਬਾ ਹੈ। ਇਸ ਰਚਨਾ ਦਾ ਸਿਰਲੇਖ ਸਰਲ ਤੇ ਇਕਹਿਰੇ ਸੁਭਾਅ ਦਾ ਧਾਰਣੀ ਨਹੀਂ, ਸਗੋਂ ਜਟਿਲ ਹੈ। ਲੇਖਕ **ਆਪਣੀ ਧਰਤੀ** ਬਾਰੇ ਆਪਣੇ ਪ੍ਰਤਿਕਰਮਾਂ ਨੂੰ ਪੇਸ਼ ਕਰਨ ਦੇ ਨਾਲ ਨਾਲ ਆਪਣੇ ਬੱਚਿਆਂ ਦੀ ਮਨੋਸਥਿਤੀ ਨੂੰ ਵੀ ਘੋਖਦਾ ਹੈ। ਬੱਚੇ ਇੰਗਲੈਂਡ ਦੀ ਧਰਤੀ ਉਪਰ ਪੈਦਾ ਹੋਏ ਹਨ। ਇੰਜ ਜੋ ਲੇਖਕ ਲਈ 'ਆਪਣੀ ਧਰਤੀ' ਦੇ ਅਰਥ ਹਨ, ਉਹ ਬੱਚਿਆਂ ਲਈ ਨਹੀਂ ਹਨ। ਲੇਖਕ ਇਕ ਤੋਂ ਵੱਧ ਥਾਵਾਂ ਉੱਪਰ ਤਨਾਉਸ਼ੀਲ ਸਥਿਤੀਆਂ ਜਾਂ ਟਿੱਪਣੀਆਂ ਰਾਹੀਂ 'ਆਪਣੀ ਧਰਤੀ' ਦੇ ਮੁੱਲ ਤੇ ਮਹੱਤਵ ਅਤੇ ਉਸ ਨਾਲ ਜੁੜੇ ਜਜ਼ਬਾਤਾਂ ਨੂੰ ਸਾਮ੍ਹਣੇ ਲਿਆਉਂਦਾ ਹੈ। ਇਕ ਟਿੱਪਣੀ ਹੈ :

> ਕਿੰਨੇ ਜਜ਼ਬਾਤ ਆਪਣੀ ਧਰਤੀ ਨਾਲ ਬੱਝੇ ਹੋਏ ਹੁੰਦੇ ਹਨ। ਮਿੱਟੀ ਦੀ ਹਰ ਬੁੱਕ ਨਾਲ ਇਕ ਜੀਵਨ ਨੱਥੀ ਹੋਇਆ ਹੁੰਦਾ ਹੈ। ਕੋਈ ਲੱਖ ਪਰਦੇਸੀਂ ਵੱਸ ਲਵੇ; ਆਪਣੀ ਧਰਤੀ ਦੀ ਮਹੱਬਤ, ਆਪਣੀ ਮਿੱਟੀ ਦਾ ਪਿਆਰ ਕਦੇ ਨਹੀਂ ਮਰਦਾ; ਸਗੋਂ ਦੂਰ ਰਹਿ ਕੇ ਹੋਰ ਵਧਦਾ ਹੈ; ਇਕ ਘਾਟ ਸਦਾ ਸੀਨੇ ਵਿਚ ਰੜਕਦੀ ਰਹਿੰਦੀ ਹੈ। ਬਾਹਰ ਜਾ ਕੇ ਮਨੁੱਖ ਜੇ ਕੁਝ ਪ੍ਰਾਪਤੀਆਂ ਕਰਦਾ ਹੈ ਤਾਂ ਉਸ ਤੋਂ ਵੱਧ ਗਵਾ ਵੀ ਲੈਂਦਾ ਹੈ।
>
> (ਪੰਨੇ 76-77)

ਇਹ ਟਿੱਪਣੀ ਸਾਮਾਨਯ ਸੁਭਾਅ ਦੀ ਹੈ ਜਿਹੜੀ ਇਕ ਪ੍ਰਵਾਣਿਤ ਸਚਾਈ ਨੂੰ ਸਾਮ੍ਹਣੇ ਲਿਆਉਂਦੀ ਹੈ। ਲੇਖਕ ਇਕ ਪਾਸੇ ਇਸ ਰਚਨਾ ਵਿਚ "ਆਪਣੀ ਧਰਤੀ" ਨਾਲ ਜੁੜੇ ਜਜ਼ਬਾਤਾਂ, ਮੁਹੱਬਤ ਤੇ ਪਿਆਰ ਨੂੰ ਸਾਮ੍ਹਣੇ ਲਿਆਉਂਦਾ ਹੈ ਅਤੇ ਨਾਲ ਹੀ ਨਾਲ ਉਸ ਵਿਚਲੀਆਂ ਕਦਰਾਂ ਕੀਮਤਾਂ ਅਤੇ ਉਨ੍ਹਾਂ ਪਿੱਛੇ ਕਾਰਜਸ਼ੀਲ ਸਿਸਟਮ ਉੱਪਰ ਆਲੋਚਨਾਤਮਕ ਟਿੱਪਣੀਆਂ ਵੀ ਪ੍ਰਸਤੁਤ ਕਰਦਾ ਹੈ। ਕਿਰਤ ਵਿਚੋਂ ਆਪਣੀ ਧਰਤੀ ਪ੍ਰਤਿ ਡੂੰਘਾ ਧਸਿਆ ਮੋਹ ਵੀ ਉਜਾਗਰ ਹੁੰਦਾ ਹੈ ਅਤੇ ਇਸੇ ਧਰਤੀ ਦੀ ਤਹਿ ਵਿਚ ਕੰਮ ਕਰਦੇ ਜਾਗੀਰਦਾਰੀ ਤੇ ਸਰਮਾਏਦਾਰੀ ਲੋਟੂ ਪ੍ਰਬੰਧ ਦੀ ਹੋਂਦ ਸਦਕਾ ਇਸ ਵਿਚਲੀਆਂ ਊਣਤਾਈਆਂ ਵੀ ਉਜਾਗਰ ਹੁੰਦੀਆਂ ਹਨ। ਉਹ ਸਿਰਫ "ਆਪਣੀ ਧਰਤੀ" ਪ੍ਰਤਿ ਅਖੌਤੀ ਤੇ ਬੁਰਜੁਆ ਕਿਸਮ ਦੇ ਮੋਹ ਨੂੰ ਹੀ ਉਜਾਗਰ ਨਹੀਂ ਕਰਦਾ ਬਲਕਿ ਉਸ ਅੰਦਰ ਪ੍ਰਚਲਿਤ ਗ਼ਲਤ ਕਦਰਾਂ ਕੀਮਤਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਬਦਲਣ ਸੰਬੰਧੀ ਵੀ ਟਿੱਪਣੀਆਂ ਪੇਸ਼ ਕਰਦਾ ਹੈ।

ਇਸ "ਆਪਣੀ ਧਰਤੀ" ਦੇ ਸੰਕਲਪ ਦਾ ਦੂਸਰਾ ਪਾਸਾਰ ਬੱਚਿਆਂ ਦੇ ਸੰਦਰਭ ਵਿਚ ਅਸਲੋਂ ਵੱਖਰੇ ਅਰਥ ਗ੍ਰਹਿਣ ਕਰ ਜਾਂਦਾ ਹੈ। ਬੱਚੇ ਇੰਗਲੈਂਡ ਵਿਚ ਜੰਮੇ-ਪਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਉਨ੍ਹਾਂ ਅੰਦਰ ਭਾਰਤ ਦੀ ਧਰਤੀ ਨੂੰ ਵੇਖਣ ਦੀ ਸਧਰ ਤੇ ਜਗਿਆਸਾ ਤਾਂ ਹੈ, ਪਰੰਤੂ ਉਹ ਮੋਹ ਤੇ ਜਜ਼ਬਾਤ ਨਹੀਂ ਜੋ ਲੇਖਕ ਦੀ ਮਾਨਸਿਕਤਾ ਵਿਚ ਸਥਿਤ ਹਨ। ਆਪਣੇ ਪਿਉ-ਦਾਦੇ ਦੇ ਘਰ ਜਾਂ ਉਜੜੇ ਖੂਹ ਨੂੰ ਵੇਖਣ ਪਿਛੋਂ ਜੋ ਵੇਦਨਾ-ਸੰਵੇਦਨਾ ਲੇਖਕ ਅੰਦਰ ਪੈਦਾ ਹੁੰਦੀ ਹੈ, ਇੰਨਬਿੰਨ ਸੰਵੇਦਨਾ ਬੱਚਿਆਂ ਅੰਦਰ ਪੈਦਾ ਨਹੀਂ ਹੁੰਦੀ। ਸਗੋਂ ਉਹ ਤਾਂ ਆਪਣੇ ਵੱਡੇ-ਵਡੇਰਿਆਂ ਦੇ ਘਰ ਨੂੰ ਵੇਖ :

> ਫੂਕ ਫੂਕ ਕੇ ਪੈਰ ਧਰਦੇ ਸਨ ਪਏ ਜ਼ਮੀਨ ਉੱਤੇ ਜਿਵੇਂ ਜ਼ਮੀਨ ਨਾ ਹੋਵੇ ਤੱਤੇ ਤੱਤੇ ਅੰਗਿਆਰ ਹੋਣ; ਜਿਨ੍ਹਾਂ ਤੇ ਪੈਰ ਰੱਖਣ ਨਾਲ ਝੁਲਸ ਜਾਣ ਦਾ ਖਤਰਾ ਹੋਵੇ। (ਪੰਨਾ 82)

ਬੱਚਿਆਂ ਨੂੰ ਜਦੋਂ ਕੋਈ ਏਥੇ ਪੱਕੇ ਤੌਰ ਤੇ ਆ ਵੱਸਣ ਲਈ ਕਹਿੰਦਾ ਹੈ ਤਾਂ ਉਹ ਆਪਣੀ ਭਾਵੁਕਤਾ-ਰਹਿਤ ਸਪੱਸ਼ਟ ਪ੍ਰਤਿਕਿਰਿਆ ਉਸਦੇ ਸਾਹਮਣੇ ਉਜਾਗਰ ਕਰਨ ਤੋਂ ਹਿਚਕਕਾਉਂਦੇ ਨਹੀਂ :

> "ਵਾਈ ਡੌਂਟ ਯੂ ਵਾਂਟ ਟੂ ਕੱਮ ਐਂਡ ਸੈਟਲ ਇਨ ਇੰਡੀਆ ?" ਮੀਸ਼ਾ ਜੀ ਨੇ ਮੇਰੇ ਦੋਹਾਂ ਬੱਚਿਆਂ ਨੂੰ ਪੁੱਛਿਆ।
>
> "ਇਟਜ਼ ਟੂ ਡਰਟੀ ਹੀਅਰ—ਡੱਸਟ ਐਂਡ ਡਰਟ ਐਂਡ ਦੈਟਜ਼ ਆਲ" ਅਮਨਦੀਪ ਬੋਲਿਆ। (ਪੰਨਾ 153)

ਇੰਗਲੈਂਡ ਦੀ ਧਰਤੀ ਜਿਸਨੂੰ ਲੇਖਕ "ਪਰਾਈ ਧਰਤੀ" ਆਖਦਾ ਹੈ, ਬੱਚਿਆਂ ਲਈ ਉਹ "ਆਪਣੀ ਧਰਤੀ" ਹੈ। ਇੰਗਲੈਂਡ ਵਾਪਿਸ ਪਹੁੰਚਣ ਤੋਂ ਪਿੱਛੋਂ ਬੱਚੇ ਇਕ ਖਾਸ ਕਿਸਮ ਦੇ ਸੰਤੋਖ, ਇਕ ਵੱਖਰੀ ਭਾਂਤ ਦੀ ਤਸੱਲੀ ਦਾ ਅਨੁਭਵ ਕਰਦੇ ਹਨ। ਇਹ ਸੰਤੋਖ ਤੇ ਤਸੱਲੀ ਉਨ੍ਹਾਂ ਦੇ ਇਨ੍ਹਾਂ ਫ਼ਿਕਰਿਆਂ :

> ਓ ਮਾਈ ਸਵੀਟ ਸਵੀਟ ਲੰਡਨ—ਓ ਮਾਈ ਸਵੀਟ ਹੋਮ। (ਪੰਨਾ 160)

ਵਿਚੋਂ ਪ੍ਰਗਟ ਹੁੰਦੀ ਹੈ।

"ਆਪਣੀ ਧਰਤੀ" ਦੇ ਸਮਾਨਾਂਤਰ ਲੇਖਕ "ਆਪਣੇ ਘਰ" ਦੇ ਸੰਕਲਪ ਨੂੰ ਉਘਾੜਦਾ ਹੈ। ਉਹ ਘਰ ਨਾਲ ਜੁੜੀ ਭਾਵਨਾ ਨੂੰ ਸਾਮ੍ਹਣੇ ਲਿਆਉਂਦਾ ਹੈ ਕਿ ਬਿਗਾਨੀ ਧਰਤੀ ਤੇ ਉੱਸਰਿਆ ਹੋਣ ਦੇ ਬਾਵਜੂਦ ਉਸ ਪ੍ਰਤਿ ਉਦਰੇਵਾਂ ਅਤੇ ਖਿੱਚ ਪੈਦਾ ਹੁੰਦੀ ਹੈ। ਬਿਗਾਨੀ ਧਰਤੀ, ਬਿਗਾਨੇ ਲੋਕਾਂ ਅਤੇ ਉਨ੍ਹਾਂ ਦੀ ਕਾਲਿਆਂ ਪ੍ਰਤਿ ਨਫ਼ਰਤ ਦੇ ਬਾਵਜੂਦ ਜੇਕਰ ਘਰ ਆਪਣੇ ਵੱਲ ਖਿੱਚਦਾ ਹੈ ਤਾਂ ਇਸਦਾ ਵੱਡਾ ਕਾਰਣ ਉਸ ਘਰ, ਉਸ ਅੰਦਰਲੀਆਂ ਵਸਤਾਂ ਅਤੇ ਰਿਸ਼ਤਿਆਂ ਨਾਲ ਜੁੜੀਆਂ ਭਾਵਨਾਵਾਂ ਹੀ ਹਨ। ਆਪਣੇ ਘਰ ਪ੍ਰਤਿ ਮੋਹ ਸਮੁੱਚੇ ਪਰਿਵਾਰ ਅੰਦਰ ਲਗਪਗ ਇੱਕੋ ਜੇਹੀ ਭਾਵਨਾ ਹੀ ਜਗਾਉਂਦਾ ਹੈ।

ਸਵਰਨ ਚੰਦਨ ਨੇ **ਆਪਣੀ ਧਰਤੀ** ਨੂੰ ਭਾਵੇਂ 'ਮੇਰੀ ਭਾਰਤ ਫੇਰੀ' ਦਾ ਉਪ ਸਿਰਲੇਖ ਦਿੱਤਾ ਹੈ ਪਰੰਤੂ ਇਸ ਵਿਚ ਯਾਤਰਾ-ਅਧੀਨ ਭੂ-ਖੰਡ ਉਤਰੀ-ਭਾਰਤ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੁਝ ਕੁ ਹਿੱਸੇ ਹੀ ਹਨ। ਲੇਖਕ ਦਾ ਸਾਰਾ ਪਰਿਵਾਰ ਰਿਸ਼ਤੇਦਾਰਾਂ ਨੂੰ ਮਿਲਣ ਤੋਂ ਇਲਾਵਾ ਦਿੱਲੀ, ਚੰਡੀਗੜ੍ਹ, ਆਗਰਾ, ਜਲੰਧਰ ਤੇ ਅਮ੍ਰਿਤਸਰ ਦੇ ਕੁਝ ਸਥਾਨਾਂ ਅਤੇ ਆਪਣੇ ਜੱਦੀ ਘਰ ਤੇ ਖੂਹ ਨੂੰ ਵੇਖਣ ਜਾਂਦੇ ਹਨ। ਲੇਖਕ ਆਪਣੀ ਧਰਤੀ ਤੇ ਮਿੱਟੀ ਨਾਲ ਮੋਹ ਨੂੰ ਆਪਣੇ ਬੱਚਿਆਂ ਅੰਦਰ ਜਗਾਉਣਾ ਚਾਹੁੰਦਾ ਹੈ। ਇਸ ਯਾਤਰਾ ਪਿੱਛੇ ਬੱਚਿਆਂ ਦੀ ਜਗਿਆਸਾ ਤੇ ਰੀਝ ਤਾਂ ਕਾਰਜਸ਼ੀਲ ਹੈ ਹੀ ਨਾਲ ਹੀ ਨਾਲ ਲੇਖਕ ਦਾ ਇੰਗਲੈਂਡ ਵਿਚ ਜੰਮੇ-ਪਲੇ ਬੱਚਿਆਂ ਨੂੰ ਆਪਣੇ ਸਭਿਆਚਾਰ ਤੇ ਵਿਰਸੇ ਨਾਲ ਜੋੜਣ ਦਾ ਸਚੇਤ ਯਤਨ ਵੀ ਕਾਰਜਸ਼ੀਲ ਹੈ। ਉਨ੍ਹਾਂ ਦੇ ਸਵਾਲਾਂ ਦੇ ਜੁਆਬ ਦੇਣਾ ਅਤੇ ਉਨ੍ਹਾਂ ਨੂੰ ਰਿਸ਼ਤਿਆਂ ਦੇ ਮਹੱਤਵ ਬਾਰੇ ਜਾਣਕਾਰੀ ਦੇਣਾ ਵੀ ਉਸਦੀ ਯਾਤਰਾ ਦਾ ਮਕਸਦ ਹੈ। ਬੱਚੇ ਮਾਸੂਮੀਅਤ ਦੀ ਅਵਸਥਾ ਵਿਚ ਹਨ। ਨਾ ਉਹ ਭਾਰਤ ਵਿਚ ਜੰਮੇ ਹਨ ਅਤੇ ਨਾ ਹੀ ਏਥੋਂ ਦੀਆਂ ਕਦਰਾਂ ਕੀਮਤਾਂ ਤੋਂ ਵਾਕਿਫ ਹਨ। ਭਾਰਤ ਦੀ ਧਰਤੀ ਪ੍ਰਤਿ ਉਨ੍ਹਾਂ ਦੀ ਖਿੱਚ ਸਿਰਫ਼ ਮਾਂ-ਪਿਓ ਪਾਸੋਂ ਸੁਣੀਆਂ-ਸੁਣਾਈਆਂ ਗੱਲਾਂ ਉੱਪਰ ਆਧਾਰਿਤ ਹੈ। ਬਾਪ ਵੀ ਉਨ੍ਹਾਂ ਨੂੰ ਆਪਣੀ ਧਰਤੀ, ਆਪਣੇ ਘਰ, ਆਪਣੇ ਸਕੂਲ ਅਤੇ ਆਪਣੇ ਕਾਲਜ ਆਦਿ ਬਾਰੇ ਗੱਲਾਂ ਇਸੇ ਲਈ ਸੁਣਾਉਂਦਾ ਹੈ ਤਾਂ ਕਿ ਉਨ੍ਹਾਂ ਦੇ ਅਵਚੇਤਨ ਵਿਚ ਪਿਤਰੀ-ਸੰਸਕਾਰ ਤੇ ਕਦਰਾਂ ਕੀਮਤਾਂ ਵੱਸ ਜਾਣ। ਪਰ ਕੀ ਸਚੇਤ ਯਤਨ ਦੁਆਰਾ ਇਹ ਸੰਭਵ ਹੋ ਸਕਦਾ ਹੈ? ਸ਼ਾਇਦ ਨਹੀਂ। ਬੱਚੇ "ਸੁਣੇ ਸੁਣਾਏ" ਨੂੰ ਜਦੋਂ ਆਪਣੇ ਅਨੁਭਵ ਦਾ ਅੰਗ ਬਣਾਉਂਦੇ ਹਨ ਤਾਂ ਉਨ੍ਹਾਂ ਦਾ ਮੋਹ-ਭੰਗ ਹੁੰਦਾ ਹੈ। ਭਾਰਤ ਵਿਚਲੀ ਗਰੀਬੀ, ਭੁਖ ਮਰੀ, ਮੰਗਤੇ, ਆਪਮੁਹਾਰਾ ਟਰੈਫਿਕ, ਗੰਦਾ ਮੌਸਮ, ਮੱਖੀਆਂ-ਮੱਛਰ, ਨਾਲੀਆਂ, ਚਿੱਕੜ, ਗੰਦਗੀ ਅਤੇ ਇਸ ਤੋਂ ਵੀ ਵੱਧ ਮੁਕੰਮਲ ਬੇਤਰਤੀਬੀ ਉਨ੍ਹਾਂ ਦੇ ਮੋਹ-ਭੰਗ ਦਾ ਕਾਰਣ ਬਣਦੀ ਹੈ। ਇਸੇ ਸਦਕਾ ਹੀ "ਆਪਣੀ ਧਰਤੀ" ਉਨ੍ਹਾਂ ਲਈ "'ਆਪਣੀ" ਨਹੀਂ ਰਹਿੰਦੀ।

ਸਵਰਨ ਚੰਦਨ ਦੇ ਆਪਣੀ ਧਰਤੀ ਨਾਲ ਜੁੜੇ ਮੋਹ ਤੇ ਮੁਹੱਬਤ ਦੇ ਕਾਰਣ ਜਜ਼ਬਾਤੀ ਹਨ। ਉਹ ਭਾਵੁਕ ਤੌਰ ਤੇ ਏਥੋਂ ਦੀ ਹਰ ਸ਼ੈਅ ਨਾਲ ਆਪਣੇ ਆਪ ਨੂੰ ਜੁੜਿਆ-ਜੁੜਿਆ ਮਹਿਸੂਸ ਕਰਦਾ ਹੈ। ਇਹ ਹੈ ਵੀ ਮਨੁੱਖ ਦਾ ਕੁਦਰਤੀ ਵਰਤਾਰਾ। ਉਹ ਪੰਜਾਬ ਦੀ ਭਾਸ਼ਾ, ਮੋਹ-ਰੱਤੇ ਰਿਸ਼ਤਿਆਂ, ਪ੍ਰਾਹੁਣਾਚਾਰੀ, ਪ੍ਰਕਿਰਤਕ ਵਾਤਾਵਰਣ, ਚੀਜ਼ਾਂ ਵਸਤਾਂ ਅਤੇ ਵਰਤਾਰਿਆਂ ਪ੍ਰਤਿ ਅਮਿਣਵੇਂ ਚਾਅ ਦਾ ਪ੍ਰਗਟਾਵਾ ਕਰਦਾ ਹੈ। ਇਸੇ ਅਮਿਣਵੇਂ ਮੋਹ ਸਦਕਾ ਉਹ ਚੀਜ਼ਾਂ ਭਾਵੇਂ ਉਹ ਖੇਤ ਹੋਣ, ਖੂਹ, ਫਸਲਾਂ, ਮਾਲ ਡੰਗਰ ਅਤੇ ਚਾਹੇ ਘੋੜੀ ਆਦਿ ਨਾਲ ਜੁੜੇ ਜਜ਼ਬਾਤਾਂ ਨੂੰ ਉਘਾੜਦਾ ਹੈ। ਲੇਖਕ ਇਸ ਮੋਹ ਨੂੰ ਆਦਰਸ਼ਿਆਏ ਰੂਪ ਵਿਚ ਪੇਸ਼ ਕਰਨ ਲਈ ਇੰਗਲੈਂਡ ਦੀ ਤਰਜ਼ੇ-ਜ਼ਿੰਦਗੀ ਨਾਲ ਇਸ ਨਾਲ ਤੁਲਨਾ ਦੇ ਰਿਸ਼ਤੇ ਵਿਚ ਪੇਸ਼ ਕਰਦਾ ਹੈ :

> ਰਫ਼ਤਾਰ, ਕੰਮ, ਮਸ਼ੀਨ, ਘੜੀ ਦੀਆਂ ਸੂਈਆਂ, ਇਕ ਦੌੜ, ਮਿਹਨੇਤਾਨਾ,
> ਸੰਘਰਸ਼ ਪਰ ਫਜ਼ੂਲ ਤੇ ਮੇਰੇ ਮੱਥੇ ਉੱਤੇ ਕਈ ਤਿਊੜੀਆਂ ਉੱਭਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਾਰੀਆਂ ਯਾਰੀਆਂ ਦੇ ਧੰਧ ਇਸ ਕੰਮ ਉਤੇ ਤੇ ਮਾਨਚੇਸਟਰ ਐਤਵਾਰ
ਨਾਉਣ-ਧੋਣ ਵਿਚ। ਘਰ ਦੇ ਕੰਮਾਂ ਵਿਚ। ਇਸ ਤੋਂ ਜ਼ਿਆਦਾ ਕੱਚੀਆਂ
ਯਾਰੀਆਂ, ਮਾਇਆ ਤਕ ਸੀਮਤ ਰਿਸ਼ਤੇ, ਕੋਈ ਕਿਸੇ ਦਾ ਸੱਕਾ ਨਹੀਂ,
ਜ਼ਿੰਦਗੀ ਜਿਵੇਂ ਰੋਹੜੂ ਪਾਣੀਆਂ ਵਿਚ ਤੁਰਿਆ ਜਾਂਦਾ ਕੋਈ ਕੱਖ-ਕਾਣ।
ਮਰਯਾਦਾ ਵਿਚ ਬੱਝਾ ਹੋਇਆ, ਨਾ ਕੁਝ ਨਵਾਂ ਤੇ ਨਾ ਕੋਈ ਤਬਦੀਲੀ—
ਬੱਸ ਐਵੇਂ ਸਮੇਂ ਨੂੰ ਧੱਕਾ। (ਪੰਨੇ 15-16)

ਇੰਗਲੈਂਡ ਦੀ ਧਰਤੀ ਦੇ ਇਹ ਪੱਖ ਉਸਦੇ 'ਆਪਣੀ ਧਰਤੀ' ਪ੍ਰਤਿ ਮੋਹ ਦੀ ਭਾਵਨਾ ਨੂੰ ਹੋਰ ਤੀਬਰ ਕਰਦੇ ਹਨ। ਉਸ ਧਰਤੀ ਦੇ ਉਹ ਪੱਖ ਜਿਹੜੇ ਉਸਨੂੰ ਉੱਥੇ ਟਿਕਣ ਲਈ ਮਜਬੂਰ ਕਰਦੇ ਹਨ, ਰਚਨਾ ਦੀ ਕਾਇਆ ਦਾ ਭਰਪੂਰ ਹਿੱਸਾ ਬਣੇ ਦਿਖਾਈ ਨਹੀਂ ਦੇਂਦੇ। ਸਿਰਫ਼ ਇਕ ਅੱਧ ਥਾਂ ਬੱਸ ਏਨਾ ਹੀ ਜ਼ਿਕਰ ਆਉਂਦਾ ਹੈ ਕਿ ਭਾਰਤ ਵਿਚ ਮਜ਼ਦੂਰੀ ਜਿੰਨੀ ਉਜਰਤ ਨਹੀਂ ਮਿਲਦੀ ਪਰ ਇੰਗਲੈਂਡ ਵਿਚ ਇਹ ਉਜਰਤ ਪ੍ਰਾਪਤ ਹੋ ਜਾਂਦੀ ਹੈ, ਭਾਵੇਂ ਉਥੇ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਵਿਰੋਧਾਭਾਸੀ ਸਥਿਤੀ ਇਹ ਹੈ ਕਿ ਜਿੱਥੇ ਲੇਖਕ ਸਥਾਈ ਤੌਰ ਤੇ ਟਿਕਣਾ ਚਾਹੁੰਦਾ ਹੈ ਉਸ ਧਰਤੀ ਨਾਲ ਉਸਦਾ ਮੋਹ ਨਹੀਂ ਅਤੇ ਜਿਸ ਨਾਲ ਮੋਹ ਹੈ ਉਸਦੀਆਂ ਕਦਰਾਂ ਕੀਮਤਾਂ ਤੇ ਪ੍ਰਬੰਧ ਉਸਨੂੰ ਭਾਉਂਦਾ ਨਹੀਂ। ਭਾਰਤ ਦੀ ਧਰਤੀ ਤੇ ਫੈਲੇ ਭ੍ਰਿਸ਼ਟਾਚਾਰ, ਗ਼ਰੀਬੀ, ਭੁੱਖਮਰੀ ਅਤੇ ਅਫ਼ਸਰ ਸ਼ਾਹੀ ਸੰਬੰਧੀ ਇਸ ਰਚਨਾ ਵਿਚ ਅਨੁਭਵ ਤੋਂ ਟੁੱਟੀਆਂ ਟਿੱਪਣੀਆਂ ਵੀ ਪ੍ਰਾਪਤ ਹਨ ਅਤੇ ਅਨੁਭਵ ਨਾਲ ਓਤਪੋਤ ਘਟਨਾਵਾਂ ਵੀ। ਇਸ ਰਚਨਾ ਦੇ ਪਹਿਲੇ ਕਾਂਡ ਤੋਂ ਹੀ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਰਚਨਾ ਭਾਰਤ ਦੀ ਧਰਤੀ ਦੇ ਕਿੰਨ੍ਹਾਂ ਪਾਸਾਰਾਂ ਪ੍ਰਤਿ ਆਲੋਚਨਾਤਮਕ ਰਵੱਈਆ ਅਖ਼ਤਿਆਰ ਕਰੇਗੀ। ਮਿਸਾਲ ਵਜੋਂ :

"ਤੈਨੂੰ ਆ ਕੇ ਰਿਸ਼ਵਤ ਦਿਆਂਗਾ, ਜੇ ਚੱਜ ਨਾਲ ਖਿਆਲ ਰੱਖਿਆ।"
ਮੈਂ ਕਿਹਾ।
"ਨਹੀਂ ਐਡਵਾਂਸ ਦੇਹ ਰਿਸ਼ਵਤ" ਉਹਨੇ ਮੂੰਹ ਅੱਡ ਲਿਆ।
"ਇੰਡੀਆ ਜਾ ਕੇ ਆਦਤ ਤਾਂ ਲੈ ਆਵਾਂ ਪਹਿਲਾਂ ਰਿਸ਼ਵਤ ਦੀ।" ਤੇ
ਇਸ ਗੱਲ ਤੇ ਸਾਡਾ ਦੋਹਾਂ ਦਾ ਹਾਸਾ ਨਿਕਲ ਗਿਆ।

ਭਾਰਤ ਦੀ ਧਰਤੀ ਤੇ ਪ੍ਰਵੇਸ਼ ਕਰਕੇ ਪਹਿਲੀ ਘਟਨਾ ਜੋ ਇਸ ਰਚਨਾ ਵਿਚ ਪੇਸ਼ ਹੋਈ ਹੈ ਉਹ ਹੈ ਸਾਡੇ ਭ੍ਰਿਸ਼ਟ ਤੇ ਰਿਸ਼ਵਤਖੋਰ ਅਫ਼ਸਰਾਂ ਸੰਬੰਧੀ। ਇਹ ਘਟਨਾ ਦਿੱਲੀ ਹਵਾਈ ਅੱਡੇ ਤੇ ਵਾਪਰਦੀ ਹੈ। ਇਕ ਪੈੱਨ ਬਟੇਰਨ ਲਈ ਅਫ਼ਸਰ ਪਾਸਪੋਰਟ ਤੇ ਲੱਗੀ ਫ਼ੋਟੋ ਉੱਪਰ ਕਿੰਤੂ ਕਰਦਾ ਹੈ। ਹਵਾਈ ਅੱਡਿਆਂ ਉੱਪਰ ਕਿਵੇਂ ਰਿਸ਼ਵਤ ਲੈ ਕੇ ਸਮਾਨ ਉੱਪਰ O. K. ਲਿਖਿਆ ਜਾਂਦਾ ਹੈ—ਇਹ ਛੋਟੀ ਜੇਹੀ ਘਟਨਾ ਸਾਡੇ ਭ੍ਰਿਸ਼ਟ ਢਾਂਚੇ ਅਤੇ ਅਫ਼ਸਰਸ਼ਾਹੀ ਦੇ ਕਿਰਦਾਰ ਨੂੰ ਵਿਅੰਗ-ਮਈ ਦ੍ਰਿਸ਼ਟੀ ਨਾਲ ਨੰਗਾ ਕਰਦੀ ਹੈ।

ਸਵਰਨ ਚੰਦਨ ਕਈ ਥਾਂ ਕਥਾ-ਪ੍ਰਬੰਧ ਦੇ ਵਹਾ ਨੂੰ ਰੋਕ ਕੇ ਅਨੁਭਵ ਤੋਂ ਸੱਖਣੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟਿੱਪਣੀਆਂ ਪੇਸ਼ ਕਰਨੀਆਂ ਸ਼ੁਰੂ ਕਰ ਦੇਂਦਾ ਹੈ। ਅਜੇਹੀਆਂ ਟਿੱਪਣੀਆਂ ਇਸ ਰਚਨਾ ਵਿਚ ਥਾਂ ਪਰ ਥਾਂ ਖਿੱਲਰੀਆਂ ਪਈਆਂ ਹਨ ਜਿਹੜੀਆਂ ਕਥਨ-ਸ਼ੈਲੀ ਦਾ ਨਮੂਨਾ ਕਹੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਫਾਲਤੂ ਤੇ ਅਪ੍ਰਸੰਗਿਕ ਇਸ ਕਰਕੇ ਪ੍ਰਤੀਤ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਨੂੰ ਇਸ ਰਚਨਾ ਦੇ ਕਥਾ-ਪ੍ਰਬੰਧ ਵਿਚੋਂ ਖਾਰਜ ਕਰ ਦੇਣ ਨਾਲ ਰਚਨਾ ਦੇ ਸਮੁੱਚੇ ਢਾਂਚੇ ਉੱਪਰ ਕੋਈ ਅਸਰ ਨਹੀਂ ਪੈਂਦਾ। ਲੇਖਕ ਅਨੁਭਵੀ ਵਿਧੀ ਨੂੰ ਲਾਂਭੇ ਰੱਖ ਕੇ ਕਥਨ-ਸ਼ੈਲੀ ਨੂੰ ਜਦ ਅਪਨਾਉਂਦਾ ਹੈ ਤਾਂ ਉਸਦੀ ਰਚਨਾ ਦੀ ਬਣਤਰ ਢਿੱਲੀ ਪੈ ਜਾਂਦੀ ਹੈ। ਉਸ ਦੀ ਲਿਖਣ-ਸ਼ੈਲੀ ਦੀ ਇਹ ਜੁਗਤ ਉਸਦੀਆਂ ਪਿਛਲੇਰੀਆਂ ਨਾਵਲੀ ਰਚਨਾਵਾਂ ਜਿਵੇਂ **ਨਵੇਂ ਰਿਸ਼ਤੇ, ਕੱਚੇ ਘਰ, ਕੱਖ ਕਾਨ ਤੇ ਦਰਿਆ**, ਅਤੇ **ਕਦਰਾਂ ਕੀਮਤਾਂ** ਵਿਚ ਵੀ ਘੱਟ ਜਾਂ ਵੱਧ ਮਾਤਰਾ ਵਿਚ ਪ੍ਰਵੇਸ਼ ਕਰ ਜਾਂਦੀ ਹੈ। **ਆਪਣੀ ਧਰਤੀ** ਵਿਚੋਂ ਕੁਝ ਮਿਸਾਲਾਂ ਵੇਖੋ :

ੳ. ਮੈਨੂੰ ਹਿੰਦੁਸਤਾਨ ਦਾ "ਹਰਾ ਇਨਕਲਾਬ" ਯਾਦ ਆਇਆ। ਹਰਾ ਇਨਕਲਾਬ—ਮਹਿਜ਼ ਇਕ ਨਾਹਰਾ - ਰੋਟੀ ਪਾਣੀ ਦੀ ਬਹੁਲਤਾ ਦੁੱਧ ਦੀਆਂ ਨਦੀਆਂ—ਦੇਸ਼ ਦਾ ਹਰ ਬਸ਼ਰ ਇਕ ਵਧੀਆ ਸ਼ਹਿਰੀ - ਸੋਸ਼ਲਿਜ਼ਮ ਵੱਲ ਪੁੱਟੇ ਗਏ ਕਦਮਾਂ ਵਿਚੋਂ ਇਕ ਅਹਿਮ ਕਦਮ—ਤੇ ਹੋਰ ਪਤਾ ਨਹੀਂ ਕੀ ਕੁਝ। ਸਭ ਕੁਝ ਫੋਕਾ, ਹਕੀਕਤ ਰਹਿਤ ਤੇ ਬਾਜ਼ਾਰੀ ਕਿਸਮ ਦਾ। (ਪੰਨਾ 42)

ਅ. "ਇਹ ਸਾਰਾ ਨਰਕ ਅਜੋਕੇ ਨਿਜ਼ਾਮ ਦੀ ਦੇਣ ਹੈ। ਇਹ ਸਾਰਾ ਕੁਝ ਓਨਾ ਚਿਰ ਨਹੀਂ ਬਦਲ ਸਕਦਾ ਜਿੰਨਾ ਚਿਰ ਅਜਾਰੇਦਾਰੀਆਂ ਕਾਇਮ ਨੇ—ਜਿੰਨਾ ਚਿਰ ਸਰਕਾਰ ਤੋਂ ਪਿੱਠ ਥਾਪੜੇ ਲੈਣ ਵਾਲੇ ਧਨਾਢ ਕਾਇਮ ਹਨ। ਇਸ ਸਭ ਕਾਸੇ ਨੂੰ ਬਦਲਣ ਲਈ ਇਕ ਵੱਡੀ ਤਬਦੀਲੀ ਚਾਹੀਦੀ ਏ—ਤਬਦੀਲੀ ਜਿਸ ਨਾਲ ਹੇਠਲੀ ਉਤੇ ਤੇ ਉਤਲੀ ਹੇਠਾਂ ਆ ਜਾਏ।" ਮੈਂ ਇਕੋ ਸਾਹੇ ਕਿੰਨਾ ਹੀ ਕੁਝ ਆਖ ਗਿਆ। (ਪੰਨਾ 45)

ਇਹ ਅਤੇ ਅਜੇਹੀਆ ਹੋਰ ਟਿੱਪਣੀਆਂ ਲੇਖਕ ਦੀ ਸਮਝ-ਬੂਝ ਉੱਪਰ ਤਾਂ ਆਧਾਰਿਤ ਹਨ ਪਰੰਤੂ ਪ੍ਰਾਸੰਗਿਕ ਨਹੀਂ ਹਨ।

ਇਕ ਪ੍ਰਸੰਗ ਜੋ ਲੇਖਕ ਇਸ ਸਫ਼ਰਨਾਮੇ ਵਿਚ ਵੀ ਖੋਲ੍ਹਦਾ ਹੈ ਅਤੇ ਜੋ ਮੁੜਕੇ ਉਸਦੀ ਸਮੁੱਚੀ ਨਾਵਲ-ਰਚਨਾ ਵਿਚ ਵੀ ਖਿੜਾਓ ਪ੍ਰਾਪਤ ਕਰਦਾ ਹੈ ਉਹ ਹੈ ਨਵੀਂ ਤੇ ਪੁਰਾਣੀ ਪੀੜ੍ਹੀ ਵਿਚਲਾ ਪਾੜਾ। ਲੇਖਕ ਇੰਗਲੈਂਡ ਦੀ ਧਰਤੀ ਤੇ ਜੰਮੇ-ਪਲੇ ਬੱਚਿਆਂ ਦੀ ਮਾਨਸਿਕਤਾ ਦੀ ਬਣਨ-ਪ੍ਰਕਿਰਿਆ ਨੂੰ ਉਲੀਕਦਾ ਹੈ। ਇੰਗਲੈਂਡ ਵਿਚ ਵਸਦੇ ਬੱਚਿਆਂ ਦਾ ਸੋਚਣ-ਢੰਗ ਇਕ ਉਮਰ ਤਕ ਆਪਣੇ ਮਾਂ-ਬਾਪ ਉੱਪਰ ਬਹੁਤਾ ਕੇਂਦਰਿਤ ਕਿਉਂ ਰਹਿੰਦਾ ਹੈ? ਘਰ ਦੀ ਚਾਰਦੀਵਾਰੀ, ਤੰਗ ਮਾਹੌਲ, ਸਵੈ-ਕੇਂਦਰਿਤ ਜਿਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਨੀਆਂ, ਸਰਦੀ ਦਾ ਮੌਸਮ ਅਤੇ ਭਾਰਤੀਆਂ ਦੇ ਆਪਣੇ ਮਨੋ-ਦਵੰਦਾਂ ਵਿਚੋਂ ਜਨਮੀਆਂ ਸਭਿਆਚਾਰਕ ਸੀਮਾਵਾਂ ਆਦਿ ਉਨ੍ਹਾਂ ਦੀ ਸ੍ਵੈ-ਕੇਂਦਰਿਤ ਸੋਚ ਪਿੱਛੇ ਕਾਰਜਸ਼ੀਲ ਕਾਰਣਾਂ ਵੱਲ ਲੇਖਕ ਧਿਆਨ ਦਵਾਉਂਦਾ ਹੈ। ਇਸ ਸੁੰਗੜੀ-ਸਿਮਟੀ ਸੋਚ ਤੋਂ ਪਿੱਛੋਂ ਜਦੋਂ ਬੱਚੇ ਗੋਰੇ ਸੰਸਾਰ ਨਾਲ ਅੰਤਰਕਿਰਿਆ ਵਿਚ ਆਉਂਦੇ ਹਨ ਤਾਂ ਕਿਸ ਤਰ੍ਹਾਂ ਦੇ ਸਮਾਜਕ ਤੇ ਸਭਿਆਚਾਰਕ ਅੰਤਰ ਵਿਰੋਧ ਜਨਮ ਲੈਂਦੇ ਹਨ ? ਇਨ੍ਹਾਂ ਅਤੇ ਅਜਿਹੇ ਹੋਰ ਪ੍ਰਸ਼ਨਾਂ ਦੇ ਉੱਤਰ ਤਾਂ ਉਹ ਆਪਣੇ ਨਾਵਲਾਂ ਵਿਚ ਦੇਂਦਾ ਹੈ ਪਰੰਤੂ ਏਥੇ ਸਫ਼ਰਨਾਮੇ ਦੇ ਪ੍ਰਸੰਗ ਵਿਚ ਉਸਦਾ ਮਕਸਦ ਇਕ ਤੁਲਨਾਤਮਕ ਪਰਿਪੇਖ ਸਿਰਜਣ ਦਾ ਬਣਦਾ ਹੈ। ਲੇਖਕ ਇਨ੍ਹਾਂ ਬੱਚਿਆਂ ਦੀ ਵਿਸ਼ੇਸ਼ ਮਾਹੌਲ ਵਿਚ, ਵਿਸ਼ੇਸ਼ ਕਾਰਣਾਂ ਸਦਕਾ, ਬਣੀ ਮਾਨਸਿਕਤਾ ਨੂੰ ਚਿਤਰ ਕੇ ਇਕ ਢੰਗ ਨਾਲ ਭਾਰਤ ਦੀ ਧਰਤੀ, ਰਿਸ਼ਤਿਆਂ ਅਤੇ ਮਾਹੌਲ ਪ੍ਰਤਿ ਉਨ੍ਹਾਂ ਦੇ ਸਹਿਜ ਪ੍ਰਤਿਕਰਮ ਦੀ ਪਿੱਠਭੂਮੀ ਤਿਆਰ ਕਰ ਲੈਂਦਾ ਹੈ। ਇੰਜ ਲੇਖਕ ਦੇ 'ਆਪਣੀ ਧਰਤੀ' ਪ੍ਰਤਿ ਇਕ ਪ੍ਰਤਿਕਰਮ ਦੇ ਨਾਲ ਬੱਚਿਆਂ ਦੀ ਮਾਨਸਿਕਤਾ ਵਿਚੋਂ ਨਿਕਲਿਆ ਦੂਸਰਾ ਪ੍ਰਤਿਕਰਮ ਰਚਨਾ ਦੇ ਸਰੂਪ ਨੂੰ ਇਕ ਤੋਂ ਵੱਧ ਪਰਤੀ ਅਤੇ ਜਟਿਲ ਬਣਾਉਂਦਾ ਹੈ। ਇਹ ਇਕ ਤੋਂ ਵੱਧ ਪਰਤੀ ਤੇ ਜਟਿਲ ਪਰਿਪੇਖ ਦੋ ਧਿਰਾਂ ਦੇ ਦੋ ਵੱਖ ਵੱਖ ਧਰਤੀਆਂ ਪ੍ਰਤਿ ਸੁਭਾਵਿਕ ਪ੍ਰਤਿਕਰਮਾਂ ਦੀ ਰੂਪਰੇਖਾ ਉਘਾੜਣ ਵਾਲਾ ਹੈ। ਇਕ ਧਿਰ ਦੇ ਪ੍ਰਸੰਗ ਵਿਚ ਪੰਜਾਬੀ ਲੋਕਾਂ ਦੀਆਂ ਆਦਤਾਂ ਤੇ ਰੁਚੀਆਂ, ਮਹਿਮਾਨ ਨਿਵਾਜ਼ੀ ਅਤੇ ਜਜ਼ਬੇ ਦੀ ਸ਼ਿੱਦਤ ਮਹੱਤਵਪੂਰਣ ਤੇ ਯਾਦਗਾਰੀ ਹੈ ਤਾਂ ਦੂਸਰੀ ਧਿਰ ਪਾਸ ਤਾਂ ਰਿਸ਼ਤਿਆਂ ਦਾ ਅਜਿਹਾ ਮਹੱਤਵ ਤੇ ਅਹਿਸਾਸਾਂ ਦੀ ਸਭਿਆਚਾਰਕ ਗਰਾਮਰ ਮੌਜੂਦ ਨਹੀਂ। ਇਸ ਦਵੰਦ ਅਤੇ ਅੰਤਰ-ਵਿਰੋਧ ਨੂੰ ਸਮੁੱਚੀ ਰਚਨਾ ਦੇ ਕੇਂਦਰ ਵਿਚ ਟਿਕਾਈ ਰੱਖਣ ਵਿਚ ਹੀ ਇਸ ਰਚਨਾ ਦੀ ਪ੍ਰਾਪਤੀ ਦਾ ਰਹੱਸ ਛੁਪਿਆ ਹੋਇਆ ਹੈ। ਹਾਲਾਂ ਕਿ ਇ ਹਵੀ ਹਕੀਕਤ ਹੈ ਕਿ ਪੰਜਾਬੀਆਂ ਦੀ ਮਹਿਮਾਨ ਨਿਵਾਜ਼ੀ ਅਤੇ ਰਿਸ਼ਤਿਆਂ ਵਿਚਲੇ ਜਜ਼ਬੇ ਦੀ ਸ਼ਿੱਦਤ ਨੂੰ ਪ੍ਰਸਤੁਤ ਕਰਨ ਸਮੇਂ ਲੇਖਕ ਅਨੁਚਿਤ ਵਿਸਥਾਰ ਵਿਚ ਵੀ ਪੈ ਜਾਂਦਾ ਹੈ। ਰਚਨਾ ਦਾ ਪਿਛਲਾ ਅੱਧ ਅਜਿਹੇ ਅਨੁਚਿਤ ਵਿਸਥਾਰ ਨਾਲ ਭਰਿਆ ਹੋਇਆ ਹੈ ਜਿੱਥੇ ਲੇਖਕ ਦ੍ਰਿਸ਼ਟੀ-ਵਿਹੂਣੇ ਦ੍ਰਿਸ਼ਾਂ ਦੀ ਸਿਰਜਣਾ ਕਰਦਾ ਹੈ। ਕਈ ਵਾਰ ਦ੍ਰਿਸ਼ਾਂ ਦੀ ਜਗ੍ਹਾ ਵੀ ਜਦ ਸੂਚਨਾ ਮੱਲ ਲੈਂਦੀ ਹੈ ਤਾਂ ਰਚਨਾ ਦਾ ਸਰੂਪ ਖੰਡਿਤ ਦਿਖਾਈ ਦੇਣਾ ਸ਼ੁਰੂ ਹੋ ਜਾਂਦਾ ਹੈ।

ਸਵਰਨ ਚੰਦਨ ਦਾ ਇਹ ਸਫ਼ਰਨਾਮਾ ਆਪਣੀ ਧਰਤੀ ਪ੍ਰਤਿ ਮੋਹ ਤੇ ਜਜ਼ਬਾਤੀ ਪ੍ਰਤਿਕਰਮਾਂ ਨੂੰ ਪੇਸ਼ ਕਰਨ ਦੇ ਨਾਲ ਨਾਲ ਏਥੇਂ ਦੀ ਗਰੀਬੀ, ਭ੍ਰਿਸ਼ਟਾਚਾਰ, ਭੁੱਖਮਰੀ, ਮੰਗਤਿਆਂ ਦੀ ਸਮੱਸਿਆ, ਅਨਪੜ੍ਹਤਾ, ਬੇਰੋਜ਼ਗਾਰੀ, ਔਰਤ ਦੀ ਦੁਖਾਂਤਕ ਸਥਿਤੀ, ਬੋਦੇ ਕਾਨੂੰਨਾਂ, ਅਫਸਰਸ਼ਾਹੀ, ਭ੍ਰਿਸ਼ਟ ਰਾਜਨੀਤਿਕ ਪ੍ਰਬੰਧ, ਸਰਮਾਏਦਾਰੀ ਨਿਜ਼ਾਮ ਦੀਆਂ ਭੈੜਾਂ, ਧਰਮ ਤੇ ਧਾਰਮਿਕ ਠੇਕੇਦਾਰਾਂ ਦੀ ਅਸਲੀਅਤ ਅਤੇ ਸਰਮਾਏਦਾਰੀ ਨਿਜ਼ਾਮ ਵਿਚ ਕਲਾ ਤੇ ਕਲਾਕਾਰਾਂ ਦੀ ਬੇਕਦਰੀ ਆਦਿ ਬਹੁਤ ਸਾਰੇ ਪ੍ਰਸੰਗਾਂ ਨੂੰ ਖੋਲ੍ਹਦਾ ਹੈ। ਅਸਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਉਸਦੀ ਸਮਾਜ ਦੀ ਡਾਇਲੈਕਟਿਕਸ ਦੀ ਸਮਝ ਕਈ ਵਾਰ ਉਸਦੀ ਸਿਰਜਣਾ ਤੇ ਅਨੁਭਵ ਨੂੰ ਧੁੱਸ ਦੇ ਕੇ ਅਗਰਭੂਮੀ ਵਿਚ ਆ ਜਾਂਦੀ ਹੈ। ਪ੍ਰਤੀਤ ਹੁੰਦਾ ਹੈ ਕਿ ਚੰਦਨ ਇਕ ਚੇਤੰਨ ਵਿਅਕਤੀ ਹੈ ਜਿਹੜਾ ਕਲਾ ਦੀਆਂ ਸੀਮਾਵਾਂ ਉਲੰਘ ਕੇ ਆਪਣੀ ਗੱਲ ਕਹਿਣ ਦੀ ਕਾਹਲ ਦਾ ਸ਼ਿਕਾਰ ਹੋ ਜਾਂਦਾ ਹੈ। ਉਸਦੀ ਸਿਰਜਣਾ ਵਿਚ ਉਸਦੀ ਵਿਚਾਰਧਾਰਾ ਪੰਗਤੀਆਂ ਜਾਂ ਸਮੁੱਚੀ ਰਚਨਾ ਵਿਚ ਕਿਧਰੇ ਲੁਕੀ ਛਿਪੀ ਨਹੀਂ ਹੁੰਦੀ ਸਗੋਂ ਸਤਹ ਤੇ ਨਿਰੁੰਕਸ਼ ਵਿਚਰਦੀ ਹੈ। ਵਰਤਾਰੇ ਨੂੰ ਸਮਝਣ ਲਈ ਉਹ ਜਿਸ ਦਵੰਦਾਤਮਕ-ਪਦਾਰਥਵਾਦੀ ਅਤੇ ਇਤਿਹਾਸਕ ਪਹੁੰਚ ਵਿਧੀ ਦੀ ਵਰਤੋਂ ਕਰਦਾ ਹੈ ਉਸ ਸੰਬੰਧੀ ਉਹ ਰਚਨਾ ਵਿਚ ਖ਼ੁਦ ਹੀ ਏਨੀਆਂ ਕੁ ਟਿੱਪਣੀਆਂ ਖਲਾਰ ਦੇਂਦਾ ਹੈ ਕਿ ਅਧਿਏਤਾ ਨੂੰ ਉਸਦੀ ਵਿਸ਼ਵ ਦ੍ਰਿਸ਼ਟੀ ਦੀ ਪਛਾਣ ਵਿਚ ਭੁਲੇਖਾ ਨਹੀਂ ਰਹਿੰਦਾ। ਮਿਸਾਲ ਵਜੋਂ :

ੳ. "ਜੀਉਣ ਦੀ ਅਕਲ ਵੀ ਮਾਰਕਸ ਨੂੰ ਪੜ੍ਹ ਕੇ ਹੀ ਆਉਂਦੀ ਐ ਇਸ ਤੋਂ ਬਗ਼ੈਰ ਤਾਂ ਸਿਰਫ਼ ਭਟਕਣ ਵਾਲੀ ਗੱਲ ਹੁੰਦੀ ਐ।" (ਪੰਨਾ 130)

ਅ. ਸਮਝੌਤਾ ਹੀ ਜ਼ਿੰਦਗੀ ਦੇ ਬਿਹਤਰ ਹੋ ਸਕਣ ਦੇ ਰਾਹ ਦੀ ਵੱਡੀ ਰੁਕਾਵਟ ਹੈ। ਸਮਝੌਤਾ, ਚੇਤਨਾ ਦੇ ਸਾਰੇ ਹਥਿਆਰਾਂ ਨੂੰ ਖੁੰਡਾ ਕਰਨ ਵਾਲਾ ਪੱਥਰ ਹੈ। ਇਹ ਪੱਥਰ ਭਾਰਤ ਦੇ ਹਰ ਗ਼ਰੀਬ ਯੁਵਤ ਦੇ ਸਿਰ ਉੱਤੇ ਪੱਗ ਵਾਂਗ ਬੱਝਿਆ ਪਿਆ ਹੈ। (ਪੰਨਾ 135)

ਇਹ ਤੇ ਅਜਿਹੇ ਹੋਰ ਕਥਨ ਉਸਦੀ ਰਚਨਾ ਵਿਚਲੀ ਵਿਚਾਰਧਾਰਾ ਨੂੰ ਬੜਾ ਸਰਲ-ਸਪਾਟ, ਪ੍ਰਚਾਰਮਈ ਅਤੇ ਉੱਚੀ ਸੁਰ ਵਾਲਾ ਮੁਹਾਂਦਰਾ ਪ੍ਰਦਾਨ ਕਰਦੇ ਹਨ। ਇਨ੍ਹਾਂ ਕਥਨਾਂ ਸਦਕਾ ਹੀ ਇਹ ਰਚਨਾ ਪ੍ਰਸ਼ਨਾਂ ਦੇ ਰੂਪ ਵਿਚ ਪਾਠਕ ਦੀ ਮਾਨਸਿਕਤਾ ਅੰਦਰ ਕੁਝ ਸਿਰਜਣ ਵੱਲ ਘੱਟ ਅਤੇ ਪ੍ਰਚਾਰਣ ਵੱਲ ਵਧੇਰੇ ਰੁਚਿਤ ਜਾਪਦੀ ਹੈ। ਇਸੇ ਸਦਕਾ ਹੀ ਇਸ ਰਚਨਾ ਵਿਚ ਪਾਠਕ ਦੀ ਪੁਜ਼ੀਸ਼ਨ ਵੀ ਪ੍ਰਾਥਮਿਕ ਨਹੀਂ ਰਹਿੰਦੀ ਸਗੋਂ ਦੁਜੈਲੀ ਬਣ ਜਾਂਦੀ ਹੈ। ਭਾਵੇਂ ਇਹ ਰਚਨਾ ਸਿੱਧੀ ਲਕੀਰ ਵਿਚ ਨਹੀਂ ਤੁਰਦੀ ਸਗੋਂ ਲੇਖਕ ਲਿਖਤ ਦੀ ਗਤੀ ਵਿਚ ਕੁਝ ਵਿੰਗ-ਟੇਢ ਪੈਦਾ ਕਰਕੇ ਉਸਨੂੰ ਗਹਿਰਾਈ ਪ੍ਰਦਾਨ ਕਰਦਾ ਹੈ। ਇਹ ਵਿੰਗ-ਟੇਢ ਹੀ ਅਗੋਂ ਉਸਦੀ ਗਲਪ-ਸਿਰਜਣ-ਯੋਗਤਾ ਦੀ ਪ੍ਰਾਪਤੀ ਬਣਦੇ ਹਨ। ਪਰੰਤੂ ਇਹ ਸਭ ਕੁਝ ਇਸ ਰਚਨਾ ਵਿਚ ਅਜੇ ਮੁੱਢਲੀ ਅਵਸਥਾ ਵਿਚ ਹੈ। ਇਸ ਰਚਨਾ ਵਿਚ ਵਰਤੀ ਭਾਸ਼ਣੀ ਵਿਧੀ (rhetorical method) ਵੀ ਘੱਟ ਓਪਰੀ ਇਸੇ ਕਰਕੇ ਪ੍ਰਤੀਤ ਹੁੰਦੀ ਹੈ ਕਿਉਂਕਿ ਇਹ ਰਚਨਾ ਲੇਖਕ ਦੇ ਨਾਵਲ-ਰਚਨਾ ਵਿਚ ਪ੍ਰਵੇਸ਼ ਕਰਨ ਤੋਂ ਪੂਰਵਲੇ ਅਭਿਆਸ ਨਾਲ ਸੰਬੰਧਿਤ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਸੰਵੇਦਨਾ ਤੇ ਸਾਹਿਤ' : ਮੈਟਾ ਅਧਿਅਨ

—ਮਨਜੀਤ ਸਿੰਘ

ਪੰਜਾਬੀ ਦੇ ਸਾਹਿਤਕ-ਅਦਾਰਿਆਂ ਵਿਚ ਸਵਰਨ ਚੰਦਨ, ਇਕ ਪ੍ਰਵਾਸੀ ਪੰਜਾਬੀ-ਲੇਖਕ ਵਜੋਂ ਜਾਣਿਆ ਜਾਂਦਾ ਹੈ। ਵਿਸੇਸ਼ ਕਰਕੇ, ਪ੍ਰਵਾਸੀ ਪੰਜਾਬੀ ਸਾਹਿਤ ਦੇ ਅੰਤਰਗਤ ਉਸਨੇ ਇਕ 'ਪ੍ਰਵਾਸੀ ਗਲਪਕਾਰ' ਵਜੋਂ ਆਪਣੀ ਵੱਖਰੀ 'ਪਛਾਣ' ਸਥਾਪਤ ਕੀਤੀ ਹੈ। ਭਾਵੇਂ ਸਵਰਨ ਚੰਦਨ ਨੇ, ਨਾਵਲਾਂ ਤੇ ਕਹਾਣੀਆਂ ਤੋਂ ਛੁੱਟ ਕਵਿਤਾ, ਵਾਰਤਕ ਤੇ ਸਾਹਿਤ-ਸਮੀਖਿਆ ਵਿਚ ਵੀ ਕੁਝ ਦਿਲਚਸਪੀ ਦਿਖਾਈ। ਪਰ, ਬਹੁਤਾ ਕਰਕੇ ਉਹ ਇਕ ਪ੍ਰਵਾਸੀ ਗਲਪਕਾਰ ਵਜੋਂ ਹੀ ਉੱਭਰਿਆ। ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਗੁਰਚਰਨ ਰਾਮਪੁਰੀ, ਰਵਿੰਦਰ ਰਵੀ, ਅਜਾਇਬ ਕਮਲ, ਇਕਬਾਲ ਰਾਮੂਵਾਲੀਆ, ਤਰਸੇਮ ਨੀਲਗਿਰੀ ਤੇ ਅਵਤਾਰ ਜੰਡਿਆਲਵੀ ਦੀ ਤਰ੍ਹਾਂ ਸਵਰਨ ਚੰਦਨ ਨੇ ਪ੍ਰਵਾਸੀ ਪੰਜਾਬੀ-ਸਾਹਿਤ ਦੇ ਅੰਤਰਗਤ ਆਪਣੇ ਨਵੇਕਲੇ ਹਸਤਾਖਰ ਅੰਕਿਤ ਕੀਤੇ ਹਨ। ਇਨ੍ਹਾਂ ਨਵੇਕਲੇ ਹਸਤਾਖਰਾਂ ਕਰਕੇ ਹੀ ਸਵਰਨ ਚੰਦਨ ਨੂੰ, ਕੁਝ ਚਰਚਿਤ ਪ੍ਰਵਾਸੀ ਪੰਜਾਬੀ-ਲੇਖਕਾਂ ਦੀ ਢਾਣੀ ਵਿਚ ਸਨਮਾਨਯੋਗ ਥਾਂ ਪ੍ਰਾਪਤ ਹੈ। ਆਪਣੀ ਲੇਖਣੀ ਤੇ ਸਮੀਖਿਆ ਵਿਚ ਉਹ 'ਪ੍ਰਤੀਬੱਧ ਸਾਹਿਤ' ਦੇ ਹੱਕ ਵਿਚ ਪੁੱਗਦਾ ਨਜ਼ਰ ਆਉਂਦਾ ਹੈ। ਆਪਣੀ ਇਸ ਪੁਜੀਸ਼ਨ ਪ੍ਰਤੀ ਉਹ ਸੁਚੇਤ ਪ੍ਰਤੀਤ ਹੁੰਦਾ ਹੈ। ਆਪਣੀਆਂ ਸਿਰਜਣਾਤਮਕ-ਕਿਰਤਾਂ ਵਿਚ ਉਸਨੇ 'ਮਾਰਕਸਵਾਦੀ ਯਥਾਰਥਵਾਦ' ਦੇ ਦ੍ਰਿਸ਼ਟੀਕੋਣ ਤੋਂ ਆਪਣੀ ਪ੍ਰਵਾਸੀ-ਚੇਤਨਾ ਨੂੰ ਕਲਾਤਮਕ ਬੋਲ ਪ੍ਰਦਾਨ ਕੀਤੇ ਹਨ। ਇਸੇ ਨਜ਼ਰੀਏ ਤੋਂ, ਆਪਣੇ ਸਮੀਖਿਆਤਮਕ-ਲੇਖਾਂ ਵਿਚ ਉਸਨੇ, ਬਰਤਾਨੀਆ ਵਿਚ ਵਸੇ ਆਪਣੇ ਕੁਝ ਸਮਕਾਲੀ ਪ੍ਰਵਾਸੀ ਪੰਜਾਬੀ-ਲੇਖਕਾਂ ਦੀਆਂ ਕਿਰਤਾਂ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ। ਇਨ੍ਹਾਂ ਕਿਰਤਾਂ ਵਿਚ ਕਾਰਜਸ਼ੀਲ ਪ੍ਰਵਾਸੀ-ਚੇਤਨਾ ਦੇ ਮੂਲ ਤੱਤਾਂ ਦੀ ਨਿਸ਼ਾਨੇਦੇਹੀ ਕਰਕੇ ਉਸਨੇ, ਉਨ੍ਹਾਂ ਨੂੰ ਅਗਰਭੂਮੀ ਵਿਚ ਲਿਆਉਣ ਦਾ ਯਤਨ ਕੀਤਾ ਹੈ। ਕਿਹਾ ਜਾ ਸਕਦਾ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵਰਨ ਚੰਦਨ ਦੀ ਸਾਹਿਤਕਾਰੀ ਤੇ ਸਾਹਿਤ-ਆਲੋਚਨਾ, ਦੋਵੇਂ ਇਕ ਦੂਸਰੇ ਦੇ ਪੂਰਕ ਹਨ।

'ਪ੍ਰਵਾਸੀ-ਸਾਹਿਤ' ਆਪਣੇ ਆਪ ਵਿਚ ਇਕ ਜਟਿਲ ਸੰਕਲਪ ਹੈ। ਪਰ, ਅਸੀਂ ਇਸ ਨੂੰ ਸਰਲ ਅਰਥਾਂ ਵਿਚ ਵਿਆਖਿਆਉਣ ਦੇ ਆਦੀ ਹਾਂ। 'ਭੂਹੇਰਵੇ (Nostalgia) ਨੂੰ ਪ੍ਰਵਾਸੀ-ਚੇਤਨਾ ਦਾ ਬਦਲ ਮੰਨ ਲੈਣ ਦੀ ਰੁਚੀ, ਸਾਡੇ ਸਾਹਿਤ-ਚਿੰਤਨ ਵਿਚ ਖ਼ਾਸੀ ਪ੍ਰਬਲ ਰਹੀ ਹੈ। ਇਸ ਦਾ ਮੂਲ ਕਾਰਣ, ਸਮੁੱਚੇ ਪ੍ਰਵਾਸੀ ਪੰਜਾਬੀ-ਸਾਹਿਤ ਵਿਚ 'ਭੂਹੇਰਵੀ' ਸੰਵੇਦਨਾ ਦਾ ਭਾਰੂ ਹੋਣਾ ਹੋ ਸਕਦਾ ਹੈ। ਇਸ ਸੰਬੰਧ ਵਿਚ ਵੇਖਣ ਤੇ ਵਿਚਾਰਣ ਵਾਲੀ ਗੱਲ ਇਹ ਹੋਣੀ ਚਾਹੀਦੀ ਹੈ ਕਿ ਪ੍ਰਵਾਸੀ-ਸਾਹਿਤ ਜਿਸ ਧਰਤੀ 'ਤੇ ਲਿਖਿਆ ਜਾ ਰਿਹਾ ਹੈ ਉਥੋਂ ਦੇ ਸਮਾਜਕ-ਸਭਿਆਚਾਰਕ ਯਥਾਰਥ ਤੇ ਬੌਧਿਕਤਾ ਨਾਲ ਉਹ ਕਿਸ ਹੱਦ ਤਕ ਤੇ ਕਿਵੇਂ ਇੰਟਰੈੱਕਟ (interact) ਕਰਦਾ ਹੈ? ਨਾਲੇ ਇਹ ਵੀ ਵੇਖਣਾ ਹੁੰਦਾ ਹੈ ਕਿ ਕਿਧਰੇ ਉਹ ਆਪਣੇ ਮੁਲਕ ਵਿਚ ਰਚੇ ਜਾ ਰਹੇ ਸਾਹਿਤ ਦੀ ਹੀ ਨਿਰੰਤਰਤਾ (continuity) ਤਾਂ ਨਹੀਂ? ਇਸ ਸੰਦਰਭ ਵਿਚ, ਇਹ ਕੁਝ ਕੁ ਵਿਚਾਰਣ-ਯੋਗ ਅਹਿਮ ਮਸਲੇ ਹਨ। ਮਿਸਾਲ ਦੇ ਤੌਰ 'ਤੇ ਅਸੀਂ ਰਵਿੰਦਰ ਰਵੀ ਤੇ ਅਜਾਇਬ ਕਮਲ ਦੀਆਂ ਸਾਹਿਤਕ-ਲਿਖਤਾਂ ਨੂੰ ਲੈਂਦੇ ਹਾਂ। ਇਨ੍ਹਾਂ ਦੋਹਾਂ ਪ੍ਰਵਾਸੀ ਲੇਖਕਾਂ ਦੀਆਂ ਲਿਖਤਾਂ, ਸੰਬੰਧਤ ਦੇਸ਼ਾਂ ਦੇ ਯਥਾਰਥ-ਬੋਧ ਨਾਲ ਪੂਰੀ ਤਰ੍ਹਾਂ ਇੰਟਰੈੱਕਟ ਕਰਦੀਆਂ ਹਨ। ਇਹ ਲਿਖਤਾਂ, ਪੰਜਾਬ ਤੇ ਭਾਰਤ ਦੇ ਦੂਸਰੇ ਰਾਜਾਂ ਵਿਚ ਰਚੇ ਜਾ ਰਹੇ ਪੰਜਾਬੀ-ਸਾਹਿਤ ਦੀ 'ਨਿਰੰਤਰਤਾ' (continuity) ਨਹੀਂ ਹਨ। ਇਨ੍ਹਾਂ ਲਿਖਤਾਂ ਵਿਚ, ਸੰਬੰਧਤ ਦੇਸ਼ਾਂ ਦੇ 'ਯਥਾਰਥ ਬੋਧ' ਨਾਲ ਇੰਟਰੈੱਕਟ ਕਰਨ ਦੀ ਰੁਚੀ ਕਾਫ਼ੀ ਪ੍ਰਬਲ ਹੈ। ਅਜਿਹੀ ਰੁਚੀ ਸਵਰਨ ਚੰਦਨ ਦੀਆਂ ਕੁਝ ਲਿਖਤਾਂ ਵਿਚ ਵੀ ਵੇਖਣ ਨੂੰ ਮਿਲਦੀ ਹੈ। ਅਜਿਹੀਆਂ ਰਚਨਾਵਾਂ, ਭਾਰਤ ਵਿਚ ਰਚੇ ਜਾ ਰਹੇ ਪੰਜਾਬੀ-ਸਾਹਿਤ ਦੀ ਨਿਰੰਤਰਤਾ ਨੂੰ ਕਬੂਲ ਨਹੀਂ ਕਰਦੀਆਂ। ਇਹੀ ਵਜ੍ਹਾ ਹੈ ਕਿ ਸਾਨੂੰ ਇਨ੍ਹਾਂ ਵਿਚੋਂ ਕਦੇ ਕਦੇ 'ਓਪਰੇਪਨ' ਦਾ ਅਹਿਸਾਸ ਹੁੰਦਾ ਹੈ। ਪਰ ਦੂਸਰੇ ਪਾਸੇ ਅਜਿਹੀਆਂ ਲਿਖਤਾਂ, ਸੰਬੰਧਿਤ ਭਾਸ਼ਾ ਦੇ ਸਾਹਿਤ ਵਿਚ ਨਵੇਂ ਪਾਸਾਰਾਂ ਨੂੰ ਜਨਮ ਦੇਣ ਦੀ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹੁੰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਪ੍ਰਵਾਸੀ-ਲੇਖਕ ਦੀ ਸਮੁੱਚੀ ਸਾਹਿਤਕ-ਕਾਰਗੁਜ਼ਾਰੀ ਦਾ ਸਹੀ ਲੇਖਾ ਜੋਖਾ ਤਾਂ ਹੀ ਸੰਭਵ ਹੈ ਜੇਕਰ ਅਸੀਂ ਉਸ ਨੂੰ ਪ੍ਰਵਾਸੀ-ਸਾਹਿਤ ਦੀ ਕੋਟੀ ਦੇ ਅੰਤਰਗਤ ਰੱਖ ਕੇ ਵਿਚਾਰਣ ਦੇ ਨਾਲ ਨਾਲ, ਸੰਬੰਧਤ ਭਾਸ਼ਾ ਦੇ ਸਾਹਿਤ ਦੀ ਮੁੱਖ ਧਾਰਾ ਨਾਲ ਜੋੜ ਕੇ ਵਿਚਾਰੀਏ। ਇਹ ਗੱਲ ਪ੍ਰਵਾਸੀ ਸਾਹਿਤ-ਚਿੰਤਨ ਉਪਰ ਵੀ ਲਾਗੂ ਹੁੰਦੀ ਹੈ।

ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ ਸਵਰਨ ਚੰਦਨ ਦੇ ਸਾਹਿਤ-ਚਿੰਤਨ ਨੂੰ ਚਰਚਾ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਕਈ ਮਹੱਤਵਪੂਰਨ ਤੇ ਸਾਰਥਕ ਨੁਕਤੇ ਉਜਾਗਰ ਹੁੰਦੇ ਹਨ। ਇਸ ਸੰਬੰਧ ਵਿਚ ਇਥੇ ਇਹ ਤੱਥ ਸਪੱਸ਼ਟ ਕਰ ਦੇਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿ 'ਸੰਵੇਦਨਾ ਤੇ ਸਾਹਿਤ' (1987), ਹੁਣ ਤਕ ਸਵਰਨ ਚੰਦਨ ਦੀ ਇਕ ਇਕ ਸਮੀਖਿਆ-ਪੁਸਤਕ ਪ੍ਰਕਾਸ਼ਿਤ ਹੋਈ ਹੈ। ਪ੍ਰਵਾਸੀ ਸਾਹਿਤ-ਚਿੰਤਨ ਦੀ ਕੋਟੀ ਦੇ ਅੰਤਰਗਤ, ਇਹ ਸਵਰਨ ਚੰਦਨ ਦੀ ਇਕ ਮੁੱਲਵਾਨ ਪ੍ਰਾਪਤੀ ਕਹੀ ਜਾ ਸਕਦੀ ਹੈ। ਕਦੇ ਮੈਨੂੰ, ਇਸ ਪੁਸਤਕ ਨੂੰ ਰੀਵੀਊ ਕਰਨ ਦਾ ਮੌਕਾ ਹਾਸਲ ਹੋਇਆ ਸੀ। ਪਰ ਹਥਲਾ ਅਧਿਅਨ-ਕਾਰਜ, ਇਸ ਸੰਬੰਧੀ ਕੁਝ ਨਵੇਂ ਦਿਸਹੱਦਿਆਂ ਨੂੰ ਪ੍ਰਕਾਸ਼ਮਾਨ ਕਰਨ ਵੱਲ ਰੁਚਿਤ ਹੈ। ਸਵਰਨ ਚੰਦਨ ਦੇ ਸਾਹਿਤ-ਚਿੰਤਨ ਨਾਲ ਆਪਣੀ ਨੇੜੇ ਦੀ ਸਾਂਝ ਪਾਉਣ ਲਈ ਮੈਂ 'ਸੰਵੇਦਨਾ ਤੇ ਸਾਹਿਤ' ਸਮੀਖਿਆ-ਪੁਸਤਕ ਨੂੰ ਮੁੜ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ। ਅਜਿਹਾ ਕਰਦਿਆਂ 'ਰੀਵੀਊ' ਤੇ 'ਮੈਟਾ ਸਮੀਖਿਆ' ਵਿਚਲਾ ਬੁਨਿਆਦੀ ਅੰਤਰ ਮੇਰੇ ਸਾਹਵੇਂ ਹੈ। ਜ਼ਾਹਰ ਹੈ ਕਿ ਮੇਰਾ ਇਹ ਅਧਿਅਨ-ਕਾਰਜ 'ਮੈਟਾ ਸਮੀਖਿਆ' ਵੱਲ ਰੁਚਿਤ ਹੈ। 'ਮੈਟਾ ਸਮੀਖਿਆ ਨੂੰ' ਨੂੰ ਮੈਂ, 'ਸਮੀਖਿਆ ਦੀ ਸਮੀਖਿਆ' ਜਾਂ 'ਪ੍ਰਾਪਤ ਸਮੀਖਿਆ ਸੰਬੰਧੀ ਪ੍ਰਵਚਨ' ਦੇ ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਅਜਿਹਾ ਅਧਿਅਨ-ਕਾਰਜ ਪ੍ਰਾਪਤ ਰਚਨਾ ਨਾਲ ਸੰਬਾਦੀ-ਰਿਸ਼ਤੇ ਦੀ ਮੰਗ ਕਰਦਾ ਹੈ।

ਪੰਜਾਬੀ ਸਾਹਿਤ-ਸਮੀਖਿਆ ਦੇ ਦ੍ਰਿਸ਼ 'ਤੇ ਸਵਰਨ ਚੰਦਨ ਇਕ ਸਮੀਖਿਆਕਾਰ ਦੇ ਤੌਰ 'ਤੇ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਪੰਜਾਬੀ ਸਾਹਿਤ-ਸਮੀਖਿਆ, ਵਿਕਾਸ ਦੇ ਮੁੱਢਲੇ ਪੜਾਅ ਤੈਅ ਕਰਕੇ, ਅੰਤਰ ਰਾਸ਼ਟਰੀ ਪੱਧਰ ਤੇ ਸਿਰਜੇ ਜਾ ਰਹੇ ਗਿਆਨ-ਵਿਗਿਆਨ ਨਾਲ ਆਪਣਾ ਬਰ ਮੇਚਣ ਦੇ ਆਹਰ ਵਿਚ ਸੀ। ਇਹ ਗੱਲ ਚਲ ਰਹੀ ਵੀਹਵੀਂ ਸਦੀ ਦੇ ਅੱਠਵੇਂ ਕੁ ਦਹਾਕੇ ਦੀ ਹੈ। ਇਸ ਕਾਲ-ਬਿੰਦੂ 'ਤੇ ਵਿਦਵਾਨਾਂ ਵਲੋਂ, ਆਪਣੀਆਂ ਦੇਸੀ ਸਾਹਿਤ-ਸਭਿਆਚਾਰਕ ਪਰੰਪਰਾਵਾਂ ਨੂੰ, ਅਤਿ ਵਿਕਸਤ ਗਿਆਨ-ਵਿਗਿਆਨ ਦੀਆਂ ਤਕਨੀਕਾਂ ਰਾਹੀਂ ਪਰਖਣ, ਸਮਝਣ ਤੇ ਸਮਝਾਉਣ ਦਾ ਕੰਮ ਆਪਣੇ ਸਿਖਰ 'ਤੇ ਸੀ। ਇਨ੍ਹਾਂ ਵਿਗਿਆਨਕ ਲੀਹਾਂ ਉਪਰ 'ਸਾਹਿਤ ਸ਼ਾਸਤਰ' ਤੇ 'ਸਾਹਿਤ ਦੇ ਵਿਗਿਆਨ' ਨੂੰ ਉਸਾਰਣ ਦੇ ਸੰਜੀਦਾ ਯਤਨ ਹੋ ਰਹੇ ਹਨ। ਦਰਪੇਸ਼ ਮੂਲ ਮਸਲਾ, ਸਾਹਿਤ ਦੀ ਸਾਹਿਤਕਤਾ ਨੂੰ 'ਪਛਾਨਣ' ਤੇ 'ਉਭਾਰਣ' ਦਾ ਸੀ। ਇਸੇ ਸੰਦਰਭ ਵਿਚ ਗਰੀਕੋ-ਰੋਮਨ ਕਾਵਿ ਸ਼ਾਸਤਰ; ਰੂਪਵਾਦ (ਅਮਰੀਕੀ ਤੇ ਰੂਸੀ); ਕਾਂਤ ਤੇ ਸਾਰਤਰ ਦਾ ਸਾਹਿਤ-ਚਿੰਤਨ; ਸੰਰਚਨਾਵਾਦ; ਚਿਹਨ-ਵਿਗਿਆਨ ਤੇ ਉਤਰ-ਸੰਰਚਨਾਵਾਦ (Post structuralism) ਆਦਿ ਭਿੰਨ ਭਿੰਨ ਚਿੰਤਨ-ਪ੍ਰਣਾਲੀਆਂ ਸੰਬੰਧੀ ਚਰਚਾ ਸਾਹਮਣੇ ਆਇਆ। 'ਦਿੱਲੀ ਦੇ ਸਮੀਖਿਆ-ਸਕੂਲ' ਨੇ ਇਨ੍ਹਾਂ ਚਿੰਤਨ-ਪ੍ਰਣਾਲੀਆਂ ਨੂੰ ਪੰਜਾਬੀ ਵਿਚ ਪ੍ਰਚਲਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸੇ ਪ੍ਰਸੰਗ ਵਿਚ ਯਕ ਲਾਕਾਂ ਤੇ ਯਕ ਦੈਰੀਦਾ ਦਾ ਚਿੰਤਨ ਅਤੇ 'ਪ੍ਰਵਚਨ ਸਿੱਧਾਂਤ' (theory of discourse) ਉਪਰ ਵਾਦ-ਵਿਵਾਦ ਵੀ ਸਾਹਮਣੇ ਆਇਆ। ਇਸ ਸਾਰੇ ਦ੍ਰਿਸ਼ ਦੇ ਅੰਤਰਗਤ ਸਨਾਤਨੀ-ਮਾਰਕਸਵਾਦੀ ਤੇ ਨਵ-ਮਾਰਕਸਵਾਦੀ ਚਿੰਤਨ ਦੀ ਵਿਸ਼ੇਸ਼ ਮਹੱਤਾ ਰਖਦਾ ਹੈ। ਸੰਤ ਸਿੰਘ ਸੇਖੋਂ ਤੇ ਪ੍ਰੋ. ਕਿਸ਼ਨ ਸਿੰਘ, ਸਾਹਿਤ ਦੀ ਮਾਰਕਸਵਾਦੀ-ਵਿਆਖਿਆ ਕਰਕੇ ਲਗਭਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੰਭ ਚੁੱਕੇ ਸਨ ਇਸਦੇ ਪ੍ਰਤੀਕਰਮ ਵਿਚ ਨਵ-ਮਾਰਕਸਵਾਦ ਦਾ ਉਦੈ ਹੋ ਰਿਹਾ ਸੀ। ਇਨ੍ਹਾਂ ਸੰਰਚਨਾਵਾਦੀ ਤੇ ਮਾਰਕਸਵਾਦੀ ਚਿੰਤਕਾਂ ਨੇ ਇਕ ਦੂਸਰੇ ਦੇ ਵਿਰੋਧ ਵਿਚ ਪੁਜੀਸ਼ਨਾਂ ਅਖ਼ਤਿਆਰ ਕਰ ਰਖੀਆਂ ਸਨ ਅਤੇ ਦੂਸਰੀ ਤਰਫ਼ ਅਲਥੂਸਰ ਤੇ ਟੈਰੀ ਈਗਲਟਨ ਜਹੇ ਪੱਛਮੀ ਵਿਦਵਾਨਾਂ ਦੇ ਵਿਚਾਰਾਂ ਨੂੰ ਅਧਾਰ ਬਣਾ ਕੇ ਸੰਰਚਨਾਵਾਦ ਤੇ ਮਾਰਕਸਵਾਦ ਵਿਚਲੇ ਪੈਦਾ ਹੋਏ ਅੰਤਰ-ਵਿਰੋਧਾਂ ਨੂੰ ਮੇਟਣ ਦੇ ਯਤਨ ਵੀ ਹੋ ਰਹੇ ਸਨ। ਇਉਂ, ਸਵਰਨ ਚੰਦਨ ਨੇ ਜਦੋਂ ਪੰਜਾਬੀ ਸਾਹਿਤ-ਸਮੀਖਿਆ ਵਿਚ ਪ੍ਰਵੇਸ਼ ਕੀਤਾ, ਉਦੋਂ ਪੰਜਾਬੀ ਸਾਹਿਤ-ਸਮੀਖਿਆ ਦਾ ਦ੍ਰਿਸ਼ ਕਾਫੀ ਭਰਵਾਂ ਤੇ ਵੈਨਸਵੰਨਾ ਸੀ। 'ਸਿੱਧਾਂਤਕ-ਚਿੰਤਨ' ਦੇ ਨਾਲ ਨਾਲ, ਇਨ੍ਹਾਂ ਅਧਿਅਨ-ਵਿਧੀਆਂ ਨੂੰ ਅਮਲ ਵਿਚ ਲਿਆਉਣ ਦੇ ਯਤਨ ਵੀ ਹੋ ਰਹੇ ਸਨ। ਪਰ, ਸਵਰਨ ਚੰਦਨ ਦੇ ਅਧਿਅਨ ਦਾ ਮੂਲ ਦ੍ਰਿਸ਼ਟੀ-ਬਿੰਦੂ ਮਾਰਕਸਵਾਦੀ-ਯਥਾਰਥਵਾਦ ਰਿਹਾ ਹੈ ਅਤੇ ਅਧਿਅਨ-ਵਸਤੂ ਬਰਤਾਨੀਆ ਵਿਚ ਰਚਿਆ ਗਿਆ ਪ੍ਰਵਾਸੀ ਪੰਜਾਬੀ-ਸਾਹਿਤ। ਹਥਲੀ ਪੁਸਤਕ ਨਾਲ ਸੰਬੰਧਤ ਕੇਵਲ ਇਕ ਲੇਖ "ਪੰਜਾਬੀ ਸਾਹਿੱਤ ਵਿਚ ਨਾਟਕ ਦੀ ਸਥਿਤੀ" ਵਿਚ ਪ੍ਰਵਾਸੀ ਪੰਜਾਬੀ-ਨਾਟਕ ਦੇ ਨਾਲ ਨਾਲ, ਇਧਰ ਰਚੇ ਗਏ ਨਾਟਕਾਂ ਤੇ ਪੰਜਾਬੀ ਰੰਗ-ਮੰਚ ਦੀ ਸਥਿਤੀ ਉਪਰ ਵੀ ਟਿੱਪਣੀ ਕੀਤੀ ਗਈ ਹੈ। ਬਾਕੀ ਦੇ ਸਾਰੇ ਲੇਖ ਬਰਤਾਨੀਆਂ ਵਿਚ ਰਚੇ ਗਏ ਪ੍ਰਵਾਸੀ ਪੰਜਾਬੀ ਸਾਹਿਤ ਦੇ ਅਧਿਐਨ-ਵਿਸ਼ਲੇਸ਼ਣ ਨਾਲ ਸੰਬੰਧ ਰਖਦੇ ਹਨ।

ਜਦੋਂ ਅਸੀਂ ਹਥਲੀ ਸਮੀਖਿਆ-ਪੁਸਤਕ (ਸੰਵੇਦਨਾ ਤੇ ਸਾਹਿਤ) ਨਾਲ ਮੈਟਾ-ਸਮੀਖਿਆ ਦੀ ਦ੍ਰਿਸ਼ਟੀ ਤੋਂ ਆਪਣਾ ਸੰਬਾਦੀ-ਰਿਸ਼ਤਾ ਬਣਾਉਂਦੇ ਹਾਂ ਤਾਂ ਕਈ ਮਹੱਤਵ-ਪੂਰਣ ਨੁਕਤੇ ਉਜਾਗਰ ਹੁੰਦੇ ਹਨ। ਹਥਲੀ ਪੁਸਤਕ ਦੀ ਮੂਲ ਸਮੱਸਿਆ ਉਨ੍ਹਾਂ ਸੰਕਲਪਾਂ ਤੇ ਪਰਿਭਾਸ਼ਕ ਸ਼ਬਦਾਂ ਦੀ ਪੁਨਰ ਵਿਆਖਿਆ ਰਾਹੀਂ, ਉਨ੍ਹਾਂ ਨੂੰ ਪੁਨਰ-ਪਰਿਭਾਸ਼ਤ ਕਰਨਾ ਹੈ, ਜਿਨ੍ਹਾਂ ਦਾ ਸਿੱਧਾ ਸਰੋਕਾਰ ਪ੍ਰਵਾਸੀ-ਚੇਤਨਾ ਨਾਲ ਹੈ। ਅਜਿਹਾ ਕਰਦਿਆਂ ਸਵਰਨ ਚੰਦਨ ਇਥੇ, ਮਾਰਕਸਵਾਦੀ-ਯਥਾਰਥਵਾਦ ਦੇ ਨੁਕਤਾ-ਏ-ਨਿਗਾਹ ਤੋਂ, ਬਰਤਾਨੀਆ ਵਿਚ ਰਚੇ ਗਏ ਤੇ ਰਚੇ ਜਾ ਰਹੇ ਪੰਜਾਬੀ-ਸਾਹਿਤ ਦੇ ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਸੰਦਰਭਾਂ ਨੂੰ ਵੀ ਸਪੱਸ਼ਟ ਕਰਦਾ ਚਲਿਆ ਜਾਂਦਾ ਹੈ। ਇਉਂ ਉਹ ਸਾਹਿਤਕ-ਕਿਰਤਾਂ ਦੇ ਅਧਿਅਨ-ਵਿਸ਼ਲੇਸ਼ਣ ਵਕਤ ਉਥੋਂ ਦੇ ਸਮਾਜਕ ਤੇ ਸਭਿਆਚਾਰਕ-ਇਤਿਹਾਸ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕਰਦਾ। ਜਿਥੋਂ ਤਕ ਸਵਰਨ ਚੰਦਨ ਦੇ ਮਾਰਕਸਵਾਦੀ ਨਜ਼ਰੀਏ ਦਾ ਸੰਬੰਧ ਹੈ, ਉਸ ਸੰਬੰਧੀ ਚਰਚਾ ਰਤਾ ਅੱਗੇ ਚੱਲ ਕੇ ਕੀਤੀ ਜਾਵੇਗੀ। ਹਾਲ ਦੀ ਘੜੀ ਅਸੀਂ ਆਪਣਾ ਧਿਆਨ ਉਨ੍ਹਾਂ ਸੰਕਲਪਾਂ ਤੇ ਪਰਿਭਾਸ਼ਕ ਸ਼ਬਦਾਂ ਉਪਰ ਕੇਂਦਰਿਤ ਕਰਦੇ ਹਾਂ ਜੋ ਪ੍ਰਵਾਸੀ-ਚੇਤਨਾ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਹਨ। ਬਰਤਾਨਵੀ ਪੰਜਾਬੀ-ਸਾਹਿਤ ਦੇ ਪ੍ਰਸੰਗ ਵਿਚ ਪੰਜਾਬੀ-ਸੰਵੇਦਨਾ ਨੂੰ ਚਰਚਾ ਦਾ ਵਿਸ਼ਾ ਬਣਾਉਣ ਲਈ ਸਾਡਾ ਸਮੀਖਿਆਕਾਰ ਸਭ ਤੋਂ ਪਹਿਲਾ 'ਸੰਵੇਦਨਾ' ਨੂੰ ਮਾਨਸਿਕਤਾ ਤੇ ਚੇਤਨਾ ਤੋਂ ਨਿਖੇੜਦਾ ਹੈ। ਭਿੰਨ ਭਿੰਨ ਸਰੋਤਾਂ ਦੇ ਆਧਾਰ 'ਤੇ ਉਹ ਇਹ ਧਾਰਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਣਾਉਂਦਾ ਹੈ ਕਿ 'ਸੰਵੇਦਨਾ' ਇਕ ਸਾਹਿਤਕ ਪਰਿਭਾਸ਼ਕ ਸ਼ਬਦ ਵਜੋਂ, ਅਠਾਰਵੀਂ ਸਦੀ ਦੇ ਅੱਧ ਵਿਚ ਯੂਰਪ ਦੇ ਸਾਹਿਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਿਆ। ਸ਼ੁਰੂ ਸ਼ੁਰੂ ਵਿਚ 'ਸੰਵੇਦਨਾ' ਨੂੰ ਕੋਮਲ ਭਾਵਨਾਵਾਂ ਦਾ ਅਸਰ ਗ੍ਰਹਿਣ ਕਰਨ ਦੀ ਸ਼ਕਤੀ ਦੇ ਅਰਥਾਂ ਵਿਚ ਪਰਿਭਾਸ਼ਤ ਕੀਤਾ ਗਿਆ। ਮਗਰੋਂ ਇਸ ਪਰਿਭਾਸ਼ਕ ਸ਼ਬਦ ਦੀਆਂ ਕਈ ਵਿਸ਼ਵ-ਵਿਆਪੀ ਪਰਿਭਾਸ਼ਾਵਾਂ ਹੋਂਦ ਵਿਚ ਆਈਆਂ। ਭਿੰਨ ਭਿੰਨ ਸਰੋਤਾਂ ਤੋਂ ਪ੍ਰਾਪਤ ਸਾਮਗ੍ਰੀ ਦਾ ਜਾਇਜ਼ਾ ਲੈਂਦੇ ਹੋਏ ਸਵਰਨ ਚੰਦਨ ਇਸ ਨਤੀਜੇ 'ਤੇ ਪੁੱਜਦਾ ਹੈ ਕਿ :

> ਚੇਤਨਾ ਦਾ ਉੱਦਾਤੀਕ੍ਰਿਤ ਰੂਪ ਹੀ ਦਰਅਸਲ ਸੰਵੇਦਨਾ ਹੈ। ਮਨੁੱਖੀ ਮਾਨਸਿਕਤਾ ਦਾ ਸਮਾਜੀਕ੍ਰਿਤ ਰੂਪ ਚੇਤਨਾ ਅਤੇ ਚੇਤਨਾ ਦਾ ਉੱਦਾਤੀਕ੍ਰਿਤ ਰੂਪ ਸੰਵੇਦਨਾ ਵਜੋਂ ਪ੍ਰਮਾਣਿਤ ਹੁੰਦਾ ਹੈ। (ਪੰਨਾ 20)

ਸੋ ਸਪੱਸ਼ਟ ਹੈ ਕਿ ਇਥੇ ਸਵਰਨ ਚੰਦਨ ਮਨੁੱਖੀ-ਚੇਤਨਾ ਦੇ ਉੱਦਾਤੀਕ੍ਰਿਤ ਰੂਪ ਨੂੰ ਹੀ 'ਸੰਵੇਦਨਾ' ਦੇ ਅਰਥਾਂ ਵਿਚ ਗ੍ਰਹਿਣ ਕਰ ਰਿਹਾ ਹੈ। ਮੇਰੀ ਜਾਚੇ ਇਹ 'ਸੰਵੇਦਨਾ' ਦੀ ਇਕ ਸੰਤੁਲਿਤ ਪਰਿਭਾਸ਼ਾ ਹੈ। ਇਸ ਪਰਿਭਾਸ਼ਾ ਉਪਰ ਸਹਿਜੇ ਕੀਤਿਆਂ ਕੋਈ ਕਿੰਤੂ ਨਹੀਂ ਹੋ ਸਕਦਾ। ਉਸ ਅਨੁਸਾਰ, ਪੰਜਾਬੀਅਤ ਦੀ ਪਛਾਣ ਦਾ ਦੂਸਰਾ ਨਾਂ 'ਪੰਜਾਬੀ ਸੰਵੇਦਨਾ' ਹੈ। ਜ਼ਾਹਰ ਹੈ ਕਿ ਉਹ ਪੰਜਾਬੀ ਸਾਂਸਕ੍ਰਿਤਕ ਵਿਰਸੇ ਨੂੰ ਹੀ 'ਪੰਜਾਬੀ-ਸੰਵੇਦਨਾ' ਦੇ ਅਰਥਾਂ ਵਿਚ ਗ੍ਰਹਿਣ ਕਰ ਰਿਹਾ ਹੈ। ਉਹ 'ਸੰਵੇਦਨਾ' ਨੂੰ ਕੋਈ ਸਤਹੀ ਵਸਤੂ ਨਹੀਂ ਮੰਨਦਾ, ਸਗੋਂ ਉਸ ਨੂੰ ਅਤਿ ਡੂੰਘੀ ਤੇ ਘੋਖ ਪੜਤਾਲ ਵਾਲੀ ਸ਼ੈ ਸਵੀਕਾਰ ਕਰਦਾ ਹੈ। ਇਸ ਦੀ ਪਿੱਠ-ਭੂਮੀ ਵਿਚ ਉਹ ਸਮੁੱਚੇ ਇਤਿਹਾਸ, ਭੂਗੋਲਕ ਹੱਦਾਂ, ਸਭਿਆਚਾਰਕ ਸੰਦਰਭ, ਸਾਂਸਕ੍ਰਿਤਕ ਅਡੰਬਰ, ਸਮਾਜ ਦੀ ਨੀਂਹ ਅਤੇ ਸਮੱਗਰ ਪਰਉਸਾਰਾਂ ਨੂੰ ਕਾਰਜਸ਼ੀਲ ਹੋਇਆ ਪ੍ਰਤੀਤ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਸੰਵੇਦਨਾ ਦਾ ਪਾਸਾਰ, ਸੰਬੰਧਤ ਲੋਕਾਂ ਦਾ ਸਮੁੱਚਾ ਜੀਵਨ-ਪਾਸਾਰ ਹੁੰਦਾ ਹੈ। ਉਸ ਮੁਤਾਬਕ, ਕਿਉਂਕਿ ਜੀਵਨ-ਪਾਸਾਰ ਪਰਿਵਰਤਨਸ਼ੀਲ ਹੈ। ਇਸ ਲਈ ਆਧੁਨਿਕ ਸੰਵੇਦਨਾ ਵੀ ਇਕ-ਦੋ ਹਜ਼ਾਰ ਸਾਲ ਪਹਿਲਾਂ ਦੀ ਸੰਵੇਦਨਾ ਨਾਲੋਂ ਭਿੰਨ ਹੈ। ਇਸ ਸੰਬੰਧ ਵਿਚ ਸਵਰਨ ਚੰਦਨ ਦਾ ਮੁੱਖ ਪ੍ਰਸਤਾਵ ਇਹ ਹੈ ਕਿ ਕਿਸੇ ਕੌਮ ਦੀ ਮੂਲ ਸੰਵੇਦਨਾ ਦਾ ਚਰਿੱਤਰ ਉਸ ਦੀ ਸਮਾਜਕਤਾ ਤੋਂ ਵੱਖ ਨਹੀਂ ਹੁੰਦਾ। ਮੂਲ ਸੰਵੇਦਨਾ ਦੇ ਪਰਿਵਰਤਨ ਲਈ ਮੂਲ ਸਮਾਜਕਤਾ ਨੂੰ ਬਦਲਣ ਦੀ ਲੋੜ ਹੁੰਦੀ ਹੈ। ਮੂਲ ਸਮਾਜਕਤਾ ਨੂੰ ਬਦਲਣ ਤੋਂ ਉਸ ਦਾ ਭਾਵ ਇਸ ਵਿਚ ਕਰਾਂਤੀ ਲਿਆਉਣਾ ਹੈ। ਪਹਿਲਾਂ ਇਸ ਦੇ ਪਰਉਸਾਰ (super-structure) ਨੂੰ ਬਦਲਣ ਤੇ ਮਗਰੋਂ ਇਸ ਦੀਆਂ ਨੀਹਾਂ (base-structure) ਨੂੰ ਬਦਲਣ ਨਾਲ ਹੀ ਇਹ ਕਰਾਂਤੀ ਸਾਕਾਰ ਹੋ ਸਕਦੀ ਹੈ। ਇਸ ਸੰਬੰਧ ਵਿਚ ਉਸ ਦਾ ਮੱਤ ਹੈ ਕਿ ਕਰਾਂਤੀ ਪਰਉਸਾਰ ਤੋਂ ਸ਼ੁਰੂ ਹੋ ਕੇ ਨੀਹਾਂ ਵੱਲ ਜਾਂਦੀ ਹੈ। ਇਹ ਨੀਹਾਂ ਹੀ ਦਰਅਸਲ ਮੂਲ ਸੰਵੇਦਨਾ ਦੀ ਧਰਾਤਲ ਹਨ। ਜੇਕਰ ਸਵਰਨ ਚੰਦਨ ਦੀ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਾਰਣਾ ਨੂੰ ਇਸੇ ਰੂਪ ਵਿਚ ਸ੍ਵੀਕਾਰ ਕਰ ਲਿਆ ਜਾਵੇ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਪਰਉਸਾਰ ਦੇ ਬਦਲ ਜਾਣ ਦੇ ਬਾਵਜੂਦ, ਮੂਲ ਸੰਵੇਦਨਾ ਨੂੰ ਬਦਲਦਿਆਂ ਚਿਰ ਲੱਗਦਾ ਹੈ। ਸੋ ਸਪੱਸ਼ਟ ਹੈ ਕਿ ਸੰਵੇਦਨਾ ਦੇ ਉਪਰੂਪ ਤਾਂ ਬਦਲਦੇ ਰਹਿੰਦੇ ਹਨ। ਪਰ, ਮੂਲ ਸੰਵੇਦਨਾ ਜਲਦੀ ਕੀਤਿਆਂ ਨਹੀਂ ਬਦਲਦੀ। ਉਹ ਤਾਂ ਇਥੋਂ ਤਕ ਮੰਨਦਾ ਹੈ ਕਿ ਸਮੁੱਚੀ ਮੂਲ ਸੰਵੇਦਨਾ ਤਾਂ ਬਦਲ ਹੀ ਨਹੀਂ ਸਕਦੀ, ਇਸ ਦਾ ਕੇਵਲ ਨਵੀਨੀਕਰਣ ਹੋ ਸਕਦਾ ਹੈ। ਇਸ ਨੂੰ ਸਮੁੱਚੀ ਬਦਲ ਦੇਣ ਦਾ ਅਰਥ ਹੈ ਕੌਮੀਅਤ ਹੀ ਬਦਲ ਦੇਣਾ। ਇਥੇ ਸਵਰਨ ਚੰਦਨ ਅਚੇਤ-ਸੁਚੇਤ, ਸੰਤ ਸਿੰਘ ਸੇਖੋਂ ਦੀ ਮਾਰਕਸਵਾਦੀ-ਵਿਚਾਰਧਾਰਾ ਤੋਂ ਪ੍ਰਭਾਵਿਤ ਹੋਇਆ ਨਜ਼ਰ ਆਉਂਦਾ ਹੈ। ਅਜੋਕੇ ਮਾਰਕਸਵਾਦੀ-ਚਿੰਤਕਾਂ ਦੇ ਦਰਪੇਸ਼ ਅਹਿਮ ਮਸਲਾ ਵੇਦਨਾ-ਸੰਵੇਦਨਾ ਦੀ ਪਛਾਣ ਦਾ ਨਹੀਂ ਸਗੋਂ 'ਅਰਥਾਂ ਦੇ ਉਤਪਾਦਨ' (production of meaning) ਦਾ ਹੈ। ਅਸੀਂ ਵੇਖਣਾ ਇਹ ਹੁੰਦਾ ਹੈ ਕਿ ਸੰਬੰਧਤ ਰਚਨਾ, ਆਪਣੇ ਸਾਂਸਕ੍ਰਿਤਕ ਵਿਰਸੇ ਵਿਚੋਂ, ਨਵੇਂ ਅਰਥਾਂ ਦਾ ਉਤਪਾਦਨ ਕਰ ਸਕੀ ਹੈ ਜਾਂ ਨਹੀਂ ?

ਡਾ. ਮੁਲਕ ਰਾਜ ਅਨੰਦ ਦੇ ਵਿਚਾਰਾਂ ਤੋਂ ਪ੍ਰੇਰਿਤ ਹੁੰਦੇ ਹੋਏ ਇਥੇ ਸਵਰਨ ਚੰਦਨ, ਇਕ ਹੋਰ ਮਸਲਾ ਖੜ੍ਹਾ ਕਰਦਾ ਹੈ। ਪੰਜਾਬੀ ਸੰਸਕ੍ਰਿਤੀ ਦੀ ਵਿਰਾਸਤ ਨੂੰ 'ਮੂਲ ਪੰਜਾਬੀ ਸੰਵੇਦਨਾ ਦੇ ਅਰਥਾਂ ਵਿਚ ਗ੍ਰਹਿਣ ਕਰਦੇ ਹੋਏ ਉਹ ਇਹ ਪ੍ਰਸ਼ਨ ਕਰਦਾ ਹੈ ਕਿ ਕੀ ਪੰਜਾਬੀ ਭਾਸ਼ਾ ਤੋਂ ਬਿਨਾਂ ਇਹ ਸੰਵੇਦਨਾ ਪ੍ਰਗਟਾਈ ਜਾ ਸਕਦੀ ਹੈ ? ਉਸ ਮੁਤਾਬਕ, ਇਸਦਾ ਉੱਤਰ 'ਨਹੀਂ' ਵਿਚ ਹੋਵੇਗਾ। ਆਪਣੇ ਵਿਚਾਰ ਦੀ ਪੁਸ਼ਟੀ ਲਈ ਉਹ, ਵਾਰਸ ਸ਼ਾਹ ਦੀ ਇਕ ਕਾਵਿ-ਪੰਗਤੀ 'ਕਿੱਲੇ ਠੋਕਵਾਂ ਇਸ਼ਕ ਤਰਖਾਣੀਆਂ ਦਾ' ਨੂੰ ਮਿਸਾਲ ਦੇ ਤੌਰ ਤੇ ਪੇਸ਼ ਕਰਦਾ ਹੈ। ਉਸਦਾ ਕਹਿਣਾ ਹੈ ਕਿ ਇਹ ਕਾਵਿ-ਬੋਲ ਪੰਜਾਬੀ ਸੰਵੇਦਨਾ ਲਈ ਹੀ ਰਾਖਵਾਂ ਹੈ, ਅੰਗਰੇਜ਼ੀ ਲਈ ਨਹੀਂ। ਜਦੋਂ ਇਸਦਾ ਰੂਪਾਂਤਰਣ ਅੰਗਰੇਜ਼ੀ ਭਾਸ਼ਾ ਵਿਚ ਕੀਤਾ ਜਾਏਗਾ ਤਾਂ ਇਹ ਆਪਣੀ ਮੂਲ ਸੰਵੇਦਨਾ ਗੁਆ ਲਏਗਾ। ਮੇਰੀ ਜਾਚੇ ਇਹ ਮਸਲਾ ਕਵਿਤਾ ਦੇ ਅਨੁਵਾਦ ਨਾਲ ਸੰਬੰਧਿਤ ਹੈ। ਜ਼ਾਹਰ ਹੈ ਕਿ ਇਕ ਭਾਸ਼ਾ ਦੀ ਕਵਿਤਾ ਦੇ ਦੂਸਰੀ ਭਾਸ਼ਾ ਵਿਚ ਕੀਤੇ ਅਨੁਵਾਦ ਨਾਲ, ਉਸ ਦੇ ਸੁਹਜ-ਸੁਆਦ ਜਾਂ ਸੰਵੇਦਨਾ ਦੇ ਰੰਗ ਉਪਰ ਕੁਝ ਅਸਰ ਤਾਂ ਜ਼ਰੂਰ ਪੈਂਦਾ ਹੈ। ਪਰ, ਕਵਿਤਾ ਦਾ ਸੁਨੇਹਾ ਜ਼ਰੂਰ ਦੂਸਰਿਆਂ ਤਕ ਪ੍ਰਸਾਰਿਤ ਹੋ ਜਾਂਦਾ ਹੈ। ਇਥੇ ਸਵਰਨ ਚੰਦਨ ਦੇ ਇਸ ਵਿਚਾਰ ਨਾਲ ਵੀ ਜਲਦੀ ਕੀਤਿਆਂ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ ਪੰਜਾਬੀ ਭਾਸ਼ਾ ਬਿਨਾਂ, ਪੰਜਾਬੀ-ਸੰਵੇਦਨਾ ਪ੍ਰਗਟਾਈ ਹੀ ਨਹੀ ਜਾ ਸਕਦੀ। ਇਥੇ ਮੇਰਾ ਪ੍ਰਸ਼ਨ ਇਹ ਹੈ ਕਿ ਕੀ ਸਾਹਿਤ ਹੀ ਸੰਵੇਦਨਾ ਨੂੰ ਪ੍ਰਗਟਾਉਣ ਦਾ ਇਕੋ ਇਕ ਮਾਧਿਅਮ ਹੈ ? ਕੀ ਦੂਸਰੀਆਂ ਕਲਾਵਾਂ (ਸੰਗੀਤ, ਮੂਰਤੀ, ਚਿੱਤਰ-ਕਲਾ, ਭਵਨ ਨਿਰਮਾਣ ਕਲਾ ਆਦਿ) ਦੇ ਮਾਧਿਅਮ ਨਾਲ ਪੰਜਾਬੀ-ਸੰਵੇਦਨਾ ਨੂੰ ਨਹੀਂ ਪ੍ਰਗਟਾਇਆ ਜਾ ਸਕਦਾ ? ਮੈਨੂੰ ਇਉਂ ਜਾਪਿਐ ਜਿਵੇਂ ਸਵਰਨ ਚੰਦਨ ਇਥੇ, ਸਵੈ-ਵਿਰੋਧ ਦਾ ਸ਼ਿਕਾਰ ਹੋ ਗਿਆ ਹੋਵੇ। ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਰਫ਼ ਉਹ ਮਨੁੱਖੀ-ਚੇਤਨਾ ਦੇ ਉੱਦਾਤੀਕ੍ਰਿਤ ਰੂਪ ਨੂੰ 'ਸੰਵੇਦਨਾ' ਮੰਨਦਾ ਹੈ ਅਤੇ ਦੂਸਰੀ ਤਰਫ਼ ਉਹ ਕਾਵਿ-ਸੰਵੇਦਨਾ ਨੂੰ ਉਸ ਦੇ ਕੇਵਲ ਸੁਹਜ-ਸੁਆਦ ਜਾਂ ਐਂਦਰੀਯਤਾ ਅਤੇ ਭਾਸ਼ਾ ਤਕ ਮਹਿਦੂਦ ਕਰਕੇ ਰਖ ਦਿੰਦਾ ਹੈ। ਇਹ ਤਾਂ ਅਨੁਵਾਦ ਕਰਤਾ ਦੀ ਸਮਰੱਥਾ ਤੇ ਯੋਗਤਾ ਉਪਰ ਨਿਰਭਰ ਕਰਦਾ ਹੈ ਕਿ ਉਹ ਆਪਣੀ ਅਨੁਵਾਦ-ਕਲਾ ਰਾਹੀਂ ਸੰਵੇਦਨਾ ਦਾ ਕਿਤਨਾ ਕੁ ਰੰਗ ਉਘਾੜ ਸਕਦਾ ਹੈ ?

'ਸੰਵੇਦਨਾ' ਤੇ 'ਸਾਹਿਤ ਸੰਵੇਦਨਾ' ਦੀ ਤਰ੍ਹਾਂ ਇਥੇ ਸਵਰਨ ਚੰਦਨ ਨੇ 'ਭੂਹੇਰਵੇਂ' (Nostalgia) ਦੇ ਸੰਕਲਪ ਨੂੰ ਵੀ ਪੁਨਰ-ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਇਸ ਸੰਬੰਧ ਵਿਚ ਉਸਦੀ ਧਾਰਣਾ ਹੈ ਕਿ 'ਭੂਹੇਰਵਾ' ਕੇਵਲ ਸ਼ਬਦ ਨਾ ਹੋ ਕੇ ਇਕ ਸੰਕਲਪ ਹੈ ਅਤੇ ਅੰਗਰੇਜ਼ੀ ਦੇ ਸੰਕਲਪਮਈ ਸ਼ਬਦ 'Nostalgia' ਦਾ ਪੰਜਾਬੀ ਰੂਪਾਂਤਰ ਹੈ। 'ਸ਼ਬਦ ਨਾਸਟੈਲਜੀਆ ਦੋ ਰੂਪਗ੍ਰਾਮਾਂ (Morphemes) Nostos + Algia ਦਾ ਜਮ੍ਹਾਂ-ਜੋੜ ਹੈ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ; ਬੀਤੇ ਦੀ ਵਾਪਸੀ ਅਤੇ ਹੇਰਵਾ। ਇਸੇ ਦੇ ਅਨੁਰੂਪ ਸ਼ਬਦ ਭੂਹੇਰਵਾ ਦੇ ਵੀ ਦੋ ਰੂਪਗ੍ਰਾਮ ਹਨ : ਭੂਤਕਾਲ ਅਤੇ ਹੇਰਵਾ। ਸਵਰਨ ਚੰਦਨ ਦਾ ਮੱਤ ਹੈ ਕਿ ਪਰਵਾਸੀ-ਜੀਵਨ ਵਿਚ ਭੂਹੇਰਵਿਕ ਤੱਤ ਦੀ ਉਤਪਤੀ ਲਾਜ਼ਮੀ ਤੇ ਅਨਿਵਾਰੀ ਹੁੰਦੀ ਹੈ। ਕੋਈ ਪਰਵਾਸੀ ਮਨੁੱਖ ਇਸ ਤੋਂ ਪੂਰੀ ਤਰ੍ਹਾਂ ਬਰੀ ਨਹੀਂ ਹੋ ਸਕਦਾ। 'ਭੂਹੇਰਵੇਂ' ਦੇ ਕਾਰਣਾਂ ਉਪਰ ਚਰਚਾ ਕਰਦੇ ਹੋਏ ਉਹ ਇਹ ਵਿਚਾਰ ਬਣਾਉਂਦਾ ਹੈ ਕਿ 'ਭੂਹੇਰਵਾ' ਕਈ ਸਮਾਜਕ ਰੌਆਂ ਥਾਣੀਂ ਗੁਜ਼ਰਦਾ ਹੈ, ਮਸਲਨ : 'ਭਾਵੁਕ ਸਥਿਤੀ ਦੀ ਰੌਂਅ, ਸਥਾਪਤੀ ਦੀ ਰੌਂਅ, ਪੀੜ੍ਹੀ-ਪਾੜੇ ਦੀ ਰੌਂਅ, ਵਿਕਸਤ ਸਥਿਤੀ ਦੀ ਰੌਂਅ ਆਦਿ। ਬਰਨਾਰਡ ਬਰਗੋਨਜ਼ੀ ਨੇ ਇਸ 'ਭੂਹੇਰਵੇਂ' ਨੂੰ 'ਆਦਰਸ਼ ਚਿੱਤਰਾਂ' (utopia) ਦੇ ਵਿਰੋਧ ਵਿਚ ਰਖਿਆ ਹੈ। 'ਭੂਹੇਰਵੇਂ' ਤੇ 'ਆਦਰਸ਼ ਚਿੱਤਰਾਂ' ਦਾ ਆਪਸੀ ਵਿਰੋਧ ਬਿਲਕਲ ਸਪੱਸ਼ਟ ਹੈ। 'ਭੂਹੇਰਵੇਂ' ਦਾ ਸੰਬੰਧ ਜੇਕਰ ਅਤੀਤ ਦੇ ਹੇਰਵੇ ਨਾਲ ਹੈ ਤਾਂ 'ਯੂਟੋਪੀਆ' ਭਵਿੱਖ-ਮੁਖੀ ਹੈ। ਪਰਵਾਸੀ-ਮਨੁੱਖ ਅੰਦਰ ਉਪਜੀ ਭੂਹੇਰਵੇ ਦੀ ਭਾਵਨਾ ਦੇ ਕਾਰਣਾਂ ਉਪਰ ਰੋਸ਼ਨੀ ਪਾਉਂਦੇ ਹੋਏ ਸਵਰਨ ਚੰਦਨ ਦਸਦਾ ਹੈ ਕਿ ਮੁੱਢਲਾ ਪਰਵਾਸੀ ਮਨੁੱਖ ਨਵੇਂ ਵਾਤਾਵਰਣ ਵਿਚ ਕੁਝ ਵਧੇਰੇ ਹੀ ਵਿਜੋਗਿਆ ਗਿਆ। ਸਭਿਆਚਾਰਕ ਸੰਦਰਭਾਂ ਤੋਂ ਛੁੱਟ ਦੋ ਸਮ ਜਾਂ ਦੇ ਆਰਥਿਕ ਅੰਤਰ ਵੀ ਇਸ ਸਥਿਤੀ ਦੇ ਬਰਾਬਰ ਜ਼ੁੰਮੇਵਾਰ ਹਨ। ਉਸਦਾ ਕਹਿਣਾ ਹੈ ਕਿ ਸਾਡਾ ਮੁੱਢਲਾ ਪਰਿਵਾਸੀ ਮਨੁੱਖ ਅਣਉਦਯੋਗਿਕ ਫਿਊਡਲ ਮਾਹੌਲ ਵਿੱਚੋਂ ਨਿਕਲਕੇ ਅਤਿ ਵਿਕਸਤ ਉਦਯੋਗਿਕ ਤੇ ਪੂੰਜੀਵਾਦੀ ਮਾਹੌਲ ਵਿਚ ਆਇਆ ਸੀ। ਇਹ ਉਸ ਲਈ ਰਾਤੋ ਰਾਤ ਇਨਕਲਾਬ ਆ ਜਾਣ ਵਾਲੀ ਸਥਿਤੀ ਦੇ ਬਰਾਬਰ ਸੀ। ਜੀਵਨ-ਕੀਮਤਾਂ ਦਾ ਫ਼ਰਕ ਵੀ ਉਸਦੇ ਵਿਯੋਗ, ਅਲਗਾਉ, ਬੇਗਾਨਗੀ ਤੇ ਅਜਨਬੀਅਤ ਦਾ ਕਾਰਣ ਬਣਿਆ। ਅੱਜ, ਸਥਿਤੀ ਰਤਾ ਭਿੰਨ ਹੈ। ਅੱਜ ਦਾ ਪਰਵਾਸੀ ਮਨੁੱਖ ਇਤਨਾ ਆਤੰਕਿਤ ਕਦੇ ਨਹੀਂ ਹੋਵੇਗਾ ਜਿਤਨਾ ਕਿ ਮੁੱਢਲੀ ਅਵਸਥਾ ਦਾ ਪਰਵਾਸੀ-ਮਨੁੱਖ ਸੀ। ਭਾਰਤ ਦੇ ਮੁਕਾਬਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ, ਇੰਗਲੈਂਡ ਤੋਂ ਅਮਰੀਕਾ ਜਾਂ ਕਨੈਡਾ ਜਾਣ ਵਾਲਾ ਪਰਵਾਸੀ-ਮਨੁੱਖ ਇਤਨਾ ਆਤੰਕਿਤ ਨਹੀਂ ਹੋ ਸਕਦਾ ਕਿਉਂਕਿ, ਇਨ੍ਹਾਂ ਦੇਸ਼ਾਂ ਵਿਚ ਸਮਾਜਕ ਕਦਰਾਂ-ਕੀਮਤਾਂ ਦੇ ਖੱਪੇ ਇਤਨੇ ਜ਼ਿਆਦਾ ਨਹੀਂ ਹਨ। ਇਥੇ ਹੀ ਬਸ ਨਹੀਂ ਸਵਰਨ ਚੰਦਨ ਨੇ ਆਪਣੇ ਇਕ ਲੇਖ ਵਿਚ 'ਭੂਹੇਰਵੇ' ਦੇ ਸੰਕਲਪ ਨੂੰ ਪੁਨਰ-ਪਰਿਭਾਸ਼ਤ ਵੀ ਕੀਤਾ ਹੈ। ਇਹ ਆਪਣੇ ਆਪ ਵਿਚ ਉਸਦੀ ਇਕ ਮੁੱਲਵਾਨ ਪ੍ਰਾਪਤੀ ਹੈ। ਕੁਝ ਉਦਾਹਰਣਾਂ ਦੇ ਕੇ ਉਹ ਇਸ ਸੰਕਲਪ ਨੂੰ ਸਪੱਸ਼ਟ ਕਰਦਾ ਹੈ। ਪ੍ਰਯੋਜਨ ਦੇ ਅਧਾਰ 'ਤੇ ਉਸਨੇ, 'ਭੂਹੇਰਵੇ' ਨੂੰ, 'ਉਦਰੇਵੇ' ਤੇ 'ਹੇਰਵੇ' ਤੋਂ ਨਿਖੇੜਣ ਦਾ ਅਹਿਮ ਯਤਨ ਵੀ ਕੀਤਾ ਹੈ। ਪੁਸਤਕ ਦੇ ਪੰਨਾ ਨੰਬਰ 98 'ਤੇ ਦਰਜ 'ਸਪੱਸ਼ਟੀਕਰਣ ਚਾਰਟ', ਇਸ ਵਿਚਾਰ ਦੀ ਪੁਸ਼ਟੀ ਲਈ ਹਾਜ਼ਰ ਕੀਤਾ ਜਾ ਸਕਦਾ ਹੈ। ਸਾਡੇ ਹੁਣ ਤਕ ਦੇ ਸਮੀਖਿਆ-ਅਭਿਆਸ ਵਿਚ ਇਨ੍ਹਾਂ ਸੰਕਲਪਾਂ ਨੂੰ ਇਕ ਦੂਸਰੇ ਵਿਚ ਖ਼ਲਤਮਲਤ ਕਰਨ ਦੀ ਰੁਚੀ ਕਾਫੀ ਪ੍ਰਬਲ ਦਿਖਾਈ ਦੇਂਦੀ ਹੈ। ਸਵਰਨ ਚੰਦਨ ਨੇ ਪ੍ਰਯੋਜਨ ਦੇ ਅਧਾਰ 'ਤੇ ਇਨ੍ਹਾਂ ਵਿਚਲੇ ਅੰਤਰ-ਨਿਖੇੜ ਸਥਾਪਤ ਕਰਕੇ ਇਕ ਮਹੱਤਵਪੂਰਣ ਕੰਮ ਕੀਤਾ ਹੈ। ਇਹ ਕਾਰਜ, ਉਸਦੀ ਵਿਗਿਆਨਕ ਸੋਚ ਤੇ ਪ੍ਰੌਢ-ਦ੍ਰਿਸ਼ਟੀ ਦਾ ਲਖਾਇਕ ਹੈ।

ਬਰਤਾਨੀਆ ਵਿਚ ਰਚੇ ਗਏ ਪੰਜਾਬੀ-ਸਾਹਿਤ ਦਾ ਮੁਲੰਕਣ-ਵਿਸ਼ਲੇਸ਼ਣ ਕਰਦੇ ਹੋਏ ਉਹ ਇਸੇ ਸਿੱਟੇ 'ਤੇ ਪੁੱਜਦਾ ਹੈ ਕਿ 'ਭੂਹੇਰਵਾ', ਸਾਡੀ ਪ੍ਰਵਾਸੀ-ਚੇਤਨਾ ਦਾ ਇਕ ਸਹਿਜ ਅੰਗ ਰਿਹਾ ਹੈ। ਇਸ ਤੱਥ ਤੋਂ ਸਹਿਜੇ ਕੀਤਿਆਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਮੋਟੀ ਜਾਚੇ, ਪ੍ਰਵਾਸੀ-ਸਾਹਿਤ ਵਿਚ ਕਾਰਜਸ਼ੀਲ 'ਭੂਹੇਰਵਿਕ ਤੱਤ' ਦੀ ਨਿਸ਼ਾਨ-ਦੇਹੀ ਕਰਨ ਦੇ ਨਾਲ ਨਾਲ ਇਹ ਵੀ ਜਾਣਨਾ ਜ਼ਰੂਰੀ ਬਣਦਾ ਹੈ ਕਿ ਇਹ ਸਾਹਿਤ ਉਥੋਂ ਦੇ ਯਥਾਰਥ-ਬੋਧ ਨਾਲ ਕਿਤਨਾ ਕੁ ਇੰਟਰਰੈੱਕਟ ਕਰਦਾ ਹੈ? ਇਸੇ ਅਧਾਰ 'ਤੇ ਇਹ ਵੀ ਨਿਰਣਾ ਕੀਤਾ ਜਾ ਸਕਦਾ ਹੈ ਕਿ ਇਹ ਪ੍ਰਵਾਸੀ-ਸਾਹਿਤ ਆਪਣੀ ਪ੍ਰਕਿਰਤੀ ਵਿਚ (Homogenous) ਹੈ ਜਾਂ (Hetrogenous) ਕਿਧਰੇ ਇਹ, ਇਧਰ ਰਚੇ ਜਾ ਰਹੇ ਸਾਹਿਤ ਦੀ ਹੀ ਨਿਰੰਤਰਤਾ (Continuity) ਹੀ ਤਾਂ ਨਹੀਂ? ਕਿਸੇ ਪ੍ਰਵਾਸੀ-ਸਾਹਿਤ ਦੇ ਅਧਿਅਨ-ਵਿਸ਼ਲੇਸ਼ਣ ਨਾਲ ਸੰਬੰਧਤ ਇਹ ਕੁਝ ਅਹਿਮ-ਨੁਕਤੇ ਹਨ ਜਿਨ੍ਹਾਂ ਵੱਲ ਸਵਰਨ ਚੰਦਨ ਦਾ ਧਿਆਨ ਨਹੀਂ ਗਿਆ। ਜੇਕਰ ਉਹ ਇਨ੍ਹਾਂ ਵਿੱਚੋਂ ਪਹਿਲੇ ਨੁਕਤੇ ਨੂੰ ਕਿਤੇ ਕਿਤੇ ਚਰਚਾ ਦਾ ਵਿਸ਼ਾ ਬਣਾਉਂਦਾ ਵੀ ਹੈ ਤਾਂ ਉਹ ਕੇਵਲ ਨਾਂ-ਮਾਤਰ ਹੀ ਹੈ।

'ਸੰਵੇਦਨਾ ਤੇ ਸਾਹਿਤ' ਸਮੀਖਿਆ-ਪੁਸਤਕ ਦਾ ਹਥਲਾ ਮੈਟਾ-ਅਧਿਅਨ, ਇਹ ਵੀ ਦਸ ਪਾਉਂਦਾ ਹੈ ਕਿ ਸਵਰਨ ਚੰਦਨ ਪੰਜਾਬੀ ਸਾਹਿਤ-ਸਮੀਖਿਆ ਦੇ ਬਹੁਬੋਧ ਰੰਗਲੇ ਦ੍ਰਿਸ਼ ਤੋਂ ਭਲੀ ਪ੍ਰਕਾਰ ਵਾਕਫ਼ ਜ਼ਰੂਰ ਹੈ। 'ਸਾਹਿਤ ਦਾ ਸਮਾਜਕ-ਸੰਦਰਭ ਤੇ ਸਮੀਖਿਆ ਲੇਖ ਵਿਚ ਉਸ ਨੇ ਸਮੁੱਚੀ ਪੰਜਾਬੀ ਸਾਹਿਤ-ਸਮੀਖਿਆ ਨੂੰ ਚਾਰ ਕੋਟੀਆਂ (ਅਕਾਦਮਿਕ ਆਲੋਚਨਾ, ਪ੍ਰਗਤੀਵਾਦੀ ਆਲੋਚਨਾ, ਆਧੁਨਿਕ ਆਲੋਚਨਾ ਤੇ ਸੰਰਚਨਾਵਾਦੀ ਆਲੋਚਨਾ) ਵਿਚ ਵੰਡਕੇ, ਇਸ ਦਾ ਸੰਖੇਪ ਆਲੋਚਨਾਤਮਕ-ਸਰਵੇਖਣ ਪੇਸ਼ ਕੀਤਾ ਹੈ। ਉਸਦੇ ਇਸ ਸੰਖੇਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਲੋਚਨਾਤਮਕ-ਸਰਵੇਖਣ ਦੇ ਮੂਲ ਅਧਾਰ ਕੁਝ ਦੂਜਲੇ ਸਰੋਤ (secondary sources) ਹਨ। ਇਹੀ ਵਜ੍ਹਾ ਹੈ ਕਿ ਉਹ ਕਈ ਥਾਈਂ ਟੱਪਲੇ ਖਾ ਗਿਆ ਪ੍ਰਤੀਤ ਹੁੰਦਾ ਹੈ। ਕਿਉਂਕਿ, ਉਸਦਾ ਇਹ ਆਲੋਚਨਾਤਮਕ-ਸਰਵੇਖਣ, ਮੂਲ ਰੂਪ ਵਿਚ ਯਥਾਰਥਵਾਦ ਦੇ ਦ੍ਰਿਸ਼ਟੀ-ਬਿੰਦੂ ਤੋਂ ਹੋਇਆ ਹੈ, ਇਸ ਲਈ ਅਜਿਹੀ ਸਥਿਤੀ ਦਾ ਹੋਂਦ ਵਿਚ ਆਉਣਾ, ਕੋਈ ਅਲੋਕਾਰ ਗੱਲ ਮਹਿਸੂਸ ਨਹੀਂ ਹੁੰਦੀ। ਖ਼ਾਸ ਕਰਕੇ, ਸੰਰਚਨਾਵਾਦ' ਤੇ 'ਮਾਰਕਸਵਾਦ' ਸੰਬੰਧੀ ਉਸਦੀਆਂ ਇਹ ਟਿੱਪਣੀਆਂ ਅੱਗੋਂ ਹੋਰ ਕਈ ਪ੍ਰਸ਼ਨਾਂ ਨੂੰ ਜਨਮ ਦੇਂਦੀਆਂ ਨਜ਼ਰ ਆਉਂਦੀਆਂ ਹਨ :

> ਜਦੋਂ ਸੰਰਚਨਾਵਾਦ ਭਾਸ਼ਾ ਦੀ ਗੱਲ ਕਰ ਰਿਹਾ ਹੁੰਦਾ ਹੈ ਤਾਂ ਇਹ ਕਿਸੇ ਕਲਾ-ਕ੍ਰਿਤ ਦੇ ਬਾਹਰੀ ਰੂਪ ਦੀ ਗੱਲ ਹੋ ਨਿਬੜਦੀ ਹੈ। ਮਾਰਕਸਵਾਦੀ ਚਿੰਤਨ ਲਈ ਵਸਤੂ-ਸਾਮੱਗ੍ਰੀ ਪ੍ਰਾਥਮਿਕ ਅਨਿਵਾਰਤਾ ਹੈ ਤੇ ਰੂਪ-ਸਾਮੱਗ੍ਰੀ ਦੁਜੈਲੀ, ਜਦੋਂ ਕਿ ਸੰਰਚਨਾਵਾਦ ਲਈ ਰੂਪ-ਸਾਮੱਗ੍ਰੀ ਪ੍ਰਾਥਮਿਕ ਹੈ ਤੇ ਵਸਤੂ-ਸਾਮੱਗ੍ਰੀ ਦੁਜੈਲੀ। ਉਪ੍ਰੋਕਤ ਬਹਿਸ ਤੋਂ ਇਹ ਨਿਰਣਾ ਸਹਿਜੇ ਹੀ ਨਿਕਲ ਸਕਦਾ ਹੈ ਕਿ ਮਾਰਕਸਵਾਦੀ ਆਲੋਚਨਾ ਤੇ ਸੰਰਚਨਾਵਾਦੀ ਆਲੋਚਨਾ ਇਕ ਦੂਸਰੀ ਦੇ ਵਿਪਰੀਤ ਆਲੋਚਨਾ-ਵਿਧੀਆਂ ਹਨ।
>
> (ਪੰਨੇ 55-56)
>
> ਦਰਅਸਲ ਗਹੁ ਨਾਲ ਵਿਚਾਰਿਆਂ ਇਹ ਤੱਥ ਸਪੱਸ਼ਟ ਰੂਪ ਵਿਚ ਨਿਰੂਪਤ ਹੋ ਜਾਂਦਾ ਹੈ ਕਿ ਸੰਰਚਨਾਵਾਦ, ਪ੍ਰਭਾਵਵਾਦ ਦੀ ਹੀ ਨਵ-ਉਸਾਰੀ ਦਾ ਸੰਕਲਪ ਹੈ। ਇਸ ਦੀ ਮੂਲ ਪ੍ਰਵਿਰਤੀ 'ਕਲਾ ਕਲਾ ਲਈ' ਦੀ ਹੀ ਪ੍ਰਵਿਰਤੀ ਹੈ, ਤੇ ਇਹ ਆਪਣੇ ਅਧਿਐਨ ਵਿਚੋਂ ਮਨੁੱਖ ਦੇ ਸਮਾਜਕ ਸੰਦਰਭ ਨੂੰ ਖਾਰਜ ਕਰ ਦੇਂਦੀ ਹੈ। (ਪੰਨਾ—56)

ਇਨ੍ਹਾਂ ਟਿੱਪਣੀਆਂ ਨੂੰ ਪੜ੍ਹਣ ਮਗਰੋਂ ਇਹ ਵਿਚਾਰ ਉਪਜਦਾ ਹੈ ਕਿ ਸਵਰਨ ਚੰਦਨ ਦਾ ਸੰਰਚਨਾਵਾਦ' ਸੰਬੰਧੀ ਗਿਆਨ, ਅਧੂਰਾ ਵੀ ਹੈ ਤੇ ਆਪ੍ਰਸੰਗਕ ਵੀ। ਸੰਰਚਨਾਵਾਦੀ-ਚਿੰਤਨ ਇਹ ਮੰਨਕੇ ਤੁਰਦੇ ਹਨ ਕਿ ਹਰ ਸਾਹਿਤਕ-ਕਿਰਤ ਦਾ ਅਵਚੇਤਨ ਮੂਲ ਰੂਪ ਵਿਚ 'ਭਾਸ਼ਾਈ' ਹੈ। ਭਾਸ਼ਾ ਤੋਂ ਪਾਰ 'ਭਾਸ਼ਾ' ਹੀ ਹੁੰਦੀ ਹੈ। 'ਭਾਸ਼ਾ' ਹਰ ਸਾਹਿਤਕ-ਕਿਰਤ ਵਿਚ (Modeling activity) ਦੇ ਰੂਪ ਵਿਚ ਕਾਰਜਸ਼ੀਲ ਰਹਿੰਦੀ ਹੈ। ਇਹ ਭਾਸਾ ਹੀ ਹੈ ਜੋ ਕਿਸੇ ਵਸਤੂ ਨੂੰ 'ਰੂਪ' ਵਿਚ ਰੂਪਾਂਤਰਿਤ ਕਰਦੀ ਹੈ। ਕਿਸੇ ਵਸਤੂ ਨੂੰ ਭਾਸ਼ਾ ਰਾਹੀਂ ਨਾਂ ਦੇਣਾ ਹੀ ਉਸ ਨੂੰ 'ਰੂਪ' ਪ੍ਰਦਾਨ ਕਰਨਾ ਹੈ। ਪੱਥਰ ਨੂੰ ਪੱਥਰ ਨਾਂ ਦੇਣ ਨਾਲ ਹੀ ਪੱਥਰ ਨੂੰ 'ਰੂਪ' ਪ੍ਰਾਪਤ ਹੋ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਭਾਸ਼ਾ ਦੀ ਗੱਲ, ਕਲਾ-ਕ੍ਰਿਤ ਦੇ ਬਾਹਰੀ ਰੂਪ ਨਾਲ ਸੰਬੰਧਤ ਗੱਲ ਕਿਵੇਂ ਹੋਈ ? —ਇਹ ਇਕ ਵਿਚਾਰਣਯੋਗ ਮਸਲਾ ਹੈ। ਇਹ ਗੱਲ ਉਦੋਂ ਸਮਝ ਆਉਂਦੀ ਹੈ ਜਦੋਂ ਅਸੀਂ 'ਰੂਪ' ਨੂੰ ਇਕ ਸੰਗਠਨਕਾਰੀ-ਨੇਮ ਵਜੋਂ ਗ੍ਰਹਿਣ ਕਰਦੇ ਹਾਂ। ਇਉਂ ਦੇਖਿਆਂ 'ਰੂਪ' ਦਾ ਅਰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਸਿਸਟਮ' ਤੇ 'ਪ੍ਰਬੰਧ' (order) ਪ੍ਰਦਾਨ ਕਰਨਾ ਹੋ ਨਿਬੜਦਾ ਹੈ। ਜਦੋਂ ਸਾਡੇ ਸਨਾਤਨੀ ਮਾਰਕਸਵਾਦੀ-ਚਿੰਤਨ 'Message' ਤੇ 'Content' 'ਤੇ ਜ਼ੋਰ ਦਿੰਦੇ ਹਨ ਤਾਂ ਉਹ ਮੂਲ ਰੂਪ ਵਿਚ (Ordered Centent) ਜਾਂ (Message) ਹੀ ਹੁੰਦਾ ਹੈ। ਨਵਾਂ ਮਾਰਕਸਵਾਦੀ-ਚਿੰਤਨ, ਰੂਪ ਤੇ ਵਸਤੂ ਦੀ ਦਵੈਤ ਵਿਚ ਇਸ ਤਰ੍ਹਾਂ ਵਿਸ਼ਵਾਸ਼ ਨਹੀਂ ਕਰਦਾ, ਜਿਸ ਤਰ੍ਹਾਂ ਸਵਰਨ ਚੰਦਨ ਕਰ ਰਿਹੈ। ਨਵਾਂ ਮਾਰਕਸਵਾਦੀ-ਚਿੰਤਨ, ਇਸ ਮਸਲੇ ਸੰਬੰਧੀ ਅਦਵੈਤੀ ਨਜ਼ਰੀਆ ਰਖਦਾ ਹੈ। ਨਾਲੇ ਸੰਰਚਨਾਵਾਦ ਤੇ ਮਾਰਕਸਵਾਦ ਵਿਚਾਲੇ ਜਿਹੋ ਜਿਹਾ ਵਾਦ-ਵਿਵਾਦ ਪੰਜਾਬੀ ਵਿਚ ਖੜ੍ਹਾ ਕੀਤਾ ਗਿਆ, ਇਹੋ ਜਿਹਾ ਹਾਸੋਹੀਣਾ ਵਾਦ-ਵਿਵਾਦ, ਪੱਛਮੀ-ਚਿੰਤਨ ਦੇ ਅੰਤਰਗਤ ਕਦੇ ਵੀ ਮਹੱਤਵ ਨਹੀਂ ਸੀ ਰਖਦਾ। ਸੰਰਚਨਾਵਾਦ ਦਾ ਪ੍ਰਮੁੱਖ ਪ੍ਰਵਕਤਾ ਲੈਵੀ-ਸਤ੍ਰਾਉਸ ਤਾਂ ਆਪਣੇ ਸਾਰੇ ਚਿੰਤਨ ਨੂੰ ਮਾਰਕਸਵਾਦ, ਭੂ-ਵਿਗਿਆਨ ਤੇ ਮਨੋ-ਵਿਗਿਆਨ ਉਪਰ ਅਧਾਰਿਤ ਮੰਨਦਾ ਹੈ। ਇਥੇ ਹੀ ਬਸ ਨਹੀਂ ਮਗਰੋਂ ਆਉਣ ਵਾਲੇ ਟੈਰੀ ਈਗਲਟਨ ਤੇ ਅਲਥੂਸਰ ਜਹੇ ਸਾਹਿਤ-ਚਿੰਤਨਾਂ ਨੇ ਸੰਰਚਨਾਵਾਦ ਤੇ ਮਾਰਕਸਵਾਦ ਨੂੰ ਇਕ ਦੂਸਰੇ ਦੇ ਵਿਰੋਧ ਵਿਚ ਰਖਣ ਦੀ ਥਾਂ 'ਤੇ ਦੋਹਾਂ ਨੂੰ ਇਕ ਦੂਸਰੇ ਦਾ ਪੂਰਕ ਖ਼ਿਆਲ ਕੀਤਾ। 'ਸੰਵੇਦਨਾ ਤੇ ਸਾਹਿਤ' ਸਮੀਖਿਆ-ਪੁਸਤਕ ਦੇ ਡੂੰਘੇ ਅਧਿਅਨ ਤੋਂ ਪਤਾ ਚਲਦਾ ਹੈ ਕਿ ਸਵਰਨ ਚੰਦਨ ਇਸ ਨਵੇਂ ਮਾਰਕਸਵਾਦੀ ਚਿੰਤਨ ਤੋਂ ਪਰੀਚਿਤ ਨਹੀਂ ਹੈ। ਉਸਦੀਆਂ ਧਾਰਣਾਵਾਂ ਦਾ ਮੂਲ ਅਧਾਰ, ਬਹੁਤਾ ਕਰਕੇ, ਸਨਾਤਨੀ ਕਿਸਮ ਦਾ ਮਾਰਕਸਵਾਦੀ-ਚਿੰਤਨ ਹੀ ਹੈ। ਪੁਸਤਕ ਦੀ ਅੰਤਿਕਾ ਵਿਚ ਉਸਨੇ ਸਿੱਧੇ-ਅਸਿੱਧੇ ਤਰੀਕੇ ਨਾਲ ਆਪਣੀ ਇਸ ਸੀਮਾਂ ਨੂੰ ਸਵੀਕਾਰ ਵੀ ਕੀਤਾ ਹੈ। ਸੋ! ਸਪੱਸ਼ਟ ਹੈ ਕਿ ਸਵਰਨ ਚੰਦਨ ਦਾ ਸਮੁੱਚਾ ਸਾਹਿਤ-ਚਿੰਤਨ ਜਾਂ ਤਾਂ 'ਰੂਪ' ਤੇ 'ਵਸਤੂ' ਦੀ ਪਰੰਪਰਕ ਦਵੈਤ ਉਪਰ ਅਧਾਰਿਤ ਹੈ ਅਤੇ ਜਾਂ ਫਿਰ 'ਮਾਧਿਅਮ' ਤੇ 'ਉਦੇਸ਼' ਦੀ ਦਵੈਤ ਉਪਰ। ਇਸ ਦ੍ਰਿਸ਼ਟੀ ਤੋਂ ਦੇਖਿਆਂ ਉਸ ਦੀ ਇਹ ਧਾਰਣਾ ਕਿ "ਸੰਰਚਨਾਵਾਦ, ਪ੍ਰਭਾਵਵਾਦ ਦੀ ਹੀ ਨਵ-ਉਸਾਰੀ ਦਾ ਸੰਕਲਪ ਹੈ। ਇਸ ਦੀ ਮੂਲ ਪ੍ਰਵਿਰਤੀ 'ਕਲਾ ਕਲਾ ਲਈ' ਦੀ ਹੀ ਪ੍ਰਵਿਰਤੀ ਹੈ" ਬੇ-ਬੁਨਿਆਦ ਤੇ ਪੱਖਪਾਤੀ ਸਾਬਤ ਹੁੰਦੀ ਹੈ। ਸੰਰਚਨਾਵਾਦ ਤੋਂ ਮਗਰੋਂ 'ਪਰਾ-ਸੰਰਚਨਾਵਾਦ' (Post structuralism) ਅਤੇ 'ਸੰਰਚਨਾਦਾਦ ਤੇ ਮਾਰਕਸਵਾਦ' ਦੇ ਸੰਬੰਧਾਂ ਉਪਰ ਚਲੀ ਨਵੀਂ ਬਹਿਸ ਤੋਂ ਸਵਰਨ ਚੰਦਨ ਲੱਗਭਗ ਅਭਿੱਜ ਹੀ ਜਾਪਦਾ ਹੈ। ਉਸਦਾ ਮਾਰਕਸਵਾਦੀ-ਯਥਾਰਥਵਾਦ ਉਪਰ ਅਧਾਰਿਤ ਦ੍ਰਿਸ਼ਟੀਕੋਣ ਸਨਾਤਨੀ ਵੀ ਹੈ ਤੇ ਰੂੜ੍ਹੀਵਾਦੀ ਵੀ।

ਆਪਣੇ ਇਸ ਦ੍ਰਿਸ਼ਟੀਕੋਣ ਤੋਂ ਸਵਰਨ ਚੰਦਨ, 'ਸਾਹਿਤ' ਤੇ 'ਸਮਾਜ' ਦੇ ਆਪਸੀ ਰਿਸ਼ਤੇ ਨੂੰ 'ਦਵੰਦਾਤਮਕ' (dialectical) ਮੰਨਦਾ ਹੈ। ਬਰਤਾਨੀਆ ਵਿਚ ਰਚੇ ਗਏ ਪੰਜਾਬੀ-ਸਾਹਿਤ ਦੇ ਸਮਾਜਕ ਰਾਜਨੀਤਕ ਤੇ ਇਤਿਹਾਸਕ ਸੰਦਰਭਾਂ ਦੀ 'ਪਛਾਣ' ਉਸਨੇ ਇਸੇ ਦਵੰਦਾਤਮਿਕਤਾ ਦੇ ਅਧਾਰ 'ਤੇ ਕੀਤੀ ਹੈ। ਇਉਂ ਉਹ ਇਸ ਸਿੱਟੇ 'ਤੇ ਪੁੱਜਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਬਰਤਾਨਵੀ ਪਸਾਰਵਾਦ ਦੇ ਸਮੇਂ ਦਾ ਮੂਲ ਗੁਣ ਵਿਦੇਸ਼ ਮੁਖੀ ਹੈ। ਇਸਦੇ ਕਾਰਨ ਉਪਰ ਰੋਸ਼ਨੀ ਪਾਉਂਦੇ ਹੋਏ ਉਹ ਉਥੋਂ ਦਾ ਸਮੁੱਚਾ ਸਮਾਜਕ-ਸਭਿਆਚਾਰਕ ਪਰਿਪੇਖ ਖੋਲ੍ਹ ਲੈਂਦਾ ਹੈ ਅਤੇ ਸਹਿਜੇ ਸਹਿਜੇ ਇਸ ਸਾਹਿਤ ਤੇ ਸਮਾਜ ਦੇ ਦਵੰਦਾਤਮਕ-ਰਿਸ਼ਤੇ ਦੀਆਂ ਪਰਤਾਂ ਨੂੰ ਉਘਾੜਦਾ ਚਲਿਆ ਜਾਂਦਾ ਹੈ। ਇਸ ਸਾਰੀ ਚਰਚਾ ਵਿੱਚੋਂ ਉਹ ਇਹ ਪ੍ਰਸਤਾਵ ਬਣਾਉਂਦਾ ਹੈ ਕਿ ਕੋਈ ਰਚਨਾ ਡੂੰਘੇ ਸਮਾਜਕ-ਉਦੇਸ਼ ਤੋਂ ਪ੍ਰੇਰਿਤ ਹੋ ਕੇ ਹੀ ਸਾਰਥਕ ਰਚਨਾ ਬਣ ਸਕਦੀ ਹੈ। ਇਸ ਲਈ ਪ੍ਰਤਿਬੱਧਤਾ ਦਾ ਸੰਕਲਪ ਅਤਿਅੰਤ ਅਨਿਵਾਰੀ ਹੈ। ਉਸ ਦਾ ਮੱਤ ਹੈ ਕਿ ਇਸ ਪ੍ਰਤਿਬੱਧਤਾ ਦੀ ਅਣਹੋਂਦ ਕਾਰਣ ਸੰਬੰਧਤ ਰਚਨਾ ਦਾ ਨਿਰਾਰਥਕ ਹੋ ਜਾਣਾ ਸੁਭਾਵਿਕ ਤੇ ਲਾਜ਼ਮੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਵਰਨ ਚੰਦਨ ਆਪਣੇ ਇਸ ਸਾਰੇ ਅਧਿਅਨ-ਕਾਰਜ ਵਿਚ ਪ੍ਰਤਿਬੱਧ-ਸਾਹਿਤ ਦੇ ਹੱਕ ਵਿਚ ਪੁੱਗਦਾ ਨਜ਼ਰ ਆਉਂਦਾ ਹੈ। ਕਿਸੇ ਵਿਚਾਰਧਾਰਾ ਪ੍ਰਤੀ ਪ੍ਰਤਿਬੱਧ ਹੋਣਾ ਕੋਈ ਬੁਰੀ ਗੱਲ ਨਹੀਂ, ਪਰ 'ਪ੍ਰਤਿਬੱਧਤਾ' ਪ੍ਰਤੀ ਅਜਿਹੀ ਅਤਿ ਦੀ ਪੋਜ਼ੀਸ਼ਨ ਅਖ਼ਤਿਆਰ ਕਰਨੀ, ਸਾਹਿਤ ਦੀ ਸਾਹਿਤਕਤਾ ਤੋਂ ਮੁਨਕਰ ਹੋਣ ਦੇ ਬਰਾਬਰ ਹੈ। ਪ੍ਰਤਿਬੱਧਤਾ ਨਾਲ ਸਾਹਿਤ ਨੂੰ ਡੂੰਘਾਈ ਜ਼ਰੂਰ ਮਿਲਦੀ ਹੈ, ਪਰ ਇਸ ਦੀ ਅਣਹੋਂਦ ਵਿਚ ਕੋਈ ਰਚਨਾ ਨਿਰਾਰਥਕ ਨਹੀਂ ਹੋ ਜਾਂਦੀ। ਪ੍ਰਤਿਬੱਧਤਾ ਬਿਨਾਂ ਵੀ ਉਸਦੀ ਸਾਰਥਕਤਾ ਬਣੀ ਰਹਿੰਦੀ ਹੈ।

ਸਵਰਨ ਚੰਦਨ ਇਕ ਪਾਸੇ ਸਾਹਿਤ ਤੇ ਸਮਾਜ ਦੇ ਆਪਸੀ ਰਿਸ਼ਤੇ ਨੂੰ ਦਵੰਦਾਤਮਕ ਮੰਨਦਾ ਹੈ, ਪਰ ਦੂਸਰੇ ਪਾਸੇ ਉਹ ਕਹਿੰਦਾ ਹੈ ਕਿ "ਜੋ ਸਮਾਜ ਵਿਚ ਵਾਪਰਦਾ ਹੈ ਉਹੋ ਹੀ ਸਾਹਿਤ ਵਿਚ ਪ੍ਰਤੀਬਿੰਬਤ ਹੁੰਦਾ ਹੈ" (ਪੰਨਾ 69)। ਮੇਰੀ ਜਾਚੇ, ਸਮਾਜ ਵਿਚ ਜੋ ਵਾਪਰਦਾ ਹੈ ਉਹ ਉਸੇ ਤਰ੍ਹਾਂ, ਸਾਹਿਤ ਵਿਚ ਪ੍ਰਤੀਬਿੰਬਤ ਹੋ ਹੀ ਨਹੀਂ ਸਕਦਾ। ਕਲਾਤਮਕ-ਰੂਪਾਂਤਰਣ (Artistic transformation) ਗ੍ਰਹਿਣ ਕਰਕੇ ਹੀ ਕੋਈ ਵਸਤੂ-ਸੱਚ, ਕਲਾ-ਸੱਚ ਬਣਦਾ ਹੈ। ਵਸਤੂ-ਸੱਚ ਤੋਂ ਮਨੋ-ਸੱਚ ਅਤੇ ਮਨੋ-ਸੱਚ ਤੋਂ ਕਲਾ-ਸੱਚ ਤਕ ਦਾ ਸਫ਼ਰ, ਇਕ ਨਿਰੰਤਰ ਪ੍ਰਕਿਰਿਆ ਵਿਚ ਪੈ ਕੇ ਹੀ ਤੈਅ ਹੁੰਦਾ ਹੈ। ਇਉਂ, ਕਲਾ-ਸੱਚ ਜਾਂ ਸਾਹਿਤ-ਸੱਚ, ਵਾਸਤਵਿਕ ਨਾ ਹੋ ਕੇ ਗਾਲਪਨਿਕ ਹੋ ਨਿਬੜਦਾ ਹੈ। ਸਨਾਤਨੀ ਕਿਸਮ ਦੇ 'ਮਾਰਕਸਵਾਦ' ਵਿਚ, ਉਪਰ ਕਥਿਤ 'ਪ੍ਰਤਿਬਿੰਬਣ ਸਿੱਧਾਂਤ' (Theory of Reflection) ਕਾਫੀ ਪ੍ਰਚਲਤ ਰਿਹਾ ਹੈ। ਪਰ, ਅਜੋਕਾ ਮਾਰਕਸਵਾਦੀ-ਚਿੰਤਨ, ਅਜਿਹੇ ਪ੍ਰਤਿਬਿੰਬਣ-ਸਿੱਧਾਂਤ ਵਿਚ ਵਿਸ਼ਵਾਸ ਨਹੀਂ ਰਖਦਾ। ਇਕ ਤਰਫ਼ ਸਾਹਿਤ ਤੇ ਸਮਾਜ ਦੇ ਰਿਸ਼ਤੇ ਨੂੰ ਦਵੰਦਾਦਮਕ ਮੰਨਣਾ ਅਤੇ ਨਾਲ ਹੀ ਪ੍ਰਤੀਬਿੰਬਣ-ਸਿੱਧਾਂਤ ਨੂੰ ਆਪਣਾ ਅਧਾਰ ਬਣਾਉਣਾ—ਇਕ ਪ੍ਰਕਾਰ ਦਾ ਸਵੈ-ਵਿਰੋਧ ਥਾਪਣ ਵਾਲੀ ਗੱਲ ਜਾਪਦੀ ਹੈ। ਸਵਰਨ ਚੰਦਨ ਦਾ ਇਹ ਪ੍ਰਸਤਾਵ, ਆਪਣੀਆਂ ਹੀ ਮੂਲ ਧਾਰਣਾਵਾਂ ਨੂੰ ਰੱਦ ਕਰਨ ਦੇ ਬਰਾਬਰ ਹੈ। ਸਾਡੇ ਦਰਪੇਸ਼ ਮੂਲ ਮਸਲਾ ਨਵੇਂ ਅਰਥਾਂ ਦਾ ਅਵਸ਼ਕਾਰ ਕਰਨ ਦਾ ਹੋਣਾ ਚਾਹੀਦਾ ਹੈ। ਇਸ ਘਟਾਉਣ-ਵਿਧੀ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥਾਂ ਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਹੋਣੋ ਰਹਿ ਜਾਣਗੀਆਂ। ਸੋ ! ਇਸ ਕਾਰਜ ਲਈ, ਦਵੰਦਾਤਮਿਕਤਾ ਵਾਲਾ ਸਿੱਧਾਂਤ ਹੀ ਵਧੇਰੇ ਕਾਰਗਰ ਸਾਬਤ ਹੋਵੇਗਾ।

'ਸੰਵੇਦਨਾ ਤੇ ਸਾਹਿਤ' ਸਮੀਖਿਆ-ਪੁਸਤਕ ਨਾਲ ਸੰਬਾਦੀ-ਰਿਸ਼ਤਾ ਬਣਾਉਣ ਸਦਕਾ ਹੀ ਇਥੇ ਸਵਰਨ ਚੰਦਨ ਦੇ ਸਾਹਿਤ-ਚਿੰਤਨ ਦੀਆਂ ਆਪਣੀਆਂ ਬੁਨਿਆਦੀ ਕਿਸਮ ਦੀਆਂ ਸੀਮਾਵਾਂ ਉਜਾਗਰ ਹੋ ਸਕੀਆਂ ਹਨ। ਇਨ੍ਹਾਂ ਸੀਮਾਵਾਂ ਦੇ ਬਾਵਜੂਦ ਅਸੀਂ ਇਸ ਸਮੀਖਿਆ-ਪੁਸਤਕ ਵਿਚ ਲੁਪਤ, ਬੇਅੰਤ ਸੰਭਾਵਨਾਵਾਂ ਵੀ ਵੇਖਦੇ ਹਾਂ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਥੇ ਸਵਰਨ ਚੰਦਨ ਆਪਣੀ ਸਮੀਖਿਆ ਦੇ ਵਿਦਾ-ਬਿੰਦੂ (peparture boint) ਪ੍ਰਤੀ ਖ਼ਾਸਾ ਚੇਤੰਨ ਹੈ। ਉਸ ਅੰਦਰ ਸਾਹਿਤ ਨੂੰ ਮਾਰਕਸਵਾਦੀ-ਯਥਾਰਥਵਾਦ ਦੇ ਨਜ਼ੱਰੀਏ ਤੋਂ ਸਮਝਣ, ਪਰਖਣ ਤੇ ਚਿੰਤਨ ਦਾ ਵਿਸ਼ਾ ਬਣਾਉਣ ਦੀ ਅਤਿਅੰਤ ਜਗਿਆਸਾ ਹੈ। ਇਸ ਤੱਥ ਤੋਂ ਅਸੀਂ ਸਹਿਜੇ ਕੀਤਿਆਂ ਮੁਨਕਰ ਨਹੀਂ ਹੋ ਸਕਦੇ। 'ਪੰਜਾਬੀ ਸਾਹਿੱਤ ਵਿਚ ਨਾਟਕ ਦੀ ਸਥਿਤੀ' ਅਤੇ 'ਮੇਰੇ ਪਰਤ ਆਉਣ ਤੱਕ : ਇਕ ਵਿਸ਼ਲੇਸ਼ਣ' 'ਲੇਖਾਂ ਵਿਚ ਉਸ ਦਾ ਪ੍ਰਤੀਉੱਤਰ ਕੇਵਲ ਜਗਿਆਸਾ ਭਰਪੂਰ ਹੀ ਨਹੀਂ, ਸਗੋਂ ਚਿੰਤਨਸ਼ੀਲ ਤੇ ਵਿਸ਼ਲੇਸ਼ਣੀ ਵੀ ਹੈ। ਭਾਵੇਂ ਕਈ ਥਾਈਂ ਉਹ, ਸਾਹਿਤ-ਮੁਲੰਕਣ ਦੇ ਰਾਹੇ ਤੁਰਦਾ ਹੋਇਆ, ਚਲੰਤ ਟਿੱਪਣੀਆਂ ਦਾ ਸਹਾਰਾ ਲੈਂਦਾ ਵੀ ਪ੍ਰਤੀਤ ਹੁੰਦਾ ਹੈ। ਪਰ, ਕੁੱਲ ਮਿਲਾਕੇ ਉਹ ਬਰਤਾਨੀਆ ਵਿਚ ਰਚੇ ਗਏ ਪੰਜਾਬੀ-ਸਾਹਿਤ ਨੂੰ, ਆਪਣੇ ਵਿਚਾਰਧਾਰਾਈ ਪਰਿਪੇਖ ਵਿਚ ਰਖਕੇ ਅਧਿਅਨ-ਵਿਸ਼ਲੇਸ਼ਣ ਕਰਨ ਦੀ ਰੁਚੀ ਰਖਦਾ ਹੈ। ਇਸ ਸਭ ਕੁੱਝ ਤੋਂ, ਭਵਿੱਖ ਵਿਚ ਉਸਦੇ ਇਕ ਚੰਗੇ ਤੇ ਸੁਲਝੇ ਹੋਏ ਸਮੀਖਿਆਕਾਰ ਹੋਣ ਦੀ ਆਸ ਬੱਝਦੀ ਹੈ। ਆਸਾਂ ਹੈ ਸਵਰਨ ਚੰਦਨ ਭਵਿੱਖ ਵਿਚ ਆਪਣੀ ਸਾਹਿਤ-ਸਿਰਜਣਾ ਦੇ ਨਾਲ ਨਾਲ ਸਮੀਖਿਆ-ਕਾਰਜ ਦੇ ਸਿਲਸਿਲੇ ਨੂੰ ਵੀ ਜਾਰੀ ਰਖੇਗਾ।

8120

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession
Class on
Cat on
Tag etc.
Checked
Any other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Samaj Foundation Chen

ਵੇਦਾਂ ਦੀ ਰਚਨਾ ਕਿਵੇਂ

ਸ੍ਵਾਮੀ ਦਯਾਨੰਦ ਸਰਸ੍ਵਤੀ

main. Gurukul Kangri C